ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 57
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 27 February, 2026) ਸ਼ੁੱਕਰਵਾਰ, 27 ਫਰਵਰੀ, 2026, 16 ਫੱਗਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਰਾਜਪਾਲ ਨੇ 16ਵੀਂ ਪੰਜਾਬ ਵਿਧਾਨ ਸਭਾ ਦਾ ਬਾਰ੍ਹਵਾਂ ਬਜਟ ਇਜਲਾਸ ਸੱਦਿਆ

ਚੰਡੀਗੜ੍ਹ, 26 ਫਰਵਰੀ (ਚ.ਨ.ਸ.):ਪੰਜਾਬ ਦੇ ਰਾਜਪਾਲ ਵੱਲੋਂ ਸੋਲ੍ਹਵੀਂ ਪੰਜਾਬ ਵਿਧਾਨ ਸਭਾ ਦਾ ਬਾਰ੍ਹਵਾਂ (ਬਜਟ) ਇਜਲਾਸ ਸ਼ੁੱਕਰਵਾਰ, 06 ਮਾਰਚ, 2026 ਨੂੰ ਸਵੇਰੇ 11.00 ਵਜੇ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਚੰਡੀਗੜ੍ਹ ਵਿਖੇ ਬੁਲਾਇਆ ਗਿਆ ਹੈ। ਇਥੇ ਇਹ ਗੱਲ ਵਰਣਨਯੋਗ ਹੈ ਕਿ ਸੂਬੇ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦਾ ਇਹ ਆਖ਼ਰੀ ਬਜਟ ਹੈ ਜੋ ਕਿ 8 ਮਾਰਚ ਨੂੰ ਪੇਸ਼ ਕੀਤਾ ਜਾਵੇਗਾ। ਇਸ ਬਜਟ ਵਿੱਚ ਸਰਕਾਰ ਵੱਲੋਂ ਲੋਕ ਪੱਖੀ ਫ਼ੈਸਲਿਆਂ ਤੇ ਯੋਜਨਾਵਾਂ ਨੂੰ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ।

### ਮੋਦੀ ਤੇ ਨੇਤਨਯਾਹੂ ਦੀ ਮੀਟਿੰਗ

## ਭਾਰਤ-ਇਜ਼ਰਾਈਲ ਵਿਚਾਲੇ ਹੋਏ ਕਈ ਅਹਿਮ ਸਮਝੌਤੇ

**ਅੱਤਵਾਦ ਖ਼ਿਲਾਫ਼ ਦੋਵੇਂ ਦੇਸ਼ ਹੋਏ ਇਕਜੁੱਟ, ਹੁਣ ਇਜ਼ਰਾਈਲ 'ਚ ਵੀ ਚੱਲੇਗਾ ਯੂ.ਪੀ.ਆਈ.**

**ਚੜ੍ਹਦੀਕਲਾ ਬਿਊਰੋ**

================

ਯੇਰੂਸ਼ਲਮ, 26 ਫਰਵਰੀ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਜ਼ਰਾਈਲ ਯਾਤਰਾ ਨੇ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰ ਦਿੱਤੀ ਹੈ। ਯੇਰੂਸ਼ਲਮ ਵਿੱਚ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨਾਲ ਇੱਕ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਭਾਰਤ-ਇਜ਼ਰਾਈਲ ਰਿਸ਼ਤੇ ਨੂੰ 'ਗੂੜ੍ਹੇ ਭਰੋਸੇ, ਸਾਂਝੀਆਂ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਮਨੁੱਖੀ ਸੰਵੇਦਨਾਵਾਂ' 'ਤੇ ਆਧਾਰਿਤ ਦੱਸਿਆ। ਦੋਵਾਂ ਨੇਤਾਵਾਂ ਨੇ ਆਪਣੇ ਸਮੇਂ ਦੀ ਕਸੌਟੀ 'ਤੇ ਖਰੇ ਉਤਰੇ ਰਿਸ਼ਤਿਆਂ ਨੂੰ 'ਸਪੈਸ਼ਲ ਸਟ੍ਰੈਟੇਜਿਕ ਪਾਰਟਨਰਸ਼ਿਪ' ਦਾ ਇਤਿਹਾਸਕ ਦਰਜਾ ਦੇਣ ਦਾ ਐਲਾਨ ਕੀਤਾ।

**ਰੱਖਿਆ ਅਤੇ ਤਕਨਾਲੋਜੀ ਵਿੱਚ ਅਹਿਮ ਸਮਝੌਤੇ:** ਦੋਵਾਂ ਦੇਸ਼ਾਂ ਵਿਚਾਲੇ ਕਈ ਅਹਿਮ ਸਮਝੌਤੇ ਸਹੀਬੰਦ ਕੀਤੇ ਗਏ ਹਨ, ਜਿਨ੍ਹਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਖੋਜ, ਸਾਈਬਰ ਸੁਰੱਖਿਆ ਅਤੇ ਕੁਆਂਟਮ ਟੈਕਨਾਲੋਜੀ ਵਿੱਚ ਸਹਿਯੋਗ ਸ਼ਾਮਲ ਹੈ। ਰੱਖਿਆ ਦੇ ਖੇਤਰ ਵਿੱਚ ਐਂਟੀ-ਡ੍ਰੋਨ ਤਕਨਾਲੋਜੀ ਅਤੇ ਸਾਂਝੇ ਰੱਖਿਆ ਨਿਰਮਾਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ।

**ਹੁਣ ਇਜ਼ਰਾਈਲ 'ਚ ਵੀ ਚੱਲੇਗਾ ਯੂ.ਪੀ.ਆਈ.** : ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰਦਿਆਂ, ਭਾਰਤ ਦਾ ਡਿਜੀਟਲ ਪੇਮੈਂਟ ਸਿਸਟਮ ਯੂ.ਪੀ.ਆਈ. ਇਜ਼ਰਾਈਲ ਵਿੱਚ ਲਾਗੂ ਕਰਨ 'ਤੇ ਸਹਿਮਤੀ ਬਣੀ ਹੈ, ਜਿਸ ਨਾਲ ਵਪਾਰ ਅਤੇ ਭੁਗਤਾਨ ਬਹੁਤ ਆਸਾਨ ਹੋ ਜਾਵੇਗਾ। ਇਸ ਤੋਂ ਇਲਾਵਾ, ਦੋਵੇਂ ਦੇਸ਼ ਫ੍ਰੀ ਟ੍ਰੇਡ ਐਗਰੀਮੈਂਟ (ਐਫ.ਟੀ.ਏ.) ਨੂੰ ਅੱਗੇ ਵਧਾਉਣ (ਬਾਕੀ ਸਫਾ 2 'ਤੇ)

### ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਅਹਿਮ ਫ਼ੈਸਲੇ

## ਸਿੰਘ ਸਾਹਿਬ ਗਿ. ਰਘਬੀਰ ਸਿੰਘ ਨੂੰ ਸੇਵਾ ਤੋਂ ਕੀਤਾ ਮੁਕਤ

**ਗੁਰਦਿਆਲ ਸਿੰਘ**

================

ਅੰਮ੍ਰਿਤਸਰ,26 ਫਰਵਰੀ :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਉਚੇਚੀ ਇਕੱਤਰਤਾ ਅੱਜ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਹੋਈ, ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਦਿੱਤੇ ਗਏ 72 ਘੰਟੇ ਦਾ ਨੋਟਿਸ ਦਾ ਮਾਮਲਾ ਵਿਚਾਰਿਆ ਗਿਆ। ਇਸ ਇਕੱਤਰਤਾ ਦੌਰਾਨ ਗੰਭੀਰ ਵਿਚਾਰ-ਵਟਾਂਦਰੇ ਤੋਂ ਬਾਅਦ ਗਿਆਨੀ ਰਘਬੀਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ 'ਤੇ ਲਗਾਏ ਗਏ ਇਲਜ਼ਾਮਾਂ ਦੇ ਕੋਈ ਵੀ ਸਬੂਤ ਪੇਸ਼ ਨਾ ਕੀਤੇ ਜਾਣ ਅਤੇ ਨਿਯਮਾਂ ਦੀ ਅਣਦੇਖੀ ਕਰਕੇ ਪ੍ਰਬੰਧ ਸਬੰਧੀ ਮੁੜ ਸਵਾਲ ਖੜ੍ਹੇ ਕਰਨ ਕਰਕੇ ਉਨ੍ਹਾਂ ਨੂੰ ਸਰਵਿਸ ਤੋਂ ਰਿਟਾਇਰ ਕਰਨ ਦਾ ਫੈਸਲਾ ਕੀਤਾ ਗਿਆ।

ਇਕੱਤਰਤਾ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬੀਤੇ ਦਿਨੀਂ ਪ੍ਰੈੱਸ ਕਾਨਫ਼ਰੰਸ ਕਰਕੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਖਿਲਾਫ਼ ਇਲਜ਼ਾਮ ਲਗਾ ਕੇ ਬਦਨਾਮੀ ਕੀਤੀ ਸੀ, ਜਿਸ ਲਈ ਉਨ੍ਹਾਂ ਨੂੰ 19 ਫ਼ਰਵਰੀ ਦੀ ਅੰਤ੍ਰਿੰਗ ਕਮੇਟੀ ਦੇ ਫੈਸਲੇ ਅਨੁਸਾਰ 72 ਘੰਟੇ ਦਾ ਨੋਟਿਸ ਦੇ ਕੇ ਸਬੂਤ ਪੇਸ਼ ਕਰਨ ਲਈ ਕਿਹਾ ਗਿਆ ਹੈ।ਪ੍ਰੰਤੂ ਉਨ੍ਹਾਂ ਨੀਅਤ ਸਮੇਂ ਵਿਚ ਕੋਈ ਵੀ ਸਬੂਤ ਪੇਸ਼ ਨਹੀਂ ਕੀਤੇ, ਸਗੋਂ ਸਰਵਿਸ ਨਿਯਮਾਂ ਦੀ ਅਣਦੇਖੀ ਕਰਕੇ ਪ੍ਰਬੰਧ ਸਬੰਧੀ ਮੁੜ ਸਵਾਲ ਖੜ੍ਹੇ ਕਰ ਦਿੱਤੇ। ਅੱਜ ਦੀ ਅੰਤ੍ਰਿੰਗ ਕਮੇਟੀ ਨੇ ਮਹਿਸੂਸ ਕੀਤਾ ਹੈ ਕਿ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਪ੍ਰੈੱਸ ਵਿਚ ਜਾ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਨੂੰ ਬਦਨਾਮ ਕੀਤਾ, ਜਿਸ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੇ ਅਹੁਦੇ ਦੀ ਮਾਣ-ਮਰਯਾਦਾ ਨੂੰ ਵੀ ਢਾਹ ਲੱਗੀ ਹੈ। ਗਿਆਨੀ ਰਘਬੀਰ ਸਿੰਘ ਦਾ ਪ੍ਰੈੱਸ ਵਿਚ ਬਿਆਨੀਆ ਸ਼੍ਰੋਮਣੀ ਕਮੇਟੀ ਦੇ ਸੇਵਾ ਨਿਯਮਾਂ ਦੀ ਵੀ ਉਲੰਘਣਾ ਹੈ। ਇਸ ਤੋਂ ਇਲਾਵਾ ਇਨ੍ਹਾਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਵੇਰੇ-ਸ਼ਾਮ ਦੀ ਆਪਣੀ ਸੇਵਾ ਵੀ ਬਹੁਤ ਘੱਟ ਨਿਭਾਉਣ (ਬਾਕੀ ਸਫਾ 2 'ਤੇ)

## ਗਿ. ਰਘਬੀਰ ਸਿੰਘ ਵੱਲੋਂ ਫ਼ੈਸਲੇ ਦਾ ਸਵਾਗਤ

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੇਵਾਵਾਂ ਤੋਂ ਮੁਕਤੀ ਮਗਰੋਂ ਵੱਡਾ ਖੁਲਾਸਾ

- ਦਬਾਅ ਅਤੇ 'ਚੰਡੀਗੜ੍ਹ ਆਰਡਰ' ਦੇ ਲਗਾਏ ਦੋਸ਼
- ਲੰਗਰ ਘੋਟਾਲੇ ਦੇ ਸਬੂਤ ਲਿਆਉਣ ਦਾ ਐਲਾਨ
- ਸੰਸਥਾ ਪਵਿੱਤਰ, ਸਿਸਟਮ ਗੰਧਲਾ
- ਗਿ. ਰਘਬੀਰ ਸਿੰਘ ਦੀ ਪਹਿਲੀ ਪ੍ਰਤੀਕਿਰਿਆ, ਭ੍ਰਿਸ਼ਟਾਚਾਰ ਬੇਨਕਾਬ ਕਰਨ ਦੀ ਚੇਤਾਵਨੀ

**ਬਬਲੂ ਮਹਾਜਨ**

================

ਅੰਮ੍ਰਿਤਸਰ, 26 ਫਰਵਰੀ : ਅੱਜ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਹੈਡ ਗ੍ਰੰਥੀ ਅਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਦਿੱਤੇ ਗਏ 72 ਘੰਟਿਆਂ ਦੇ ਸਮੇਂ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਰੀਆਂ ਸੇਵਾਵਾਂ ਤੋਂ ਮੁਕਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ 26 ਫ਼ਰਵਰੀ ਨੂੰ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਉਹੀ ਫੈਸਲਾ ਲਿਆ ਗਿਆ ਜਿਸਦਾ ਅਨੁਮਾਨ ਸੰਗਤ ਪਹਿਲਾਂ ਤੋਂ ਹੀ ਲਗਾ ਰਹੀ ਸੀ। ਗਿਆਨੀ ਰਘਬੀਰ ਸਿੰਘ ਨੇ ਸਪਸ਼ਟ ਕੀਤਾ ਕਿ ਇਸ ਫੈਸਲੇ ਨੂੰ ਉਹ ਸਿਰ ਝੁਕਾ ਕੇ ਸਵੀਕਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸ਼ਿਕਾਇਤ ਜਾਂ ਮਨਮੁਟਾਵ ਨਹੀਂ ਹੈ ਕਿਉਂਕਿ ਉਹ ਜਾਣਦੇ ਹਨ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਿਰਫ ਉੱਪਰੋਂ ਆਈ ਹੋਈ ਸਕ੍ਰਿਪਟ ਹੀ ਪੜਦੇ ਹਨ ਤੇ ਆਪਣੇ ਖੁਦ ਦੇ ਲਏ ਫੈਸਲਿਆਂ 'ਤੇ ਨਹੀਂ ਖੜਦੇ। ਪ੍ਰੈਸ ਕਾਨਫਰੰਸ ਕਰਕੇ ਧਾਮੀ ਸਾਹਿਬ ਨੇ ਕਿਹਾ ਸੀ ਕਿ ਸਬ ਕਮੇਟੀ ਬਣਾਈ ਜਾਏਗੀ ਜੋ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਅਤੇ ਉਹਨਾਂ ਨੂੰ ਹਟਾਉਣ ਸਬੰਧੀ ਨਿਯਮਾਂਵਲੀ ਬਣਾਏਗੀ, ਜੋ ਕਾਰਜ ਅਜੇ ਤੱਕ ਨਹੀਂ ਕੀਤਾ ਗਿਆ।ਅਜਿਹਾ ਕਰਕੇ ਇਹ ਮੁੱਖ ਗ੍ਰੰਥੀ ਦੇ ਸਤਿਕਾਰਤ ਅਤੇ ਜ਼ੁੰਮੇਵਾਰ ਅਹੁਦੇ ਨਾਲ ਇਨਸਾਫ਼ ਨਹੀਂ ਕਰ ਰਹੇ। ਇਸ ਸਭ ਦੇ ਮੱਦੇਨਜ਼ਰ ਅੱਜ ਦੀ ਅੰਤ੍ਰਿੰਗ ਕਮੇਟੀ ਵਿਚ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਸਰਵਿਸ ਤੋਂ ਰਿਟਾਇਰ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਜਾਇਦਾਦਾਂ ਦੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਵਿਰੁੱਧ ਕੁਝ ਲੋਕਾਂ ਵੱਲੋਂ ਝੂਠਾ ਬਿਰਤਾਂਤ ਸਿਰਜ ਕੇ ਸੰਗਤ ਵਿਚ ਭਰਮ ਭੁਲੇਖਾ ਪੈਦਾ ਕੀਤਾ ਜਾ ਰਿਹਾ ਹੈ, ਪ੍ਰੰਤੂ ਸਚਾਈ ਇਹ ਹੈ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਜਿਥੇ ਵੱਡੀ (ਬਾਕੀ ਸਫਾ 2 'ਤੇ)

## ਪੰਜਾਬ ਸਰਕਾਰ ਮਾਰਚ 'ਚ ਕਰਵਾਏਗੀ ਟੈਟ ਪ੍ਰੀਖਿਆ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 26 ਫਰਵਰੀ:ਸੁਪਰੀਮ ਕੋਰਟ ਦੇ ਹੁਕਮਾਂ 'ਤੇ, 2011 ਦੇ ਅਧਿਆਪਕ ਯੋਗਤਾ ਪ੍ਰੀਖਿਆ (ਟੈਟ) ਦੇਸ਼ ਭਰ ਵਿੱਚ ਲਾਜ਼ਮੀ ਹੋਣ ਤੋਂ ਪਹਿਲਾਂ ਭਰਤੀ ਕੀਤੇ ਗਏ ਅਧਿਆਪਕਾਂ ਨੂੰ ਹੁਣ ਆਪਣੀਆਂ ਨੌਕਰੀਆਂ ਬਰਕਰਾਰ ਰੱਖਣ ਲਈ ਟੈਟ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੈ। ਕਈ ਰਾਜ ਪਹਿਲਾਂ ਹੀ ਪ੍ਰੀਖਿਆ ਕਰਵਾ ਚੁੱਕੇ ਹਨ। ਇਸ ਦੌਰਾਨ, ਪੰਜਾਬ ਇਸ ਲਈ ਕਾਨੂੰਨੀ ਵਿਕਲਪਾਂ ਦੀ ਪੜਚੋਲ ਕਰ ਰਿਹਾ ਹੈ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਕਿਹਾ, 'ਸਰਕਾਰ ਅਧਿਆਪਕਾਂ ਦੇ ਨਾਲ ਖੜ੍ਹੀ ਹੈ ਅਤੇ ਇਸ ਲਈ ਕਾਨੂੰਨੀ ਵਿਕਲਪਾਂ ਦੀ ਪੜਚੋਲ ਕਰ ਰਹੀ ਹੈ। ਕਿਉਂਕਿ ਇਸ ਫੈਸਲੇ ਕਾਰਨ, ਪੰਜਾਬ ਦੇ 50% ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀ ਨਿਯੁਕਤੀ ਨਹੀਂ ਕੀਤੀ ਜਾ ਸਕਦੀ। ਇਸ ਨਾਲ ਅਧਿਆਪਕਾਂ ਦੀਆਂ ਤਰੱਕੀਆਂ ਪ੍ਰਭਾਵਿਤ ਹੋਈਆਂ ਹਨ ਅਤੇ ਸਿੱਧੀ ਭਰਤੀ ਵੀ (ਬਾਕੀ ਸਫਾ 2 'ਤੇ)

## ਦਿੱਲੀ ਕਮੇਟੀ ਦੇ ਅਧਿਕਾਰੀ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਣਗੇ ਪੇਸ਼

ਅੰਮ੍ਰਿਤਸਰ, 26 ਫਰਵਰੀ (ਬਬਲੂ ਮਹਾਜਨ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੰਦਰੂਨੀ ਬੋਰਡ ਦੀਆਂ ਚੋਣਾਂ ਸਬੰਧੀ ਸਪੱਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਲਈ ਕਿਹਾ ਸੀ। ਹਾਲਾਂਕਿ, ਪਿਛਲੀ ਤਰੀਕ ਨੂੰ ਕਮੇਟੀ ਦੇ ਪ੍ਰਧਾਨ ਸ੍ਰੀ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸ੍ਰੀ ਜਗਦੀਪ ਸਿੰਘ ਕਾਹਲੋਂ ਨੇ ਕਈ ਕਾਰਨਾਂ (ਬਾਕੀ ਸਫਾ 2 'ਤੇ)

## ਭਗਵੰਤ ਮਾਨ ਬੈਂਗਲੁਰੂ ਪੁੱਜੇ, ਨਿੱਜੀ ਕੇਅਰ ਸੈਂਟਰ 'ਚ ਬਿਤਾਉਣਗੇ ਇੱਕ ਹ਼ਫਤਾ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 26 ਫਰਵਰੀ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਬੈਂਗਲੁਰੂ ਦੌਰੇ 'ਤੇ ਹਨ ਤੇ ਇਸ ਦੌਰਾਨ ਉਹ ਇਕ ਨਿੱਜੀ ਕੇਅਰ ਸੈਂਟਰ ਵਿਚ ਰਹਿਣਗੇ ਜਿਥੇ ਉਹ ਲਗਭਗ 7 ਦਿਨ ਬਿਤਾਉਣਗੇ।

ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਭਗਵੰਤ ਮਾਨ ਨਿੱਜੀ ਕੇਅਰ ਸੈਂਟਰ ਵਿਚ ਰਹਿ ਚੁੱਕੇ ਹਨ ਜਿਥੇ ਉਨ੍ਹਾਂ ਨੇ ਪਹਿਲਾਂ 10 ਤੋਂ 12 ਦਿਨ ਬਿਤਾਏ ਸੀ ਤੇ ਆਪਣਾ ਇਲਾਜ ਕਰਵਾਇਆ ਸੀ। ਇਸੇ ਇੰਸਟੀਚਿਊਟ ਵਿਚ ਹੀ ਪੁਰਾਣੀ ਖੰਘ ਤੇ ਸ਼ੂਗਰ ਲਈ 12 ਦਿਨਾਂ ਦਾ ਨੈਚੁਰਲਪੈਥੀ ਟ੍ਰੀਟਮੈਂਟ ਕਰਵਾਇਆ ਸੀ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਬੇਂਗਲੂਰੂ ਦਾ ਦੌਰਾ ਕੀਤਾ ਹੈ ਜਿਥੇ ਉਨ੍ਹਾਂ ਨੇ ਉਦਯੋਗਪਤੀਆਂ ਦੇ ਨਾਲ ਮੁਲਾਕਾਤ ਕੀਤੀ ਸੀ ਤੇ ਸੂਬੇ ਨੂੰ ਨਿਵੇਸ਼ ਲਈ ਪਸੰਦੀਦਾ ਸਥਾਨ ਵੀ ਦੱਸਿਆ ਸੀ ਤੇ ਹੁਣ ਫਿਰ ਤੋਂ ਸੀ.ਐੱਮ. ਮਾਨ ਨਿੱਜੀ ਦੌਰੇ 'ਤੇ ਹਨ ਜਿਥੇ ਉਹ ਇਕ ਹਫਤੇ ਲਈ ਨਿੱਜੀ ਕੇਅਰ ਸੈਂਟਰ ਵਿਚ ਰੁਕਣਗੇ।

# ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਲਖਵਿੰਦਰ ਸਿੰਘ ਵੱਲੋਂ ਅਮਿਤ ਸ਼ਾਹ ਨਾਲ ਮੁਲਾਕਾਤ

## ਸਿੱਖ ਮੁੱਦਿਆਂ 'ਤੇ ਕੀਤੀ ਚਰਚਾ

ਪਟਨਾ, 26 ਫਰਵਰੀ (ਅੰਮ੍ਰਿਤਪਾਲ ਸਿੰਘ) : ਤਖ਼ਤ ਪਟਨਾ ਸਾਹਿਬ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਅਤੇ ਬਿਹਾਰ ਸਰਕਾਰ ਦੇ ਬਿਹਾਰ ਘੱਟ ਗਿਣਤੀ ਕਮਿਸ਼ਨ ਦੇ ਉਪ ਪ੍ਰਧਾਨ ਲਖਵਿੰਦਰ ਸਿੰਘ ਲੱਖਾ ਨੇ ਕਿਸ਼ਨਗੰਜ ਪਹੁੰਚਣ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਅਤੇ ਤਖ਼ਤ ਪਟਨਾ ਸਾਹਿਬ ਕਮੇਟੀ ਅਤੇ ਕਿਸ਼ਨਗੰਜ ਦੇ ਸਿੱਖਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ।ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ, ਬਿਹਾਰ ਦੇ ਗ੍ਰਹਿ ਮੰਤਰੀ ਸਮਰਾਟ ਚੌਧਰੀ, ਮੰਤਰੀ ਦਿਲੀਪ ਜੈਸਵਾਲ ਅਤੇ ਬਿਹਾਰ ਭਾਜਪਾ ਪ੍ਰਧਾਨ ਸੰਜੇ ਸਰਾਓਗੀ ਵੀ ਮੌਜੂਦ ਸਨ ਅਤੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

ਸਰਦਾਰ ਲਖਵਿੰਦਰ ਸਿੰਘ ਨੇ ਕਿਹਾ ਕਿ ਬਿਹਾਰ ਦੇ ਸਿੱਖਾਂ ਦੇ ਕਈ ਮੁੱਦੇ ਹਨ ਜੋ ਉਨ੍ਹਾਂ ਨੇ ਮਾਨਯੋਗ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਬਿਹਾਰ ਸਰਕਾਰ ਦੇ ਗ੍ਰਹਿ ਮੰਤਰੀ ਸਮਰਾਟ ਚੌਧਰੀ ਦੇ ਧਿਆਨ ਵਿੱਚ ਲਿਆਂਦੇ ਹਨ ਅਤੇ ਉਨ੍ਹਾਂ ਨੇ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ

ਸ਼ਾਹ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਸਮੁੱਚੀ ਕੇਂਦਰ ਅਤੇ ਬਿਹਾਰ ਸਰਕਾਰਾਂ ਵੱਲੋਂ ਸਿੱਖ ਭਾਈਚਾਰੇ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ, ਸਿੱਖ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਦੇ ਤਿਉਹਾਰ ਸਰਕਾਰੀ ਪੱਧਰ 'ਤੇ ਮਨਾਏ ਜਾ ਰਹੇ ਹਨ, ਇਸ ਲਈ ਦੋਵੇਂ ਸਰਕਾਰਾਂ ਵਧਾਈ ਦੀਆਂ ਹੱਕਦਾਰ ਹਨ।

# ਹੋਲਾ-ਮੁਹੱਲਾ: ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਦੀ ਸੁਰੱਖਿਆ ਲਈ 5000 ਪੁਲਿਸ ਮੁਲਾਜ਼ਮ ਤਾਇਨਾਤ, 21 ਪਾਰਕਿੰਗਾਂ ਤੇ ਸ਼ਟਲ ਸੇਵਾਵਾਂ ਦੀ ਵੀ ਦਿੱਤੀ ਜਾਵੇਗੀ ਸਹੂਲਤ

## ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਹੋਲੇ-ਮੁਹੱਲੇ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਵਿੱਚ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ

ਚੰਡੀਗੜ੍ਹ/ਸ੍ਰੀ ਅਨੰਦਪੁਰ ਸਾਹਿਬ, 26 ਫਰਵਰੀ (ਚ.ਨ.ਸ.) : ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਜਾਣ ਵਾਲੇ ਪਵਿੱਤਰ ਤਿਉਹਾਰ ਹੋਲਾ ਮੁਹੱਲਾ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਦੇ ਮੱਦੇਨਜ਼ਰ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਅੱਜ ਇਸ ਧਾਰਮਿਕ ਸਮਾਗਮ ਨੂੰ ਸੁਚਾਰੂ ਅਤੇ ਸੁਰੱਖਿਅਤ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਉੱਥੋਂ ਦੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ।

ਜ਼ਿਕਰਯੋਗ ਹੈ ਕਿ ਤਿੰਨ ਰੋਜ਼ਾ ਸਾਲਾਨਾ ਹੋਲਾ ਮੁਹੱਲਾ 2 ਮਾਰਚ ਤੋਂ 4 ਮਾਰਚ, 2026 ਤੱਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਮਨਾਇਆ ਜਾਵੇਗਾ।

ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਰੂਪਨਗਰ ਰੇਂਜ ਨਾਨਕ ਸਿੰਘ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ)

ਰੂਪਨਗਰ ਮਨਿੰਦਰ ਸਿੰਘ ਨਾਲ ਇੱਕ ਤਾਲਮੇਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਨਿਰਦੇਸ਼ ਦਿੱਤੇ ਕਿ ਦੁਨੀਆਂ ਭਰ ਤੋਂ ਖਾਲਸੇ ਦੇ ਜਨਮ ਸਥਾਨ 'ਤੇ ਨੱਤਮਸਤਕ ਹੋਣ ਵਾਲੀਆਂ ਲੱਖਾਂ ਸੰਗਤਾਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਜਾਣ।

ਦੱਸਣਯੋਗ ਹੈ ਕਿ ਪੂਰੇ ਖੇਤਰ ਨੂੰ ਯੋਜਨਾਬੱਧ ਢੰਗ ਨਾਲ 12 ਖੇਤਰਾਂ ਵਿੱਚ ਵੰਡਿਆ ਗਿਆ ਹੈ ਅਤੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲੱਗਭੱਗ 5000 ਪੁਲਿਸ ਕਰਮੀਆਂ ਦੀ ਨਫ਼ਰੀ ਤਾਇਨਾਤ ਕੀਤੀ ਗਈ ਹੈ।ਹਵਾਈ ਨਿਗਰਾਨੀ ਅਤੇ ਭੀੜ ਦੀ ਨਿਗਰਾਨੀ ਲਈ ਛੇ ਡਰੋਨ ਤਾਇਨਾਤ ਕੀਤੇ ਗਏ ਹਨ, ਜਿਨ੍ਹਾਂ ਦੀ ਲਾਈਵ ਫੀਡ ਦੀ ਨਿਗਰਾਨੀ ਕੇਂਦਰੀ ਕੰਟਰੋਲ ਰੂਮ 'ਤੇ ਕੀਤੀ ਜਾਵੇਗੀ।

ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਸਾਰੇ ਸੈਕਟਰ ਇੰਚਾਰਜਾਂ ਅਤੇ ਤਾਇਨਾਤ ਪੁਲਿਸ ਫੋਰਸ ਨੂੰ ਸੰਗਤ ਨਾਲ ਬਹੁਤ ਹੀ ਨਿਮਰਤਾ ਨਾਲ ਪੇਸ਼ ਆਉਣ ਅਤੇ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਪੂਰੀ ਲਗਨ ਅਤੇ ਦ੍ਰਿੜਤਾ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ।

ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਉਨ੍ਹਾਂ ਕਿਹਾ ਕਿ ਹੋਲਾ ਮੁਹੱਲਾ ਦੇ ਸ਼ਾਂਤੀਪੂਰਨ ਅਤੇ ਸੁਚਾਰੂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਰੂਪਨਗਰ ਪੁਲਿਸ ਵੱਲੋਂ ਕਈ ਨਵੀਆਂ ਪਹਿਲਕਦਮੀਆਂ ਲਾਗੂ ਕੀਤੀਆਂ ਗਈਆਂ ਹਨ ਤਾਂ ਜੋ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸਮਰੱਥਾ ਅਨੁਸਾਰ ਕੁੱਲ 21 ਪਾਰਕਿੰਗ ਖੇਤਰ ਨਿਰਧਾਰਤ ਕੀਤੇ ਗਏ ਹਨ ਅਤੇ ਸੰਗਤਾਂ ਦੇ ਮਾਰਗਦਰਸ਼ਨ ਲਈ ਪਾਰਕਿੰਗ ਅਤੇ ਰੂਟਾਂ ਲਈ ਇੱਕ ਕਲਰ-ਕੋਡਿੰਗ ਯੋਜਨਾ ਲਾਗੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਦੀ ਸਹੂਲਤ ਲਈ 100 ਈ-ਰਿਕਸ਼ਾ ਅਤੇ 50 ਮਿੰਨੀ-ਬੱਸਾਂ ਸਮੇਤ 24 ਘੰਟੇ ਸ਼ਟਲ ਸੇਵਾਵਾਂ ਪਾਰਕਿੰਗ ਖੇਤਰਾਂ ਤੇ ਉਪਲੱਬਧ ਰਹਿਣਗੀਆਂ।

ਉਨ੍ਹਾਂ ਅੱਗੇ ਕਿਹਾ ਕਿ ਸੰਗਤਾਂ ਨੂੰ ਸ਼ਟਲ ਬੱਸ ਸੇਵਾਵਾਂ, ਪਾਰਕਿੰਗ ਪੁਆਇੰਟਾਂ, ਡਾਕਟਰੀ ਸਹੂਲਤਾਂ ਅਤੇ ਹੋਰ ਜ਼ਰੂਰੀ ਸਹੂਲਤਾਂ ਦੇ ਵੇਰਵਿਆਂ ਵਿੱਚ ਮੱਦਦ ਕਰਨ ਲਈ ਵੱਖ-ਵੱਖ ਥਾਵਾਂ 'ਤੇ ਕਿਊਆਰ-ਕੋਡ ਅਧਾਰਤ ਜਾਣਕਾਰੀ ਪ੍ਰਣਾਲੀਆਂ ਸਥਾਪਤ ਕੀਤੀਆਂ ਗਈਆਂ ਹਨ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸ਼ਹਿਰ ਦੀਆਂ ਪਹੁੰਚ ਸੜਕਾਂ ਨੂੰ ਕਵਰ ਕਰਨ ਲਈ ਪੀਟੀਜ਼ੈੱਡ ਅਤੇ ਏਐਨਪੀਆਰ ਕੈਮਰੇ ਸਮੇਤ ਲੱਗਭੱਗ 200 ਸੀਸੀਟੀਵੀ ਕੈਮਰੇ ਲਗਾਏ ਗਏ ਹਨ ਤਾਂ ਜੋ ਟਰੈਫਿਕ ਦੀ ਆਮਦ ਬਾਰੇ ਅਸਲ-ਸਮੇਂ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਇਸ ਦੇ ਨਾਲ ਹੀ ਪੁਲਿਸ ਸਟੇਸ਼ਨ ਆਨੰਦਪੁਰ ਸਾਹਿਬ ਵਿਖੇ ਸੀਸੀਟੀਵੀ ਕੰਟਰੋਲ ਰੂਮ ਰਾਹੀਂ 24 ਘੰਟੇ ਲਾਈਵ ਨਿਗਰਾਨੀ ਵੀ ਕੀਤੀ ਜਾਵੇਗੀ।ਉਨ੍ਹਾਂ ਅੱਗੇ ਕਿਹਾ ਕਿ ਪਹਿਲੀ ਵਾਰ ਚਰਨ ਗੰਗਾ ਸਟੇਡੀਅਮ ਵਿਖੇ ਪ੍ਰਭਾਵਸ਼ਾਲੀ ਭੀੜ ਪ੍ਰਬੰਧਨ ਲਈ ਤਿੰਨ-ਪਰਤੀ ਬੈਰੀਕੇਡਿੰਗ ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਹੋਲਾ ਮੁਹੱਲਾ ਦਾ ਤਿਉਹਾਰ ਸਿੱਖ ਭਾਈਚਾਰੇ ਦੀ ਚੜ੍ਹਦੀਕਲਾ ਦਾ ਪ੍ਰਤੀਕ ਹੈ, ਜਿਸ ਵਿੱਚ ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਜੀਵਨ ਦੇ ਵੱਖ-ਵੱਖ ਖੇਤਰਾਂ ਦੇ ਲੋਕਾਂ ਦੀ ਵੱਡੀ ਸ਼ਮੂਲੀਅਤ ਹੁੰਦੀ ਹੈ।

# ਪੰਜਾਬ ਦੇ 2 ਆਈ.ਏ.ਐਸ. ਸਣੇ 42 ਅਧਿਕਾਰੀ ਤਬਦੀਲ

**ਸੂਬੇ ਦੇ ਦੋ ਦਰਜਨ ਤੋਂ ਵੱਧ ਐੱਸ.ਡੀ.ਐੱਮ. ਵੀ ਬਦਲੇ**

ਚੰਡੀਗੜ੍ਹ, 26 ਫਰਵਰੀ (ਚ.ਨ.ਸ.) : ਪੰਜਾਬ ਸਰਕਾਰ ਨੇ ਅੱਜ ਦੇਰ ਸ਼ਾਮ ਸੂਬੇ ਵਿੱਚ ਵੱਡਾ ਪ੍ਰਸ਼ਾਸਨਿਕ ਫੇਰ ਬਦਲ ਕਰਦਿਆਂ 2 ਆਈ.ਏ.ਐਸ ਸਣੇ 42 ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਹਨ। ਇਸ ਦੌਰਾਨ ਸੂਬੇ ਦੇ ਦੋ ਦਰਜਨ ਤੋਂ ਵੱਧ ਉਪ ਮੰਡਲ ਮੈਜਿਸਟਰੇਟ (ਐੱਸ.ਡੀ.ਐੱਮ.) ਵੀ ਬਦਲ ਦਿੱਤੇ ਹਨ। ਇਹ ਆਦੇਸ਼ ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਵੱਲੋਂ ਜਾਰੀ ਕੀਤੇ ਗਏ ਹਨ। ਮੁੱਖ ਸਕੱਤਰ ਵੱਲੋਂ ਜਾਰੀ ਆਦੇਸ਼ ਅਨੁਸਾਰ ਆਈ.ਏ.ਐੱਸ. ਅਧਿਕਾਰੀ ਰਾਜਦੀਪ ਸਿੰਘ ਬਰਾੜ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮਾਲੇਰਕੋਟਲਾ ਤੇ ਸੁਨੀਲ ਨੂੰ ਐੱਸ.ਡੀ.ਐੱਮ. ਬਲਾਚੌਰ ਲਗਾਇਆ ਗਿਆ ਹੈ। ਇਸੇ ਤਰ੍ਹਾਂ ਪੀ.ਸੀ.ਐੱਸ. ਅਧਿਕਾਰੀ ਗੁਰਪ੍ਰੀਤ ਸਿੰਘ ਥਿੰਦ ਨੂੰ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ ਬਠਿੰਡਾ ਤੇ ਵਧੀਕ ਡਿਪਟੀ ਕਮਿਸ਼ਨਰ ਬਠਿੰਡਾ, ਜਰਵਿੰਦਰਜੀਤ ਸਿੰਘ ਗਰੇਵਾਲ ਨੂੰ ਵਧੀਕ ਡਿਪਟੀ ਕਮਿਸ਼ਨਰ ਫਾਜ਼ਿਲਕਾ, ਸੁਭਾਸ਼ ਚੰਦਰ ਨੂੰ ਵਿਸ਼ੇਸ਼ ਸਕੱਤਰ ਯਾਤਰਾ ਤੇ ਸੱਭਿਆਚਾਰਕ ਮਾਮਲੇ ਵਿਭਾਗ, ਪਰਮਦੀਪ ਸਿੰਘ ਨੂੰ ਵਧੀਕ ਮੁੱਖ ਪ੍ਰਸ਼ਾਸਕ ਬਠਿੰਡਾ ਵਿਕਾਸ ਅਥਾਰਟੀ ਦੇ ਨਾਲ ਮੁੱਖ ਪ੍ਰਸ਼ਾਸਕ ਪੂਡਾ ਦਾ ਚਾਰਜ ਦਿੱਤਾ ਗਿਆ। ਪੀ.ਸੀ.ਐੱਸ. ਅਧਿਕਾਰੀ ਗੁਰਸਿਮਰਨ ਸਿੰਘ ਢਿੱਲੋਂ ਨੂੰ ਕਮਿਸ਼ਨਰ ਨਗਰ ਨਿਗਮ ਬਟਾਲਾ ਤੇ ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ, ਵੀਰਪਾਲ ਕੌਰ ਨੂੰ ਐੱਸ.ਡੀ.ਐੱਮ. ਰਾਮਪੁਰਾ, ਦੀਪਕ ਭਾਟੀਆ ਨੂੰ ਐੱਸ.ਡੀ.ਐੱਮ. ਫਿਲੌਰ, ਰਜਨੀਸ਼ ਅਰੋੜਾ ਨੂੰ ਐੱਸ.ਡੀ.ਐੱਮ. ਮਜੀਠਾ, ਰਵਿੰਦਰ ਸਿੰਘ ਅਰੋੜਾ ਨੂੰ ਐੱਸ.ਡੀ.ਐੱਮ. ਅਬੋਹਰ, ਇਸਮਤ ਵਿਜੈ ਸਿੰਘ ਨੂੰ ਐੱਸ.ਡੀ.ਐੱਮ. ਧੂਰੀ, ਅਮਨਦੀਪ ਕੌਰ ਘੁੰਮਣ ਨੂੰ ਐੱਸ.ਡੀ.ਐੱਮ. ਹੁਸ਼ਿਆਰਪੁਰ, ਸ਼ਾਇਰੀ ਮਲਹੋਤਰਾ ਨੂੰ ਐੱਸ.ਡੀ.ਐੱਮ. ਜਲੰਧਰ-2, ਤਰਸੇਮ ਚੰਦ ਨੂੰ ਐੱਸ.ਡੀ.ਐੱਮ. ਦਿੜਬਾ, ਜਸਪ੍ਰੀਤ ਸਿੰਘ ਨੂੰ ਐੱਸ.ਡੀ.ਐੱਮ. ਰੂਪਨਗਰ, ਅਸ਼ੋਕ ਕੁਮਾਰ ਨੂੰ ਐੱਸ.ਡੀ.ਐੱਮ. ਅਜਨਾਲਾ, ਅਭਿਸ਼ੇਕ ਸ਼ਰਮਾ ਨੂੰ ਐੱਸ.ਡੀ.ਐੱਮ. ਫਿਰੋਜ਼ਪੁਰ, ਪੰਕਜ ਕੁਮਾਰ ਨੂੰ ਐੱਸ.ਡੀ.ਐੱਮ. ਮਲੋਟ, ਪੁਨੀਤ ਸ਼ਰਮਾ ਨੂੰ ਐੱਸ.ਡੀ.ਐੱਮ. ਫਰੀਦਕੋਟ, ਹਰਜੋਤ ਕੌਰ ਨੂੰ ਐੱਸ.ਡੀ.ਐੱਮ. ਦੂੱਧਣ ਸਾਧਾਂ, ਜਯੋਤਸਨਾ ਸਿੰਘ ਨੂੰ ਐੱਸ.ਡੀ.ਐੱਮ. ਮੁਕੇਰੀਆਂ, ਅਦਿੱਤਿਆ ਗੁਪਤਾ ਨੂੰ ਐੱਸ.ਡੀ.ਐੱਮ. ਸ਼ਾਹਕੋਟ ਤੇ ਕਮਿਸ਼ਨਰ ਜਲੰਧਰ ਮੰਡਲ, ਬੇਅੰਤ ਸਿੰਘ ਸਿੱਧੂ ਨੂੰ ਐੱਸ.ਡੀ.ਐੱਮ. ਗੁਰੂ ਹਰਿਸਹਾਏ, ਚੇਤਨ ਬੰਗੜ ਨੂੰ ਐੱਸ.ਡੀ.ਐੱਮ. ਮੋਰਿੰਡਾ, ਸਿਮਰਨਜੀਤ ਸਿੰਘ ਨੂੰ ਐੱਸ.ਡੀ.ਐੱਮ. ਨਕੋਦਰ, ਨਵਜੋਤ ਸ਼ਰਮਾ ਨੂੰ ਐੱਸ.ਡੀ.ਐੱਮ. ਫਤਿਹਗੜ੍ਹ ਚੂੜੀਆਂ, ਗੁਰਕਿਰਨ ਦੀਪ ਸਿੰਘ ਨੂੰ ਐੱਸ.ਡੀ.ਐੱਮ. ਸ੍ਰੀ ਮੁਕਤਸਰ ਸਾਹਿਬ, ਜੁਗਰਾਜ ਸਿੰਘ ਨੂੰ ਐੱਸ.ਡੀ.ਐੱਮ. ਫਾਜ਼ਿਲਕਾ, ਅਮਨਦੀਪ ਨੂੰ ਐੱਸ.ਡੀ.ਐੱਮ. ਪੱਟੀ, ਗਗਨਦੀਪ ਨੂੰ ਐੱਸ.ਡੀ.ਐੱਮ. ਨਿਹਾਲ ਸਿੰਘ ਵਾਲਾ, ਸਤੀਸ਼ ਚੰਦਰ ਨੂੰ ਐੱਸ.ਡੀ.ਐੱਮ. ਸੰਗਰੂਰ ਅਤੇ ਕਰਨਵੀਰ ਸਿੰਘ ਨੂੰ ਐੱਸ.ਡੀ.ਐੱਮ. ਤਰਨਤਾਰਨ ਨਿਯੁਕਤ ਕੀਤਾ ਗਿਆ ਹੈ।

ਮੁੱਖ ਸਕੱਤਰ ਨੇ ਪੀ.ਸੀ.ਐੱਸ. ਅਧਿਕਾਰੀ ਨਵਦੀਪ ਕੁਮਾਰ ਨੂੰ ਵਧੀਕ ਮੈਨੇਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਪਟਿਆਲਾ, ਅਮਨਪ੍ਰੀਤ ਸਿੰਘ ਨੂੰ ਸੰਯੁਕਤ ਕਮਿਸ਼ਨਰ ਨਗਰ ਨਿਗਮ ਲੁਧਿਆਣਾ, ਅਮਰੀਕ ਸਿੰਘ ਨੂੰ ਮੁੱਖ ਮੰਤਰੀ ਖੇਤਰੀ ਅਫ਼ਸਰ ਲੁਧਿਆਣਾ, ਰਿਸ਼ਭ ਬਾਂਸਲ ਨੂੰ ਵਧੀਕ ਮੈਨੇਜਿੰਗ ਡਾਇਰੈਕਟਰ ਪੰਜਾਬ ਰਾਜ ਗੋਦਾਮ ਨਿਗਮ ਲਿਮਟਿਡ, ਪਾਇਲ ਗੋਇਲ ਨੂੰ ਸਹਾਇਕ ਕਮਿਸ਼ਨਰ ਲੁਧਿਆਣਾ, ਪ੍ਰਗਤੀ ਸੇਠੀ ਨੂੰ ਸਹਾਇਕ ਕਮਿਸ਼ਨਰ ਅੰਮ੍ਰਿਤਸਰ, ਅਮਨਦੀਪ ਸਿੰਘ ਮਾਵੀ ਨੂੰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ (ਹੈੱਡਕੁਆਰਟਰ) ਪਟਿਆਲਾ, ਗੁਰਮੀਤ ਸਿੰਘ ਨੂੰ ਮੁੱਖ ਮੰਤਰੀ ਖੇਤਰੀ ਅਫ਼ਸਰ ਪਟਿਆਲਾ ਲਗਾਇਆ ਗਿਆ।

# ਖੁੱਡੀਆਂ ਨੇ ਸਾਥੀ ਪੋਰਟਲ ਕਾਰਜਾਂ ਨੂੰ ਸੁਚਾਰੂ ਬਣਾਉਣ ਲਈ ਸੀਡ ਸਰਟੀਫ਼ਿਕੇਸ਼ਨ ਅਫ਼ਸਰਾਂ ਨੂੰ ਸੌਂਪੇ 40 ਟੈਬਲੇਟਸ

ਚੰਡੀਗੜ੍ਹ, 26 ਫਰਵਰੀ (ਚ.ਨ.ਸ.) : ਬੀਜ ਪ੍ਰਮਾਣੀਕਰਣ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਣ ਅਤੇ ਕੰਮ ਵਿੱਚ ਹੋਰ ਤੇਜ਼ੀ ਲਿਆਉਣ ਵੱਲ ਇੱਕ ਅਹਿਮ ਕਦਮ ਪੁੱਟਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਆਪਣੇ ਫੀਲਡ ਸਟਾਫ ਨੂੰ ਟੈਬਲੇਟਸ ਨਾਲ ਲੈਸ ਕੀਤਾ ਹੈ ਤਾਂ ਜੋ ਸਾਥੀ ਪੋਰਟਲ ਦਾ ਸਾਰਾ ਕੰਮ ਆਨਲਾਈਨ ਯਕੀਨੀ ਬਣਾਇਆ ਜਾ ਸਕੇ।

ਵਿਭਾਗ ਵਿੱਚ ਮੁਕੰਮਲ ਡਿਜੀਟਲਾਈਜ਼ੇਸ਼ਨ ਵੱਲ ਇਸ ਮਿਸਾਲੀ ਕਦਮ ਨੂੰ ਅਮਲੀਜਾਮਾ ਪਹਿਨਾਉਂਦਿਆਂ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਬੀਜ ਪ੍ਰਮਾਣੀਕਰਣ ਅਧਿਕਾਰੀਆਂ ਅਤੇ ਸਹਾਇਕਾਂ ਨੂੰ 40 ਟੈਬਲੇਟਸ ਸੌਂਪੇ।

ਖੇਤੀਬਾੜੀ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਫੀਲਡ ਅਫ਼ਸਰਾਂ ਨੂੰ ਟੈਬਲੇਟਸ ਨਾਲ ਲੈਸ ਕਰਨ ਨਾਲ ਨਾ ਸਿਰਫ਼ ਕਾਗ਼ਜ਼ੀ ਕਾਰਵਾਈ ਖ਼ਤਮ ਹੋਵੇਗੀ, ਸਗੋਂ ਇਸ ਨਾਲ ਜਵਾਬਦੇਹੀ ਵਧੇਗੀ ਅਤੇ ਨਿਰੀਖਣ ਦੌਰਾਨ ਖੇਤਾਂ ਤੋਂ ਸਿੱਧੇ ਤੌਰ 'ਤੇ ਕੰਪਿਊਟਰਾਈਜ਼ਡ ਡੇਟਾ ਤੁਰੰਤ ਜੁਟਾਉਣ ਵਿੱਚ ਆਸਾਨੀ ਹੋਵੇਗੀ।

ਉਨ੍ਹਾਂ ਕਿਹਾ ਕਿ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਖੇਤ ਦੀ ਸਹੀ ਭੂਗੋਲਿਕ ਸਥਿਤੀ ਨੂੰ ਜੀ.ਪੀ.ਐਸ ਰਾਹੀਂ ਰਿਕਾਰਡ ਕੀਤਾ ਜਾ ਸਕੇਗਾ, ਜਦੋਂਕਿ ਤੁਰੰਤ ਫੋਟੋਆਂ ਅਪਲੋਡ ਕਰਨ ਨਾਲ ਅਧਿਕਾਰਤ ਰਿਪੋਰਟ ਵਿੱਚ ਫ਼ਸਲਾਂ ਦੀ ਅਸਲ ਸਥਿਤੀ ਦਰਜ ਕੀਤੀ ਜਾ ਸਕੇਗੀ। ਉਨ੍ਹਾਂ ਕਿਹਾ ਕਿ ਡਿਜੀਟਲਾਈਜ਼ੇਸ਼ਨ ਨਾਲ ਜਿੱਥੇ ਹੱਥੀਂ ਕੰਮ ਕਰਨ ਦੌਰਾਨ ਲਿਖਤੀ ਗ਼ਲਤੀਆਂ ਤੋਂ ਨਿਜਾਤ ਮਿਲੇਗੀ, ਉਥੇ ਹੀ ਤੁਰੰਤ ਡਿਜੀਟਲ ਰਿਪੋਰਟਾਂ ਤਿਆਰ ਕਰਨ ਵਿੱਚ ਆਸਾਨੀ ਮਿਲੇਗੀ, ਜਿਨ੍ਹਾਂ ਨੂੰ ਅੱਗੇ ਕਿਸਾਨਾਂ ਜਾਂ ਉੱਚ ਅਧਿਕਾਰੀਆਂ ਨਾਲ ਸਾਂਝਾ ਕੀਤਾ ਜਾ ਸਕੇਗਾ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪ੍ਰਕਿਰਿਆ ਨੂੰ ਹੋਰ ਸੁਰੱਖਿਅਤ ਅਤੇ ਸੁਖਾਲੀ ਬਣਾਉਣ ਲਈ ਕਿਸਾਨਾਂ ਦੇ ਡਿਜੀਟਲ ਦਸਤਖ਼ਤ ਸਿੱਧੇ ਟੈਬਲੇਟ ਦੀ ਸਕ੍ਰੀਨ 'ਤੇ ਲਏ ਜਾਣਗੇ। ਉਨ੍ਹਾਂ ਕਿਹਾ ਕਿ ਜੀ.ਪੀ.ਐਸ. ਦੀ ਵਰਤੋਂ ਰਾਹੀਂ ਫੀਲਡ ਮੈਪਿੰਗ ਕੀਤੀ ਜਾਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਿਰੀਖਣ, ਸਹੀ ਬੀਜ ਖੇਤ ਨਾਲ ਸਬੰਧਤ ਹੈ ਅਤੇ ਟੈਬ 'ਤੇ ਉਪਲਬਧ ਫਾਰਮ ਦੇ ਅਨੁਸਾਰ ਹੈ। ਇਸ ਤੋਂ ਇਲਾਵਾ ਫ਼ਸਲ ਦੀ ਕਿਸਮ, ਆਈਸੋਲੇਸ਼ਨ ਦੂਰੀ, ਰੋਗ ਅਤੇ ਆਫ-ਟਾਈਪ ਬੂਟਿਆਂ ਦੀ ਗਿਣਤੀ ਸਮੇਤ ਵੇਰਵੇ ਡਿਜੀਟਲ ਤੌਰ 'ਤੇ ਰਿਕਾਰਡ ਕੀਤੇ ਜਾਣਗੇ।

ਖੇਤੀਬਾੜੀ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਡਿਜੀਟਾਈਜ਼ੇਸ਼ਨ ਪਹਿਲਕਦਮੀ ਨਾ ਸਿਰਫ਼ ਬੀਜ ਪ੍ਰਮਾਣੀਕਰਣ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਲਿਆਏਗੀ ਬਲਕਿ ਕਿਸਾਨਾਂ ਨੂੰ ਸਮੇਂ-ਸਿਰ ਗੁਣਵੱਤਾ-ਭਰਪੂਰ ਪ੍ਰਮਾਣਿਤ ਬੀਜ ਉਪਲਬਧ ਕਰਵਾਉਣਾ ਯਕੀਨੀ ਬਣਾਏਗੀ। ਇਸ ਮੌਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸਕੱਤਰ ਸ੍ਰੀ ਅਰਸ਼ਦੀਪ ਸਿੰਘ ਥਿੰਦ, ਡਾਇਰੈਕਟਰ ਸ੍ਰੀ ਗੁਰਜੀਤ ਸਿੰਘ ਬਰਾੜ, ਡਾਇਰੈਕਟਰ- ਪੀ.ਐਸ.ਐਸ.ਸੀ.ਏ. ਸ੍ਰੀ ਨਰਿੰਦਰ ਬੈਨੀਪਾਲ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਪਹਿਲੇ ਸਫ਼ੇ ਦੀ ਬਾਕੀ

## ਪੰਜਾਬ ਸਰਕਾਰ ਮਾਰਚ 'ਚ ਕਰਵਾਏਗੀ ਟੈਟ ਪ੍ਰੀਖਿਆ

ਪ੍ਰਭਾਵਿਤ ਹੋਈ ਹੈ।' ਪੰਜਾਬ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਜੋਤ ਬੈਂਸ ਨੇ ਕਿਹਾ ਕਿ ਸਰਕਾਰ ਟੈਟ ਪ੍ਰੀਖਿਆ ਕਰਵਾਉਣ ਲਈ ਤਿਆਰ ਹੈ। ਇਹ ਮਾਰਚ ਵਿੱਚ ਕਰਵਾਈ ਜਾ ਸਕਦੀ ਹੈ। ਸਰਕਾਰ ਸਮੀਖਿਆ ਪਟੀਸ਼ਨ ਦਾਇਰ ਕਰਨ ਲਈ ਕਾਨੂੰਨੀ ਪ੍ਰਬੰਧਾਂ ਦੀ ਵੀ ਪੜਚੋਲ ਕਰ ਰਹੀ ਹੈ। ਸੁਪਰੀਮ ਕੋਰਟ ਦਾ ਇਹ ਹੁਕਮ ਸੂਬੇ ਦੇ 19,000 ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ 100,000 ਤੋਂ ਵੱਧ ਅਧਿਆਪਕਾਂ ਵਿੱਚੋਂ ਲੱਗਭੱਗ 40,000 ਅਧਿਆਪਕਾਂ ਨੂੰ ਪ੍ਰਭਾਵਿਤ ਕਰੇਗਾ। ਜਿਨ੍ਹਾਂ ਦੀ ਸੇਵਾਮੁਕਤੀ ਤੋਂ ਪਹਿਲਾਂ ਪੰਜ ਸਾਲ ਤੋਂ ਘੱਟ ਸੇਵਾ ਬਾਕੀ ਹੈ, ਉਨ੍ਹਾਂ ਨੂੰ ਛੋਟ ਹੈ। ਇਹ ਹੁਕਮ ਉਨ੍ਹਾਂ ਲੋਕਾਂ ਦੀ ਤਰੱਕੀ 'ਤੇ ਵੀ ਪਾਬੰਦੀ ਲਗਾਉਂਦਾ ਹੈ ਜੋ ਟੈਸਟ ਪਾਸ ਕਰਨ ਵਿੱਚ ਅਸਫਲ ਰਹਿੰਦੇ ਹਨ। ਸਿੱਖਿਆ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਅਧਿਆਪਕ ਸੰਘ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ ਹੈ। ਸੂਬੇ ਵਿੱਚ ਅਜਿਹੇ ਅਧਿਆਪਕ ਹਨ ਜੋ 1997 ਤੋਂ ਪੜ੍ਹਾ ਰਹੇ ਹਨ। ਮੰਤਰੀ ਨੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ 20-25 ਸਾਲਾਂ ਤੋਂ ਪੜ੍ਹਾ ਰਹੇ ਅਧਿਆਪਕ ਆਪਣੀਆਂ ਨੌਕਰੀਆਂ ਗੁਆਉਣ। ਇਸ ਲਈ, ਸਰਕਾਰ ਕਾਨੂੰਨੀ ਵਿਕਲਪਾਂ ਦੀ ਪੜਚੋਲ ਕਰ ਰਹੀ ਹੈ। ਇੱਕ ਸਵਾਲ ਦੇ ਜਵਾਬ ਵਿੱਚ, ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਫਰਵਰੀ ਵਿੱਚ ਟੈਟ ਪ੍ਰੀਖਿਆ ਕਰਵਾਉਣ ਦੀ ਯੋਜਨਾ ਬਣਾਈ ਸੀ, ਪਰ ਹੁਣ ਇਹ ਮਾਰਚ ਵਿੱਚ ਕਰਵਾਈ ਜਾ ਸਕਦੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਕਈ ਰਾਜਾਂ ਵਿੱਚ, ਟੈਟ ਪ੍ਰੀਖਿਆ ਪ੍ਰਕਿਰਿਆ ਜਾਂ ਤਾਂ ਪੂਰੀ ਹੋ ਚੁੱਕੀ ਹੈ ਜਾਂ ਆਪਣੇ ਅੰਤਿਮ ਪੜਾਅ ਵਿੱਚ ਹੈ। ਅਦਾਲਤ ਦੇ ਹੁਕਮਾਂ ਅਨੁਸਾਰ, 2011 ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ ਨੂੰ 31 ਅਗਸਤ, 2027 ਤੱਕ ਇਹ ਪ੍ਰੀਖਿਆ ਪਾਸ ਕਰਨੀ ਪਵੇਗੀ। ਨਹੀਂ ਤਾਂ, ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ।

## ਸਿੰਘ ਸਾਹਿਬ ਗਿ. ਰਘਬੀਰ ਸਿੰਘ ਨੂੰ

ਪੱਧਰ 'ਤੇ ਜਾਇਦਾਦਾਂ ਦੀ ਖਰੀਦ ਕੀਤੀ ਹੈ, ਉਥੇ ਹੀ ਗੁਰਦੁਆਰਾ ਸਾਹਿਬਾਨ, ਸ਼੍ਰੋਮਣੀ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੀਆਂ ਵਿੱਤੀ ਜਮ੍ਹਾਂ ਪੂੰਜੀ ਵਿਚ ਵੀ ਵੱਡਾ ਵਾਧਾ ਦਰਜ ਹੋਇਆ ਹੈ। ਉਨ੍ਹਾਂ ਵੇਰਵਿਆਂ ਦਿੰਦਿਆਂ ਦੱਸਿਆ ਕਿ ਸਾਲ 2020-2021 ਤੋਂ 2025-2026 ਦੌਰਾਨ ਜਿਥੇ 111 ਕਰੋੜ ਦੇ ਕਰੀਬ ਜਾਇਦਾਦ ਦੀ ਖਰੀਦੀ ਗਈ, ਉਥੇ ਹੀ ਗੁਰਦੁਆਰਿਆਂ ਦੇ ਬਜਟ ਵਿਚ 577 ਕਰੋੜ ਤੋਂ 1120 ਕਰੋੜ ਰੁਪਏ ਤੱਕ ਦਾ ਵਾਧਾ ਹੋਇਆ। ਉਨ੍ਹਾਂ ਐਫਡੀਆਰ ਦੇ ਸਬੰਧ ਵਿਚ ਵੇਰਵੇ ਦਿੰਦਿਆਂ ਦੱਸਿਆ ਕਿ ਇਸ ਅਰਸੇ ਦੌਰਾਨ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀ ਜਮ੍ਹਾਂ ਪੂੰਜੀ ਵਿਚ 600 ਕਰੋੜ ਦਾ ਵਾਧਾ ਹੋਇਆ ਹੈ। ਇਸ ਸਬੰਧ ਵਿਚ ਐਡਵੋਕੇਟ ਧਾਮੀ ਨੇ ਵੱਖ-ਵੱਖ ਗੁਰਦੁਆਰਿਆਂ ਦੀ ਜਮ੍ਹਾਂ ਪੂੰਜੀ ਦੇ ਵਾਧੇ ਬਾਰੇ ਵਿਸਥਾਰਪੂਰਵਕ ਖੁਲਾਸਾ ਵੀ ਕੀਤਾ।

ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬਾਨ ਤੋਂ ਇਲਾਵਾ ਸਾਲ 2020-2021 ਤੋਂ 2025-2026 ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਐਫਡੀਆਰ ਵਿਚ 273 ਕਰੋੜ 60 ਲੱਖ ਰੁਪਏ, ਧਰਮ ਪ੍ਰਚਾਰ ਕਮੇਟੀ ਵਿਖੇ 121 ਕਰੋੜ 45 ਲੱਖ ਰੁਪਏ ਦਾ ਵਾਧਾ ਦਰਜ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਲਈ ਇਸ ਸਮੇਂ ਦੌਰਾਨ 182 ਕਰੋੜ ਰੁਪਏ ਵੱਖਰੇ ਤੌਰ 'ਤੇ ਸ਼੍ਰੋਮਣੀ ਕਮੇਟੀ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਤੋਂ ਫੰਡ ਦਿੱਤੇ ਗਏ ਹਨ। ਉਨ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਵਾਸਤੇ 5 ਕਰੋੜ ਰੁਪਏ ਰਾਖਵੇਂ ਰੱਖੇ ਗਏ ਸਨ, ਜਦਕਿ ਸੰਗਤ ਵੱਲੋਂ ਪ੍ਰਗਟਾਈ ਗਈ ਸ਼ਰਧਾ ਤਹਿਤ ਇਹ ਰਾਸ਼ੀ 7 ਲੱਖ ਦੇ ਹੋਰ ਵਾਧੇ ਨਾਲ ਜਮ੍ਹਾਂ ਹੈ। ਉਨ੍ਹਾਂ ਇਹ ਵੀ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਖਰੀਦ ਕੀਤੀਆਂ ਗਈਆਂ ਜਾਇਦਾਦਾਂ ਦੀ ਅੱਜ ਕੀਮਤ ਵੀ ਕਈ ਗੁਣਾਂ ਵੱਧ ਚੁੱਕੀ ਹੈ। ਇਹ ਸੰਗਤ ਦੇ ਸਹਿਯੋਗ ਅਤੇ ਗੁਰੂ ਘਰਾਂ ਪ੍ਰਤੀ ਸ਼ਰਧਾ ਦੇ ਨਾਲ ਹੀ ਸੰਭਵ ਹੋਇਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਉਹ ਸਿੱਖੀ ਪ੍ਰਚਾਰ, ਵਿਦਿਆ ਦੇ ਪ੍ਰਸਾਰ ਅਤੇ ਸਿਹਤ ਸਹੂਲਤਾਂ ਲਈ ਲਗਾਤਾਰ ਕਾਰਜ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਪੰਜ ਸਾਲਾਂ ਦੌਰਾਨ ਚਾਰ ਲੱਖ ਤੋਂ ਵੱਧ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ ਹੈ ਅਤੇ ਅਪ੍ਰੈਲ ਤੱਕ 51 ਹਜ਼ਾਰ ਦਾ ਹੋਰ ਟੀਚਾ ਹੈ।

ਪੱਤਰਕਾਰ ਵਾਰਤਾ ਦੌਰਾਨ ਐਡਵੋਕੇਟ ਧਾਮੀ ਨੇ ਪਾਵਨ ਸਰੂਪਾਂ ਦੇ ਮਾਮਲੇ ਵਿਚ ਸਰਕਾਰ ਵੱਲੋਂ ਤਬਦੀਲ ਕੀਤੀ ਗਈ ਸਿੱਟ 'ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਮਨਸ਼ਾ ਕੇਵਲ ਸਿਆਸਤ ਕਰਨਾ ਹੈ। ਜੇਕਰ ਸਿੱਟ ਤਬਦੀਲ ਹੀ ਕਰਨੀ ਸੀ ਤਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਗੁਰਸਿੱਖ ਅਫ਼ਸਰ ਸ਼ਾਮਲ ਕੀਤੇ ਜਾਂਦੇ। ਉਨ੍ਹਾਂ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਦੀ ਜ਼ਮੀਨ ਦੇ ਮਾਮਲੇ ਸਬੰਧੀ ਕਿਹਾ ਕਿ ਇਸ ਵਿਚ ਐਫਆਈਆਰ ਦਰਜ ਕਰਵਾਉਣ ਬਾਅਦ ਵੀ ਪੁਲਿਸ ਦੀ ਕਾਰਗੁਜਾਰੀ ਨਿਰਾਸ਼ਾਜਨਕ ਹੈ।

ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਸ. ਸੁਰਜੀਤ ਸਿੰਘ ਗੜ੍ਹੀ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਸੁਰਜੀਤ ਸਿੰਘ ਕੰਗ, ਬੀਬੀ ਹਰਜਿੰਦਰ ਕੌਰ, ਸ. ਬਲਦੇਵ ਸਿੰਘ ਕਾਇਮਪੁਰ, ਸ. ਮੇਜਰ ਸਿੰਘ ਢਿੱਲੋਂ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ ਆਦਿ ਮੌਜੂਦ ਸਨ।

## ਗਿ. ਰਘਬੀਰ ਸਿੰਘ ਵੱਲੋਂ ਫ਼ੈਸਲੇ ਦਾ ਸਵਾਗਤ

ਉਨ੍ਹਾਂ ਕਿਹਾ, ਜੋ ਗੁਰੂ ਰਾਮਦਾਸ ਸਾਹਿਬ ਜੀ ਦਾ ਹੁਕਮ ਹੈ, ਉਹੀ ਹੋਵੇਗਾ। ਨਾਲ ਹੀ ਉਨ੍ਹਾਂ ਸੰਗਤ ਅੱਗੇ ਬੇਨਤੀ ਰੱਖੀ ਕਿ ਇਸ ਸਾਰੇ ਵਰਤਾਰੇ ਪਿੱਛੇ ਦੋ ਦਸੰਬਰ 2024 ਦਾ ਫੈਸਲਾ ਹੈ, ਜੇਕਰ ਦੋ ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਬਾਦਲਾਂ ਦੇ ਹੱਕ ਵਿਚ ਫੈਂਸਲੇ ਕੀਤੇ ਜਾਂਦੇ ਤੇ ਫਿਰ ਕਿਸੇ ਪ੍ਰਕਾਰ ਦੀ ਕੋਈ ਵੀ ਗਾਜ਼ ਉਹ ਸਾਡੇ 'ਤੇ ਨਹੀਂ ਆਉਣੀ ਸੀ। ਅਸੀਂ ਦੋ ਦਸੰਬਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਾਵਨ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਸ੍ਰੀ ਗੁਰੂ ਗ੍ਰੰਥ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਤੇ ਪੰਥ ਦੀ ਹਾਜ਼ਰੀ ਵਿਚ ਪੰਥ ਦੀਆਂ ਭਾਵਨਾਵਾਂ ਦੇ ਅਨੁਸਾਰ ਫੈਸਲੇ ਕੀਤੇ ਹਨ, ਉਹਨਾਂ ਫੈਂਸਲਿਆਂ ਤੋਂ ਸੂਤਰ ਭਰ ਵੀ ਨਾ ਪਿੱਛੇ ਹਟੇ ਹਾਂ ਤੇ ਨਾ ਹੱਟਣਾ ਹੈ।ਗਿਆਨੀ ਰਘਬੀਰ ਸਿੰਘ ਨੇ ਪਿਛਲੇ ਕੁਝ ਸਾਲਾਂ ਦੇ ਹਵਾਲੇ ਨਾਲ ਕਿਹਾ ਕਿ ਉਨ੍ਹਾਂ ਤੋਂ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਜਾਂਚ ਕਮੇਟੀ ਬਣਾਕੇ ਹਟਾਇਆ ਗਿਆ, ਫਿਰ 7 ਮਾਰਚ 2025 ਨੂੰ ਗਿਆਨੀ ਸੁਲਤਾਨ ਸਿੰਘ ਨੂੰ ਵੀ ਤਖ਼ਤ ਸ੍ਰੀ ਅਨੰਦਪੁਰ ਸਾਹਿਬ ਦੀਆਂ ਸੇਵਾਵਾਂ ਤੋਂ ਅਲੱਗ ਕੀਤਾ ਗਿਆ। ਉਸ ਤੋਂ ਬਾਅਦ ਉਨ੍ਹਾਂ 'ਤੇ ਵੀ ਵੱਖ-ਵੱਖ ਤਰ੍ਹਾਂ ਦੇ ਦਬਾਅ ਬਣਾਏ ਗਏ ਕਿ ਉਹ ਕੁਝ ਖਾਸ ਬਿਆਨ ਦੇਣ ਜਾਂ ਕੁਝ ਫੈਸਲਿਆਂ ਨਾਲ ਸਹਿਮਤ ਹੋ ਜਾਣ। ਉਨ੍ਹਾਂ ਕਿਹਾ ਕਿ ਇਹ ਸਮੁੱਚੇ ਸੰਸਾਰ ਨੂੰ ਪਤਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਕਿਸ ਦਾ ਦਬਾਅ ਹੁੰਦਾ ਹੈ, ਆਰਡਰ ਟਾਈਪ ਹੋ ਕੇ ਆਉਂਦੇ ਹਨ, ਜੋ ਆਦੇਸ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਾਂ ਅੰਤ੍ਰਿੰਗ ਕਮੇਟੀ ਨੂੰ ਹੋਇਆ ਉਸ ਦੇ ਮੁਤਾਬਿਕ ਫੈਂਸਲਾ ਕੀਤਾ ਗਿਆ।ਲੰਗਰ ਘੋਟਾਲੇ ਅਤੇ ਹੋਰ ਆਰਥਿਕ ਬੇਨਿਯਮੀਆਂ ਬਾਰੇ ਬੋਲਦਿਆਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲ ਪੱਕੇ ਦਸਤਾਵੇਜ਼ੀ ਸਬੂਤ ਮੌਜੂਦ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਸਬੂਤ ਉਹ ਹੌਲੀ-ਹੌਲੀ ਸੰਗਤ ਸਾਹਮਣੇ ਰੱਖਣਗੇ, ਤਾਂ ਜੋ ਸ਼੍ਰੋਮਣੀ ਕਮੇਟੀ ਨੂੰ ਭਰਿਸ਼ਟਾਚਾਰ ਤੋਂ ਮੁਕਤ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਗੁਰੂ ਕੀ ਗੋਲਕ ਦੀ ਲੁੱਟ ਕਸੁੱਟ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਹੋਣੀ ਚਾਹੀਦੀ।

ਅੰਤ ਵਿੱਚ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਆਪ ਵਿੱਚ ਇੱਕ ਬਹੁਤ ਪਵਿੱਤਰ ਸੰਸਥਾ ਹੈ, ਜਿਸਦੀ ਸਥਾਪਨਾ ਸ਼ਹੀਦਾਂ ਦੀ ਕੁਰਬਾਨੀ ਨਾਲ ਹੋਈ ਹੈ। ਸੰਸਥਾ ਮਾੜੀ ਨਹੀਂ, ਪਰ ਜਿਸ ਸਿਸਟਮ ਦੇ ਅਧੀਨ ਇਹ ਚੱਲ ਰਹੀ ਹੈ, ਉਹ ਗੰਦਲਾ ਹੋ ਚੁੱਕਾ ਹੈ। ਗਿਆਨੀ ਰਘਬੀਰ ਸਿੰਘ ਨੇ ਦੁਹਰਾਇਆ ਕਿ ਉਹ ਆਪਣੇ ਨਾਲ ਹੋਏ ਫੈਸਲੇ ਦਾ ਸਵਾਗਤ ਕਰਦੇ ਹਨ, ਪਰ ਆਉਣ ਵਾਲੇ ਸਮੇਂ ਵਿੱਚ ਭਰਿਸ਼ਟਾਚਾਰ ਅਤੇ ਸੰਗਤ ਦੇ ਸ਼ੋਸ਼ਣ ਨਾਲ ਜੁੜੇ ਸਾਰੇ ਸੱਚ ਸੰਗਤ ਦੇ ਸਾਹਮਣੇ ਲਿਆਂਦੇ ਜਾਣਗੇ।

## ਭਾਰਤ-ਇਜ਼ਰਾਈਲ ਵਿਚਾਲੇ ਕਈ ਅਹਿਮ ਸਮਝੌਤੇ

ਅਤੇ ਆਯਾਤ ਡਿਊਟੀ ਘਟਾਉਣ 'ਤੇ ਵੀ ਸਹਿਮਤ ਹੋਏ ਹਨ।

ਕਿਸਾਨਾਂ ਲਈ ਵੱਡੀਆਂ ਸਹੂਲਤਾਂ: ਪ੍ਰਧਾਨ ਮੰਤਰੀ ਮੋਦੀ ਨੇ ਐਲਾਨ ਕੀਤਾ ਕਿ ਭਾਰਤ ਵਿੱਚ ਇਜ਼ਰਾਈਲੀ ਖੇਤੀ ਕੇਂਦਰਾਂ ਦੀ ਗਿਣਤੀ ਵਧਾ ਕੇ 100 ਕੀਤੀ ਜਾਵੇਗੀ। ਦੇਸ਼ ਭਰ ਵਿੱਚ 'ਵਿਲੇਜ ਆਫ ਐਕਸੀਲੈਂਸ' ਵਿਕਸਿਤ ਕੀਤੇ ਜਾਣਗੇ, ਜਿੱਥੇ ਇਜ਼ਰਾਈਲੀ ਤਕਨੀਕ ਰਾਹੀਂ ਆਧੁਨਿਕ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਭਾਰਤ ਵਿੱਚ ਇੱਕ ਨਵਾਂ 'ਐਗਰੀਕਲਚਰ ਇਨੋਵੇਸ਼ਨ ਸੈਂਟਰ' ਵੀ ਸਥਾਪਿਤ ਕੀਤਾ ਜਾਵੇਗਾ।

**ਨੇਸੈੱਟ ਵਿੱਚ ਸੰਬੋਧਨ ਅਤੇ ਭਾਵੁਕ ਪਲ:** ਪ੍ਰਧਾਨ ਮੰਤਰੀ ਮੋਦੀ ਨੇ ਇਜ਼ਰਾਈਲ ਦੀ ਸੰਸਦ 'ਨੇਸੈੱਟ' ਨੂੰ ਸੰਬੋਧਨ ਕੀਤਾ, ਜਿਸ ਬਾਰੇ ਨੇਤਨਯਾਹੂ ਨੇ ਕਿਹਾ ਕਿ ਮੋਦੀ ਦੇ ਭਾਸ਼ਣ ਨੇ ਹਰ ਇਜ਼ਰਾਈਲੀ ਦੀਆਂ ਅੱਖਾਂ ਵਿੱਚ ਹੰਝੂ ਲਿਆ ਦਿੱਤੇ। ਉਨ੍ਹਾਂ ਨੇ ਯੇਰੂਸ਼ਲਮ ਸਥਿਤ 'ਯਾਦ ਵਾਸ਼ੇਮ' ਯਾਦਗਾਰ ਜਾ ਕੇ ਹੋਲੋਕਾਸਟ ਦੇ ਪੀੜਤਾਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ।

**ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ:** ਦੋਵਾਂ ਦੇਸ਼ਾਂ ਨੇ ਅੱਤਵਾਦ ਵਿਰੁੱਧ 'ਜ਼ੀਰੋ ਟਾਲਰੈਂਸ' ਦੀ ਨੀਤੀ ਨੂੰ ਦੁਹਰਾਇਆ ਅਤੇ ਗਲੋਬਲ ਮੰਚ 'ਤੇ ਇੱਕ-ਦੂਜੇ ਦਾ ਸਾਥ ਦੇਣ ਦਾ ਸੰਕਲਪ ਲਿਆ। ਪੀ.ਐਮ. ਮੋਦੀ ਨੇ ਇਜ਼ਰਾਈਲ ਦੇ ਰਾਸ਼ਟਰਪਤੀ ਆਈਜ਼ੈਕ ਹਰਜ਼ੋਗ ਨਾਲ ਵੀ ਮੁਲਾਕਾਤ ਕੀਤੀ, ਜਿਨ੍ਹਾਂ ਨੇ ਭਾਰਤ ਦੀ ਤੇਜ਼ੀ ਨਾਲ ਵਧ ਰਹੀ ਆਰਥਿਕਤਾ ਦੀ ਸ਼ਲਾਘਾ ਕੀਤੀ। ਇਸ ਦੌਰੇ ਨੂੰ ਸਿਰਫ਼ ਕੂਟਨੀਤਕ ਰਸਮੀ ਕਾਰਵਾਈ ਨਹੀਂ, ਸਗੋਂ ਰੱਖਿਆ, ਖੇਤੀਬਾੜੀ ਅਤੇ ਤਕਨਾਲੋਜੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਮੰਨਿਆ ਜਾ ਰਿਹਾ ਹੈ।

## ਦਿੱਲੀ ਕਮੇਟੀ ਦੇ ਅਧਿਕਾਰੀ ਅੱਜ ਸ੍ਰੀ ਅਕਾਲ ਤਖ਼ਤ

ਕਰਕੇ ਪੇਸ਼ ਹੋਣ ਤੋਂ ਅਸਮਰੱਥਾ ਪ੍ਰਗਟਾਈ ਸੀ। ਪਿਛਲੀ ਤਰੀਕ ਨੂੰ ਕਮੇਟੀ ਵੱਲੋਂ ਮੀਤ ਪ੍ਰਧਾਨ ਆਤਮਾ ਸਿੰਘ ਲੁਬਾਣਾ ਪੇਸ਼ ਹੋਏ ਅਤੇ ਹੋਰ ਤਰੀਕ ਦੀ ਬੇਨਤੀ ਕੀਤੀ, ਜਿਸ ਦੇ ਆਧਾਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ 27 ਫਰਵਰੀ ਦੀ ਤਰੀਕ ਦਿੱਤੀ। ਹੁਣ, ਇਹ ਦੇਖਣਾ ਬਾਕੀ ਹੈ ਕਿ ਕੀ ਦਿੱਲੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਧਿਕਾਰੀ ਕੱਲ੍ਹ ਆਪਣੇ ਵਿਚਾਰ ਪੇਸ਼ ਕਰਨ ਲਈ ਪੇਸ਼ ਹੋਣਗੇ, ਜਾਂ ਕੀ ਉਹ ਇੱਕ ਵਾਰ ਫਿਰ ਇੱਕ ਹੋਰ ਤਰੀਕ ਦੀ ਬੇਨਤੀ ਕਰਨਗੇ।

# ਮਾਨ ਸਰਕਾਰ ਵੱਲੋਂ 18 ਮਾਰਚ ਨੂੰ ਸੂਬੇ ਭਰ 'ਚ 14,100 ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ: ਸੌਂਦ

ਚੰਡੀਗੜ੍ਹ, 26 ਫਰਵਰੀ (ਚ.ਨ.ਸ.) : ਭਗਵੰਤ ਮਾਨ ਸਰਕਾਰ ਦੀ ਅਗਵਾਈ ਹੇਠ ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ (ਪੀਐਸਆਰਐਲਐਮ) ਵੱਲੋਂ 18 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਵਿਆਪਕ ਪੱਧਰ 'ਤੇ ਮਨਾਇਆ ਜਾ ਰਿਹਾ ਹੈ, ਜਿਸ ਦੌਰਾਨ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਹਲਕਿਆਂ, ਜ਼ਿਲ੍ਹਿਆਂ ਅਤੇ ਸੂਬਾ ਪੱਧਰ 'ਤੇ 14,100 ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਸਮਾਗਮ ਦੌਰਾਨ 100 ਚੋਟੀ ਦੇ ਉੱਦਮੀਆਂ ਲਈ ਹਰੇਕ ਨੂੰ 25,000 ਰੁਪਏ ਦਿੱਤੇ ਜਾਣਗੇ। ਦੱਸਣਯੋਗ ਹੈ ਕਿ ਸਵੈ-ਸਹਾਇਤਾ ਸਮੂਹਾਂ ਦੀਆਂ ਗੈਰ-ਕਾਰਗੁਜ਼ਾਰੀ ਸੰਪਤੀਆਂ ਦੀ ਦਰ 18 ਫ਼ੀਸਦ ਤੋਂ ਘੱਟ 2.16 ਫ਼ੀਸਦ ਹੋ ਗਈ ਹੈ।

ਇਸ ਸਬੰਧੀ ਵੱਡੇ ਪੱਧਰ 'ਤੇ ਜਸ਼ਨਾਂ ਦਾ ਐਲਾਨ ਕਰਦਿਆਂ ਅਤੇ ਸਾਲ 2022 ਤੋਂ ਬਾਅਦ ਦਿੱਤੇ ਜਾ ਰਹੇ ਵਿੱਤੀ ਅਤੇ ਸੰਸਥਾਗਤ ਲਾਭਾਂ ਬਾਰੇ ਜਾਣਕਾਰੀ ਦਿੰਦਿਆਂ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਸਰਕਾਰ ਵੱਲੋਂ ਸੂਬੇ ਭਰ ਵਿੱਚ ਸਵੈ-ਸਹਾਇਤਾ ਸਮੂਹਾਂ ਦਾ ਵਿਸਥਾਰ ਕੀਤਾ ਗਿਆ ਹੈ, ਫੰਡਿੰਗ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਪੇਂਡੂ ਔਰਤਾਂ ਦੀ ਸਥਿਤੀ ਨੂੰ ਮਜ਼ਬੂਤ ਕੀਤਾ ਗਿਆ ਹੈ।

ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ, "ਸੂਬੇ ਭਰ ਦੇ ਹਰੇਕ ਹਲਕੇ ਤੋਂ ਸਵੈ-ਸਹਾਇਤਾ ਗਰੁੱਪ ਦੀਆਂ 100 ਮਹਿਲਾ ਉੱਦਮੀਆਂ ਨੂੰ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਕੁੱਲ 11,700 ਮਹਿਲਾ ਉੱਦਮੀਆਂ ਨੂੰ ਪੁਰਸਕਾਰ ਦਿੱਤੇ ਜਾਣਗੇ। ਇਸੇ ਤਰ੍ਹਾਂ, 23 ਜ਼ਿਲ੍ਹਿਆਂ ਤੋਂ 2,300 ਅਤੇ ਹਰੇਕ ਜ਼ਿਲ੍ਹੇ ਤੋਂ 100 ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਸੂਬਾ ਪੱਧਰ 'ਤੇ ਇੱਕ ਕਮੇਟੀ ਵੱਲੋਂ ਪੰਜਾਬ ਦੀਆਂ ਚੋਟੀ ਦੀਆਂ 100 ਮਹਿਲਾ ਉੱਦਮੀਆਂ ਦੀ ਚੋਣ ਕੀਤੀ ਜਾਵੇਗੀ ਅਤੇ ਉਨ੍ਹਾਂ ਵਿੱਚੋਂ ਹਰੇਕ ਨੂੰ 25,000 ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਤਰ੍ਹਾਂ ਸੂਬੇ ਵੱਲੋਂ 14,100 ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਪੰਜਾਬ ਦੇ ਮੰਤਰੀ ਨੇ ਕਿਹਾ, 'ਸਾਲ 2022 ਤੋਂ 2026 ਤੱਕ ਕੁੱਲ 28,734 ਸਵੈ-ਸਹਾਇਤਾ ਗਰੁੱਪ ਬਣਾਏ ਗਏ ਹਨ, ਜਦੋਂ ਕਿ ਪਿਛਲੀਆਂ ਸਰਕਾਰਾਂ ਦੌਰਾਨ ਸਾਲ 2011 ਤੋਂ 2022 ਵਿਚਕਾਰ 29,053 ਸਵੈ-ਸਹਾਇਤਾ ਗਰੁੱਪ ਬਣਾਏ ਗਏ ਸਨ। ਇਸੇ ਤਰ੍ਹਾਂ, ਸਾਲ 2022 ਤੋਂ 2026 ਤੱਕ ਮਹਿਜ਼ ਚਾਰ ਸਾਲਾਂ ਵਿੱਚ 2,90,213 ਸਵੈ-ਸਹਾਇਤਾ ਗਰੁੱਪ ਮੈਂਬਰ ਸ਼ਾਮਲ ਕੀਤੇ ਗਏ ਹਨ, ਜਦੋਂ ਕਿ ਸਾਲ 2011 ਤੋਂ 2022 ਤੱਕ ਗਿਆਰਾਂ ਸਾਲਾਂ ਦੌਰਾਨ 2,97,083 ਮੈਂਬਰ ਸ਼ਾਮਲ ਕੀਤੇ ਗਏ ਸਨ।'

ਸੰਸਥਾਗਤ ਵਿਸਥਾਰ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ, 'ਸਾਲ 2022 ਤੋਂ 2026 ਤੱਕ ਕੁੱਲ 2,427 ਗ੍ਰਾਮ ਸੰਸਥਾਵਾਂ ਬਣਾਈਆਂ ਗਈਆਂ ਹਨ, ਜਦੋਂ ਕਿ 2011 ਤੋਂ 2022 ਵਿਚਕਾਰ 1,806 ਗ੍ਰਾਮ ਸੰਸਥਾਵਾਂ ਬਣਾਈਆਂ ਗਈਆਂ ਸਨ। ਇਸੇ ਤਰ੍ਹਾਂ, ਸਾਲ 2022 ਤੋਂ 2026 ਤੱਕ ਸਵੈ-ਸਹਾਇਤਾ ਗਰੁੱਪਾਂ ਨੂੰ ਰਿਵਾਲਵਿੰਗ ਫੰਡ ਵਜੋਂ 53.03 ਕਰੋੜ ਰੁਪਏ ਜਾਰੀ ਕੀਤੇ ਗਏ, ਜਦੋਂ ਕਿ ਸਾਲ 2011 ਤੋਂ 2022 ਵਿਚਕਾਰ ਰਿਵਾਲਵਿੰਗ ਫੰਡ ਵਜੋਂ 28.59 ਕਰੋੜ ਰੁਪਏ ਜਾਰੀ ਕੀਤੇ ਗਏ ਸਨ।'

ਵਿੱਤੀ ਸਹਾਇਤਾ ਬਾਰੇ ਵੇਰਵਾ ਦਿੰਦਿਆਂ ਮੰਤਰੀ ਨੇ ਦੱਸਿਆ, "ਸਾਲ 2022 ਤੋਂ 2026 ਤੱਕ ਕਮਿਊਨਿਟੀ ਇਨਵੈਸਟਮੈਂਟ ਫੰਡ ਵਜੋਂ 84.88 ਕਰੋੜ ਰੁਪਏ ਜਾਰੀ ਕੀਤੇ ਗਏ ਹਨ, ਜਦੋਂ ਕਿ 2011 ਅਤੇ 2022 ਵਿਚਕਾਰ 105.72 ਕਰੋੜ ਰੁਪਏ ਜਾਰੀ ਕੀਤੇ ਗਏ ਸਨ। ਇਸ ਤੋਂ ਇਲਾਵਾ, ਸਵੈ-ਸਹਾਇਤਾ ਗਰੁੱਪਾਂ ਨੇ 2022 ਤੋਂ 2026 ਤੱਕ 631.76 ਕਰੋੜ ਰੁਪਏ ਦੇ ਕਰਜ਼ੇ ਪ੍ਰਾਪਤ ਕੀਤੇ ਹਨ, ਜਦੋਂ ਕਿ 2011 ਅਤੇ 2022 ਵਿਚਕਾਰ 171.13 ਕਰੋੜ ਰੁਪਏ ਦੇ ਕਰਜ਼ੇ ਪ੍ਰਾਪਤ ਕੀਤੇ ਗਏ ਸਨ। ਸਾਡੀ ਸਰਕਾਰ ਨੇ 2022 ਤੋਂ 2026 ਤੱਕ ਸਵੈ-ਸਹਾਇਤਾ ਗਰੁੱਪਾਂ ਦੀਆਂ ਗੈਰ-ਕਾਰਗੁਜ਼ਾਰੀ ਸੰਪਤੀਆਂ ਨੂੰ ਘਟਾ ਕੇ 2.16 ਫ਼ੀਸਦ ਕਰ ਦਿੱਤਾ ਹੈ, ਜੋ ਕਿ 2011 ਅਤੇ 2022 ਵਿਚਕਾਰ 18 ਫ਼ੀਸਦ ਸੀ। ਇਸ ਤੋਂ ਸਪੱਸ਼ਟ ਹੈ ਕਿ ਮੌਜੂਦਾ ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਪ੍ਰਾਪਤੀਆਂ ਹਾਸਲ ਕੀਤੀਆਂ ਗਈਆਂ ਹਨ।

ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਦੇ ਉਦੇਸ਼ਾਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ, "ਪੀਐਸਆਰਐਲਐਮ ਦਾ ਮੁੱਖ ਉਦੇਸ਼ ਪੇਂਡੂ ਗਰੀਬ ਪਰਿਵਾਰਾਂ ਦੀਆਂ ਔਰਤਾਂ ਨੂੰ ਸਵੈ-ਸਹਾਇਤਾ ਗਰੁੱਪਾਂ ਨਾਲ ਜੋੜ ਕੇ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣਾ ਹੈ। ਅੱਜ, ਪੇਂਡੂ ਖੇਤਰਾਂ ਦੀਆਂ ਔਰਤਾਂ ਬੱਚਤ, ਕਰਜ਼ਾ ਪ੍ਰਬੰਧਨ, ਛੋਟੇ ਉੱਦਮਾਂ, ਕਾਟੇਜ ਉਦਯੋਗਾਂ, ਖੇਤੀਬਾੜੀ ਸਹਾਇਕ ਗਤੀਵਿਧੀਆਂ ਅਤੇ ਸੇਵਾ ਖੇਤਰਾਂ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਬਹੁਤ ਸਾਰੀਆਂ ਔਰਤਾਂ ਆਪਣੇ ਪਿੰਡਾਂ ਵਿੱਚ ਉੱਦਮੀ ਬਣ ਗਈਆਂ ਹਨ, ਰੁਜ਼ਗਾਰ ਦੇ ਮੌਕੇ ਪੈਦਾ ਕਰ ਰਹੀਆਂ ਹਨ ਅਤੇ ਦੂਜੇ ਪਰਿਵਾਰਾਂ ਲਈ ਪ੍ਰੇਰਨਾ ਸਰੋਤ ਬਣ ਰਹੀਆਂ ਹਨ।

ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਹੁਣ ਤੱਕ ਕੁੱਲ 58,000 ਸਵੈ-ਸਹਾਇਤਾ ਗਰੁੱਪ ਕਾਰਜਸ਼ੀਲ ਹਨ, ਜਿਨ੍ਹਾਂ ਨਾਲ ਲਗਭਗ ਛੇ ਲੱਖ ਪੇਂਡੂ ਔਰਤਾਂ ਜੁੜੀਆਂ ਹੋਈਆਂ ਹਨ। ਪੰਜਾਬ ਸਰਕਾਰ ਵੱਲੋਂ ਰਿਵਾਲਵਿੰਗ ਫੰਡਾਂ ਵਜੋਂ 30,000 ਰੁਪਏ, ਕਮਿਊਨਿਟੀ ਇਨਵੈਸਟਮੈਂਟ ਫੰਡ ਵਜੋਂ 50,000 ਰੁਪਏ ਦਿੱਤੇ ਜਾ ਰਹੇ ਹਨ ਅਤੇ ਇਨ੍ਹਾਂ ਲਾਭਪਾਤਰੀ ਔਰਤਾਂ ਨੂੰ 7 ਫ਼ੀਸਦ ਵਿਆਜ ਦਰ 'ਤੇ ਕਰਜ਼ਾ ਸਹੂਲਤ ਦਿੱਤੀ ਜਾ ਰਹੀ ਹੈ। ਹੁਣ ਤੱਕ, ਮੈਂਬਰਾਂ ਵੱਲੋਂ ਲੱਗਭੱਗ 802.89 ਕਰੋੜ ਰੁਪਏ ਦੇ ਬੈਂਕ ਕਰਜ਼ੇ ਲਏ ਗਏ ਹਨ, ਜਿਨ੍ਹਾਂ ਦੀ ਗੈਰ-ਕਾਰਗੁਜ਼ਾਰੀ ਸੰਪਤੀ ਦਰ ਸਿਰਫ 2 ਫ਼ੀਸਦ ਹੈ। ਇਸ ਤੋਂ ਸਪੱਸ਼ਟ ਹੈ ਕਿ ਔਰਤਾਂ ਸਮੇਂ ਸਿਰ ਕਰਜ਼ੇ ਦੀ ਅਦਾਇਗੀ ਕਰ ਰਹੀਆਂ ਹਨ। ਹੜ੍ਹਾਂ ਦੌਰਾਨ ਵੀ, ਸਰਕਾਰ ਵੱਲੋਂ 3,000 ਪਸ਼ੂ ਖਰੀਦਣ ਲਈ ਲੱਗਭੱਗ 18 ਕਰੋੜ ਰੁਪਏ ਦੀ ਸਹਾਇਤਾ ਬਿਨਾਂ ਵਿਆਜ ਤੋਂ ਪ੍ਰਦਾਨ ਕੀਤੀ ਗਈ ਸੀ।

ਸਮੁੱਚੀ ਸਹਾਇਤਾ 'ਤੇ ਜ਼ੋਰ ਦਿੰਦਿਆਂ ਮੰਤਰੀ ਨੇ ਕਿਹਾ, 'ਪੀਐਸਆਰਐਲਐਮ ਰਾਹੀਂ, ਔਰਤਾਂ ਨੂੰ ਨਾ ਸਿਰਫ਼ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ ਸਗੋਂ ਉਨ੍ਹਾਂ ਨੂੰ ਸਿਖਲਾਈ, ਬਾਜ਼ਾਰ ਤੱਕ ਪਹੁੰਚ, ਬੈਂਕਿੰਗ ਸਹਾਇਤਾ ਅਤੇ ਸਮਾਜਿਕ ਸੁਰੱਖਿਆ ਯੋਜਨਾਵਾਂ ਨਾਲ ਵੀ ਜੋੜਿਆ ਜਾ ਰਿਹਾ ਹੈ। ਇਹ ਪਹਿਲ ਨਾ ਸਿਰਫ਼ ਪੇਂਡੂ ਪਰਿਵਾਰਾਂ ਦੀ ਆਮਦਨ ਵਿੱਚ ਵਾਧਾ ਕਰ ਰਹੀ ਹੈ, ਸਗੋਂ ਉਨ੍ਹਾਂ ਦੀ ਸਮਾਜਿਕ ਸਥਿਤੀ ਵਿੱਚ ਵੀ ਸੁਧਾਰ ਕਰ ਰਹੀ ਹੈ। ਅਸੀਂ ਸਾਰਿਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਵੱਧ ਤੋਂ ਵੱਧ ਔਰਤਾਂ ਨੂੰ ਸਵੈ-ਸਹਾਇਤਾ ਗਰੁੱਪਾਂ ਨਾਲ ਜੋੜਨ ਤਾਂ ਜੋ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਇਆ ਜਾ ਸਕੇ ਤਾਂ ਜੋ 'ਸਸ਼ਕਤ ਮਹਿਲਾ, ਸਸ਼ਕਤ ਪੰਜਾਬ' ਦਾ ਸੁਪਨਾ ਸਾਕਾਰ ਹੋ ਸਕੇ।'

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਬਾਬਾ ਬਘੇਲ ਸਿੰਘ ਜੀ, ਭਾਈ ਤਾਰਾ ਸਿੰਘ ਜੀ ਵਾਂ ਤੇ ਬਾਬਾ ਅਮਰ ਸਿੰਘ ਜੀ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਪਿੰਡ ਭੁੱਸੇ ਵਿਖੇ ਸ਼ਹੀਦੀ ਸਮਾਗਮ

ਅੰਮ੍ਰਿਤਸਰ, 26 ਫਰਵਰੀ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਮਦਮੀ ਟਕਸਾਲ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਬਘੇਲ ਸਿੰਘ ਜੀ, ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਅਤੇ ਸ਼ਹੀਦ ਬਾਬਾ ਅਮਰ ਸਿੰਘ ਜੀ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਤਰਨ ਤਾਰਨ ਦੇ ਪਿੰਡ ਭੁੱਸੇ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਈ ਗਈ। ਇਸ ਮੌਕੇ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਹੁੰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਆਪਣੇ ਸ਼ਹੀਦਾਂ ਨੂੰ ਸਦਾ ਯਾਦ ਰੱਖਦੀ ਹੈ ਅਤੇ ਯੋਧਿਆਂ ਦੀਆਂ ਗਾਥਾਵਾਂ 300 ਸਾਲ ਬਾਅਦ ਵੀ ਨੌਜਵਾਨੀ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਬਖ਼ਸ਼ਿਸ਼ ਅੰਮ੍ਰਿਤ ਦੀ ਸ਼ਕਤੀ ਨੇ ਸਿੱਖਾਂ ਨੂੰ ਬਿਖੜੇ ਸਮੇਂ ਵੀ ਡੋਲਣ ਨਹੀਂ ਦਿੱਤਾ ਅਤੇ ਜ਼ੁਲਮ ਵਿਰੁੱਧ ਲੜਨ ਦੀ ਤਾਕਤ ਦਿੱਤੀ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਗੁਰੂ ਬਖ਼ਸ਼ੀ ਇਸੇ ਤਾਕਤ ਨਾਲ ਰਾਜ ਕੀਤੇ ਅਤੇ ਗੁਰੂ ਦੇ ਨਾਂ 'ਤੇ ਸਿੱਕਾ ਚਲਾਇਆ। ਐਡਵੋਕੇਟ ਧਾਮੀ ਨੇ ਸ਼ਹੀਦਾਂ ਦੇ ਇਤਿਹਾਸ ਤੋਂ ਸੇਧ ਲੈ ਕੇ ਆਪਣੀਆਂ ਮਾਣ-ਮੱਤੀਆਂ ਸੰਸਥਾਵਾਂ ਦੀ ਪਹਿਰੇਦਾਰੀ ਕਰਨ ਲਈ ਨੌਜੁਆਨੀ ਨੂੰ ਪ੍ਰੇਰਿਆ। ਇਸੇ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਸੰਗਤ ਨੂੰ ਸ਼ਹੀਦਾਂ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਕਰੋੜ ਸਿੰਘੀਆਂ ਮਿਸਲ ਦੇ ਬਾਬਾ ਬਘੇਲ ਸਿੰਘ

ਨੇ ਦਿੱਲੀ ਫਤਹਿ ਕਰਕੇ ਲਾਲ ਕਿਲ੍ਹੇ 'ਤੇ ਖਾਲਸਾਈ ਨਿਸ਼ਾਨ ਝੁਲਾਇਆ ਅਤੇ ਦਿੱਲੀ ਵਿਖੇ ਗੁਰਧਾਮਾਂ ਦੀ ਸੇਵਾ ਸੰਭਾਲ ਵਿਚ ਵੱਡਾ ਯੋਗਦਾਨ ਦਿੱਤਾ। ਉਨ੍ਹਾਂ ਕਿਹਾ ਕਿ ਸ਼ਹੀਦ ਬਾਬਾ ਅਮਰ ਸਿੰਘ ਅਤੇ ਭਾਈ ਤਾਰਾ ਸਿੰਘ ਜੀ ਵਾਂ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀ ਯਾਦ ਮਨਾਉਣਾ ਸਾਡਾ ਕੌਮੀ ਫ਼ਰਜ਼ ਹੈ। ਉਨ੍ਹਾਂ ਸਮਾਗਮ ਵਿਚ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਤੇ ਸਹਿਯੋਗ ਕਰਨ ਵਾਲੀਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ।

ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਤੇ ਬਾਬਾ ਬੰਤਾ ਸਿੰਘ ਮੁੰਡਾਪਿੰਡ ਨੇ ਵੀ ਸੰਗਤ ਨੂੰ ਕਥਾ-ਵਿਚਾਰਾਂ ਨਾਲ ਨਿਹਾਲ ਕੀਤਾ। ਵੱਖ-ਵੱਖ ਜਥਿਆਂ ਵੱਲੋਂ ਵੀ ਸ਼ਹੀਦਾਂ ਦੇ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਸਮਾਗਮ ਦੌਰਾਨ ਲੰਗਰਾਂ ਦੀ ਸੇਵਾ ਦਮਦਮੀ ਟਕਸਾਲ ਵੱਲੋਂ ਨਿਭਾਈ ਗਈ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰਿੰਸੀਪਲ ਸੁਖਵਿੰਦਰ ਕੌਰ, ਓਐਸਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਰਾਜਿੰਦਰ ਸਿੰਘ ਰੂਬੀ, ਦਮਦਮੀ ਟਕਸਾਲ ਦੇ ਬੁਲਾਰੇ ਬਾਬਾ ਸੁਖਦੇਵ ਸਿੰਘ, ਬਾਬਾ ਗੁਰਬਚਨ ਸਿੰਘ ਸੁਰਸਿੰਘ, ਬਾਬਾ ਸੱਜਣ ਸਿੰਘ ਗੁਰੂ ਕੀ ਬੇਰ, ਬਾਬਾ ਸੁਖਦੇਵ ਸਿੰਘ ਮੱਲਾਂਵਾਲ, ਬਾਬਾ ਹਰੀ ਸਿੰਘ, ਬਾਬ ਸੁੱਖਾ ਸਿੰਘ, ਬਾਬਾ ਬਲਵਿੰਦਰ ਸਿੰਘ ਕੰਬੋਕੇ, ਬਾਬਾ ਊਧਮ ਸਿੰਘ ਲੱਖੇਵਾਲ, ਅਮਰਬੀਰ ਸਿੰਘ ਢੋਟ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਪ ਸਿੰਘ, ਲੰਬਰਦਾਰ ਜਸਤਾਰ ਸਿੰਘ, ਰੇਸ਼ਮ ਸਿੰਘ, ਜਥੇਦਾਰ ਸਤਨਾਮ ਸਿੰਘ, ਦਿਲਬਾਗ ਸਿੰਘ, ਜਗੀਰ ਸਿੰਘ, ਗਿਆਨੀ ਸਾਹਬ ਸਿੰਘ ਦਮਦਮੀ ਟਕਸਾਲ, ਹਰਭਜਨ ਸਿੰਘ, ਮੋਹਨ ਸਿੰਘ, ਹਰਜੀਤ ਸਿੰਘ, ਅਮਰਜੀਤ ਸਿੰਘ, ਮੈਨੇਜਰ ਧਰਮਿੰਦਰ ਸਿੰਘ, ਗੁਰਪ੍ਰੀਤ ਸਿੰਘ ਖੈਰਾਬਾਦ, ਹਰਵਿੰਦਰ ਸਿੰਘ ਤੇ ਵੱਡੀ ਗਿਣਤੀ 'ਚ ਸੰਗਤਾਂ ਮੌਜੂਦ ਸਨ।

# ਅਰੋੜਾ ਵੱਲੋਂ ਵਜ਼ੀਰਾਬਾਦ ਵਿਖੇ 'ਕਾਰਗਿਲ' ਦੇ ਦੱਖਣੀ ਏਸ਼ੀਆ ਦੇ ਸਭ ਤੋਂ ਵੱਡੇ ਪਸ਼ੂ ਚਾਰੇ ਦੇ ਨਿਰਮਾਣ ਪਲਾਂਟ ਦਾ ਉਦਘਾਟਨ

ਫਤਿਹਗੜ੍ਹ ਸਾਹਿਬ , 26 ਫ਼ਰਵਰੀ: (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਸਰਕਾਰ ਦੀ ਉਦਯੋਗਿਕ ਵਿਕਾਸ ਤੇ ਨਿਵੇਸ਼ ਸਹੂਲਤ ਪ੍ਰਤੀ ਮਜ਼ਬੂਤ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਉਦਯੋਗ ਤੇ ਵਪਾਰ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਸਥਾਨਕ ਸਰਕਾਰ ਮੰਤਰੀ ਸੰਜੀਵ ਅਰੋੜਾ ਨੇ ਇੰਡਸਟ੍ਰੀਅਲ ਪਾਰਕ, ਵਜ਼ੀਰਾਬਾਦ (ਮੰਡੀ ਗੋਬਿੰਦਗੜ੍ਹ) ਵਿਖੇ 300 ਕਰੋੜ ਦੀ ਲਾਗਤ ਨਾਲ ਸਥਾਪਿਤ ਕਾਰਗਿਲ ਪ੍ਰਾਈਵੇਟ ਲਿਮਿਟਡ ਦੇ ਨਵੇਂ ਡੇਅਰੀ ਫੀਡ ਪਲਾਂਟ ਦਾ ਉਦਘਾਟਨ ਕੀਤਾ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੰਤਰੀ ਨੇ ਕਿਹਾ ਕਿ ਕੌਮੀ ਕਨਵੀਨਰ ਆਪ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ 'ਇਨਵੈਸਟ ਪੰਜਾਬ' ਪਹਿਲ ਰਾਹੀਂ ਰਾਜ ਵਿੱਚ ਵੱਡੇ ਪੱਧਰ 'ਤੇ ਉਦਯੋਗਿਕ ਨਿਵੇਸ਼ ਹੋ ਰਹੇ ਹਨ। ਇਨ੍ਹਾਂ ਨਿਵੇਸ਼ਾਂ ਨਾਲ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋ ਰਹੇ ਹਨ ਅਤੇ ਰਾਜ ਦੇ ਸਮੂਹ ਆਰਥਿਕ ਵਿਕਾਸ ਨੂੰ ਗਤੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਵਧਦਾ ਨਿਵੇਸ਼ਕ ਭਰੋਸਾ ਦਰਸਾਉਂਦਾ ਹੈ ਕਿ ਪੰਜਾਬ ਖ਼ਾਸ ਤੌਰ 'ਤੇ ਖੇਤੀਬਾੜੀ ਤੇ ਫੂਡ ਪ੍ਰੋਸੈਸਿੰਗ ਖੇਤਰਾਂ ਵਿੱਚ ਨਿਵੇਸ਼ ਲਈ ਪਸੰਦੀਦਾ ਗੰਤੀਵ ਬਣ ਰਿਹਾ ਹੈ। ਰਾਜ ਸਰਕਾਰ ਪ੍ਰਗਤੀਸ਼ੀਲ ਨੀਤੀਆਂ ਤੇ ਸ਼ਾਂਤਮਈ ਉਦਯੋਗਿਕ ਮਾਹੌਲ ਰਾਹੀਂ ਕਾਰੋਬਾਰ-ਅਨੁਕੂਲ ਵਾਤਾਵਰਣ ਯਕੀਨੀ ਬਣਾਉਣ ਅਤੇ ਹਰ ਸੰਭਵ ਸਹਿਯੋਗ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। 15 ਏਕੜ ਵਿੱਚ ਫੈਲਿਆ ਇਹ ਪਲਾਂਟ ਸਾਲਾਨਾ 4.5 ਲੱਖ ਮੈਟ੍ਰਿਕ ਟਨ ਉਤਪਾਦਨ ਸਮਰੱਥਾ ਰੱਖਦਾ ਹੈ ਅਤੇ ਦੱਖਣੀ ਏਸ਼ੀਆ ਦਾ ਸਭ ਤੋਂ

ਵੱਡਾ ਡੇਅਰੀ ਫੀਡ ਪਲਾਂਟ ਹੈ। ਬਠਿੰਡਾ ਤੋਂ ਬਾਅਦ ਪੰਜਾਬ ਵਿੱਚ ਕਾਰਗਿਲ ਦੀ ਇਹ ਦੂਜੀ ਵੱਡੀ ਇਕਾਈ ਹੈ, ਜਿਸ ਨਾਲ ਰਾਜ ਦੀ ਖੇਤੀ-ਉਦਯੋਗਿਕ ਵੈਲਿਊ ਚੇਨ ਹੋਰ ਮਜ਼ਬੂਤ ਹੋਵੇਗੀ। ਕਾਰਗਿਲ ਦੇ ਪ੍ਰਬੰਧਨ ਨੇ ਪਲਾਂਟ ਦੀ ਸਥਾਪਨਾ ਵਿੱਚ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਅਟੁੱਟ ਯਤਨਾਂ ਦੀ ਸਰਾਹਨਾ ਕੀਤੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਪਲਾਂਟ ਡੇਅਰੀ ਕਿਸਾਨਾਂ ਲਈ ਬਹੁਤ ਲਾਭਦਾਇਕ ਸਾਬਤ ਹੋਵੇਗਾ ਕਿਉਂਕਿ ਉੱਚ-ਗੁਣਵੱਤਾ ਵਾਲਾ ਪਸ਼ੂ ਚਾਰਾ ਸਥਾਨਕ ਤੌਰ 'ਤੇ ਉਪਲਬਧ ਹੋਵੇਗਾ, ਜਿਸ ਨਾਲ ਦੁੱਧ ਦੀ ਪੈਦਾਵਾਰ, ਗੁਣਵੱਤਾ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ। ਵਿਗਿਆਨਕ ਤਰੀਕੇ ਨਾਲ ਤਿਆਰ ਕੀਤਾ ਚਾਰਾ ਪਸ਼ੂਆਂ ਦੀ ਸਿਹਤ ਅਤੇ ਉਤਪਾਦਕਤਾ ਨੂੰ ਸੁਧਾਰੇਗਾ ਅਤੇ ਪੰਜਾਬ ਦੇ ਡੇਅਰੀ ਖੇਤਰ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਵੇਗਾ। ਉਨ੍ਹਾਂ ਭਰੋਸਾ ਜਤਾਇਆ ਕਿ ਜਿਵੇਂ ਪੰਜਾਬ ਭਾਰਤ ਦਾ ਅਨਾਜ ਘਰ ਮੰਨਿਆ ਜਾਂਦਾ ਹੈ, ਓਸੇ ਤਰ੍ਹਾਂ ਜਲਦੀ ਹੀ ਇਹ ਹੋਰ ਰਾਜਾਂ ਲਈ ਅਗੇਤਰ ਦੁੱਧ ਸਪਲਾਇਰ ਵਜੋਂ ਵੀ ਉਭਰੇਗਾ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕੈਬਨਿਟ ਮੰਤਰੀ ਨੇ ਦੱਸਿਆ ਕਿ 13 ਤੋਂ 15 ਮਾਰਚ ਤੱਕ ਮੋਹਾਲੀ ਵਿੱਚ ਆਯੋਜਿਤ ਹੋਣ ਵਾਲਾ 'ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿਟ 2026' ਦੇਸ਼ ਅਤੇ ਵਿਦੇਸ਼ ਦੇ ਨਿਵੇਸ਼ਕਾਂ ਦੀ ਵੱਡੀ ਭਾਗੀਦਾਰੀ ਨੂੰ ਆਕਰਸ਼ਿਤ ਕਰੇਗਾ। ਉਨ੍ਹਾਂ ਦੁਹਰਾਇਆ ਕਿ ਸਰਕਾਰ ਪੰਜਾਬ ਨੂੰ ਦੇਸ਼ ਦੇ ਅਗੇਤਰ ਉਦਯੋਗਿਕ ਰਾਜਾਂ ਵਿੱਚ ਸ਼ਾਮਲ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਉਦਯੋਗ ਹੌਲੀ ਹੌਲੀ ਅੱਗੇ ਵੱਧ ਰਿਹਾ ਹੈ ਅਤੇ ਉਦਯੋਗਪਤੀਆਂ ਨੇ ਰਾਜ ਦੀ ਪ੍ਰਗਤੀਸ਼ੀਲ ਨੀਤੀਆਂ 'ਤੇ ਸੰਤੁਸ਼ਟੀ ਜਤਾਈ ਹੈ। ਇਸ ਤੋਂ ਪਹਿਲਾਂ ਸਥਾਨਕ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਕਾਰਗਿਲ ਪਲਾਂਟ ਦੀ ਸਥਾਪਨਾ ਨਾਲ ਇਲਾਕੇ ਦੇ ਲਗਭਗ 1,000 ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮਿਲਣਗੇ। ਉਨ੍ਹਾਂ ਕਿਹਾ ਕਿ ਉੱਚ-ਗੁਣਵੱਤਾ ਚਾਰੇ ਦੀ ਉਪਲਬਧਤਾ ਨਾਲ ਪਸ਼ੂਆਂ ਦੀ ਸਿਹਤ ਤੇ ਦੁੱਧ ਦੀ ਗੁਣਵੱਤਾ ਵਿੱਚ ਮਹੱਤਵਪੂਰਨ ਸੁਧਾਰ ਆਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ, ਐਡੀਸ਼ਨਲ ਡਿਪਟੀ ਕਮਿਸ਼ਨਰ ਮਿਸ ਪੂਜਾ ਸਿਆਲ ਗਰੇਵਾਲ, ਡੇਵਿਡ ਵੈਬਸਟਰ (ਐਗਜ਼ਿਕਿਊਟਿਵ ਵਾਈਸ ਪ੍ਰੈਜ਼ੀਡੈਂਟ ਤੇ ਚੀਫ਼ ਰਿਸਕ ਅਫ਼ਸਰ), ਰਿਸ਼ੀ ਵਰਮਾ (ਐਗਜ਼ਿਕਿਊਟਿਵ ਵਾਈਸ ਪ੍ਰੈਜ਼ੀਡੈਂਟ, ਚੀਫ਼ ਲੀਗਲ ਅਤੇ ਕੰਪਲਾਇੰਸ ਅਫ਼ਸਰ ਅਤੇ ਕਾਰਪੋਰੇਟ ਸੈਕਰਟਰੀ, ਚੇਅਰ ਏਸ਼ੀਆ ਪੈਸਿਫਿਕ ਖੇਤਰ), ਐਡਰੀਆਨੋ ਮਾਰਕੋਨ (ਪ੍ਰੈਜ਼ੀਡੈਂਟ, ਕਾਰਗਿਲ ਐਨੀਮਲ ਨਿਊਟ੍ਰੀਸ਼ਨ ਐਂਡ ਹੈਲਥ) ਤੇ ਰਵਿੰਦਰ ਬਲੈਨ (ਸੀਨੀਅਰ ਮੈਨੇਜਿੰਗ ਡਾਇਰੈਕਟਰ, ਕਾਰਗਿਲ ਐਨੀਮਲ ਨਿਊਟ੍ਰੀਸ਼ਨ ਐਂਡ ਹੈਲਥ, ਇੰਡੀਆ ਤੇ ਪ੍ਰੈਜ਼ੀਡੈਂਟ, ਕਾਰਗਿਲ ਇੰਡੀਆ) ਵੀ ਹਾਜ਼ਰ ਸਨ।

# ਪੈਨਸ਼ਨਰ ਸੇਵਾ ਪੋਰਟਲ ਦੇ ਸਾਰੇ ਲੰਬਿਤ ਮੁੱਦਿਆਂ ਦਾ 31 ਮਾਰਚ ਤੱਕ ਨਿਪਟਾਰਾ ਕਰਨਾ ਲਾਜ਼ਮੀ : ਚੀਮਾ

ਚੰਡੀਗੜ੍ਹ, 26 ਫਰਵਰੀ (ਚ.ਨ.ਸ.): ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਪੰਜਾਬ ਭਵਨ ਵਿਖੇ ਵੱਖ-ਵੱਖ ਬੈਂਕਾਂ ਨਾਲ ਇੱਕ ਵਿਆਪਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿਸ ਦਾ ਉਦੇਸ਼ ਪੈਨਸ਼ਨਰ ਸੇਵਾ ਪੋਰਟਲ (ਪੀ ਐਸ ਪੀ) 'ਤੇ ਲੰਬਿਤ ਪਏ ਮੁੱਦਿਆਂ ਨੂੰ ਹੱਲ ਕਰਨਾ ਸੀ। ਵਾਰ-ਵਾਰ ਹੋ ਰਹੀ ਦੇਰੀ ਅਤੇ ਸਮਾਂ-ਸੀਮਾਵਾਂ ਦੀ ਉਲੰਘਣਾ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ, ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸਾਰੇ ਲੰਬਿਤ ਮਾਮਲਿਆਂ ਨੂੰ ਕਲੀਅਰ ਕਰਨ ਲਈ 31 ਮਾਰਚ ਦੀ ਸਖ਼ਤ ਡੈੱਡਲਾਈਨ ਤੈਅ ਕੀਤੀ ਤੇ ਸਪੱਸ਼ਟ ਕੀਤਾ ਕਿ ਅੱਗੇ ਤੋਂ ਕੋਈ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬੈਂਕ ਪਹਿਲਾਂ ਵੀ ਤੈਅ ਸਮਾਂ-ਸਾਰਣੀ ਦੀ ਪਾਲਣਾ ਕਰਨ ਵਿੱਚ ਅਸਫਲ ਰਹੇ ਸਨ, ਜਿਸ ਕਾਰਨ ਪੰਜਾਬ ਸਰਕਾਰ ਨੂੰ ਉਨ੍ਹਾਂ ਦੀ ਬੇਨਤੀ 'ਤੇ ਤਰੀਕਾਂ ਵਿੱਚ ਵਾਧਾ ਕਰਨਾ ਪਿਆ। ਉਨ੍ਹਾਂ ਕਿਹਾ, "ਇਨ੍ਹਾਂ ਛੋਟਾਂ ਦੇ ਬਾਵਜੂਦ, ਪ੍ਰਮੁੱਖ ਵਿੱਤੀ ਸੰਸਥਾਵਾਂ ਵਿੱਚ ਭਾਰੀ ਬੈਕਲਾਗ ਬਰਕਰਾਰ ਹੈ। ਇਹ ਸਥਿਤੀ ਨਾ-ਮਨਜ਼ੂਰ ਹੈ। ਪੈਨਸ਼ਨਰ ਸੇਵਾ ਪੋਰਟਲ ਨਾਲ ਸਬੰਧਤ ਸਾਰੇ ਲੰਬਿਤ ਮੁੱਦਿਆਂ ਨੂੰ 31 ਮਾਰਚ, 2026 ਤੱਕ ਹੱਲ ਕੀਤਾ ਜਾਣਾ ਲਾਜ਼ਮੀ ਹੈ।"

15 ਮਾਰਚ ਨੂੰ ਫਾਲੋ-ਅੱਪ ਸਮੀਖਿਆ ਮੀਟਿੰਗ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਨੇ ਸਖ਼ਤ ਚੇਤਾਵਨੀ ਦਿੱਤੀ। ਉਨ੍ਹਾਂ ਕਿਹਾ, "ਪੰਜਾਬ ਸਰਕਾਰ 31 ਮਾਰਚ ਦੀ ਡੈੱਡਲਾਈਨ ਤੱਕ ਸਾਰੇ ਬਕਾਇਆ ਮੁੱਦਿਆਂ ਦਾ ਨਿਪਟਾਰਾ ਕਰਨ ਵਿੱਚ ਅਸਫਲ ਰਹਿਣ ਵਾਲੇ ਕਿਸੇ ਵੀ ਬੈਂਕ ਵਿਰੁੱਧ ਸਖ਼ਤ ਕਾਰਵਾਈ ਕਰੇਗੀ। ਪ੍ਰਸ਼ਾਸਨਿਕ ਅਕੁਸ਼ਲਤਾ ਕਾਰਨ ਪੈਨਸ਼ਨਰਾਂ ਨੂੰ ਪ੍ਰੇਸ਼ਾਨ ਨਹੀਂ ਹੋਣ ਦਿੱਤਾ ਜਾ ਸਕਦਾ।" ਪੰਜਾਬ ਸਰਕਾਰ ਦੀਆਂ 31 ਅਕਤੂਬਰ, 2025 ਦੀਆਂ ਹਦਾਇਤਾਂ, ਜਿਨ੍ਹਾਂ ਵਿੱਚ ਸਿਰਫ਼ ਜੀਵਨ ਪ੍ਰਮਾਣ ਪੱਤਰ (ਜੇ ਪੀ ਪੀ) ਰਾਹੀਂ ਡਿਜੀਟਲ ਲਾਈਫ ਸਰਟੀਫਿਕੇਟ ਸਵੀਕਾਰ ਕਰਨ ਨੂੰ ਲਾਜ਼ਮੀ ਕੀਤਾ ਗਿਆ ਸੀ, ਦੀ ਗੈਰ-ਪਾਲਣਾ ਨੂੰ ਉਜਾਗਰ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੁਝ ਬੈਂਕਾਂ ਨੇ ਇਨ੍ਹਾਂ ਹਦਾਇਤਾਂ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਹੈ। ਉਨ੍ਹਾਂ ਕਿਹਾ, "ਕਿਸੇ ਵੀ ਤਰ੍ਹਾਂ ਦੇ ਕਮਿਊਨੀਕੇਸ਼ਨ ਗੈਪ ਨੂੰ ਦੂਰ ਕਰਨ ਲਈ, ਸਰਕਾਰ ਨੇ ਬੈਂਕਾਂ ਨੂੰ ਇੱਕ ਵਿਸ਼ੇਸ਼ ਸੰਦੇਸ਼ ਅਤੇ ਪੱਤਰ ਦਾ ਖਰੜਾ ਪ੍ਰਦਾਨ ਕੀਤਾ ਹੈ। ਬੈਂਕਾਂ ਨੂੰ ਇਹ ਸੰਦੇਸ਼ ਆਪਣੇ ਅੱਪਡੇਟ ਕੀਤੇ ਸੰਪਰਕ ਡਾਟਾਬੇਸ ਰਾਹੀਂ ਅੱਗੇ ਭੇਜਣਾ ਚਾਹੀਦਾ ਹੈ ਤਾਂ ਜੋ ਪੈਨਸ਼ਨਰਾਂ ਨੂੰ ਲਾਜ਼ਮੀ ਜੇ ਪੀ ਪੀ ਅਤੇ ਈ-ਕੇਵਾਈਸੀ ਲੋੜ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾਇਆ ਜਾ ਸਕੇ। ਇਸ ਪ੍ਰਕਿਰਿਆ ਨੂੰ ਸਫਲਤਾਪੂਰਵਕ ਪੂਰਾ ਕਰਨ ਲਈ ਇਹ ਸਾਂਝਾ ਉਪਰਾਲਾ ਬਹੁਤ ਜ਼ਰੂਰੀ ਹੈ।"

ਸੂਬੇ ਦੀ ਡੋਰ ਸਟੈਪ ਡਿਲਿਵਰੀ ਪਹਿਲਕਦਮੀ, ਜਿਸ ਦਾ ਉਦੇਸ਼ ਪੈਨਸ਼ਨਰਾਂ ਨੂੰ ਉਨ੍ਹਾਂ ਦੇ ਘਰ ਬੈਠੇ ਹੀ ਜੇ ਪੀ ਪੀ ਅਤੇ ਈ-ਕੇਵਾਈਸੀ ਪੂਰਾ ਕਰਨ ਵਿੱਚ ਸਹਾਇਤਾ ਕਰਨਾ ਹੈ, 'ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਬੈਂਕਾਂ ਦੇ ਸਰਗਰਮ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, "ਸਾਈਬਰ ਠੱਗੀਆਂ ਅਤੇ ਡਿਜੀਟਲ ਗ੍ਰਿਫਤਾਰੀਆਂ ਦੇ ਵੱਧ ਰਹੇ ਖਤਰੇ ਨੂੰ ਦੇਖਦਿਆਂ, ਬਹੁਤ ਸਾਰੇ ਪੈਨਸ਼ਨਰ ਘਰ ਬੈਠਿਆਂ ਸੇਵਾਵਾਂ ਦੀ ਵਰਤੋਂ ਕਰਨ ਦੀ ਬਜਾਏ, ਸੁਰੱਖਿਆ ਪੱਖੋਂ ਖੁਦ ਬੈਂਕ ਸ਼ਾਖਾਵਾਂ ਵਿੱਚ ਜਾਣਾ ਪਸੰਦ ਕਰ ਸਕਦੇ ਹਨ। ਇਸ ਲਈ, ਬ੍ਰਾਂਚ ਪੱਧਰ 'ਤੇ ਤਿਆਰੀ ਹੋਣੀ ਬਹੁਤ ਜ਼ਰੂਰੀ ਹੈ।"

ਇਨ੍ਹਾਂ ਹਦਾਇਤਾਂ ਨੂੰ ਹੋਰ ਮਜ਼ਬੂਤੀ ਦਿੰਦਿਆਂ, ਵਧੀਕ ਮੁੱਖ ਸਕੱਤਰ (ਵਿੱਤ) ਆਲੋਕ ਸ਼ੇਖਰ ਨੇ ਮੀਟਿੰਗ ਦੌਰਾਨ ਸਖ਼ਤ ਸੰਚਾਲਨ ਦਿਸ਼ਾ-ਨਿਰਦੇਸ਼ ਨਿਰਧਾਰਤ ਕੀਤੇ। ਉਨ੍ਹਾਂ ਕਿਹਾ, "ਬੈਂਕ ਲਾਜ਼ਮੀ ਤੌਰ 'ਤੇ ਸਹੀ ਈ-ਸਕ੍ਰੋਲ ਅੱਪਲੋਡ ਕਰਨ ਅਤੇ ਜ਼ਿਲ੍ਹਾ ਖਜ਼ਾਨਾ ਅਫ਼ਸਰਾਂ ਵੱਲੋਂ ਦੱਸੀਆਂ ਗਈਆਂ ਕਮੀਆਂ ਨੂੰ ਤੁਰੰਤ ਦੂਰ ਕਰਨ। ਪਾਲਣਾ ਵਿੱਚ ਹੋਣ ਵਾਲੀ ਕਿਸੇ ਵੀ ਦੇਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।" ਇਸ ਤੋਂ ਇਲਾਵਾ, ਉਨ੍ਹਾਂ ਬੈਂਕਾਂ ਨੂੰ ਹਦਾਇਤ ਕੀਤੀ ਕਿ ਉਹ ਸਾਰੇ ਬਕਾਇਆ ਪੀ.ਪੀ.ਓ. ਪੀ.ਡੀ.ਐੱਫ. ਜਮ੍ਹਾਂ ਕਰਵਾਉਣ, ਆਰਜ਼ੀ ਪੈਨਸ਼ਨਰਾਂ ਨੂੰ ਮਨਜ਼ੂਰੀ ਦੇਣ, ਅਤੇ 31 ਅਕਤੂਬਰ, 2025 ਦੀ ਕੱਟ-ਆਫ ਮਿਤੀ ਤੋਂ ਪਹਿਲਾਂ ਸਵੀਕਾਰ ਕੀਤੇ ਗਏ ਮੈਨੂਅਲ ਲਾਈਫ ਸਰਟੀਫਿਕੇਟਾਂ ਨੂੰ ਸਖਤੀ ਨਾਲ ਸਮਾਂ-ਬੱਧ ਤਰੀਕੇ ਨਾਲ ਅੱਪਲੋਡ ਕਰਨ। ਉਨ੍ਹਾਂ ਵਿੱਤੀ ਸੰਸਥਾਵਾਂ ਨੂੰ ਆਪਣੇ ਸਾਫਟਵੇਅਰ ਨੂੰ ਪੈਨਸ਼ਨਰ ਸੇਵਾ ਪੋਰਟਲ ਨਾਲ ਜੋੜਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਵੀ ਦਿੱਤੇ।

ਮੀਟਿੰਗ ਦੌਰਾਨ ਵਿਚਾਰੇ ਗਏ ਹੋਰ ਮੁੱਖ ਪ੍ਰਸ਼ਾਸਕੀ ਕੰਮਾਂ ਵਿੱਚ ਪ੍ਰਵਾਸੀ ਭਾਰਤੀ ਪੈਨਸ਼ਨਰਾਂ ਨੂੰ ਪੋਰਟਲ 'ਤੇ ਮਾਰਕ ਕਰਨਾ, ਉਨ੍ਹਾਂ ਦੇ ਨੋਟਰਾਈਜ਼ਡ ਲਾਈਫ ਸਰਟੀਫਿਕੇਟ ਅੱਪਲੋਡ ਕਰਨਾ ਅਤੇ ਮੌਜੂਦਾ ਸਮੇਂ ਬੈਂਕ ਪੱਧਰ 'ਤੇ ਪੈਂਡਿੰਗ ਸਾਰੀਆਂ ਜੇ ਪੀ ਪੀ ਬੇਨਤੀਆਂ 'ਤੇ ਕਾਰਵਾਈ ਕਰਨਾ ਸ਼ਾਮਲ ਸੀ। ਮੀਟਿੰਗ ਦੇ ਅੰਤ ਵਿੱਚ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪੈਨਸ਼ਨਰਾਂ ਦੀ ਭਲਾਈ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ, "ਭਵਿੱਖ ਵਿੱਚ ਜੇ ਪੀ ਪੀ ਦੇ ਬੇਲੋੜੇ ਰੱਦ ਹੋਣ ਜਾਂ ਅਣਉਚਿਤ ਪ੍ਰਵਾਨਗੀਆਂ ਨੂੰ ਰੋਕਣ ਲਈ ਸਾਰੇ ਬੈਂਕ ਤੁਰੰਤ ਜ਼ਰੂਰੀ ਸਿਸਟਮ ਸੋਧਾਂ ਲਾਗੂ ਕਰਨ। ਸਾਡੇ ਪੈਨਸ਼ਨਰਾਂ ਦਾ ਮਾਣ-ਸਨਮਾਨ ਅਤੇ ਵਿੱਤੀ ਸੁਰੱਖਿਆ ਸਾਡੀ ਪ੍ਰਮੁੱਖ ਤਰਜੀਹ ਹੈ।"

# ਔਰਤਾਂ ਦੇ ਮਾਣ-ਸਨਮਾਨ ਨਾਲ ਕੋਈ ਸਮਝੌਤਾ ਨਹੀਂ; ਅਸ਼ਲੀਲ ਤੇ ਅਪਮਾਨਜਨਕ ਪੇਸ਼ਕਾਰੀ ਵਿਰੁੱਧ ਤੁਰੰਤ ਤੇ ਸਖ਼ਤ ਕਾਰਵਾਈ : ਡਾ. ਬਲਜੀਤ ਕੌਰ

ਚੰਡੀਗੜ੍ਹ, 26 ਫਰਵਰੀ (ਅੰਮ੍ਰਿਤਪਾਲ ਸਿੰਘ): ਪੰਜਾਬ ਦੇ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਇਸ਼ਤਿਹਾਰਾਂ ਵਿੱਚ ਔਰਤਾਂ ਨੂੰ ਅਸ਼ਲੀਲ ਤੇ ਅਪਮਾਨਜਨਕ ਢੰਗ ਨਾਲ ਪੇਸ਼ ਕਰਨ ਦੇ ਕਈ ਮਾਮਲਿਆਂ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਤੇ ਕਿਹਾ ਹੈ ਕਿ ਪੰਜਾਬ ਸਰਕਾਰ ਔਰਤਾਂ ਦੇ ਮਾਣ-ਸਨਮਾਨ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕਰੇਗੀ। ਇਸ ਮੁੱਦੇ 'ਤੇ ਬੋਲਦਿਆਂ ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ, "ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਵੱਖ-ਵੱਖ ਇਸ਼ਤਿਹਾਰਾਂ ਰਾਹੀਂ ਔਰਤਾਂ ਦੇ ਅਸ਼ਲੀਲ ਤੇ ਅਪਮਾਨਜਨਕ ਚਿੱਤਰਣ ਦੇ ਕਈ ਮਾਮਲੇ ਵਿਭਾਗ ਦੇ ਧਿਆਨ ਵਿੱਚ ਆਏ ਹਨ। ਔਰਤਾਂ ਦੀ ਅਸ਼ਲੀਲ ਪ੍ਰਤੀਨਿਧਤਾ (ਮਨਾਹੀ) ਐਕਟ, 1986 ਔਰਤਾਂ ਦੇ ਕਿਸੇ ਵੀ ਅਸ਼ਲੀਲ ਜਾਂ ਅਪਮਾਨਜਨਕ ਚਿੱਤਰਣ 'ਤੇ ਸਖ਼ਤੀ ਨਾਲ ਪਾਬੰਦੀ ਲਗਾਉਂਦਾ ਹੈ।" ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਔਰਤਾਂ ਦੀ ਇੱਜ਼ਤ, ਸਨਮਾਨ ਤੇ ਸੁਰੱਖਿਆ ਦੀ ਰਾਖੀ ਪੰਜਾਬ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ ਤੇ ਇਸ ਸਬੰਧ ਵਿੱਚ ਕਾਨੂੰਨ ਦੀ ਕਿਸੇ ਵੀ ਉਲੰਘਣਾ 'ਤੇ ਨਿਰਧਾਰਤ ਉਪਬੰਧਾਂ ਅਨੁਸਾਰ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮੀਡੀਆ ਪਲੇਟਫਾਰਮਾਂ ਨੂੰ ਸਪੱਸ਼ਟ ਨਿਰਦੇਸ਼ ਜਾਰੀ ਕਰਦਿਆਂ ਮੰਤਰੀ ਡਾ. ਬਲਜੀਤ ਕੌਰ ਨੇ

ਕਿਹਾ, "ਸਾਰੇ ਟੀਵੀ ਚੈਨਲਾਂ, ਵੈੱਬਸਾਈਟਾਂ, ਵੈੱਬ-ਅਧਾਰਿਤ ਐਪਲੀਕੇਸ਼ਨਾਂ, ਅਖ਼ਬਾਰਾਂ ਤੇ ਹੋਰ ਆਡੀਓ-ਵਿਜ਼ੂਅਲ ਮੀਡੀਆ ਪਲੇਟਫਾਰਮਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਔਰਤਾਂ ਨੂੰ ਅਸ਼ਲੀਲ ਜਾਂ ਅਪਮਾਨਜਨਕ ਢੰਗ ਨਾਲ ਦਰਸਾਉਂਦੀ ਕੋਈ ਵੀ ਸਮੱਗਰੀ ਜਾਂ ਇਸ਼ਤਿਹਾਰ ਪ੍ਰਸਾਰਿਤ, ਪ੍ਰਕਾਸ਼ਿਤ ਜਾਂ ਛਾਪਿਆ ਨਾ ਜਾਵੇ। ਅਜਿਹੀ ਸਮੱਗਰੀ ਦਾ ਪ੍ਰਸਾਰਣ ਕਾਨੂੰਨ ਦੀ ਉਲੰਘਣਾ ਹੈ ਤੇ ਇਸ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਜਾਂ ਸੰਗਠਨ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।" ਮੰਤਰੀ ਨੇ ਸੂਬੇ ਭਰ ਵਿੱਚ ਸਖ਼ਤ ਪ੍ਰਸ਼ਾਸਕੀ ਨਿਗਰਾਨੀ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ, "ਪੰਜਾਬ ਦੇ ਸਾਰੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਅਜਿਹੇ ਮਾਮਲਿਆਂ ਦਾ ਖ਼ੁਦ ਨੋਟਿਸ ਲੈਣ ਤੇ ਪ੍ਰਾਪਤ ਹੋਈਆਂ ਸ਼ਿਕਾਇਤਾਂ 'ਤੇ ਸਬੰਧਿਤ ਕਾਨੂੰਨੀ ਉਪਬੰਧਾਂ ਦੇ ਅਨੁਸਾਰ ਤੁਰੰਤ ਕਾਰਵਾਈ ਯਕੀਨੀ ਬਣਾਉਣ।" ਉਨ੍ਹਾਂ ਅੱਗੇ ਕਿਹਾ, "ਅਜਿਹੇ ਮਾਮਲਿਆਂ ਦੀ ਪੰਜਾਬ ਅਤੇ ਜ਼ਿਲ੍ਹਾ ਪੱਧਰ 'ਤੇ ਡਿਪਟੀ ਕਮਿਸ਼ਨਰਾਂ ਵੱਲੋਂ ਸਮੇਂ-ਸਮੇਂ 'ਤੇ ਸਮੀਖਿਆ ਕੀਤੀ ਜਾਵੇਗੀ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ, ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ, "ਪੰਜਾਬ ਸਰਕਾਰ ਔਰਤਾਂ ਦੇ ਅਧਿਕਾਰਾਂ, ਮਾਣ-ਸਨਮਾਨ ਅਤੇ ਸੁਰੱਖਿਆ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਸਮਾਜ ਵਿੱਚ ਔਰਤਾਂ ਪ੍ਰਤੀ ਜਾਗਰੂਕਤਾ ਤੇ ਸਤਿਕਾਰ ਨੂੰ ਮਜ਼ਬੂਤ ਕਰਨ ਲਈ ਸਰਕਾਰ ਵੱਲੋਂ ਲਗਾਤਾਰ ਪ੍ਰਭਾਵਸ਼ਾਲੀ ਕਦਮ ਚੁੱਕੇ ਜਾ ਰਹੇ ਹਨ।"

ਇਸ ਪਹਿਲਕਦਮੀ ਨੂੰ ਇੱਕ ਫੈਸਲਾਕੁੰਨ ਦੱਸਦਿਆਂ, ਉਨ੍ਹਾਂ ਕਿਹਾ, "ਪੰਜਾਬ ਸਰਕਾਰ ਦਾ ਇਹ ਉਪਰਾਲਾ ਇੱਕ ਸੁਰੱਖਿਅਤ, ਸਤਿਕਾਰਯੋਗ ਅਤੇ ਮਾਣਮੱਤੇ ਸਮਾਜ ਦੀ ਸਿਰਜਣਾ ਵੱਲ ਇੱਕ ਅਹਿਮ ਕਦਮ ਹੈ।"

# ਸੁਖਜਿੰਦਰ ਰੰਧਾਵਾ ਵੱਲੋਂ ਪੁਲਿਸ ਪ੍ਰਸ਼ਾਸਨ 'ਤੇ ਟਿੱਪਣੀ ਦੀ 'ਆਪ' ਵਿਧਾਇਕ ਰੰਧਾਵਾ ਵੱਲੋਂ ਨਿਖੇਧੀ

ਚੰਡੀਗੜ੍ਹ, 26 ਫਰਵਰੀ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਦੇ ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਾਂਗਰਸੀ ਆਗੂ ਤੇ ਮੌਜੂਦਾ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਕੀਤੀ ਗਈ ਟਿੱਪਣੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਰੰਧਾਵਾ ਨੇ ਕਿਹਾ ਕਿ ਗੁਰਦਾਸਪੁਰ ਵਿੱਚ ਪਿਛਲੇ ਦਿਨੀਂ ਸ਼ਹੀਦ

ਹੋਏ ਸਾਡੇ ਦੋ ਜਾਂਬਾਜ਼ ਪੁਲਿਸ ਮੁਲਾਜ਼ਮਾਂ ਦੀ ਸ਼ਹਾਦਤ 'ਤੇ ਰਾਜਨੀਤੀ ਕਰਨਾ ਬੇਹੱਦ ਸ਼ਰਮਨਾਕ ਹੈ। ਸੁਖਜਿੰਦਰ ਰੰਧਾਵਾ ਨੇ ਉੱਥੋਂ ਦੇ ਐਸਐਸਪੀ ਨੂੰ ਜੋ ਅਪਸ਼ਬਦ ਕਹੇ ਹਨ, ਉਹ ਉਨ੍ਹਾਂ ਦੀ ਮਾੜੀ ਮਾਨਸਿਕਤਾ ਨੂੰ ਦਰਸਾਉਂਦੇ ਹਨ। ਵਿਧਾਇਕ ਨੇ ਕਿਹਾ ਕਿ ਮੈਂ ਉਨ੍ਹਾਂ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਉਸੇ ਐਸਐਸਪੀ ਅਤੇ ਪੰਜਾਬ ਪੁਲਿਸ ਨੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਉਂਦੇ ਹੋਏ ਮਹਿਜ਼ 72 ਘੰਟਿਆਂ ਦੇ ਅੰਦਰ-ਅੰਦਰ ਇੱਕ ਮੁਲਜ਼ਮ ਨੂੰ ਐਨਕਾਊਂਟਰ ਵਿੱਚ ਢੇਰ ਕਰ ਦਿੱਤਾ ਅਤੇ ਦੂਜਾ ਸਲਾਖਾਂ ਦੇ ਪਿੱਛੇ ਹੈ। ਵਿਧਾਇਕ ਰੰਧਾਵਾ ਨੇ ਸੁਖਜਿੰਦਰ ਰੰਧਾਵਾ 'ਤੇ ਸਿੱਧਾ ਹਮਲਾ ਕਰਦਿਆਂ ਸਵਾਲ ਕੀਤਾ ਕਿ ਉਹ ਜਨਤਾ ਨੂੰ ਦੱਸਣ ਕਿ ਉਸ ਸਮੇਂ ਦੇ ਖ਼ੂੰਖਾਰ ਅੱਤਵਾਦੀ 'ਨੱਟੀ' ਨਾਲ ਉਨ੍ਹਾਂ ਦੇ ਪਰਿਵਾਰ ਦੇ ਕੀ ਸਬੰਧ ਸਨ? ਉਨ੍ਹਾਂ ਪੁੱਛਿਆ ਕਿ ਜੋ ਅੱਤਵਾਦੀ ਸੁਖਜਿੰਦਰ ਰੰਧਾਵਾ ਦੇ ਪਿਤਾ ਸੰਤੋਖ ਸਿੰਘ ਰੰਧਾਵਾ ਨੂੰ ਆਪਣਾ 'ਪਿਤਾ' ਕਹਿ ਕੇ ਬੁਲਾਉਂਦਾ ਸੀ ਅਤੇ ਜਿਸ ਨੂੰ ਰੰਧਾਵਾ ਆਪਣਾ ਭਰਾ ਮੰਨਦੇ ਸਨ, ਉਸ ਨਾਲ ਉਨ੍ਹਾਂ ਦੇ ਪਰਿਵਾਰ ਦੀ ਕੀ ਸਾਂਝ ਸੀ?

ਇੰਨਾ ਹੀ ਨਹੀਂ, ਉੱਤਰ ਪ੍ਰਦੇਸ਼ ਦੇ ਬਦਨਾਮ ਅੰਸਾਰੀ ਪਰਿਵਾਰ ਅਤੇ ਹੋਰ ਗੈਂਗਸਟਰਾਂ ਨਾਲ ਆਪਣੇ ਸਬੰਧਾਂ 'ਤੇ ਸੁਖਜਿੰਦਰ ਰੰਧਾਵਾ ਚੁੱਪ ਕਿਉਂ ਧਾਰ ਲੈਂਦੇ ਹਨ? ਜਿਨ੍ਹਾਂ ਦੀਆਂ ਆਪਣੀਆਂ ਤਾਰਾਂ ਅਪਰਾਧੀਆਂ ਨਾਲ ਜੁੜੀਆਂ ਹੋਣ, ਉਨ੍ਹਾਂ ਨੂੰ ਵਰਦੀਧਾਰੀ ਇਮਾਨਦਾਰ ਪੁਲਿਸ ਮੁਲਾਜ਼ਮਾਂ 'ਤੇ ਇਲਜ਼ਾਮ ਲਗਾਉਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ।

ਸੁਖਜਿੰਦਰ ਰੰਧਾਵਾ ਦੀ 'ਇਮਾਨਦਾਰੀ' 'ਤੇ ਸਵਾਲ ਚੁੱਕਦਿਆਂ 'ਆਪ' ਆਗੂ ਨੇ ਕਿਹਾ ਕਿ ਜਦੋਂ ਇੱਕ 17 ਸਾਲਾਂ ਦੇ ਮਾਸੂਮ ਬੱਚੇ ਅਤੇ ਉਸ ਦੇ ਪਿਤਾ ਦਾ ਕਤਲ ਹੋਇਆ ਸੀ, ਉਦੋਂ ਰੰਧਾਵਾ ਦੇ ਮੂੰਹੋਂ ਸਖ਼ਤ ਸਜ਼ਾ ਦੀ ਗੱਲ ਕਿਉਂ ਨਹੀਂ ਨਿਕਲੀ? ਕਲਾਨੌਰ ਵਿੱਚ ਹੋਏ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਦਿਆਂ ਵਿਧਾਇਕ ਨੇ ਦੱਸਿਆ ਕਿ ਰੰਧਾਵਾ ਦੇ ਮੰਤਰੀ ਰਹਿੰਦਿਆਂ 2018 ਤੋਂ 2021 ਦਰਮਿਆਨ ਉੱਥੇ 8 ਕਰੋੜ ਰੁਪਏ ਦਾ ਵੱਡਾ ਘੁਟਾਲਾ ਹੋਇਆ ਹੈ। ਵਿਧਾਇਕ ਨੇ ਦੱਸਿਆ ਕਿ ਇਸ ਭ੍ਰਿਸ਼ਟਾਚਾਰ ਦਾ ਸਬੂਤ 22 ਤਾਰੀਖ ਨੂੰ ਦਰਜ ਹੋਇਆ ਉਹ ਪਰਚਾ ਹੈ, ਜਿਸ ਵਿੱਚ ਵਿਜੀਲੈਂਸ ਅਫ਼ਸਰ ਨੇ 2 ਬੀਡੀਪੀਓ ਅਤੇ ਡੀਟੀਪੀਓ ਸਮੇਤ 8 ਲੋਕਾਂ 'ਤੇ ਮਾਮਲਾ ਦਰਜ ਕੀਤਾ ਹੈ। ਇਹ ਕਾਰਵਾਈ ਇਸ ਗੱਲ ਦਾ ਜਿਉਂਦਾ-ਜਾਗਦਾ ਸਬੂਤ ਹੈ ਕਿ ਕਾਂਗਰਸ ਰਾਜ ਵਿੱਚ 'ਇਮਾਨਦਾਰੀ' ਦੇ ਚੋਲੇ ਪਿੱਛੇ ਲੁੱਟ ਦਾ ਖੇਡ ਚੱਲ ਰਿਹਾ ਸੀ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਸੁਖਜਿੰਦਰ ਰੰਧਾਵਾ ਲੋਕਾਂ ਨੂੰ ਗੁਮਰਾਹ ਕਰਨਾ ਬੰਦ ਕਰਨ, ਕਿਉਂਕਿ ਉਨ੍ਹਾਂ ਦੀ ਅਸਲੀਅਤ ਹੁਣ ਸਭ ਦੇ ਸਾਹਮਣੇ ਆ ਚੁੱਕੀ ਹੈ।

# ਪ੍ਰੀਖਿਆ ਲਈ ਸਿੱਖ ਨੌਜਵਾਨ ਨੂੰ ਕਕਾਰ ਉਤਾਰਨ ਲਈ ਕਹਿਣਾ ਸੰਵਿਧਾਨ ਦੀ ਉਲੰਘਣਾ : ਬੀਬੀ ਰਣਜੀਤ ਕੌਰ

ਨਵੀਂ ਦਿੱਲੀ 26 ਫਰਵਰੀ (ਅੰਮ੍ਰਿਤਪਾਲ ਸਿੰਘ): ਦਿੱਲੀ ਦੇ ਇਕ ਇਲਾਕੇ ਦਿੱਲੀ ਕੈਂਟ ਵਿਖੇ ਪ੍ਰੀਖਿਆ ਲਈ ਪਹੁੰਚੇ ਇਕ ਗੁਰਸਿੱਖ ਲੜਕੇ ਨੂੰ ਸਿੱਖ ਕਕਾਰ ਕਿਰਪਾਨ ਉਤਾਰਨ ਲਈ ਮਜਬੂਰ ਕਰਣ ਦਾ ਸਖ਼ਤ ਨੋਟਿਸ ਲੈਂਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਬੀਬੀ ਰਣਜੀਤ ਕੌਰ ਨੇ ਕਿਹਾ ਕਿ ਇਹ ਦੇਸ਼ ਦੇ ਸੰਵਿਧਾਨ ਦੀ ਵੱਡੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਅਨੁਸਾਰ

ਸਿੱਖਾਂ ਨੂੰ ਕਿਰਪਾਨ ਪਹਿਨਣ ਦਾ ਪੂਰਾ ਅਧਿਕਾਰ ਹੈ ਤੇ ਸਿੱਖ ਰਹਿਤ ਮਰਿਆਦਾ ਅਨੁਸਾਰ ਕੋਈ ਵੀ ਅੰਮ੍ਰਿਤਧਾਰੀ ਸਿੱਖ ਆਪਣੇ ਸਰੀਰ ਨਾਲੋਂ ਪੰਜ ਸਿੱਖ ਕਕਾਰ ਵੱਖ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਪਿਛਲੇ ਕੁਝ ਸਮੇਂ ਤੋਂ ਦੇਸ਼ 'ਚ ਸਿੱਖ ਉਮੀਦਵਾਰਾਂ ਨੂੰ ਖਾਸ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਅਕਸਰ ਹੀ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਵਿਚ ਅੰਮ੍ਰਿਤਧਾਰੀ ਸਿੱਖਾਂ ਦੇ ਧਾਰਮਿਕ ਚਿੰਨ੍ਹ ਕਕਾਰ ਉਤਾਰਨ ਲਈ ਆਖਿਆ ਜਾਂਦਾ ਹੈ ਅਤੇ ਵਿਰੋਧ ਕਰਨ ਉੱਤੇ ਮੁਕਾਬਲਾ ਪ੍ਰੀਖਿਆਵਾਂ ਵਿਚ ਦਾਖਲਾ ਨਹੀਂ ਦਿੱਤਾ ਜਾਂਦਾ। ਉਨ੍ਹਾਂ ਦਿੱਲੀ ਕਮੇਟੀ ਪ੍ਰਧਾਨ ਅਤੇ ਸਕੱਤਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਮਾਮਲੇ ਦਾ ਪਤਾ ਲਗਦਿਆ ਹੀ ਸਮੇਂ ਸਿਰ ਭੇਜੀ ਟੀਮ ਵਲੋਂ ਸਕੂਲ ਪ੍ਰਬੰਧਕਾਂ ਨਾਲ ਮਿਲ ਕੇ ਤੁਰੰਤ ਮਸਲੇ ਨੂੰ ਹੱਲ ਕਰਵਾਇਆ ਗਿਆ ਅਤੇ ਪ੍ਰੀਖਿਆ ਕੇਂਦਰ ਵਿਚ ਸਿੱਖ ਨੌਜੁਆਨ ਨੂੰ ਕ੍ਰਿਪਾਨ ਭਿਜਵਾ ਦਿੱਤੀ ਗਈ ਗਈ । ਅੰਤ ਵਿਚ ਉਨ੍ਹਾਂ ਕਿਹਾ ਕਿ ਸਿੱਖ ਉਮੀਦਵਾਰਾਂ ਨਾਲ ਕੀਤਾ ਜਾਂਦਾ ਇਹ ਵਿਤਕਰਾ ਉਨ੍ਹਾਂ ਦੀ ਮਾਨਸਿਕਤਾ ਨੂੰ ਸੱਟ ਮਾਰਦਾ ਹੈ, ਕਿਉਂਕਿ ਪੇਪਰ ਤੋਂ ਪਹਿਲਾਂ ਉਮੀਦਵਾਰਾਂ ਨਾਲ ਅਜਿਹੇ ਅਪਰਾਧਿਕ ਵਿਹਾਰ ਕਰ ਕੇ ਪੇਪਰ ਵਿਚ ਕਾਰਗੁਜ਼ਾਰੀ ਉੱਤੇ ਅਸਰ ਪੈਂਦਾ ਹੈ। ਇਸ ਲਈ ਸਰਕਾਰ ਨੂੰ ਸਿੱਖਾਂ ਦੇ ਕਕਾਰਾਂ ਬਾਰੇ ਜਾਗਰੂਕ ਕਰਦਿਆਂ ਦੇਸ਼ ਦੇ ਹਰ ਸਕੂਲ ਨੂੰ ਸਰਕੂਲਰ ਭੇਜਣਾ ਚਾਹੀਦਾ ਹੈ ਜਿਸ ਨਾਲ ਅੱਗੇ ਤੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਨਾ ਵਾਪਰ ਸਕਣ ।

# ਬਰਿੰਦਰ ਕੁਮਾਰ ਗੋਇਲ ਵੱਲੋਂ ਪੰਜਾਬ 'ਚ ਕਰੱਸ਼ਰ-ਓਨਰ ਮਾਈਨਿੰਗ ਸਾਈਟਾਂ ਦੀ ਸ਼ੁਰੂਆਤ

ਚੰਡੀਗੜ੍ਹ, 26 ਫ਼ਰਵਰੀ (ਚ.ਨ.ਸ.): ਖਣਨ ਖੇਤਰ ਵਿੱਚ ਪਾਰਦਰਸ਼ਤਾ ਤੇ ਨਿਯਮਿਤ ਖਣਨ ਪ੍ਰਣਾਲੀ ਨੂੰ ਮਜ਼ਬੂਤੀ ਨਾਲ ਲਾਗੂ ਕਰਨ ਵੱਲ ਇੱਕ ਹੋਰ ਫ਼ੈਸਲਾਕੁਨ ਕਦਮ ਚੁੱਕਦਿਆਂ ਪੰਜਾਬ ਦੇ ਖਣਨ ਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਪੰਜਾਬ ਵਿੱਚ ਕਰੱਸ਼ਰ-ਓਨਰ ਮਾਈਨਿੰਗ ਸਾਈਟਾਂ (ਸੀ.ਆਰ.ਐਮ.ਐਸਜ਼) ਦੀ ਸ਼ੁਰੂਆਤ ਕੀਤੀ। ਪਠਾਨਕੋਟ ਜ਼ਿਲ੍ਹੇ ਵਿੱਚ ਪੈਂਦੀਆਂ ਇਨ੍ਹਾਂ ਸਾਈਟਾਂ ਦੀ ਸ਼ੁਰੂਆਤ ਕਰਨ ਮੌਕੇ ਕੈਬਨਿਟ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਪਹਿਲਕਦਮੀ ਨਾਲ ਬਾਜ਼ਾਰ ਵਿੱਚ ਰੇਤ ਤੇ ਹੋਰ ਖਣਿਜਾਂ ਦੀ ਬਹੁਤਾਤ ਵਿੱਚ ਉਪਲਬਧਤਾ ਯਕੀਨੀ ਬਣੇਗੀ ਅਤੇ ਸੂਬੇ ਭਰ ਵਿੱਚ ਗ਼ੈਰ-ਕਾਨੂੰਨੀ ਮਾਈਨਿੰਗ 'ਤੇ ਹੋਰ ਪ੍ਰਭਾਵੀ ਢੰਗ ਨਾਲ ਨਕੇਲ ਕਸੀ ਜਾ ਸਕੇਗੀ। ਇਸ ਮੌਕੇ ਖਣਨ ਤੇ ਭੂ-ਵਿਗਿਆਨ ਮੰਤਰੀ, ਕਰੱਸ਼ਰ ਮਾਲਕਾਂ, ਜ਼ਮੀਨ ਮਾਲਕਾਂ ਤੇ ਸੀਨੀਅਰ ਵਿਭਾਗੀ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਦੋ ਕਰੱਸ਼ਰ-ਓਨਰ ਮਾਈਨਿੰਗ ਸਾਈਟਾਂ ਲਈ ਸਮਝੌਤਿਆਂ 'ਤੇ ਹਸਤਾਖ਼ਰ ਕੀਤੇ ਗਏ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਦੋਵੇਂ ਸਾਈਟਾਂ ਤਹਿਤ 4.46 ਹੈਕਟੇਅਰ ਖੇਤਰ ਨੂੰ ਕਵਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਝੌਤਿਆਂ ਨਾਲ ਵਿਭਾਗ ਵੱਲੋਂ ਇੱਕ ਸੁਚਾਰੂ ਢਾਂਚਾ ਲਾਗੂ ਕੀਤਾ ਜਾ ਰਿਹਾ ਹੈ, ਜਿਸ ਨਾਲ ਮਨਜ਼ੂਰਸ਼ੁਦਾ ਖਣਨ ਯੋਜਨਾਵਾਂ ਅਤੇ ਵਾਤਾਵਰਣ ਸੁਰੱਖਿਆ ਅਧੀਨ ਰਜਿਸਟਰਡ ਕਰੱਸ਼ਰ ਯੂਨਿਟ ਸਿੱਧੇ ਤੌਰ 'ਤੇ ਖਣਨ ਗਤੀਵਿਧੀਆਂ ਵਿੱਚ ਜੁੜਨਗੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਲੋਕਾਂ ਨੂੰ ਕਿਫ਼ਾਇਤੀ ਦਰਾਂ 'ਤੇ ਰੇਤ ਤੇ ਹੋਰ ਖਣਿਜ ਪਦਾਰਥ ਉਪਲਬਧ ਕਰਵਾਉਣ ਲਈ ਵਚਨਬੱਧ ਹੈ। ਕਰੱਸ਼ਰ-ਓਨਰ ਮਾਈਨਿੰਗ ਸਾਈਟਾਂ ਅਤੇ ਲੈਂਡ-ਓਨਰ ਮਾਈਨਿੰਗ ਸਾਈਟਾਂ ਦੇ ਚਾਲੂ ਹੋਣ ਨਾਲ ਛੋਟੇ ਖਣਿਜਾਂ ਦੀ ਕਾਨੂੰਨੀ ਸਪਲਾਈ ਵਿੱਚ ਕਾਫ਼ੀ ਵਾਧਾ ਹੋਵੇਗਾ, ਜਿਸ ਨਾਲ ਬਾਜ਼ਾਰ ਦੀਆਂ ਕੀਮਤਾਂ ਸਥਿਰ ਤੇ ਵਾਜਿਬ ਰਹਿਣਗੀਆਂ। ਨਵੀਂ ਖਣਨ ਨੀਤੀ ਤਹਿਤ ਪਹਿਲਕਦਮੀਆਂ ਬਾਰੇ ਵੇਰਵੇ ਸਾਂਝੇ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਭਰ 'ਚੋਂ ਕਰੱਸ਼ਰ-ਓਨਰ ਮਾਈਨਿੰਗ ਸਾਈਟਾਂ ਲਈ ਕੁੱਲ 138 ਅਰਜ਼ੀਆਂ ਅਤੇ ਲੈਂਡ-ਓਨਰ ਮਾਈਨਿੰਗ ਸਾਈਟਾਂ ਲਈ 25 ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਵਿੱਚੋਂ 305.59 ਹੈਕਟੇਅਰ ਖੇਤਰ ਵਾਲੀਆਂ 44 ਸਾਈਟਾਂ ਦੀਆਂ ਜ਼ਿਲ੍ਹਾ ਸਰਵੇਖਣ ਰਿਪੋਰਟਾਂ ਪ੍ਰਵਾਨ ਹੋ ਚੁੱਕੀਆਂ ਹਨ। ਗੋਇਲ ਨੇ ਦੱਸਿਆ ਕਿ 44 ਮਨਜ਼ੂਰਸ਼ੁਦਾ ਮਾਈਨਿੰਗ ਸਾਈਟਾਂ 'ਤੇ 31 ਮਾਰਚ, 2026 ਤੱਕ ਕੰਮ ਸ਼ੁਰੂ ਹੋ ਜਾਵੇਗਾ, ਜੋ ਸੂਬੇ ਭਰ ਵਿੱਚ ਲਘੂ ਖਣਿਜਾਂ ਦੀ ਕਾਨੂੰਨੀ ਸਪਲਾਈ ਨੂੰ ਵਧਾਉਣ ਲਈ ਸਰਕਾਰ ਦੀ ਸਮਾਂਬੱਧ ਕਾਰਜ ਯੋਜਨਾ ਦਾ ਹਿੱਸਾ ਹੈ। ਖਣਨ ਤੇ ਭੂ-ਵਿਗਿਆਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਕਾਨੂੰਨੀ ਖਣਨ ਸਪਲਾਈ ਦਾ ਵਿਸਥਾਰ ਨਾ-ਸਿਰਫ਼ ਸਰਕਾਰੀ ਖਜ਼ਾਨੇ ਦੇ ਮਾਲੀਏ ਵਿੱਚ ਵਾਧਾ ਕਰੇਗਾ, ਸਗੋਂ ਖਣਨ ਖੇਤਰ ਵਿੱਚ ਨਿਯਮਤਤਾ ਵੀ ਲਿਆਵੇਗਾ। ਕੈਬਨਿਟ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਮਾਨ ਸਰਕਾਰ ਵੱਲੋਂ ਗ਼ੈਰ-ਕਾਨੂੰਨੀ ਮਾਈਨਿੰਗ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਇਸ ਸੁਚਾਰੂ ਢਾਂਚੇ ਬਾਰੇ ਹੋਰ ਵਿਸਥਾਰ ਨਾਲ ਦੱਸਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇੱਕ ਕਰੱਸ਼ਰ-ਓਨਰ ਮਾਈਨਿੰਗ ਸਾਈਟ ਉੱਤੇ ਰਜਿਸਟਰਡ ਕਰੱਸ਼ਰ ਮਾਲਕ ਵੱਲੋਂ ਆਪਣੀ ਜ਼ਮੀਨ 'ਤੇ ਜਾਂ ਲੀਜ਼ 'ਤੇ ਲਈ ਗਈ ਜ਼ਮੀਨ 'ਤੇ ਜਾਂ ਫਿਰ ਵਾਜਿਬ ਪਾਵਰ ਆਫ਼ ਅਟਾਰਨੀ ਰਾਹੀਂ ਰੱਖੀ ਜ਼ਮੀਨ 'ਤੇ ਪ੍ਰਵਾਨਿਤ ਮਾਈਨਿੰਗ ਯੋਜਨਾ, ਜ਼ਿਲ੍ਹਾ ਸਰਵੇਖਣ ਰਿਪੋਰਟ ਅਤੇ ਵਾਤਾਵਰਣ ਪ੍ਰਵਾਨਗੀ ਅਨੁਸਾਰ ਖਣਨ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਲੈਂਡ-ਓਨਰ ਮਾਈਨਿੰਗ ਸਾਈਟਾਂ ਤਹਿਤ ਜ਼ਮੀਨ ਮਾਲਕ ਕਾਨੂੰਨੀ ਤੇ ਵਾਤਾਵਰਣ ਸਬੰਧੀ ਪ੍ਰਵਾਨਗੀਆਂ ਲੈਣ ਪਿੱਛੋਂ ਆਪਣੀ ਜ਼ਮੀਨ 'ਤੇ ਮਾਈਨਿੰਗ ਕਰ ਸਕਦਾ ਹੈ। ਮੀਟਿੰਗ ਦੌਰਾਨ ਮੁੱਖ ਇੰਜੀਨੀਅਰ (ਮਾਈਨਿੰਗ) ਹਰਦੀਪ ਸਿੰਘ ਮੈਂਦੀਰੱਤਾ, ਵਿਭਾਗ ਦੇ ਸੀਨੀਅਰ ਅਧਿਕਾਰੀ ਅਤੇ ਕਰੱਸ਼ਰਾਂ ਦੇ ਨੁਮਾਇੰਦੇ ਸ਼ਾਮਲ ਸਨ।

# ਦਿੱਲੀ ਗੁਰਦੁਆਰਾ ਕਮੇਟੀ ਵੱਲੋਂ 14 ਬਾਣੀ ਕੰਠ ਕਰਨ ਵਾਲੇ 5 ਸਾਲਾ ਗੁਨਵੀਰ ਸਿੰਘ ਦਾ ਸਨਮਾਨ

ਨਵੀਂ ਦਿੱਲੀ, 26 ਫਰਵਰੀ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 14 ਬਾਣੀਆਂ ਕੰਠ ਕਰਨ ਵਾਲੇ 5 ਸਾਲਾ ਬੱਚੇ ਗੁਨਵੀਰ ਸਿੰਘ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਧਰਮ ਪ੍ਰਚਾਰ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ 5 ਸਾਲਾ ਗੁਨਵੀਰ ਸਿੰਘ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗਰਮੀ ਦੀਆਂ ਛੁੱਟੀਆਂ ਵਿਚ ਲਗਾਏ ਜਾਂਦੇ ਗੁਰਮਤਿ ਕੈਂਪਾਂ ਵਿਚ ਸ਼ਾਮਲ ਹੁੰਦਾ ਹੈ। ਉਹਨਾਂ ਦੱਸਿਆ ਕਿ ਪਿਛਲੇ ਕੈਂਪ ਵਿਚ ਜਦੋਂ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਬੱਚੇ ਤੋਂ ਗੁਰਬਾਣੀ ਸੁਣੀ ਗਈ ਤਾਂ ਇਸਨੇ 14 ਬਾਣੀਆਂ ਸੁਣਾਈਆਂ। ਸਨ ਅਤੇ ਹੁਣ ਉਸਨੂੰ ਹੋਰ ਵੀ ਬਾਣੀਆ ਕੰਠ ਹੋ ਗਈਆਂ ਹਨ। ਉਹਨਾਂ ਕਿਹਾ ਕਿ ਬੱਚੇ ਨੂੰ ਗੁਰਬਾਣੀ ਤੇ ਗੁਰਸਿੱਖੀ ਜੀਵਨ ਨਾਲ ਜੋੜਨਾ ਮਾਪਿਆਂ ਦੀ ਬਹੁਤ ਵੱਡੀ ਪ੍ਰਾਪਤੀ ਹੈ ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਉਹਨਾਂ ਕਿਹਾ ਕਿ 5 ਸਾਲਾ ਗੁਨਵੀਰ ਸਿੰਘ ਲੱਖਾਂ ਹੋਰ ਬੱਚਿਆਂ ਰੋਲ ਮਾਡਲ ਤੇ ਪ੍ਰੇਰਨਾ ਸਰੋਤ ਹੈ ਜਿਸ ਤੋਂ ਪ੍ਰੇਰਨਾ ਲੈ ਕੇ ਬੱਚਿਆਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਗੁਰਬਾਣੀ ਨਾਲ ਜੁੜਨਾ ਚਾਹੀਦਾ ਹੈ ਅਤੇ ਬਾਣੀਆਂ ਕੰਠ ਕਰਨੀਆਂ ਚਾਹੀਦੀਆਂ ਹਨ। ਇਸ ਮੌਕੇ ਉਹਨਾਂ ਕਮੇਟੀ ਵੱਲੋਂ ਬੱਚੇ ਦੀ ਹੌਂਸਲਾ ਅਫਜ਼ਾਈ ਲਈ ਉਸਨੂੰ 51 ਹਜ਼ਾਰ ਰੁਪਏ ਰਾਸ਼ੀ ਦਾ ਚੈਕ ਵੀ ਪ੍ਰਦਾਨ ਕੀਤਾ।

# ਸੂਬਾ ਸਰਕਾਰ ਨੇ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਲਿਆਂਦੀ ਡਿਜੀਟਲ ਕ੍ਰਾਂਤੀ : ਬੈਂਸ

ਚੰਡੀਗੜ੍ਹ, 26 ਫਰਵਰੀ (ਚ.ਨ.ਸ.): ਪੰਜਾਬ ਦੇ ਵਿਦਿਅਕ ਇਤਿਹਾਸ ਵਿੱਚ ਸਭ ਤੋਂ ਵੱਡੇ ਤਕਨੀਕੀ ਸੁਧਾਰਾਂ ਵਿੱਚੋਂ ਇੱਕ ਵੱਲ ਕਦਮ ਵਧਾਉਂਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 400 ਕਰੋੜ ਰੁਪਏ ਦੇ ਵਿਆਪਕ ਡਿਜੀਟਲਾਈਜ਼ੇਸ਼ਨ ਪ੍ਰੋਜੈਕਟ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਇੱਕ ਬੇਮਿਸਾਲ ਤਬਦੀਲੀ ਦੀ ਸ਼ੁਰੂਆਤ ਕੀਤੀ ਗਈ ਹੈ ਜੋ ਸਰਕਾਰੀ ਸਕੂਲਾਂ ਨੂੰ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਕਰਨ ਦੇ ਨਾਲ ਨਾਲ ਸੂਬੇ ਭਰ ਵਿੱਚ ਕਲਾਸਰੂਮ ਸਿੱਖਿਆ ਨੂੰ ਬੁਨਿਆਦੀ ਤੌਰ 'ਤੇ ਨਵਾਂ ਰੂਪ ਪ੍ਰਦਾਨ ਕਰੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਪਹਿਲਕਦਮੀ ਨੂੰ ਪੰਜਾਬ ਦੇ ਸਿੱਖਿਆ ਖੇਤਰ ਵਿੱਚ ਇੱਕ ਪਰਿਵਰਤਨਸ਼ੀਲ ਮੀਲ ਪੱਥਰ ਕਰਾਰ ਦਿੱਤਾ। ਉਨ੍ਹਾਂ ਕਿਹਾ, "ਇਹ ਇੱਕ ਇਤਿਹਾਸਕ ਪਹਿਲ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਵੀ ਇੰਨੇ ਵੱਡੇ ਪੱਧਰ 'ਤੇ ਡਿਜੀਟਲ ਬੁਨਿਆਦੀ ਢਾਂਚਾ ਨਹੀਂ ਪੇਸ਼ ਕੀਤਾ ਗਿਆ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ, ਅਸੀਂ ਪਹਿਲਾਂ ਕਲਾਸਰੂਮਾਂ ਨੂੰ ਮਜ਼ਬੂਤ ਕੀਤਾ ਅਤੇ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਇਆ। ਹੁਣ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਹਰ ਬੱਚੇ ਦੀ ਆਧੁਨਿਕ ਡਿਜੀਟਲ ਸਾਧਨਾਂ ਤੱਕ ਆਸਾਨ ਪਹੁੰਚ ਹੋਵੇ। ਸਾਡੇ ਵਿਦਿਆਰਥੀਆਂ ਨੂੰ ਸਿਰਫ਼ ਅੱਜ ਲਈ ਹੀ ਨਹੀਂ, ਸਗੋਂ ਭਵਿੱਖ ਲਈ ਵੀ ਤਿਆਰ ਹੋਣੇ ਚਾਹੀਦੇ ਹਨ।" ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਸ ਪਹਿਲਕਦਮੀ ਤਹਿਤ ਪੁਰਾਣੇ ਹਾਰਡਵੇਅਰ ਅਤੇ ਕੰਪਿਊਟਰਾਂ ਨੂੰ ਬਦਲਿਆ ਜਾ ਰਿਹਾ ਹੈ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,

ਹਾਈ ਸਕੂਲ ਅਤੇ ਮਿਡਲ ਸਕੂਲ ਨਵੀਨਤਮ ਡਿਜੀਟਲ ਬੁਨਿਆਦੀ ਢਾਂਚੇ ਨਾਲ ਲੈਸ ਹੋਣ। ਇਸ ਇਤਿਹਾਸਕ ਪਹਿਲਕਦਮੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, "5,012 ਸਰਕਾਰੀ ਸਕੂਲਾਂ ਨੂੰ ਨਵੀਨਤਮ ਸੌਫਟਵੇਅਰ ਨਾਲ ਲੈਸ 38,649 ਨਵੇਂ ਕੰਪਿਊਟਰ ਪ੍ਰਦਾਨ ਕੀਤੇ ਜਾ ਰਹੇ ਹਨ। ਇਹ ਕੰਪਿਊਟਰ ਸਾਰੇ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਦੇ ਨਾਲ-ਨਾਲ 50 ਫ਼ੀਸਦੀ ਮਿਡਲ ਸਕੂਲਾਂ ਨੂੰ ਦਿੱਤੇ ਜਾਣਗੇ ਤਾਂ ਜੋ ਵਿਦਿਆਰਥੀਆਂ ਦੀ ਨਵੀਨਤਮ ਹਾਰਡਵੇਅਰ ਅਤੇ ਤਕਨਾਲੋਜੀ ਤੱਕ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ।"

ਉਨ੍ਹਾਂ ਦੱਸਿਆ ਕਿ 5,000 ਸਰਕਾਰੀ ਸਕੂਲਾਂ ਵਿੱਚ ਸਮਰਪਿਤ ਕੰਪਿਊਟਰ ਲੈਬਾਂ ਸਥਾਪਤ ਕੀਤੀਆਂ ਜਾਣਗੀਆਂ ਤਾਂ ਜੋ ਸਾਰੇ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਰਕਾਰੀ ਸਕੂਲਾਂ ਲਈ ਪੂਰੀ ਤਰ੍ਹਾਂ ਕਾਰਜਸ਼ੀਲ ਕੰਪਿਊਟਰ ਲੈਬਾਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਕਿਹਾ, "ਇੰਟਰਐਕਟਿਵ ਲਰਨਿੰਗ ਨੂੰ ਉਤਸ਼ਾਹਿਤ ਕਰਨ ਲਈ ਅਸੀਂ 3,694 ਸਕੂਲਾਂ ਵਿੱਚ 8,268 ਇੰਟਰਐਕਟਿਵ ਫਲੈਟ ਪੈਨਲ ਸਥਾਪਤ ਕਰ ਰਹੇ ਹਾਂ। ਹਰੇਕ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲ ਨੂੰ ਇਹ ਪੈਨਲ ਦਿੱਤੇ ਜਾਣਗੇ, ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ 'ਤੇ ਵੱਡੇ ਸਕੂਲਾਂ ਨੂੰ ਚਾਰ, ਪੰਜ ਜਾਂ ਅੱਠ ਯੂਨਿਟ ਦਿੱਤੇ ਜਾਣਗੇ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਸਕੂਲ ਮੁਖੀਆਂ ਨੂੰ 21 ਫਰਵਰੀ ਤੋਂ 20 ਮਾਰਚ ਤੱਕ ਸਕੂਲ ਪੱਧਰੀ ਅਨਬਾਕਸਿੰਗ ਸੈਲੀਬ੍ਰੇਸ਼ਨ ਪ੍ਰੋਗਰਾਮ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ, ਜਿਸ ਵਿੱਚ ਮਾਪਿਆਂ, ਸਕੂਲ ਪ੍ਰਬੰਧਨ ਕਮੇਟੀਆਂ, ਪੰਚਾਇਤਾਂ, ਸੇਵਾਮੁਕਤ ਅਧਿਆਪਕਾਂ ਅਤੇ ਸਾਬਕਾ ਸੈਨਿਕਾਂ ਨੂੰ ਇਸ ਨਵੇਂ ਡਿਜੀਟਲ ਯੁੱਗ ਦੀ ਸ਼ੁਰੂਆਤ ਦੇ ਗਵਾਹ ਬਣਨ ਲਈ ਸੱਦਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਸਮੁੱਚਾ ਭਾਈਚਾਰਾ ਸਰਕਾਰੀ ਸਿੱਖਿਆ ਪ੍ਰਣਾਲੀ ਵਿੱਚ ਕੀਤੀ ਜਾ ਰਹੀ ਇਸ ਅਹਿਮ ਤਬਦੀਲੀ ਦਾ ਅਨੁਭਵ ਕਰੇ। ਅਕਸਰ, ਲੋਕ ਸਰਕਾਰੀ ਸਕੂਲਾਂ ਨੂੰ ਬਾਹਰੋਂ ਦੇਖਦੇ ਹਨ ਅਤੇ ਅੰਦਰਲੀਆਂ ਤਬਦੀਲੀਆਂ ਬਾਰੇ ਉਨ੍ਹਾਂ ਨੂੰ ਅਹਿਸਾਸ ਨਹੀਂ ਹੁੰਦਾ। ਮਾਪਿਆਂ ਨੂੰ ਇਹ ਦੇਖਣ ਦਿਓ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਖੇਤਰ ਦੇ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਬਿਹਤਰ ਨਵੀਨਤਮ ਤਕਨਾਲੋਜੀ ਨਾਲ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸ ਨਾਲ ਸਾਡੀ ਜਨਤਕ ਸਿੱਖਿਆ ਪ੍ਰਣਾਲੀ ਵਿੱਚ ਉਨ੍ਹਾਂ ਦਾ ਵਿਸ਼ਵਾਸ ਹੋਰ ਵਧੇਗਾ।"

# ਵਿਜੀਲੈਂਸ ਵੱਲੋਂ ਐਫ.ਸੀ.ਆਈ. ਅਧਿਕਾਰੀ ਦੇ ਤਕਨੀਕੀ ਸਹਾਇਕ 20,000 ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 26 ਫਰਵਰੀ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਜ਼ਿਲ੍ਹਾ ਜਲੰਧਰ ਦੇ ਭੋਗਪੁਰ ਸਥਿਤ ਐਫਸੀਆਈ ਦਫ਼ਤਰ ਵਿਖੇ ਤਾਇਨਾਤ ਤਕਨੀਕੀ ਸਹਾਇਕ ਰੂਹੀ ਬਾਲਾ ਕਾਲੀਆ ਨੂੰ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ, ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਗੁਰੂ ਤੇਗ ਬਹਾਦਰ ਚੌਲ ਮਿੱਲ, ਨੰਗਲ ਫਿਦਾ, ਸਬ-ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ ਦੇ ਮੈਨੇਜਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਬੰਧੀ ਸ਼ਿਕਾਇਤਕਰਤਾ ਨੇ ਦੱਸਿਆ ਕਿ ਖਰੀਦ ਸੀਜ਼ਨ 2025-26 ਲਈ ਉਕਤ ਚੌਲ ਮਿੱਲ ਨੂੰ ਝੋਨੇ ਦੀਆਂ 49,086 ਬੋਰੀਆਂ ਅਲਾਟ ਕੀਤੀਆਂ ਗਈਆਂ ਸਨ। ਅਲਾਟ ਕੀਤੀ ਗਈ ਮਾਤਰਾ ਵਿੱਚੋਂ, ਚੌਲਾਂ ਦੀਆਂ 1,160 ਬੋਰੀਆਂ ਦੋ ਖੇਪਾਂ (ਹਰੇਕ ਖੇਪ ਵਿੱਚ 580 ਬੋਰੀਆਂ) ਐਫ.ਸੀ.ਆਈ. ਨੂੰ ਭੇਜਣ ਲਈ ਲੰਬਿਤ ਸਨ।

ਉਨ੍ਹਾਂ ਦੱਸਿਆ ਕਿ ਉਕਤ ਦੋ ਖੇਪਾਂ ਭੋਗਪੁਰ ਸਥਿਤ ਐਫ.ਸੀ.ਆਈ. ਗੋਦਾਮ ਵਿੱਚ ਭੇਜੀਆਂ ਗਈਆਂ ਸਨ। ਇਸ ਤੋਂ ਬਾਅਦ, ਦੋਸ਼ੀ ਰੂਹੀ ਬਾਲਾ ਕਾਲੀਆ ਨੇ ਉਕਤ ਖੇਪਾਂ ਨੂੰ ਕਲੀਅਰ ਕਰਨ ਲਈ ਸ਼ਿਕਾਇਤਕਰਤਾ ਤੋਂ 25,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਇਹ ਮੰਗ ਸ਼ਿਕਾਇਤਕਰਤਾ ਦੇ ਮੁਨੀਮ ਆਦਰਸ਼ ਕੁਮਾਰ ਨਾਲ ਮੋਬਾਈਲ ਫੋਨ ਰਾਹੀਂ ਹੋਈ ਗੱਲਬਾਤ ਦੌਰਾਨ ਕੀਤੀ ਗਈ ਸੀ। ਦੱਸਣਯੋਗ ਹੈ ਕਿ ਪਹਿਲਾਂ ਵੀ, ਦੋਸ਼ੀ ਨੇ ਸ਼ਿਕਾਇਤਕਰਤਾ ਤੋਂ ਆਪਣੀ ਫਰਮ ਦੀਆਂ ਪਿਛਲੀਆਂ ਖੇਪਾਂ ਨੂੰ ਕਲੀਅਰ ਕਰਨ ਬਦਲੇ 50,000 ਰੁਪਏ ਰਿਸ਼ਵਤ ਲਈ ਸੀ। ਆਪਣੀਆਂ ਖੇਪਾਂ ਨੂੰ ਰੱਦ ਕਰਨ ਦੇ ਡਰ ਤੋਂ, ਸ਼ਿਕਾਇਤਕਰਤਾ ਮਜਬੂਰੀ ਵਿੱਚ ਰਿਸ਼ਵਤ ਦੇਣ ਲਈ ਸਹਿਮਤ ਹੋ ਗਿਆ। ਹਾਲਾਂਕਿ, ਬੇਨਤੀ ਕਰਨ 'ਤੇ, ਦੋਸ਼ੀ ਬਕਾਇਆ ਖੇਪਾਂ ਨੂੰ ਕਲੀਅਰ ਕਰਨ ਲਈ 20,000 ਰੁਪਏ ਲੈਣ ਲਈ ਸਹਿਮਤ ਹੋ ਗਿਆ। ਰਿਸ਼ਵਤ ਦੀ ਮੰਗ ਸਬੰਧੀ ਸਾਰੀ ਗੱਲਬਾਤ ਸ਼ਿਕਾਇਤਕਰਤਾ ਵੱਲੋਂ ਰਿਕਾਰਡ ਕਰ ਲਈ ਗਈ ਸੀ। ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ, ਇਸ ਲਈ ਉਸਨੇ ਪੰਜਾਬ ਵਿਜੀਲੈਂਸ ਬਿਊਰੋ, ਯੂਨਿਟ ਕਪੂਰਥਲਾ ਕੋਲ ਪਹੁੰਚ ਕੀਤੀ ਅਤੇ ਸ਼ਿਕਾਇਤ ਦਰਜ ਕਰਵਾਈ। ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ, ਵਿਜੀਲੈਂਸ ਬਿਊਰੋ ਨੇ ਇੱਕ ਜਾਲ ਵਿਛਾਇਆ, ਜਿਸ ਦੌਰਾਨ ਦੋਸ਼ੀ ਰੂਹੀ ਬਾਲਾ ਕਾਲੀਆ ਨੂੰ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਇਸ ਸਬੰਧੀ, ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਸੁਨੇਤਰਾ ਪਵਾਰ ਬਣੀ ਐੱਨ.ਸੀ.ਪੀ. ਦੀ ਪ੍ਰਧਾਨ

ਨਵੀਂ ਦਿੱਲੀ, 26 ਫਰਵਰੀ (ਚ.ਨ.ਸ.): ਮਹਾਰਾਸ਼ਟਰ ਦੀ ਉਪ ਮੁੱਖ ਮੰਤਰੀ ਤੇ ਮਰਹੂਮ ਅਜੀਤ ਪਵਾਰ ਦੀ ਪਤਨੀ ਸੁਨੇਤਰਾ ਪਵਾਰ ਨੂੰ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) ਨੇ ਪਾਰਟੀ ਪ੍ਰਧਾਨ ਚੁਣਿਆ ਹੈ। ਇਹ ਫ਼ੈਸਲਾ ਪਾਰਟੀ ਦੀ ਕਾਰਜਕਾਰਨੀ ਦੀ ਬੈਠਕ 'ਚ ਸਰਵਸੰਮਤੀ ਨਾਲ ਲਿਆ ਗਿਆ। ਪਾਰਟੀ ਦੇ ਸੀਨੀਅਰ ਨੇਤਾ ਪ੍ਰਫੁੱਲ ਪਟੇਲ ਨੇ ਇਸ ਫ਼ੈਸਲੇ ਦੀ ਜਾਣਕਾਰੀ ਦਿੱਤੀ ਹੈ। ਦੱਸ ਦੇਈਏ ਕਿ ਕਰੀਬ ਇਕ ਮਹੀਨਾ ਪਹਿਲਾਂ ਅਜੀਤ ਪਵਾਰ ਦੀ ਜਹਾਜ਼ ਹਾਦਸੇ 'ਚ ਮੌਤ ਹੋ ਗਈ ਸੀ। ਇਸ ਤੋਂ ਬਾਅਦ ਸੁਨੇਤਰਾ ਪਵਾਰ ਨੂੰ ਮਹਾਰਾਸ਼ਟਰ ਦੀ ਉਪ ਮੁੱਖ ਮੰਤਰੀ ਬਣਾਇਆ ਗਿਆ। ਮਹਾਰਾਸ਼ਟਰ ਇਕਾਈ ਦੇ ਪ੍ਰਧਾਨ ਸੁਨੀਲ ਤਟਕਰੇ ਨੇ ਉਨ੍ਹਾਂ ਦੇ ਨਾਂ ਦੀ ਹਮਾਇਤ ਕੀਤੀ ਤੇ ਕਿਹਾ ਕਿ ਇਹ ਪਾਰਟੀ ਲਈ ਮਹੱਤਵਪੂਰਨ ਕਦਮ ਹੈ।

ਰਾਸ਼ਟਰੀ ਕਾਰਜਕਾਰਨੀ ਦੇ ਸਾਰੇ ਮੈਂਬਰਾਂ ਨੇ ਹੱਥ ਚੁੱਕ ਕੇ ਉਨ੍ਹਾਂ ਦੀ ਅਗਵਾਈ 'ਤੇ ਭਰੋਸਾ ਪ੍ਰਗਟਾਇਆ। ਬੈਠਕ ਵਿੱਚ ਨੇਤਾਵਾਂ ਨੇ ਸਾਬਕਾ ਐੱਨ.ਸੀ.ਪੀ. ਨੇਤਾ ਤੇ ਮਹਾਰਾਸ਼ਟਰ ਦੇ ਸਾਬਕਾ ਉਪ ਮੁੱਖ ਮੰਤਰੀ ਅਜੀਤ ਪਵਾਰ ਨੂੰ ਸ਼ਰਧਾਂਜਲੀ ਭੇਟ ਕੀਤੀ। 28 ਜਨਵਰੀ 2026 ਨੂੰ ਬਾਰਾਮਤੀ ਵਿੱਚ ਇੱਕ ਜਹਾਜ਼ ਹਾਦਸੇ ਵਿੱਚ ਉਨ੍ਹਾਂ ਦੇ ਦੇਹਾਂਤ ਹੋ ਗਿਆ ਸੀ। ਸੁਨੇਤਰਾ ਪਵਾਰ ਨੇ ਆਪਣੇ ਮਰਹੂਮ ਪਤੀ ਅਜੀਤ ਪਵਾਰ ਦੀ ਜਗ੍ਹਾ ਪਾਰਟੀ ਦੀ ਕਮਾਨ ਸੰਭਾਲੀ ਹੈ। 26 ਫਰਵਰੀ ਨੂੰ ਉਨ੍ਹਾਂ ਨੇ ਅਧਿਕਾਰਕ ਰੂਪ ਨਾਲ ਅਹੁਦਾ ਸੰਭਾਲਿਆ। ਇਸ ਤੋਂ ਪਹਿਲਾਂ ਪਾਰਟੀ ਵਿਧਾਇਕਾਂ ਤੇ ਸੀਨੀਅਰ ਆਗੂਆਂ ਨੇ ਸਰਵਸੰਮਤੀ ਨਾਲ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਸੀ।

## ਸੰਪਾਦਕੀ

# ਕੀ ਡਿਜੀਟਲ ਦੁਨੀਆ ਬੱਚਿਆਂ ਨੂੰ ਬਣਾ ਰਹੀ ਹੈ ਹਿੰਸਕ?

ਅੱਜ ਦੇ ਯੁੱਗ ਵਿੱਚ ਡਿਜੀਟਲ ਤਕਨਾਲੋਜੀ ਨੇ ਸਾਡੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਬਦਲ ਕੇ ਰੱਖ ਦਿੱਤਾ ਹੈ। ਸਮਾਰਟਫੋਨ, ਟੈਬਲੇਟ, ਇੰਟਰਨੈੱਟ ਅਤੇ ਵੀਡੀਓ ਗੇਮਾਂ ਹੁਣ ਬੱਚਿਆਂ ਦੀ ਰੋਜ਼ਾਨਾ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਏ ਹਨ। ਪਰ ਇਸ ਦੇ ਨਾਲ ਹੀ ਇੱਕ ਗੰਭੀਰ ਸਵਾਲ ਉੱਠਦਾ ਹੈ — ਕੀ ਇਹ ਡਿਜੀਟਲ ਸੰਸਾਰ ਬੱਚਿਆਂ ਦੇ ਮਨਾਂ ਵਿੱਚ ਹਿੰਸਾ ਦੇ ਬੀਜ ਬੋ ਰਿਹਾ ਹੈ?

**ਡਿਜੀਟਲ ਸੰਸਾਰ ਅਤੇ ਹਿੰਸਾ ਦਾ ਸਬੰਧ**

ਖੋਜਕਾਰਾਂ ਅਤੇ ਮਨੋਵਿਗਿਆਨੀਆਂ ਨੇ ਕਈ ਵਾਰ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਹਿੰਸਕ ਵੀਡੀਓ ਗੇਮਾਂ ਅਤੇ ਔਨਲਾਈਨ ਸਮੱਗਰੀ ਬੱਚਿਆਂ ਦੇ ਵਿਵਹਾਰ ਉੱਤੇ ਮਾੜਾ ਅਸਰ ਪਾਉਂਦੀ ਹੈ। PUBG, Free Fire ਅਤੇ ਹੋਰ ਲੜਾਈ-ਝਗੜੇ ਵਾਲੀਆਂ ਗੇਮਾਂ ਵਿੱਚ ਖ਼ੂਨ-ਖਰਾਬੇ ਨੂੰ ਮਨੋਰੰਜਨ ਵਜੋਂ ਪੇਸ਼ ਕੀਤਾ ਜਾਂਦਾ ਹੈ। ਜਦੋਂ ਬੱਚਾ ਘੰਟਿਆਂਬੱਧੀ ਇਸ ਤਰ੍ਹਾਂ ਦੀਆਂ ਗੇਮਾਂ ਖੇਡਦਾ ਹੈ, ਤਾਂ ਉਸ ਦੇ ਮਨ ਵਿੱਚ ਹਿੰਸਾ ਪ੍ਰਤੀ ਸੰਵੇਦਨਸ਼ੀਲਤਾ ਘੱਟ ਹੋਣ ਲੱਗਦੀ ਹੈ। ਉਹ ਹਿੰਸਾ ਨੂੰ ਆਮ ਗੱਲ ਸਮਝਣ ਲੱਗ ਪੈਂਦਾ ਹੈ।

ਇਸ ਤੋਂ ਇਲਾਵਾ ਸੋਸ਼ਲ ਮੀਡੀਆ ਉੱਤੇ ਹਿੰਸਕ ਵੀਡੀਓ, ਨ.ਫਰਤ ਭਰੀਆਂ ਟਿੱਪਣੀਆਂ ਅਤੇ ਸਾਈਬਰ ਧੱਕੇਸ਼ਾਹੀ ਵੀ ਬੱਚਿਆਂ ਦੇ ਮਾਨਸਿਕ ਵਿਕਾਸ ਉੱਤੇ ਡੂੰਘਾ ਅਸਰ ਪਾਉਂਦੇ ਹਨ। ਕੁਝ ਬੱਚੇ ਔਨਲਾਈਨ ਧੱਕੇਸ਼ਾਹੀ ਦਾ ਸ਼ਿਕਾਰ ਹੋ ਕੇ ਖ਼ੁਦ ਹਮਲਾਵਰ ਬਣ ਜਾਂਦੇ ਹਨ। ਗੁੱਸਾ ਅਤੇ ਨਿਰਾਸ਼ਾ ਅਸਲ ਜ਼ਿੰਦਗੀ ਵਿੱਚ ਹਿੰਸਕ ਰੂਪ ਧਾਰਨ ਕਰ ਲੈਂਦੀ ਹੈ।

**ਦੂਜਾ ਪੱਖ — ਡਿਜੀਟਲ ਦੁਨੀਆ ਇਕੱਲੀ ਜ਼ਿੰਮੇਵਾਰ ਨਹੀਂ**: ਹਾਲਾਂਕਿ ਇਹ ਸੱਚ ਹੈ ਕਿ ਡਿਜੀਟਲ ਸੰਸਾਰ ਦੇ ਕੁਝ ਹਿੱਸੇ ਖ਼ਤਰਨਾਕ ਹਨ, ਪਰ ਇਹ ਕਹਿਣਾ ਕਿ ਕੇਵਲ ਡਿਜੀਟਲ ਦੁਨੀਆ ਹੀ ਬੱਚਿਆਂ ਨੂੰ ਹਿੰਸਕ ਬਣਾਉਂਦੀ ਹੈ — ਇਹ ਅਧੂਰਾ ਸੱਚ ਹੈ। ਬੱਚੇ ਦੇ ਵਿਵਹਾਰ ਨੂੰ ਘਰ ਦਾ ਮਾਹੌਲ, ਮਾਪਿਆਂ ਦਾ ਵਿਵਹਾਰ, ਸਕੂਲ ਦਾ ਵਾਤਾਵਰਣ ਅਤੇ ਸਮਾਜਿਕ ਹਾਲਾਤ ਵੀ ਬਰਾਬਰ ਪ੍ਰਭਾਵਿਤ ਕਰਦੇ ਹਨ। ਜੇ ਬੱਚਾ ਘਰ ਵਿੱਚ ਪਿਆਰ ਅਤੇ ਸੁਰੱਖਿਆ ਮਹਿਸੂਸ ਕਰਦਾ ਹੈ, ਤਾਂ ਡਿਜੀਟਲ ਸਮੱਗਰੀ ਦਾ ਅਸਰ ਬਹੁਤ ਘੱਟ ਹੋ ਜਾਂਦਾ ਹੈ।

ਇਸ ਤੋਂ ਇਲਾਵਾ ਡਿਜੀਟਲ ਦੁਨੀਆ ਦੇ ਕਈ ਚੰਗੇ ਪਹਿਲੂ ਵੀ ਹਨ। ਸਿੱਖਿਆ ਦੇ ਔਨਲਾਈਨ ਸਾਧਨ, ਰਚਨਾਤਮਕ ਖੇਡਾਂ ਅਤੇ ਗਿਆਨ ਵਧਾਉਣ ਵਾਲੀਆਂ ਵੈੱਬਸਾਈਟਾਂ ਬੱਚਿਆਂ ਦੇ ਮਾਨਸਿਕ ਵਿਕਾਸ ਵਿੱਚ ਮਦਦਗਾਰ ਹਨ। ਸਵਾਲ ਡਿਜੀਟਲ ਤਕਨਾਲੋਜੀ ਦਾ ਨਹੀਂ, ਸਗੋਂ ਇਸ ਦੀ ਵਰਤੋਂ ਦੇ ਤਰੀਕੇ ਦਾ ਹੈ।

**ਮਾਪਿਆਂ ਅਤੇ ਸਮਾਜ ਦੀ ਜ਼ਿੰਮੇਵਾਰੀ**

ਇਸ ਸਮੱਸਿਆ ਦਾ ਹੱਲ ਡਿਜੀਟਲ ਤਕਨਾਲੋਜੀ ਨੂੰ ਬਿਲਕੁਲ ਬੰਦ ਕਰਨ ਵਿੱਚ ਨਹੀਂ, ਸਗੋਂ ਸਮਝਦਾਰੀ ਨਾਲ ਇਸ ਦੀ ਵਰਤੋਂ ਕਰਨ ਵਿੱਚ ਹੈ। ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਦੀ ਸਕ੍ਰੀਨ ਸਮੇਂ ਦੀ ਨਿਗਰਾਨੀ ਕਰਨ, ਉਨ੍ਹਾਂ ਨੂੰ ਦੱਸਣ ਕਿ ਕਿਹੜੀ ਸਮੱਗਰੀ ਦੇਖਣਾ ਠੀਕ ਹੈ ਅਤੇ ਕਿਹੜੀ ਨਹੀਂ। ਸਕੂਲਾਂ ਨੂੰ ਵੀ ਡਿਜੀਟਲ ਸਾਖਰਤਾ ਦੇ ਨਾਲ-ਨਾਲ ਨੈਤਿਕ ਸਿੱਖਿਆ ਦੇਣੀ ਚਾਹੀਦੀ ਹੈ ਤਾਂ ਜੋ ਬੱਚੇ ਔਨਲਾਈਨ ਅਤੇ ਅਸਲ ਦੁਨੀਆ ਵਿੱਚ ਫ਼ਰਕ ਸਮਝ ਸਕਣ।

ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਔਨਲਾਈਨ ਪਲੇਟਫਾਰਮਾਂ ਉੱਤੇ ਹਿੰਸਕ ਸਮੱਗਰੀ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਏ ਅਤੇ ਗੇਮਾਂ ਦੀ ਉਮਰ ਸੀਮਾ ਦੀ ਪਾਲਣਾ ਯਕੀਨੀ ਕਰੇ।

**ਸਿੱਟਾ**: ਡਿਜੀਟਲ ਦੁਨੀਆ ਆਪਣੇ ਆਪ ਵਿੱਚ ਨਾ ਚੰਗੀ ਹੈ ਨਾ ਮਾੜੀ — ਇਹ ਤਾਂ ਇੱਕ ਸੰਦ ਹੈ। ਇਸ ਸੰਦ ਦੀ ਵਰਤੋਂ ਕਿਵੇਂ ਹੁੰਦੀ ਹੈ, ਇਹ ਸਾਡੇ ਉੱਤੇ ਨਿਰਭਰ ਕਰਦਾ ਹੈ। ਜੇ ਅਸੀਂ ਬੱਚਿਆਂ ਨੂੰ ਸਹੀ ਮਾਰਗਦਰਸ਼ਨ ਦੇਈਏ, ਉਨ੍ਹਾਂ ਨਾਲ ਖੁੱਲ੍ਹ ਕੇ ਗੱਲ ਕਰੀਏ ਅਤੇ ਉਨ੍ਹਾਂ ਦੇ ਔਨਲਾਈਨ ਤਜਰਬਿਆਂ ਵਿੱਚ ਦਿਲਚਸਪੀ ਲਈਏ, ਤਾਂ ਡਿਜੀਟਲ ਸੰਸਾਰ ਬੱਚਿਆਂ ਨੂੰ ਹਿੰਸਕ ਨਹੀਂ, ਸਗੋਂ ਹੋਰ ਵੀ ਸਮਝਦਾਰ ਅਤੇ ਜ਼ਿੰਮੇਵਾਰ ਨਾਗਰਿਕ ਬਣਾ ਸਕਦਾ ਹੈ।

**-ਜਗਜੀਤ ਸਿੰਘ ਦਰਦੀ**

# ਏਆਈ ਦਾ ਭਵਿੱਖ ਅਤੇ ਭਾਰਤ : ਤਰੱਕੀ ਦੇ ਰਸਤੇ 'ਤੇ ਖੜ੍ਹੀ ਇੱਕ ਨਵੇਂ ਯੁੱਗ ਤੇ ਸਭਿਆਚਾਰ ਦੀ ਚੁਣੌਤੀ

ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

## ਅਗਲੇ ਪੰਜ ਸਾਲ ਵਿੱਚ ਬਦਲ ਜਾਏਗਾ ਸਮਾਜ ਦਾ ਢਾਂਚਾ ਪੰਜਾਬੀ ਸਮਾਜ ਕਿੱਥੇ ਹੋਵੇਗਾ ਇਹ ਸਵਾਲ ਖੜ੍ਹਾ ਹੈ?

ਦੁਨੀਆਂ ਅੱਜ ਇੱਕ ਨਵੀਂ ਉਦਯੋਗਿਕ ਕ੍ਰਾਂਤੀ ਦੇ ਦਰਵਾਜ਼ੇ 'ਤੇ ਖੜ੍ਹੀ ਹੈ। ਇਹ ਕ੍ਰਾਂਤੀ ਭਾਫ਼ ਇੰਜਣ, ਬਿਜਲੀ ਜਾਂ ਇੰਟਰਨੈੱਟ ਵਾਲੀ ਕ੍ਰਾਂਤੀ ਨਹੀਂ, ਸਗੋਂ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੀ ਕ੍ਰਾਂਤੀ ਹੈ। ਇਸ ਕ੍ਰਾਂਤੀ ਦਾ ਸਭ ਤੋਂ ਵੱਡੀ ਪ੍ਰਯੋਗਸ਼ਾਲਾ ਜੇ ਕੋਈ ਦੇਸ਼ ਬਣ ਰਿਹਾ ਹੈ, ਤਾਂ ਉਹ ਭਾਰਤ ਹੈ, ਜਿੱਥੇ ਤਕਨਾਲੋਜੀ ਅਤੇ ਮਨੁੱਖੀ ਮਿਹਨਤ ਇੱਕੋ ਸਮੇਂ ਇਕੱਠੇ ਜੀਅ ਰਹੇ ਹਨ।

ਨਾਰਵੇ ਦੇ ਇੱਕ ਪੱਤਰਕਾਰ ਦਾ ਨਵੀਂ ਦਿੱਲੀ ਦੌਰੇ ਦਰ ਦੀ ਰਿਪੋਰਟ ਕਰਦਿਆਂ ਹੋਇਆਂ ਲਿਖਿਆ ਹੈ ਕਿ ਇਹ ਸਿਰਫ਼ ਇੱਕ ਯਾਤਰਾ ਨਹੀਂ ਸੀ; ਉਹ ਇੱਕ ਵਿਕਾਸਸ਼ੀਲ ਸਮਾਜ ਦੇ ਅੰਦਰ ਚੱਲ ਰਹੀ ਗਹਿਰੀ ਤਬਦੀਲੀ ਦਾ ਦਰਸ਼ਨ ਸੀ।

ਉਸਦੀ ਨਜ਼ਰ ਵਿੱਚ ਭਾਰਤ ਇੱਕ "ਐਂਥਿਲ"ਅਰਥਾਤ ਕੀੜੀਆਂ ਦੇ ਢੇਰ—ਵਾਂਗ ਦਿਸਦਾ ਹੈ, ਜਿੱਥੇ ਲੱਖਾਂ ਲੋਕ ਲਗਾਤਾਰ ਗਤੀ ਵਿੱਚ ਹਨ। ਹਰ ਵਿਅਕਤੀ ਕੰਮ ਕਰ ਰਿਹਾ ਹੈ, ਦੌੜ ਰਿਹਾ ਹੈ, ਜੀਵਨ ਦੀ ਲੜਾਈ ਲੜ ਰਿਹਾ ਹੈ। ਪਰ ਸਵਾਲ ਇਹ ਹੈ ਕਿ ਜਦੋਂ ਮਸ਼ੀਨਾਂ ਇਸ ਗਤੀ ਨੂੰ ਆਪਣੇ ਹੱਥ ਵਿੱਚ ਲੈ ਲੈਣਗੀਆਂ ਤਾਂ ਮਨੁੱਖ ਦੀ ਥਾਂ ਕਿੱਥੇ ਰਹੇਗੀ?

ਅੱਜ ਬਦਲਦਾ ਭਾਰਤ ਦੋ ਦਹਾਕਿਆਂ ਦੀ ਵੱਡੀ ਛਾਲ ਹੈ। ਕੇਵਲ 20-25 ਸਾਲ ਪਹਿਲਾਂ ਦਾ ਭਾਰਤ ਅਤੇ ਅੱਜ ਦਾ ਭਾਰਤ ਦੋ ਵੱਖਰੇ ਯੁੱਗਾਂ ਦੇ ਦੇਸ਼ ਲੱਗਦੇ ਹਨ। ਇੱਕ ਸਮਾਂ ਸੀ ਜਦੋਂ ਨਕਦ ਹੀ ਅਰਥਵਿਵਸਥਾ ਦੀ ਰੀੜ੍ਹ ਸੀ, ਸਮਾਜਕ ਪਾਬੰਦੀਆਂ ਕਾਫ਼ੀ ਕਠੋਰ ਸਨ। ਤਕਨਾਲੋਜੀ ਸ਼ਹਿਰਾਂ ਦੇ ਕੁੱਝ ਹਿੱਸਿਆਂ ਤੱਕ ਸੀਮਿਤ ਸੀ। ਅੱਜ ਦ੍ਰਿਸ਼ ਬਦਲ ਗਿਆ ਹੈ। ਅੱਜ ਸਮਾਰਟਫੋਨ ਹੱਥ ਵਿੱਚ ਹੈ, ਡਿਜੀਟਲ ਭੁਗਤਾਨ ਆਮ ਹੈ, ਨੌਜਵਾਨ ਗਲੋਬਲ ਸੱਭਿਆਚਾਰ ਨਾਲ ਜੁੜੇ ਹੋਏ ਹਨ। ਮੱਧ ਵਰਗ ਦਾ ਵਿਸਤਾਰ ਹੋਇਆ ਹੈ। ਆਈਟੀ ਅਤੇ ਸੇਵਾ ਖੇਤਰ ਨੇ ਕਰੋੜਾਂ ਲੋਕਾਂ ਨੂੰ ਪਹਿਲੀ ਵਾਰ ਸਥਿਰ ਆਮਦਨ ਦਿੱਤੀ ਹੈ।

ਅੱਜ ਭਾਰਤ ਦੀਆਂ ਸੜਕਾਂ 'ਤੇ ਇਹ ਬਦਲਾਅ ਸਪੱਸ਼ਟ ਦਿਸਦਾ ਹੈ—ਇਲੈਕਟ੍ਰਿਕ ਬੱਸਾਂ, ਐਪ-ਅਧਾਰਿਤ ਟੈਕਸੀਆਂ, ਡਿਜ਼ੀਟਲ ਮੈਪ ਅਤੇ ਡਿਲੀਵਰੀ ਅਰਥਵਿਵਸਥਾ। ਪਰ ਇਸ ਵਿਕਾਸ ਦੇ ਨਾਲ ਇੱਕ ਅਦ੍ਰਿਸ਼ ਤਣਾਅ ਵੀ ਪੈਦਾ ਹੋ ਰਿਹਾ ਹੈ। ਅੱਜ ਸੜਕਾਂ ਭਾਰਤ ਦੀ ਜੀਵੰਤ ਅਰਥਵਿਵਸਥਾ ਦਿੱਲੀ ਜਾਂ ਮੁੰਬਈ ਦੀ ਸੜਕ ਸਿਰਫ਼ ਆਵਾਜਾਈ ਦਾ ਮਾਧਿਅਮ ਨਹੀਂ; ਇਹ ਜੀਵਿਕਾ ਦਾ ਕੇਂਦਰ ਹੈ। ਅੱਜ ਆਟੋ ਰਿਕਸ਼ਾ ਚਾਲਕ ਟੈਂਪੂ ਡਰਾਈਵਰ, ਡਿਲੀਵਰੀ ਬੁਆਏ ਰੇਹੜੀ ਵਾਲੇ ਤੇ ਮੋਟਰਸਾਈਕਲ ਦੁਆਰਾ ਸਮਾਨ ਲਿਜਾਣ ਵਾਲੇ ਮਜ਼ਦੂਰ, ਇਹ ਸਭ ਮਿਲ ਕੇ ਇੱਕ ਅਜਿਹੀ ਅਰਥਵਿਵਸਥਾ ਬਣਾਉਂਦੇ ਹਨ, ਜਿਸਨੂੰ "ਇਨਫਾਰਮਲ ਇਕਾਨੋਮੀ" ਕਿਹਾ ਜਾਂਦਾ ਹੈ। ਭਾਰਤ ਦੀ ਵੱਡੀ ਜਨਸੰਖਿਆ ਇਸੀ 'ਤੇ ਨਿਰਭਰ ਹੈ। ਪਰ ਅੱਜ ਹੁਣ ਤਕਨਾਲੋਜੀ ਇੱਕ ਨਵਾਂ ਸਵਾਲ ਪੁੱਛ ਰਹੀ ਹੈ। ਜੇ ਡਰਾਈਵਰ ਰਹਿਤ ਕਾਰਾਂ ਆ ਗਈਆਂ ਤਾਂ ਡਰਾਈਵਰਾਂ ਦਾ ਕੀ ਹੋਵੇਗਾ? ਜੇ ਡਰੋਨ ਡਿਲੀਵਰੀ ਆਮ ਹੋ ਗਈ ਤਾਂ ਲੱਖਾਂ ਡਿਲੀਵਰੀ ਕਰਮਚਾਰੀ ਕਿੱਥੇ ਜਾਣਗੇ? ਜੇ ਰੋਬੋਟ ਰਿਟੇਲ ਦੁਕਾਨਾਂ ਚਲਾਉਣ ਲੱਗ ਪਏ ਤਾਂ ਛੋਟੇ ਵਪਾਰੀ ਕਿਵੇਂ ਟਿਕਣਗੇ? ਇਹ ਸਵਾਲ ਸਿਰਫ਼ ਤਕਨੀਕੀ ਨਹੀਂ, ਸਮਾਜਕ ਅਤੇ ਰਾਜਨੀਤਿਕ ਵੀ ਹਨ।

**ਅੱਜ ਭਾਰਤ ਕੋਲ ਏਆਈ ਮੌਕਾ ਜਾਂ ਮਜ਼ਦੂਰੀ ਸੰਕਟ** : ਇਤਿਹਾਸ ਦੱਸਦਾ ਹੈ ਕਿ ਹਰ ਉਦਯੋਗਿਕ ਕ੍ਰਾਂਤੀ ਨੇ ਨੌਕਰੀਆਂ ਖਤਮ ਵੀ ਕੀਤੀਆਂ ਅਤੇ ਨਵੀਆਂ ਪੈਦਾ ਵੀ ਕੀਤੀਆਂ। ਪਰ ਏਆਈ ਕ੍ਰਾਂਤੀ ਦੀ ਖਾਸੀਅਤ ਇਹ ਹੈ ਕਿ ਇਹ ਸਿਰਫ਼ ਹੱਥ ਦੀ ਮਿਹਨਤ ਨਹੀਂ, ਦਿਮਾਗੀ ਕੰਮ ਨੂੰ ਵੀ ਬਦਲ ਰਹੀ ਹੈ।

ਹੁਣ ਮਸ਼ੀਨਾਂ ਲਿਖ ਸਕਦੀਆਂ ਹਨ, ਡਿਜ਼ਾਇਨ ਕਰ ਸਕਦੀਆਂ ਹਨ, ਡਾਟਾ ਵਿਸ਼ਲੇਸ਼ਣ ਕਰ ਸਕਦੀਆਂ ਹਨ, ਫੈਸਲੇ ਲੈ ਸਕਦੀਆਂ ਹਨ, ਇਸਦਾ ਮਤਲਬ ਹੈ ਕਿ ਖਤਰਾ ਸਿਰਫ਼ ਮਜ਼ਦੂਰ ਵਰਗ ਨੂੰ ਨਹੀਂ, ਸਫ਼ੇਦ ਕਾਲਰ ਨੌਕਰੀਆਂ ਨੂੰ ਵੀ ਹੈ।

ਨਾਰਵੇ ਵਰਗੇ ਦੇਸ਼ਾਂ ਕੋਲ ਸਮਾਜਕ ਸੁਰੱਖਿਆ ਪ੍ਰਣਾਲੀ ਹੈ—ਬੇਰੁਜ਼ਗਾਰੀ ਭੱਤਾ, ਸਕਿੱਲ ਟਰੇਨਿੰਗ ਅਤੇ ਰਾਜ ਦੀ ਮਜ਼ਬੂਤ ਭੂਮਿਕਾ। ਪਰ ਭਾਰਤ ਵਰਗੇ ਦੇਸ਼ਾਂ ਵਿੱਚ, ਜਿੱਥੇ ਕਰੋੜਾਂ ਲੋਕ ਦਿਨ ਦੀ ਕਮਾਈ 'ਤੇ ਜੀਵਨ ਚਲਾਉਂਦੇ ਹਨ, ਅਚਾਨਕ ਤਕਨੀਕੀ ਬਦਲਾਅ ਸਮਾਜਕ ਅਸਥਿਰਤਾ ਪੈਦਾ ਕਰ ਸਕਦਾ ਹੈ।

ਅੱਜ ਵਿਕਾਸ ਦੀ ਵਿਰੋਧਾਭਾਸੀ ਤਸਵੀਰ, ਭਾਰਤ ਇੱਕ ਅਨੋਖਾ ਵਿਰੋਧਾਭਾਸ ਹੈ—ਇੱਕ ਪਾਸੇ ਏਆਈ ਸਟਾਰਟਅਪ ਤੇ ਡਿਜ਼ੀਟਲ ਇੰਡੀਆ । ਗਲੋਬਲ ਟੈਕ ਹੱਬ ਦੂਜੇ ਪਾਸੇ ਅਣਸੰਗਠਿਤ ਮਜ਼ਦੂਰੀ।

**ਘੱਟ ਸਕਿੱਲ ਵਾਲੀ ਜਨਸੰਖਿਆ ਤੇ ਆਮਦਨੀ ਅਸਮਾਨਤਾ**

ਇਸ ਕਰਕੇ ਏਆਈ ਦਾ ਪ੍ਰਭਾਵ ਇੱਥੇ ਯੂਰਪ ਨਾਲੋਂ ਕਈ ਗੁਣਾ ਵੱਡਾ ਹੋ ਸਕਦਾ ਹੈ। ਅੱਜ ਜੇ ਵਿਕਾਸ ਸਿਰਫ਼ ਕੁਝ ਟੈਕ ਕੰਪਨੀਆਂ ਤੱਕ ਸੀਮਿਤ ਰਹਿੰਦਾ ਹੈ, ਤਾਂ ਇਹ ਆਰਥਿਕ ਏਕਾਧਿਕਾਰ (Monopoly Capitalism) ਨੂੰ ਜਨਮ ਦੇ ਸਕਦਾ ਹੈ—ਜਿੱਥੇ ਲਾਭ ਕੁਝ ਹੱਥਾਂ ਵਿੱਚ ਕੇਂਦਰਿਤ ਹੋ ਜਾਣ।

ਕੀ ਅੱਜ ਹਰ ਕੋਈ ਆਈਟੀ ਮਾਹਰ ਬਣ ਸਕਦਾ ਹੈ? ਅਕਸਰ ਕਿਹਾ ਜਾਂਦਾ ਹੈ—"ਨਵੀਆਂ ਸਕਿੱਲਜ਼ ਸਿੱਖੋ।" ਪਰ ਹਕੀਕਤ ਇਹ ਹੈ ਕਿ ਹਰ ਵਿਅਕਤੀ ਕੋਡਰ ਨਹੀਂ ਬਣ ਸਕਦਾ। ਹਰ ਮਜ਼ਦੂਰ ਡਾਟਾ ਸਾਇੰਟਿਸਟ ਨਹੀਂ ਬਣ ਸਕਦਾ।

ਇਸ ਲਈ ਨੀਤੀ ਨਿਰਧਾਰਕਾਂ ਲਈ ਵੱਡੀ ਚੁਣੌਤੀ ਹੈ ਰੀ-ਸਕਿਲਿੰਗ ਸਮਾਜਕ ਸੁਰੱਖਿਆ ਨਵੀਆਂ ਮਜ਼ਦੂਰੀ ਨੀਤੀਆਂ।

**ਮਨੁੱਖ-ਕੇਂਦਰਿਤ ਤਕਨਾਲੋਜੀ ਵਿਕਾਸ ਤੇ "ਐਂਥਿਲ" ਦੀ ਉਪਮਾ : ਇੱਕ ਗਹਿਰੀ ਚੇਤਾਵਨੀ**

। ਕੀੜੀਆਂ ਦਾ ਢੇਰ ਬਹੁਤ ਸੁਚੱਜੀ ਪ੍ਰਣਾਲੀ ਹੁੰਦਾ ਹੈ। ਹਰ ਕੀੜੀ ਆਪਣਾ ਕੰਮ ਕਰਦੀ ਹੈ। ਪਰ ਜੇ ਕੋਈ ਵੱਡਾ ਪੈਰ ਉਸ 'ਤੇ ਪੈ ਜਾਵੇ, ਤਾਂ ਪੂਰਾ ਢਾਂਚਾ ਇਕ ਪਲ ਵਿੱਚ ਤਬਾਹ ਹੋ ਜਾਂਦਾ ਹੈ।

**ਨਾਰਵੇਈ ਪੱਤਰਕਾਰ ਦੀ ਚੇਤਾਵਨੀ ਇਹੀ ਹੈ—**

ਭਾਰਤ ਵਰਗੇ ਦੇਸ਼ ਵਿੱਚ ਤਕਨਾਲੋਜੀ ਦੀ ਇੱਕ ਗਲਤ ਨੀਤੀ ਲੱਖਾਂ ਲੋਕਾਂ ਦੀ ਜੀਵਿਕਾ ਨੂੰ ਪ੍ਰਭਾਵਿਤ ਕਰ ਸਕਦੀ ਹੈ। ਅੱਗੇ ਦਾ ਰਸਤਾ ਮਨੁੱਖ ਅਤੇ ਮਸ਼ੀਨ ਦੀ ਸਾਂਝ ਭਾਰਤ ਲਈ ਹੱਲ ਤਕਨਾਲੋਜੀ ਨੂੰ ਰੋਕਣਾ ਨਹੀਂ, ਸਗੋਂ ਉਸਨੂੰ ਸਮਾਜਕ ਨਿਆਂ ਨਾਲ ਜੋੜਨਾ ਹੈ।

**ਭਵਿੱਖ ਦਾ ਮਾਡਲ ਹੋਣਾ ਚਾਹੀਦਾ ਹੈ—**

AI + ਮਨੁੱਖੀ ਰੋਜ਼ਗਾਰ
Automation + Social Protection
Innovation + Inclusion

ਜੇ ਏਆਈ ਮਨੁੱਖ ਦੀ ਸਹਾਇਕ ਬਣਦੀ ਹੈ ਤਾਂ ਇਹ ਸਭ ਤੋਂ ਵੱਡੀ ਕ੍ਰਾਂਤੀ ਹੋਵੇਗੀ। ਪਰ ਜੇ ਇਹ ਮਨੁੱਖ ਦੀ ਥਾਂ ਲੈਂਦੀ ਹੈ, ਤਾਂ ਇਹ ਸਮਾਜਕ ਸੰਕਟ ਬਣ ਸਕਦੀ ਹੈ।

ਭਾਰਤ ਅੱਜ ਭਵਿੱਖ ਦੀ ਪ੍ਰਯੋਗਸ਼ਾਲਾ ਹੈ। ਇੱਥੇ ਭਵਿੱਖ ਪਹਿਲਾਂ ਹੀ ਆ ਚੁੱਕਾ ਹੈ—ਡਿਜ਼ੀਟਲ ਭੁਗਤਾਨਾਂ ਵਿੱਚ, ਸਮਾਰਟਫੋਨਾਂ ਵਿੱਚ, ਏਆਈ ਕਾਨਫਰੰਸਾਂ ਵਿੱਚ ਅਤੇ ਭੀੜ-ਭੜੱਕੇ ਵਾਲੀਆਂ ਸੜਕਾਂ ਵਿੱਚ ਪਰ ਅਸਲ ਸਵਾਲ ਇਹ ਨਹੀਂ ਕਿ ਤਕਨਾਲੋਜੀ ਕਿੰਨੀ ਤੇਜ਼ੀ ਨਾਲ ਆ ਰਹੀ ਹੈ।

ਅਸਲ ਸਵਾਲ ਇਹ ਹੈ—ਕੀ ਵਿਕਾਸ ਮਨੁੱਖ ਨੂੰ ਨਾਲ ਲੈ ਕੇ ਚੱਲੇਗਾ ਜਾਂ ਉਸਨੂੰ ਪਿੱਛੇ ਛੱਡ ਦੇਵੇਗਾ? ਜੇ ਅਸੀਂ ਸਾਵਧਾਨੀ ਨਾਲ ਨਹੀਂ ਚੱਲੇ, ਤਾਂ ਤਰੱਕੀ ਦਾ ਇੱਕ ਗਲਤ ਕਦਮ ਸਾਨੂੰ ਉਸ "ਐਂਥਿਲ" 'ਤੇ ਖੜ੍ਹਾ ਕਰ ਸਕਦਾ ਹੈ ਜਿੱਥੇ ਵਿਕਾਸ ਦੀ ਚਮਕ ਦੇ ਹੇਠਾਂ ਅਸਮਾਨਤਾ ਦਾ ਵਿਸਫੋਟ ਲੁਕਿਆ ਹੋਵੇਗਾ।

# ਡੀਜੀਪੀ ਗੌਰਵ ਯਾਦਵ ਦੇ ਦੋਹੀਂ ਹੱਥੀਂ ਲੱਡੂ

ਕਮਲਜੀਤ ਸਿੰਘ ਬਨਵੈਤ
98147 34035

- ☛ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਇੱਕ ਬਿੱਲ ਦੇ ਹਵਾਲੇ ਨਾਲ ਸਰਕਾਰ ਯੂਪੀਐਸਸੀ ਨੂੰ ਪੈਨਲ ਭੇਜਣ ਦੀ ਨਹੀਂ ਪਾਬੰਦ
- ☛ ਸਰਕਾਰ ਦੇ ਇਸ ਬਿੱਲ ਨੂੰ ਉਦੋਂ ਦੇ ਰਾਜਪਾਲ ਨੇ ਭੇਜ ਦਿੱਤਾ ਸੀ ਰਾਸ਼ਟਰਪਤੀ ਕੋਲ ਪ੍ਰਵਾਨਗੀ ਲਈ
- ☛ ਗੌਰਵ ਯਾਦਵ ਤੋਂ ਪਹਿਲਾਂ ਵੀ ਸੀਨੀਆਰਤਾ ਤੋੜ ਕੇ ਲਗਾਏ ਜਾਂਦੇ ਰਹੇ ਹਨ ਪੰਜਾਬ ਪੁਲਿਸ ਦੇ ਮੁਖੀ
- ☛ ਸਰਕਾਰ ਪੈਨਲ ਭੇਜਦੀ ਹੈ ਤਦ ਗੌਰਵ ਯਾਦਵ ਉੱਤੇ ਰੈਗੂਲਰ ਡੀ ਜੀ ਪੀ ਪੈ ਸਕਦੈ ਗੁਣਾਂ

ਪੰਜਾਬ ਵਿੱਚ ਇਸ ਵੇਲੇ 17 ਅਫ਼ਸਰ ਡੀਜੀਪੀ ਰੈਂਕ 'ਤੇ ਕੰਮ ਕਰ ਰਹੇ ਹਨ। ਇਹਨਾਂ ਵਿੱਚੋਂ ਸੰਜੀਵ ਕਾਲੜਾ ਸਭ ਤੋਂ ਸੀਨੀਅਰ ਹਨ ਪਰ ਉਹ 28 ਫਰਵਰੀ ਨੂੰ ਰਿਟਾਇਰ ਹੋ ਜਾਣਗੇ। ਉਹ ਛੇ ਡੀਜੀਪੀ ਬਣਨ ਤੋਂ ਬਾਅਦ ਛੇ ਮਹੀਨੇ ਨੌਕਰੀ ਵਿੱਚ ਰਹਿਣ ਦੀ ਸ਼ਰਤ ਪੂਰੀ ਨਹੀਂ ਕਰਦੇ। ਉਹਨਾਂ ਤੋਂ ਬਿਨਾਂ ਪੱਕੇ ਡੀਜੀਪੀ ਦੇ ਪੈਨਲ ਵਿੱਚ ਸ਼ਰਦ ਸੱਤਿਆ ਚੌਹਾਨ, ਹਰਪ੍ਰੀਤ ਸਿੰਘ ਸਿੱਧੂ ਅਤੇ ਕੁਲਦੀਪ ਸਿੰਘ ਦਾ ਨਾਂ ਦੇਖਿਆ ਜਾ ਸਕਦਾ ਹੈ। ਪੰਜਾਬ ਕੇਡਰ ਦੇ ਰਾਅ ਚੀਫ਼ ਪਰਾਗ ਜੈਨ ਵੀ ਸੀਨੀਅਰ ਹਨ ਪਰ ਉਹਨਾਂ ਦੇ ਵਾਪਸ ਆਉਣ ਦੀ ਉਮੀਦ ਘੱਟ ਹੀ ਹੈ। ਪੈਨਲ ਵਿੱਚ ਗੌਰਵ ਯਾਦਵ ਦਾ ਨਾਂ ਵੀ ਹੋਵੇਗਾ। ਹੁਣ ਡੀਜੀਪੀ ਦੀਆਂ ਸ਼ਰਤਾਂ ਪੂਰੀਆਂ ਕਰਨ ਲੱਗੇ ਹਨ। ਉਹਨਾਂ ਨੂੰ ਕਾਰਜਕਾਰੀ ਡੀਜੀਪੀ ਲਾਇਆ ਗਿਆ ਸੀ ਤਦ ਸੀਨੀਆਰਤਾ ਨੂੰ ਧਿਆਨ ਵਿੱਚ ਨਹੀਂ ਸੀ ਰੱਖਿਆ ਗਿਆ।

ਗੌਰਵ ਯਾਦਵ ਸਾਢੇ ਤਿੰਨ ਸਾਲ ਤੋਂ ਕਾਰਜਕਾਰੀ ਡੀਜੀਪੀ ਚਲੇ ਆ ਰਹੇ ਹਨ। ਉਹਨਾਂ ਨੂੰ ਇਸ ਅਹੁਦੇ ਉੱਤੇ 4 ਜੁਲਾਈ 2022 ਨੂੰ ਨਿਯੁਕਤ ਕੀਤਾ ਗਿਆ ਸੀ। ਪੰਜਾਬ ਸਰਕਾਰ ਵੱਲੋਂ ਉਦੋਂ ਤੋਂ ਲੈ ਕੇ ਹੁਣ ਤੱਕ ਰੈਗੂਲਰ ਡੀਜੀਪੀ ਦਾ ਪੈਨਲ ਨਹੀਂ ਭੇਜਿਆ ਗਿਆ। ਮੁਲਕ ਦੀ ਸਿਖ਼ਰਲੀ ਅਦਾਲਤ ਸੁਪਰੀਮ ਕੋਰਟ ਨੇ ਕਰੀਬ ਤਿੰਨ ਹਫਤੇ ਪਹਿਲਾਂ ਅੱਠ ਰਾਜਾਂ ਵਿੱਚ ਕਾਰਜਕਾਰੀ ਡੀਜੀਪੀ ਲਾਏ ਜਾਣ ਉੱਤੇ ਸਵਾਲ ਖੜ੍ਹੇ ਕੀਤੇ ਸਨ। ਸੁਪਰੀਮ ਕੋਰਟ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੂੰ ਰੈਗੂਲਰ ਡੀਜੀਪੀ ਲਾਏ ਜਾਣ ਲਈ ਸੂਬਿਆਂ ਤੋਂ ਪੈਨਲ ਮੰਗਣ ਦੇ ਆਦੇਸ਼ ਦਿੰਦਿਆਂ ਹੁਕਮ ਦੀ ਉਲੰਘਣਾ ਕਰਨ ਵਾਲੇ ਰਾਜਾਂ ਦੀ ਸੂਚਨਾ ਦੇਣ ਲਈ ਕਿਹਾ ਸੀ।

ਦੂਜੇ ਬੰਨੇ ਪੰਜਾਬ ਦੀ ਵਿਗੜਦੀ ਅਮਨ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਲਗਾਤਾਰ ਪੰਜਾਬ ਸਰਕਾਰ ਨਿਸ਼ਾਨੇ ਉੱਤੇ ਹੈ ਅਤੇ ਡੀਜੀਪੀ ਗੌਰਵ ਯਾਦਵ ਦੀ ਕਾਰਜਕਾਰੀ ਨਿਯੁਕਤੀ ਨੂੰ ਲੈ ਕੇ ਸਵਾਲ ਉਠਾਏ ਜਾ ਰਹੇ ਹਨ। ਇਸੇ ਦੌਰਾਨ ਯੂਪੀਐਸਸੀ ਨੇ ਪੰਜਾਬ ਵਿੱਚ ਰੈਗੂਲਰ ਡੀਜੀਪੀ ਲਈ ਪੈਨਲ ਮੰਗ ਲਿਆ ਹੈ। ਹੁਣ ਤੱਕ ਗੌਰਵ ਯਾਦਵ ਕਾਰਜਕਾਰੀ ਡੀਜੀਪੀ ਚਲੇ ਜਾ ਰਹੇ ਹਨ। ਪੁਲਿਸ ਸੂਤਰਾਂ ਦੇ ਮੁਤਾਬਿਕ ਇਹ ਪੱਤਰ 18 ਫਰਵਰੀ ਨੂੰ ਭੇਜਿਆ ਗਿਆ ਸੀ, ਜਿਸ ਵਿੱਚ ਸੁਪਰੀਮ ਕੋਰਟ ਦੇ 5 ਫਰਵਰੀ ਦੇ ਦੋਸ਼ਾਂ ਦਾ ਹਵਾਲਾ ਦਿੱਤਾ ਗਿਆ ਹੈ। ਪੰਜਾਬ ਗ੍ਰਹਿ ਵਿਭਾਗ ਵੱਲੋਂ ਪੈਨਲ ਲਈ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਦੇ ਨਾਂ ਮੰਗਣ ਦੀ ਤਿਆਰੀ ਕੀਤੀ ਜਾ ਰਹੀ ਹੈ। ਹਾਲਾਂਕਿ ਸਰਕਾਰ ਜਾਂ ਪੰਜਾਬ ਪੁਲਿਸ ਵੱਲੋਂ ਇਸ ਪੱਤਰ ਨੂੰ ਲੈ ਕੇ ਕੋਈ ਰਸਮੀ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ ਹੈ। ਡੀਜੀਪੀ ਦੇ ਲਈ ਤਿੰਨ ਨਾਂ ਭੇਜੇ ਜਾਣਗੇ, ਜਿਸ ਵਿੱਚੋਂ ਸਰਕਾਰ ਵੱਲੋਂ ਕਿਸੇ ਇੱਕ ਨੂੰ ਚੁਣ ਕੇ ਰੈਗੂਲਰ ਡੀਜੀਪੀ ਲਗਾਇਆ ਜਾਵੇਗਾ। ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਿਸੇ ਰਾਜ ਵਿੱਚ ਪੁਲਿਸ ਪ੍ਰਮੁੱਖ ਦੀ ਨਿਯੁਕਤੀ ਰਾਜ ਸਰਕਾਰ ਦੀ ਤਰਫ ਤੋਂ ਯੂ ਪੀ ਐਸ ਸੀ ਦੁਆਰਾ ਤਿਆਰ ਕੀਤੇ ਗਏ ਤਿੰਨ ਸੀਨੀਅਰ ਅਧਿਕਾਰੀਆਂ ਦੇ ਪੈਨਲ ਵਿੱਚੋਂ ਕੀਤੀ ਜਾਂਦੀ ਹੈ। ਇਸ ਦੇ ਲਈ ਸਰਕਾਰ ਪੈਨਲ ਭੇਜਦੀ ਹੈ, ਜਿਸ ਵਿੱਚੋਂ ਸੀਨੀਆਰਤਾ ਦੇ ਹਿਸਾਬ ਨਾਲ ਸਰਕਾਰ ਵੱਲੋਂ ਤਿੰਨ ਨਾਂ ਭੇਜੇ ਜਾਂਦੇ ਹਨ। ਇਹਨਾਂ ਵਿੱਚੋਂ ਕਿਸੇ ਇੱਕ ਨੂੰ ਡੀਜੀਪੀ ਨਿਯੁਕਤ ਕੀਤਾ ਜਾਂਦਾ ਹੈ।

ਪਹਿਲੀ ਵਾਰ ਨਹੀਂ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਗੌਰਵ ਯਾਦਵ ਨੂੰ ਕਾਰਜਕਾਰੀ ਡੀਜੀਪੀ ਲਾਏ ਜਾਣ ਵੇਲੇ ਸੀਨੀਆਰਤਾ ਨੂੰ ਤੋੜਿਆ ਗਿਆ ਸੀ, ਇਸ ਤੋਂ ਪਹਿਲਾਂ ਵੀ ਇਹੋ ਕੁਝ ਚੱਲਦਾ ਰਿਹਾ ਹੈ। ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਦੇ ਵਿਵਾਦਤ ਰਹੇ ਪੁਲਿਸ ਮੁਖੀ ਸੁਮੇਧ ਸੈਣੀ ਨੂੰ ਵੀ ਡੀਜੀਪੀ ਲਾਉਣ ਵੇਲੇ ਸੀਨੀਆਰਤਾ ਦੀਆਂ ਧੱਜੀਆਂ ਉਡਾਈਆਂ ਗਈਆਂ ਸਨ। ਸਾਬਕਾ ਮੁੱਖ ਮੰਤਰੀ ਮਹਾਰਾਜਾ ਅਮਰਿੰਦਰ ਸਿੰਘ ਨੇ ਵੀ ਐਸ ਐਸ ਵਿਰਕ ਨੂੰ ਡੀਜੀਪੀ ਲਾਉਣ ਵੇਲੇ ਸੀਨੀਆਰਤਾ ਨੂੰ ਛਿੱਕੇ ਟੰਗਿਆ ਗਿਆ ਸੀ। ਕਾਂਗਰਸ ਦੇ ਸੀਨੀਅਰ ਨੇਤਾ ਚਰਨਜੀਤ ਸਿੰਘ ਚੰਨੀ ਜਦੋਂ 111 ਦਿਨਾਂ ਲਈ ਮੁੱਖ ਮੰਤਰੀ ਬਣੇ ਸਨ ਤਦ ਉਹਨਾਂ ਨੇ ਵੀ ਇਕਬਾਲ ਪ੍ਰੀਤ ਸਿੰਘ ਸਹੋਤਾ ਨੂੰ ਧੱਕੇ ਨਾਲ ਹੀ ਡੀਜੀਪੀ ਬਣਾ ਦਿੱਤਾ ਸੀ।

ਸੀਨੀਅਰ ਪੁਲਿਸ ਅਫ਼ਸਰ ਗੌਰਵ ਯਾਦਵ ਕਾਰਜਕਾਰੀ ਡੀਜੀਪੀ ਸੀਨੀਆਰਤਾ ਭੰਨ ਕੇ ਲਾਏ ਗਏ ਸਨ। ਹੁਣ ਰੈਗੂਲਰ ਡੀਜੀਪੀ ਦੀ ਨਿਯੁਕਤੀ ਵੇਲੇ ਉਹ ਪੈਨਲ ਵਿੱਚ ਆਪਣਾ ਨਾਮ ਦਰਜ ਕਰਾਉਣ ਦਾ ਹੱਕ ਰੱਖਣ ਲੱਗੇ ਹਨ। ਇਸ ਕਰਕੇ ਉਹਨਾਂ ਦੀ ਤਾਂ ਦੋਨੋਂ ਪਾਸੇ ਪੌਂ ਬਾਰਾਂ। ਪੰਜਾਬ ਵਿਧਾਨ ਸਭਾ ਵਿੱਚ ਪਾਸ ਇੱਕ ਬਿੱਲ ਦੇ ਹਵਾਲੇ ਨਾਲ ਡੀਜੀਪੀ ਦੀ ਨਿਯੁਕਤੀ ਵਿੱਚ ਰੇੜਕਾ ਪੈ ਜਾਂਦਾ ਹੈ ਤਦ ਵੀ ਉਹ ਕਾਰਜਕਾਰੀ ਤਾਂ ਬਣੇ ਹੀ ਰਹਿਣਗੇ।

ਯੂਪੀਐਸਸੀ ਵੱਲੋਂ ਰੈਗੂਲਰ ਡੀਜੀਪੀ ਲਈ ਭੇਜੇ ਪੱਤਰ ਨੂੰ ਲੈ ਕੇ ਬਖੇੜਾ ਹੀ ਖੜ੍ਹਾ ਨਹੀਂ ਹੋਇਆ ਸਗੋਂ ਪੰਜਾਬ ਸਰਕਾਰ ਭੰਬਲ ਭੂਸੇ ਵਿੱਚ ਵੀ ਪੈ ਗਈ ਹੈ। ਪੰਜਾਬ ਸਰਕਾਰ ਨੇ ਹਾਲੇ ਤੱਕ ਇਹ ਤੈਅ ਨਹੀਂ ਕੀਤਾ ਕਿ 28 ਜਨਵਰੀ ਤੱਕ 30 ਸਾਲਾਂ ਤੋਂ ਜ਼ਿਆਦਾ ਸੇਵਾ ਦੇਣ ਵਾਲੇ ਅੱਜ ਦੀ ਸੀਨੀਆਰਤਾ ਦੀ ਸੂਚੀ ਭੇਜੇ ਜਾਂ ਫਿਰ 2023 ਵਿੱਚ ਡੀਜੀਪੀ ਦੀ ਨਿਯੁਕਤੀ ਲਈ ਪੰਜਾਬ ਵਿਧਾਨ ਸਭਾ ਵਿੱਚ ਪਾਸ ਉਸ ਬਿੱਲ ਦਾ ਹਵਾਲਾ ਦੇਵੇ, ਜਿਸ ਵਿੱਚ ਡੀਜੀਪੀ ਦੀ ਨਿਯੁਕਤੀ ਦਾ ਅਧਿਕਾਰ ਸੂਬਾ ਸਰਕਾਰ ਵੱਲੋਂ ਬਣਾਈ ਗਈ ਉੱਚ ਪੱਧਰੀ ਕਮੇਟੀ ਨੂੰ ਦਿੱਤਾ ਗਿਆ। ਇਸ ਬਿੱਲ ਨੂੰ ਰਾਜਪਾਲ ਨੇ ਮਨਜ਼ੂਰੀ ਲਈ ਰਾਸ਼ਟਰਪਤੀ ਨੂੰ ਭੇਜ ਦਿੱਤਾ ਸੀ, ਜਿੱਥੋਂ ਹਾਲੇ ਤੱਕ ਵਾਪਸ ਨਹੀਂ ਆਇਆ ਹੈ। ਸਰਕਾਰ ਇਸ ਗੱਲ ਨੂੰ ਲੈ ਕੇ ਮੰਥਨ ਕਰ ਰਹੀ ਹੈ ਕਿ ਯੂਪੀਐਸਸੀ ਨੂੰ ਇਸ ਬਿਲ ਦਾ ਹਵਾਲਾ ਦੇ ਅੱਗੇ ਪੈਨਲ ਭੇਜਣ ਤੋਂ ਰੋਕਿਆ ਜਾਵੇ ਜਾਂ ਫਿਰ ਡੀਜੀਪੀ ਦੀ ਪੱਕੀ ਨਿਯੁਕਤੀ ਕਰਾਉਣ ਲਈ ਆਈਪੀਐਸ ਅਧਿਕਾਰੀਆਂ ਦੀ ਸੂਚੀ ਭੇਜ ਦਿੱਤੀ ਜਾਵੇ ਕਿਉਂਕਿ ਮੌਜੂਦਾ ਡੀਜੀਪੀ ਗੌਰਵ ਯਾਦਵ ਸੂਚੀ ਵਿੱਚ ਚੌਥੇ ਨੰਬਰ 'ਤੇ ਹਨ ਇਸ ਲਈ ਸਰਕਾਰ ਨੂੰ ਇਹ ਪਤਾ ਹੈ ਕਿ ਜੇਕਰ ਯੂਪੀਐਸਸੀ ਵੱਲੋਂ ਸੂਚੀ ਵਿੱਚ ਤਿੰਨ ਸੀਨੀਅਰ ਅਧਿਕਾਰੀਆਂ ਦਾ ਪੈਨਲ ਮਿਲਾ ਕੇ ਭੇਜ ਦਿੱਤਾ ਗਿਆ ਤਾਂ ਉਸ ਵਿੱਚ ਗੌਰਵ ਯਾਦਵ ਦਾ ਨਾਂ ਨਾ ਹੋਇਆ ਤਾਂ ਉਹਨਾਂ ਨੂੰ ਪੈਨਲ ਵਿੱਚੋਂ ਕੀ ਕਿਸੇ ਨੂੰ ਡੀਜੀਪੀ ਵੱਲੋਂ ਨਿਯੁਕਤ ਕੀਤਾ ਜਾ ਸਕਦਾ ਹੈ।

ਫਿਲਹਾਲ ਗ੍ਰਹਿ ਵਿਭਾਗ ਜਿਸਨੇ ਯੂਪੀਐਸਸੀ ਨੂੰ ਅਧਿਕਾਰੀਆਂ ਦੀ ਸੂਚੀ ਭੇਜਣੀ ਹੈ। ਹਾਲੇ ਤੱਕ ਇਹ ਫੈਸਲਾ ਨਹੀਂ ਲੈ ਸਕਿਆ ਕਿ ਸੂਚੀ ਭੇਜੀ ਜਾਵੇ ਜਾਂ ਵਿਧਾਨ ਸਭਾ ਦੇ ਬਿਲ ਦਾ ਹਵਾਲਾ ਦਿੱਤਾ ਜਾਵੇ। ਜ਼ਿਕਰ ਯੋਗ ਹੈ ਕਿ ਵਿਧਾਨ ਸਭਾ ਨੇ ਪੰਜਾਬ ਪੁਲਿਸ ਸੋਧ ਬਿਲ ਵੀ ਪਾਸ ਕੀਤਾ ਸੀ ਜਿਹੜਾ ਡੀਜੀਪੀ ਦੀ ਪੱਕੀ ਨਿਯੁਕਤੀ ਦਾ ਅਧਿਕਾਰ ਸੂਬਾ ਪੱਧਰ 'ਤੇ ਕਰਨ ਦਾ ਹੱਕ ਦਿੰਦਾ ਹੈ।

ਪੰਜਾਬ ਦੀ ਵਿਗੜ ਚੁੱਕੀ ਅਮਨ ਦੀ ਸਥਿਤੀ ਨੂੰ ਲੈ ਕੇ ਗੌਰਵ ਯਾਦਵ ਵਿਰੋਧੀ ਆਗੂਆਂ ਦੇ ਨਿਸ਼ਾਨੇ 'ਤੇ ਹਨ। ਪੰਜਾਬ ਸਰਕਾਰ ਉੱਤੇ ਪੁਲਿਸ ਦੇ ਸਿਆਸੀਕਰਨ ਦੇ ਵੀ ਦੋਸ਼ ਲੱਗ ਰਹੇ ਹਨ। ਗੌਰਵ ਯਾਦਵ ਨੂੰ ਸਭ ਤੋਂ ਵੱਧ ਲੰਮੇ ਹੱਥੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਅਤੇ ਗੁਰਦਾਸਪੁਰ ਤੋਂ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਲੈ ਰਹੇ ਹਨ। ਸੁਖਪਾਲ ਸਿੰਘ ਖਹਿਰਾ ਵੀ ਪੁਲਿਸ ਤੋਂ ਸਤੇ ਹੋਏ ਨਜ਼ਰ ਆ ਰਹੇ ਹਨ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ ਕਿ ਗੌਰਵ ਯਾਦਵ ਸ਼ਾਇਦ ਪੰਜਾਬ ਪੁਲਿਸ ਦੇ ਇੱਕੋ ਇੱਕ ਅਜਿਹੇ ਮੁਖੀ ਹਨ, ਜਿਨ੍ਹਾਂ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਭ ਤੋਂ ਵੱਧ ਗੇੜੇ ਮਾਰਨੇ ਪਏ ਹਨ। ਉੱਚ ਅਦਾਲਤ ਵੱਲੋਂ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਡੀਜੀਪੀ ਦੀ ਰੇਲ ਬਣਾਈ ਗਈ ਹੈ। ਮੋਹਾਲੀ ਵਿੱਚ ਰਾਣਾ ਬਲਾਚੌਰੀਆ ਅਤੇ ਐਸ ਐਸ ਪੀ ਦਫਤਰ ਮੂਹਰੇ ਇੱਕ ਨੌਜਵਾਨ ਦੇ ਹੋਏ ਕਤਲ ਨੂੰ ਲੈ ਕੇ ਹਾਈ ਕੋਰਟ ਵੱਲੋਂ ਡੀਜੀਪੀ ਦੀ ਖਿਚਾਈ ਕੀਤੀ ਜਾ ਰਹੀ ਹੈ। ਉਂਞ ਪੰਜਾਬ ਵਿਧਾਨ ਸਭਾ ਵਿੱਚ ਵੀ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦਿੱਲੀ ਅੰਦਰ ਜਾ ਕਾਲੀਆਂ ਭੇਡਾਂ ਦਾ ਮੁੱਦਾ ਉਠਾਇਆ ਸੀ, ਜਿਸ ਨੂੰ ਕਿ ਬਾਅਦ 'ਚ ਦਬਾਉਣਾ ਪੈ ਗਿਆ ਸੀ, ਸ਼ਾਇਦ ਇਸ ਕਰਕੇ ਕਿਉਂਕਿ ਪੁਲਿਸ ਵਿਭਾਗ ਵਿੱਚ ਚਿੱਟੀਆਂ ਭੇਡਾਂ ਲੱਭਣੀਆਂ ਮੁਸ਼ਕਲ ਹੋ ਗਈਆਂ ਸਨ।



ਸ਼੍ਰੀ ਸੌਰਭ ਗਰਗ

# ਅਰਥਵਿਵਸਥਾ ਦਾ ਇੱਕ ਨਵਾਂ ਨਜ਼ਰੀਆ: ਭਾਰਤ ਦੀ ਜੀ.ਡੀ.ਪੀ. ਦੇ ਅਧਾਰ ਵਿੱਚ ਸੁਧਾਰ ਨੂੰ ਸਮਝਣਾ

**ਜਿਸ ਤਰ੍ਹਾਂ ਕੰਪਨੀ ਪੱਧਰ ਦੇ ਨਵੇਂ ਅੰਕੜੇ ਸਾਨੂੰ ਵੱਖ-ਵੱਖ ਸੈਕਟਰਾਂ ਦੇ ਯੋਗਦਾਨਾਂ ਨੂੰ ਵਧੇਰੇ ਸਟੀਕ ਢੰਗ ਨਾਲ ਮਾਪਣ ਵਿੱਚ ਮਦਦ ਕਰਦੇ ਹਨ, ਠੀਕ ਉਸੇ ਤਰ੍ਹਾਂ ਹੀ ਨਵੀਂ ਲੜੀ ਵਿੱਚ ਜੀਐੱਸਟੀ ਅੰਕੜਿਆਂ ਦੀ ਬਿਹਤਰ ਵਰਤੋਂ ਨਾਲ ਹੋਰ ਗੱਲਾਂ ਤੋਂ ਇਲਾਵਾ, ਨਿੱਜੀ ਕਾਰਪੋਰੇਟ ਸੈਕਟਰ ਨਾਲ ਸਬੰਧਤ ਖੇਤਰੀ ਵੰਡ ਵਿੱਚ ਸੁਧਾਰ ਅਤੇ ਸੂਬਾ ਪੱਧਰ 'ਤੇ ਖ਼ਰਚ-ਪੱਖੀ ਅਨੁਮਾਨਾਂ ਦੇ ਬਿਹਤਰ ਸੰਕਲਨ ਜ਼ਰੀਏ ਜੀਡੀਪੀ ਵਿੱਚ ਖੇਤਰੀ ਯੋਗਦਾਨਾਂ ਦਾ ਵਧੇਰੇ ਸਟੀਕ ਅਤੇ ਸੂਖਮ ਨਜ਼ਰੀਆ ਹਾਸਲ ਹੁੰਦਾ ਹੈ। ਏਐੱਸਯੂਐੱਸਈ ਅਤੇ ਪੀਐੱਲਐੱਫਐੱਸ ਜਿਹੇ ਸਰਵੇਖਣਾਂ ਤੋਂ ਹਾਸਲ ਸਾਲਾਨਾ ਅੰਕੜਿਆਂ ਦੀ ਉਪਲਬਧਤਾ, ਜਿਸਦੀ ਸਹੂਲਤ ਪਹਿਲਾਂ ਨਹੀਂ ਸੀ, ਨੇ ਸਾਨੂੰ ਗੈਰ-ਕਾਰਪੋਰੇਟ ਖੇਤਰ ਜ਼ਰੀਏ ਸਲਾਨਾ ਰੂਪ ਨਾਲ ਵੈਲੀਊ ਐਡਡ ਦਾ ਅਨੁਮਾਨ ਲਗਾਉਣ ਦੀ ਇੱਕ ਬਿਹਤਰ ਵਿਧੀ ਅਪਣਾਉਣ ਦੇ ਯੋਗ ਬਣਾਇਆ ਹੈ। ਪਹਿਲਾਂ, ਅਸੀਂ ਹੋਰ ਸੰਕੇਤਕਾਂ ਤੋਂ ਅਸਿੱਧੇ ਤੌਰ 'ਤੇ ਜੀਡੀਪੀ ਵਿੱਚ ਇਸਦੇ ਯੋਗਦਾਨ ਦਾ ਅਨੁਮਾਨ ਲਗਾਉਂਦੇ ਸੀ। ਇਹ ਅਹਿਮ ਹੈ ਕਿਉਂਕਿ ਲੱਖਾਂ ਘਰੇਲੂ ਕਾਰੋਬਾਰਾਂ, ਛੋਟੀਆਂ ਦੁਕਾਨਾਂ ਅਤੇ ਸਵੈ-ਰੁਜ਼ਗਾਰ ਵਾਲੇ ਕਾਮਿਆਂ ਨਾਲ ਮਿਲ ਕੇ ਬਣਿਆ ਇਹ ਸੈਕਟਰ ਅਰਥਵਿਵਸਥਾ ਦਾ ਇੱਕ ਵੱਡਾ ਹਿੱਸਾ ਹੈ ਅਤੇ ਰੁਜ਼ਗਾਰ ਅਤੇ ਰੋਜ਼ੀ-ਰੋਟੀ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।**

ਕੁੱਲ ਘਰੇਲੂ ਉਤਪਾਦ ਜਾਂ ਜੀਡੀਪੀ ਕਿਸੇ ਦੇਸ਼ ਦੀ ਅਰਥਵਿਵਸਥਾ ਦੇ ਆਕਾਰ ਅਤੇ ਉਸਦੀ ਸਿਹਤ ਨੂੰ ਮਾਪਣ ਦਾ ਇੱਕ ਤਰੀਕਾ ਹੈ। ਇਹ ਕਿਸੇ ਰਾਸ਼ਟਰ ਦਾ ਉਹ ਰਿਪੋਰਟ ਕਾਰਡ ਹੈ, ਜੋ ਸਾਨੂੰ ਦੱਸਦਾ ਹੈ ਕਿ ਇਹ ਦੇਸ਼ ਵਸਤੂਆਂ ਅਤੇ ਸੇਵਾਵਾਂ ਦੇ ਮਾਮਲੇ ਵਿੱਚ ਕਿੰਨਾ ਉਤਪਾਦਨ ਕਰ ਰਿਹਾ ਹੈ। ਜਦੋਂ ਜੀਡੀਪੀ ਵੱਧ ਰਹੀ ਹੁੰਦੀ ਹੈ, ਤਾਂ ਆਮ ਤੌਰ 'ਤੇ ਇਸਦਾ ਮਤਲਬ ਹੁੰਦਾ ਹੈ ਕਿ ਕਾਰੋਬਾਰ ਜਗਤ ਵਸਤੂਆਂ ਅਤੇ ਸੇਵਾਵਾਂ ਦਾ ਜ਼ਿਆਦਾ ਉਤਪਾਦਨ ਕਰ ਰਿਹਾ ਹੈ, ਵਧੇਰੇ ਗਿਣਤੀ ਵਿੱਚ ਲੋਕਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ ਅਤੇ ਆਮਦਨ ਵੱਧ ਰਹੀ ਹੈ। ਵਿਸ਼ਵ ਪੱਧਰ 'ਤੇ ਵੀ ਜੀਡੀਪੀ ਦਾ ਬਹੁਤ ਮਹੱਤਵ ਹੁੰਦਾ ਹੈ। ਵਰਤਮਾਨ ਵਿੱਚ ਭਾਰਤ ਦੁਨੀਆ ਦੀਆਂ ਚੋਟੀ ਦੀਆਂ ਪੰਜ ਅਰਥਵਿਵਸਥਾਵਾਂ ਵਿੱਚ ਸ਼ਾਮਲ ਹੈ ਅਤੇ ਅਨੁਮਾਨ ਹੈ ਕਿ 2030 ਤੱਕ ਇਹ ਤੀਸਰੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ।

ਅਰਥਵਿਵਸਥਾ ਨੂੰ ਮਾਪਣ ਦੇ ਇੱਕ ਸਾਧਨ ਵਜੋਂ, ਜੀਡੀਪੀ ਨੂੰ ਅਰਥਵਿਵਸਥਾ ਦੀ ਅਸਲ ਨਬਜ਼ ਨੂੰ ਪਹਿਚਾਨਣ ਦੇ ਮੰਤਵ ਨਾਲ ਨਿਯਮਿਤ ਤੌਰ 'ਤੇ ਸੁਧਾਰਨ ਦੀ ਜ਼ਰੂਰਤ ਹੁੰਦੀ ਹੈ। ਇਸ ਕੰਮ ਨੂੰ ਬਦਲਦੀ ਅਰਥਵਿਵਸਥਾ ਦੇ ਨਾਲ ਤਾਲਮੇਲ ਬਣਾਈ ਰੱਖਣ ਦੇ ਇਰਾਦੇ ਨਾਲ ਜੀਡੀਪੀ ਦੇ ਅਧਾਰ ਸਾਲ ਨੂੰ ਨਿਯਮਿਤ ਅੰਤਰਾਲਾਂ 'ਤੇ ਅੱਪਡੇਟ ਕਰਕੇ ਪੂਰਾ ਕੀਤਾ ਜਾਂਦਾ ਹੈ। ਜਿਵੇਂ-ਜਿਵੇਂ ਅਰਥਵਿਵਸਥਾ ਦਾ ਢਾਂਚਾ ਬਦਲਦਾ ਜਾਂਦਾ ਹੈ ਅਤੇ ਨਵੇਂ ਉਦਯੋਗ ਉੱਭਰਦੇ ਹਨ, ਖ਼ਪਤ ਦੇ ਪੈਟਰਨ ਬਦਲਦੇ ਹਨ ਅਤੇ ਅੰਕੜਿਆਂ ਦੇ ਨਵੇਂ ਸਰੋਤ ਵਿਕਸਿਤ ਹੁੰਦੇ ਹਨ, ਇਨ੍ਹਾਂ ਸੁਧਾਰਾਂ ਨਾਲ ਅਧਿਕਾਰਤ ਅੰਕੜਿਆਂ ਨੂੰ ਅਸਲੀ ਹਕੀਕਤਾਂ ਦੇ ਅਨੁਸਾਰ ਢਾਲਣ ਵਿੱਚ ਮਦਦ ਮਿਲਦੀ ਹੈ ਅਤੇ ਅਨੁਮਾਨ ਵਧੇਰੇ ਸਟੀਕ ਅਤੇ ਠੋਸ ਬਣ ਜਾਂਦੇ ਹਨ।

ਅਧਾਰ ਵਿੱਚ ਪਿਛਲੇ ਸੁਧਾਰ ਦੇ ਬਾਅਦ ਤੋਂ ਅੰਕੜਿਆਂ ਦੇ ਨਵੇਂ ਸਰੋਤਾਂ ਦੀ ਉਪਲਬਧਤਾ ਨੇ ਸਾਨੂੰ ਜੀਡੀਪੀ ਵਿੱਚ ਵੱਖ-ਵੱਖ ਸੈਕਟਰਾਂ ਅਤੇ ਵੱਖ-ਵੱਖ ਖੇਤਰਾਂ ਦੇ ਯੋਗਦਾਨਾਂ ਨੂੰ ਵਧੇਰੇ ਸਪੱਸ਼ਟ ਤੌਰ 'ਤੇ ਦੇਖਣ ਅਤੇ ਬਿਹਤਰ ਤਰੀਕਿਆਂ ਨੂੰ ਅਪਣਾਉਣ ਵਿੱਚ ਮਦਦ ਕੀਤੀ ਹੈ। ਉਦਾਹਰਣ ਲਈ, ਗੈਰ-ਰਸਮੀ ਖੇਤਰ ਨੂੰ ਵੀ ਵਿਆਪਕ ਤੌਰ 'ਤੇ ਕਵਰ ਕਰਨ ਵਾਲੇ ਗੈਰ-ਕਾਰਪੋਰੇਟ ਖੇਤਰ ਵੱਲੋਂ ਵੈਲੀਊ ਐਡਡ ਦਾ ਅਨੁਮਾਨ ਲਗਾਉਣ ਦੇ ਸੰਦਰਭ ਵਿੱਚ।

ਜੀਡੀਪੀ ਦੇ ਅਧਾਰ ਵਿੱਚ ਪਿਛਲੇ ਸੁਧਾਰ ਤੋਂ ਬਾਅਦ, ਕੰਪਨੀਆਂ ਦੇ ਪ੍ਰਬੰਧਨ ਅਤੇ ਪ੍ਰਸ਼ਾਸਨ ਸਬੰਧੀ ਅੰਕੜੇ (ਐੱਮਜੀਟੀ-7/7ਏ) ਜਿਹੇ ਕੁਝ ਨਵੀਂ ਕਿਸਮ ਦੇ ਅੰਕੜੇ ਉਪਲਬਧ ਹੋਏ ਹਨ। ਇਹ ਅੰਕੜੇ ਕੰਪਨੀਆਂ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰੋਬਾਰੀ ਗਤੀਵਿਧੀਆਂ ਦੀ ਸੰਖਿਆ, ਐੱਨਆਈਸੀ 2008 ਦੇ ਅਨੁਸਾਰ ਕਾਰੋਬਾਰੀ ਗਤੀਵਿਧੀ ਦੇ ਵੇਰਵੇ ਅਤੇ ਹਰੇਕ ਸਾਲ ਹਰੇਕ ਕਾਰੋਬਾਰੀ ਗਤੀਵਿਧੀ (ਉਦਯੋਗ) ਤੋਂ ਪ੍ਰਾਪਤ ਪ੍ਰਤੀਸ਼ਤ ਕਾਰੋਬਾਰ (ਟਰਨਓਵਰ)ਦੀ ਜਾਣਕਾਰੀ ਪ੍ਰਦਾਨ ਕਰਦੇ ਹਨ। ਇਸ ਲਈ ਅਧਾਰ ਨੂੰ ਮੁੜ-ਨਿਰਧਾਰਤ ਕਰਦੇ ਸਮੇਂ ਬਹੁ-ਗਤੀਵਿਧੀਆਂ ਵਾਲੇ ਉੱਦਮਾਂ ਲਈ ਵੈਲੀਊ ਐਡਡ ਨੂੰ ਹੁਣ ਪਹਿਲਾਂ ਦੀ ਤਰ੍ਹਾਂ ਪੂਰੀ ਤਰ੍ਹਾਂ ਨਾਲ ਮੁੱਖ ਗਤੀਵਿਧੀ ਵਿੱਚ ਵੰਡਣ ਦੀ ਬਜਾਏ ਨਵੇਂ ਉਪਲਬਧ ਐੱਮਜੀਟੀ-7 ਦੇ ਅੰਕੜਿਆਂ ਦੇ ਅਧਾਰ 'ਤੇ ਵੱਖ-ਵੱਖ ਗਤੀਵਿਧੀਆਂ ਵਿੱਚ ਵੰਡਿਆ ਜਾਂਦਾ ਹੈ। ਇਸ ਬਦਲਾਅ ਵਿੱਚ ਸਾਨੂੰ ਵੱਖ-ਵੱਖ ਸੈਕਟਰਾਂ ਦੇ ਯੋਗਦਾਨਾਂ ਨੂੰ ਵਧੇਰੇ ਸਟੀਕ ਰੂਪ ਨਾਲ ਸਮਝਣ ਵਿੱਚ ਮਦਦ ਮਿਲਦੀ ਹੈ। ਇਸ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਹਰੇਕ ਕਾਰੋਬਾਰੀ ਗਤੀਵਿਧੀ ਅਰਥਵਿਵਸਥਾ ਨੂੰ ਕਿਵੇਂ ਸੰਚਾਲਿਤ ਕਰ ਰਹੀ ਹੈ।

ਜਿਸ ਤਰ੍ਹਾਂ ਕੰਪਨੀ ਪੱਧਰ ਦੇ ਨਵੇਂ ਅੰਕੜੇ ਸਾਨੂੰ ਵੱਖ-ਵੱਖ ਸੈਕਟਰਾਂ ਦੇ ਯੋਗਦਾਨਾਂ ਨੂੰ ਵਧੇਰੇ ਸਟੀਕ ਢੰਗ ਨਾਲ ਮਾਪਣ ਵਿੱਚ ਮਦਦ ਕਰਦੇ ਹਨ, ਠੀਕ ਉਸੇ ਤਰ੍ਹਾਂ ਹੀ ਨਵੀਂ ਲੜੀ ਵਿੱਚ ਜੀਐੱਸਟੀ ਅੰਕੜਿਆਂ ਦੀ ਬਿਹਤਰ ਵਰਤੋਂ ਨਾਲ ਹੋਰ ਗੱਲਾਂ ਤੋਂ ਇਲਾਵਾ, ਨਿੱਜੀ ਕਾਰਪੋਰੇਟ ਸੈਕਟਰ ਨਾਲ ਸਬੰਧਤ ਖੇਤਰੀ ਵੰਡ ਵਿੱਚ ਸੁਧਾਰ ਅਤੇ ਸੂਬਾ ਪੱਧਰ 'ਤੇ ਖ਼ਰਚ-ਪੱਖੀ ਅਨੁਮਾਨਾਂ ਦੇ ਬਿਹਤਰ ਸੰਕਲਨ ਜ਼ਰੀਏ ਜੀਡੀਪੀ ਵਿੱਚ ਖੇਤਰੀ ਯੋਗਦਾਨਾਂ ਦਾ ਵਧੇਰੇ ਸਟੀਕ ਅਤੇ ਸੂਖਮ ਨਜ਼ਰੀਆ ਹਾਸਲ ਹੁੰਦਾ ਹੈ। ਏਐੱਸਯੂਐੱਸਈ ਅਤੇ ਪੀਐੱਲਐੱਫਐੱਸ ਜਿਹੇ ਸਰਵੇਖਣਾਂ ਤੋਂ ਹਾਸਲ ਸਾਲਾਨਾ ਅੰਕੜਿਆਂ ਦੀ ਉਪਲਬਧਤਾ, ਜਿਸਦੀ ਸਹੂਲਤ ਪਹਿਲਾਂ ਨਹੀਂ ਸੀ, ਨੇ ਸਾਨੂੰ ਗੈਰ-ਕਾਰਪੋਰੇਟ ਖੇਤਰ ਜ਼ਰੀਏ ਸਲਾਨਾ ਰੂਪ ਨਾਲ ਵੈਲੀਊ ਐਡਡ ਦਾ ਅਨੁਮਾਨ ਲਗਾਉਣ ਦੀ ਇੱਕ ਬਿਹਤਰ ਵਿਧੀ ਅਪਣਾਉਣ ਦੇ ਯੋਗ ਬਣਾਇਆ ਹੈ। ਪਹਿਲਾਂ, ਅਸੀਂ ਹੋਰ ਸੰਕੇਤਕਾਂ ਤੋਂ ਅਸਿੱਧੇ ਤੌਰ 'ਤੇ ਜੀਡੀਪੀ ਵਿੱਚ ਇਸਦੇ ਯੋਗਦਾਨ ਦਾ ਅਨੁਮਾਨ ਲਗਾਉਂਦੇ ਸੀ। ਇਹ ਅਹਿਮ ਹੈ ਕਿਉਂਕਿ ਲੱਖਾਂ ਘਰੇਲੂ ਕਾਰੋਬਾਰਾਂ, ਛੋਟੀਆਂ ਦੁਕਾਨਾਂ ਅਤੇ ਸਵੈ-ਰੁਜ਼ਗਾਰ ਵਾਲੇ ਕਾਮਿਆਂ ਨਾਲ ਮਿਲ ਕੇ ਬਣਿਆ ਇਹ ਸੈਕਟਰ ਅਰਥਵਿਵਸਥਾ ਦਾ ਇੱਕ ਵੱਡਾ ਹਿੱਸਾ ਹੈ ਅਤੇ ਰੁਜ਼ਗਾਰ ਅਤੇ ਰੋਜ਼ੀ-ਰੋਟੀ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਜੀਡੀਪੀ ਦੇ ਅਧਾਰ ਨੂੰ ਸੁਧਾਰਨਾ ਸਿਰਫ਼ ਅੰਕੜਿਆਂ ਦੇ ਨਵੇਂ ਸਰੋਤਾਂ ਦੀ ਵਰਤੋਂ ਤੋਂ ਕਿਤੇ ਅੱਗੇ ਦੀ ਗੱਲ ਹੈ। ਇਹ ਕਾਰਜਪ੍ਰਣਾਲੀ ਵਿੱਚ ਸੁਧਾਰ ਨਾਲ ਵੀ ਜੁੜਿਆ ਹੈ ਅਤੇ ਇਸ ਸੰਦਰਭ ਵਿੱਚ ਜੀਡੀਪੀਦੀ ਨਵੀਂ ਲੜੀ ਵਿੱਚ ਕਈ ਕਾਰਜਪ੍ਰਣਾਲੀ ਦੇ ਸੁਧਾਰ ਦੇਖੇ ਗਏ ਹਨ। ਪਹਿਲਾਂ, ਕੀਮਤਾਂ ਵਿੱਚ ਬਦਲਾਅ ਦੇ ਅਨੁਸਾਰ ਜੀਡੀਪੀ ਨੂੰ ਐਡਜਸਟ ਕਰਨ ਦੀ ਡਬਲ ਡਿਫਲੇਸ਼ਨ ਵਿਸਤਾਰਤ ਵਿਧੀ ਸਿਰਫ਼ ਖੇਤੀਬਾੜੀ ਖੇਤਰ ਵਿੱਚ ਹੀ ਲਾਗੂ ਹੁੰਦੀ ਸੀ। ਸਾਲ 2022-23 ਦੀ ਨਵੀਂ ਲੜੀ ਵਿੱਚ ਡਬਲ ਡਿਫਲੇਸ਼ਨ ਵਿਧੀ ਦਾ ਵਿਸਤਾਰ ਕਰਕੇ ਮੈਨੂਫੈਕਚਰਿੰਗ ਖੇਤਰ ਤੱਕ ਲਿਆਂਦਾ ਗਿਆ ਹੈ, ਜਿੱਥੇ ਹੁਣ ਕਾਫ਼ੀ ਅੰਕੜੇ ਉਪਲਬਧ ਹਨ ਅਤੇ ਹੋਰ ਸਾਰੇ ਖੇਤਰਾਂ ਵਿੱਚ ਸਿੰਗਲ ਐਕਸਟਰਪਲੇਸ਼ਨ/ਵਾਲੀਅਮ ਐਕਸਟਰਪਲੇਸ਼ਨ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਨਜ਼ਰੀਆ ਉਪਲਬਧ ਅੰਕੜਿਆਂ ਦੀ ਸਭ ਤੋਂ ਵਧੀਆ ਵਰਤੋਂ ਕਰਦਾ ਹੈ, ਜਿਸ ਨਾਲ ਅਨੁਮਾਨ ਸਟੀਕ ਅਤੇ ਭਰੋਸੇਮੰਦ ਬਣੇ ਰਹਿੰਦੇ ਹਨ। ਡਬਲ ਡਿਫਲੇਸ਼ਨ ਵਿੱਚ ਬਹੁਤ ਜ਼ਿਆਦਾ ਅੰਕੜਿਆਂ ਦੀ ਜ਼ਰੂਰਤ ਹੁੰਦੀ ਹੈ, ਕਿਉਂਕਿ ਇਸਦੇ ਲਈ ਆਊਟਪੁਟ ਅਤੇ ਇਨਪੁਟ ਦੋਵਾਂ ਦੀਆਂ ਕੀਮਤਾਂ 'ਤੇ ਵਿਸਤ੍ਰਿਤ ਜਾਣਕਾਰੀ ਦੀ ਜ਼ਰੂਰਤ ਹੁੰਦੀ ਹੈ। ਜਿਵੇਂ-ਜਿਵੇਂ ਸਮੇਂ ਦੇ ਨਾਲ ਇਹ ਅੰਕੜਾ ਹੋਰ ਵਧੇਰੇ ਉਪਲਬਧ ਹੁੰਦਾ ਜਾਵੇਗਾ, ਅਸੀਂ ਇਸਦੀ ਵਰਤੋਂ ਦਾ ਵਿਸਤਾਰ ਹੋਰ ਵਧੇਰੇ ਖੇਤਰਾਂ ਵਿੱਚ ਕਰ ਸਕਾਂਗੇ।

ਕਾਰਜਪ੍ਰਣਾਲੀ ਦੇ ਨਜ਼ਰੀਏ ਤੋਂ ਇੱਕ ਜ਼ਿਕਰਯੋਗ ਸੁਧਾਰ ਇਹ ਹੈ ਕਿ ਅਰਥਵਿਵਸਥਾ ਦੇ ਅਨੁਮਾਨਾਂ ਨੂੰ ਉਤਪਾਦਿਤ ਵਸਤੂਆਂ (ਉਤਪਾਦਨ ਪੱਖ) ਅਤੇ ਲੋਕਾਂ ਅਤੇ ਕਾਰੋਬਾਰ ਜਗਤ ਵੱਲੋਂ ਕੀਤੇ ਗਏ ਖ਼ਰਚ (ਖ਼ਰਚ ਪੱਖ) ਦੇ ਅਧਾਰ 'ਤੇ ਢਾਲਿਆ ਗਿਆ ਹੈ। ਇਹ ਦੋਵੇਂ ਪੱਖ ਅਕਸਰ ਪੂਰੀ ਤਰ੍ਹਾਂ ਨਾਲ ਮੇਲ ਨਹੀਂ ਖਾਂਦੇ, ਜੋ ਕਿ ਦੁਨੀਆ ਦੇ ਤਮਾਮ ਦੇਸ਼ਾਂ ਵਿੱਚ ਅਤੇ ਖ਼ਾਸ ਕਰਕੇ ਤਿਮਾਹੀ ਜੀਡੀਪੀ ਦੇ ਮਾਮਲੇ ਵਿੱਚ, ਇੱਕ ਆਮ ਸਮੱਸਿਆ ਹੈ। ਇਸ ਸਮੱਸਿਆ ਨੂੰ ਦੂਰ ਕਰਨ ਦੇ ਮੰਤਵ ਨਾਲ ਨਵੀਂ ਲੜੀ ਵਿੱਚ ਸਪਲਾਈ ਅਤੇ ਵਰਤੋਂ ਸਾਰਣੀ ਦੇ ਢਾਂਚੇ ਦੀ ਵਰਤੋਂ ਕੀਤੀ ਜਾ ਰਹੀ ਹੈ ਤਾਂ ਕਿ ਸ਼ੁਰੂਆਤੀ ਅਨੁਮਾਨਾਂ ਵਿੱਚ ਫ਼ਰਕ ਨੂੰ ਸੀਮਿਤ ਕੀਤਾ ਜਾ ਸਕੇ ਅਤੇ ਅੰਤਿਮ ਅਨੁਮਾਨਾਂ ਦੇ ਸਮੇਂ ਪੂਰੇ ਅੰਕੜੇ ਉਪਲਬਧ ਹੋਣ 'ਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਦੂਰ ਕੀਤਾ ਜਾ ਸਕੇ।

ਜੀਡੀਪੀ ਦੇ ਅੰਕੜਿਆਂ ਨੂੰ ਅੱਪਡੇਟ ਕਰਨਾ ਅਰਥਵਿਵਸਥਾ ਨੂੰ ਹੋਰ ਵੀ ਸਪੱਸ਼ਟ ਨਜ਼ਰੀਏ ਨਾਲ ਦੇਖਣ ਜਿਹਾ ਹੈ। ਹਰ ਆਰਥਿਕ ਗਤੀਵਿਧੀ, ਭਾਵੇਂ ਛੋਟੀ ਹੋਵੇ ਜਾਂ ਵੱਡੀ, ਸਪੱਸ਼ਟ ਤੌਰ 'ਤੇ ਸਾਹਮਣੇ ਆਉਂਦੀ ਹੈ ਅਤੇ ਰਾਸ਼ਟਰ ਦੇ ਵਿਕਾਸ ਵਿੱਚ ਉਸਦੇ ਯੋਗਦਾਨ ਦਾ ਸਟੀਕ ਤਰੀਕੇ ਨਾਲ ਉਜਾਗਰ ਹੁੰਦਾ ਹੈ। ਬਿਹਤਰ ਅੰਕੜਿਆਂ ਦੀ ਵਰਤੋਂ ਕਰਕੇ ਵਿਧੀਆਂ ਨੂੰ ਸੋਧ ਕੇ ਅਤੇ ਅੰਤਰਰਾਸ਼ਟਰੀ ਬਿਹਤਰੀਨ ਅਭਿਆਸਾਂ ਦੇ ਅਨੁਸਾਰ ਢਲ ਕੇ, ਮੰਤਰਾਲੇ ਨੇ ਅਰਥਵਿਵਸਥਾ ਨੂੰ ਹੋਰ ਵੀ ਸਪੱਸ਼ਟ ਤੌਰ 'ਤੇ ਪੇਸ਼ ਕੀਤਾ ਹੈ। ਨਾਗਰਿਕਾਂ ਲਈ ਇਸਦਾ ਮਤਲਬ ਇਹ ਹੈ ਕਿ ਹੁਣ ਨੀਤੀਆਂ ਅਤੇ ਜਨਤਕ ਸੇਵਾਵਾਂ ਅਰਥਵਿਵਸਥਾ ਦੀ ਕਾਰਜਪ੍ਰਣਾਲੀ ਦੀ ਸਟੀਕ ਸਮਝ 'ਤੇ ਅਧਾਰਿਤ ਹਨ, ਜਿਸ ਕਰਕੇ ਵਿਕਾਸ ਦਾ ਅਸਰ ਸਿਰਫ਼ ਕਾਗਜ਼ਾਂ 'ਤੇ ਹੀ ਨਹੀਂ ਬਲਕਿ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਵੀ ਮਹਿਸੂਸ ਹੋ ਰਿਹਾ ਹੈ।

**(ਲੇਖਕ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੇ ਸਕੱਤਰ ਹਨ। ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ।)**

# ਅੱਜ ਤੋਂ ਸੋ ਸਾਲ ਪਹਿਲਾ, 27 ਫਰਵਰੀ ਨੂੰ ਜਿਸ ਦਿਨ 6 ਬੱਬਰਾਂ ਨੂੰ ਇਕੱਠਿਆਂ ਫਾਂਸੀ ਦਿੱਤੀ ਗਈ ਸੀ

ਭਗਵਾਨ ਸਿੰਘ ਜੌਹਲ
ਮੋ. 98143-24040

ਜਦੋਂ ਮਨੁੱਖ ਵਿਚੋਂ ਅਦਬ ਤੇ ਦਲੇਰੀ ਖਤਮ ਹੋ ਜਾਂਦੀ ਹੈ, ਉਦੋਂ ਮਨੁੱਖਤਾ ਖਤਮ ਹੋ ਜਾਂਦੀ ਹੈ। ਲੰਬੀ ਗੁਲਾਮੀ ਤੋਂ ਨਿਜ਼ਾਤ ਪਾਉਣ ਲਈ ਪੰਜਾਬ ਦੀ ਧਰਤੀ ਤੋਂ ਅਨੇਕਾਂ ਲਹਿਰਾਂ ਚੱਲੀਆਂ। ਸਮੁੱਚੇ ਹਿੰਦੋਸਤਾਨ ਦੇ ਲੋਕ ਗੁਲਾਮੀ, ਅਨਪੜ੍ਹਤਾ ਅਤੇ ਗਰੀਬੀ ਕਾਰਨ ਸਾਹ-ਸੱਤਹੀਣ ਹੋ ਚੁੱਕੇ ਸਨ। ਦੇਸ਼ ਨੂੰ ਯੋਗ ਆਗੂਆਂ ਦੀ ਲੋੜ ਸੀ ਪੰਜਾਬ ਦੀ ਧਰਤੀ ਨੂੰ ਗੁਰੂ ਸਾਹਿਬਾਨ ਨੇ ਕਰਮਯੋਗੀ ਬਣਾਕੇ ਅਣਖੀ ਜੀਵਨ ਜਿਉਣ ਦੀ ਗੁੜ੍ਹਤੀ ਦਿੱਤੀ ਹੋਈ ਹੈ। ਜਦੋਂ ਅੰਗਰੇਜ਼ੀ ਹਕੂਮਤ ਦੌਰਾਨ ਪੰਜਾਬ ਦੇ ਗੁਰਧਾਮ ਆਯਾਸ਼ ਮਹੰਤਾਂ, ਗੱਦੀਦਾਰਾਂ ਤੇ ਮਤਮੜ੍ਹੀਆਂ ਦੀਆਂ ਆਪਹੁਦਰੀਆਂ ਕਾਰਨ ਅਪਵਿੱਤਰ ਹੋ ਚੁੱਕੇ ਸਨ ਤਾਂ ਸਿੱਖ ਹਿੱਤਾਂ ਲਈ ਜੂਝਣ ਵਾਲੀ ਨਵੀਂ ਬਣੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਿੱਖ ਜਗਤ ਨੇ ਸ਼ਾਂਤਮਈ ਢੰਗ ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਿਲ ਹੋਕੇ ਤਸੀਹੇ ਝੱਲਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਨ੍ਹਾਂ ਦਿਨਾਂ ਵਿਚ ਹੀ ਸਿੱਖ ਸ਼ਹਾਦਤਾਂ ਅਤੇ ਗ੍ਰਿਫ਼ਤਾਰੀਆਂ ਦੇ ਦੌਰਾਨ ਅਕਾਲੀਆਂ ਵਿਚੋਂ ਹੀ ਇਕ ਗਰਮ ਦਲ ਤਿਆਰ ਹੋ ਗਿਆ। ਇਸ ਲਹਿਰ ਨੂੰ 'ਬੱਬਰ ਅਕਾਲੀ ਦਲ' ਦਾ ਨਾਂਅ ਦਿੱਤਾ ਗਿਆ। ਇਨ੍ਹਾਂ ਬੱਬਰ ਅਕਾਲੀਆਂ ਦਾ ਟੀਚਾ ਹਥਿਆਰਬੰਦ ਸੰਘਰਸ਼ ਵਿਚ ਅੰਗਰੇਜ਼ ਅਫ਼ਸਰਾਂ, ਝੋਲੀ ਚੁੱਕ, ਸੂਹੀਆਂ ਨੂੰ ਸਬਕ ਸਿਖਾਉਣਾ ਸੀ।

19 ਅਤੇ 21 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਛੇਤੀ ਪਿੱਛੋਂ ਹੁਸ਼ਿਆਰਪੁਰ ਵਿਖੇ ਸਿੱਖ ਐਜੂਕੇਸ਼ਨ ਕਾਨਫਰੰਸ ਦੌਰਾਨ ਮਾਸਟਰ ਮੋਤਾ ਸਿੰਘ ਪਤਾਰਾ ਅਤੇ ਜਲੰਧਰ ਸ਼ਹਿਰ ਦੀ ਬੁੱਕਲ ਵਿਚ ਵਸੇ ਪਿੰਡ ਬੜਿੰਗ ਦੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਵਿਚ ਇਨ੍ਹਾਂ ਜਾਨ ਤਲੀ ਤੇ ਰੱਖ ਕੇ ਜੂਝਣ ਵਾਲੇ ਗਰਮਦਲੀਏ ਮਰਜੀਵੜਿਆਂ ਦੀ ਇਕ ਖੁਫੀਆ ਮੀਟਿੰਗ ਹੋਈ।

ਇਸ ਮੀਟਿੰਗ ਦੌਰਾਨ ਗੁ: ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਜ਼ਿੰਮੇਵਾਰ ਅਫ਼ਸਰਾਂ ਨੂੰ ਸੋਧਣ ਦਾ ਫੈਸਲਾ ਕੀਤਾ ਗਿਆ। ਇਸ ਤੋਂ ਥੋੜ੍ਹੇ ਦਿਨਾਂ ਪਿੱਛੋਂ ਇਨ੍ਹਾਂ ਮਰਜੀਵੜਿਆਂ ਵਿਚੋਂ, ਜਿਨ੍ਹਾਂ ਨੂੰ ਇਹ ਕੰਮ ਸੌਂਪਿਆ ਗਿਆ ਸੀ, 23 ਮਈ 1921 ਨੂੰ ਖੁਫੀਆ ਏਜੰਸੀ ਦੀ ਸੂਹ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਦੌਰਾਨ ਮਾਸਟਰ ਮੋਤਾ ਸਿੰਘ ਅਤੇ ਸ. ਕਿਸ਼ਨ ਸਿੰਘ ਗੜਗੱਜ ਰੂਪੋਸ਼ ਹੋ ਗਏ। ਇਸ ਗੁਪਤਵਾਸ ਦੌਰਾਨ ਜਥੇਦਾਰ ਕਿਸ਼ਨ ਸਿੰਘ ਗੜਗੱਜ ਨੇ ਆਪਣਾ ਇਕ ਗੁਪਤ ਜਥਾ ਤਿਆਰ ਕੀਤਾ। ਇਸੇ ਦਾ ਨਾਂ 'ਚੱਕਰਵਰਤੀ ਜੱਥਾ' ਰੱਖਿਆ ਗਿਆ। ਇਸ ਜੱਥੇ ਦਾ ਕੰਮ ਪਿੰਡ ਦੇ ਲੋਕਾਂ ਵਿਚ ਅੰਗਰੇਜ਼ ਸ਼ਾਸ਼ਕਾਂ ਵਿਰੁੱਧ ਵਿਦਰੋਹ ਦੀ ਭਾਵਨਾ ਪੈਦਾ ਕਰਨਾ ਸੀ। ਹੁਸ਼ਿਆਰਪੁਰ ਵਿਚ ਜਥੇਦਾਰ ਕਰਮ ਸਿੰਘ ਦੌਲਤਪੁਰੀਏ ਨੇ ਵੀ ਇਸੇ ਲੀਹ 'ਤੇ ਚਲਦਿਆਂ ਆਪਣਾ ਜੱਥਾ ਤਿਆਰ ਕੀਤਾ। ਹੁਣ ਜੱਥੇ ਦਾ ਨਾਂ 'ਬੱਬਰ ਅਕਾਲੀ ਜੱਥਾ' ਰੱਖ ਦਿੱਤਾ ਗਿਆ।

ਇਸੇ ਦੌਰਾਨ ਅੰਗਰੇਜ਼ ਹਕੂਮਤ ਵਲੋਂ ਬੱਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਇਨਾਮ ਵੀ ਐਲਾਨੇ ਗਏ। ਸਰਕਾਰ ਦੀ ਸਖ਼ਤੀ ਕਾਰਨ ਅੰਦੋਲਨਕਾਰੀ ਸਿੱਖ ਨੌਜਵਾਨ ਲਈ ਸਖਤੀ ਕਾਰਨ ਅੰਦੋਲਨ ਚਲਾਉਣਾ ਔਖਾ ਹੋ ਰਿਹਾ ਸੀ। 1922 ਤੇ 23 ਦੌਰਾਨ ਅਨੇਕਾਂ ਗਦਾਰਾਂ ਤੇ ਸਰਕਾਰ ਪੱਖੀ ਲੋਕਾਂ ਨੂੰ ਸੋਧਿਆ ਗਿਆ। ਜੂਨ 1924 ਵਿਚ ਲਾਇਲਪੁਰ (ਪਾਕਿਸਤਾਨ) ਹੁਣ ਫੈਸਲਾਬਾਦ ਜ਼ਿਲ੍ਹੇ ਵਿਚ ਵਰਿਆਮ ਸਿੰਘ ਦੀ ਸ਼ਹਾਦਤ ਪਿੱਛੋਂ ਸਮੁੱਚੇ ਪੰਜਾਬ ਵਿਚੋਂ ਬੱਬਰਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਗੁਪਤ ਜਥੇਬੰਦੀ ਹੋਣ ਕਰਕੇ ਇਹ ਸਾਰੇ ਸਿੱਖ ਮਰਿਯਾਦਾ ਦਾ ਪਾਲਣ ਕਰਨ ਵਾਲੇ ਅਤੇ ਨਿਤਨੇਮ ਵਿਚ ਪਰਪੱਕ ਸਨ। ਅੰਗਰੇਜ਼ ਸਰਕਾਰ ਮੁਤਾਬਿਕ ਇਨ੍ਹਾਂ ਦੀ ਗਿਣਤੀ ਦੋ ਸੌ ਦੇ ਲੱਗਪਗ ਸੀ। ਇਨ੍ਹਾਂ ਦਾ ਕੰਮ ਹਥਿਆਰ ਇਕੱਠੇ ਕਰਕੇ ਫ਼ੌਜੀਆਂ ਨੂੰ ਸਰਕਾਰ ਵਿਰੁੱਧ ਉਕਸਾਉਣ ਅਤੇ ਨੌਜਵਾਨਾਂ ਨੂੰ ਸੰਘਰਸ਼ ਲਈ ਤਿਆਰ ਕਰਨਾ ਸੀ। ਇਸ ਜਥੇਬੰਦੀ ਤੋਂ ਅੰਗਰੇਜ਼ ਹਕੂਮਤ ਇੰਨਾ ਘਬਰਾਈ ਸੀ ਕਿ ਪੁਲਿਸ ਦੀ ਮੱਦਦ ਲਈ ਫੌਜ ਵੀ ਤਾਇਨਾਤ ਕੀਤੀ ਗਈ। ਸਰਕਾਰ ਨੇ ਸਖਤੀ ਦਾ ਦੌਰ ਸ਼ੁਰੂ ਕੀਤਾ, 98 ਬੱਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਲਾਹੌਰ ਸੈਂਟਰਲ ਜੇਲ੍ਹ ਵਿਚ ਮੁਕੱਦਮਾ ਸ਼ੁਰੂ ਹੋਇਆ, ਦੋ ਤਫਤੀਸ਼ ਦੌਰਾਨ ਸ਼ਹੀਦ ਹੋ ਗਏ। ਬਾਕੀਆਂ ਨੂੰ ਸੈਸ਼ਨ ਸਪੁੱਰਦ ਕੀਤਾ ਗਿਆ, 28 ਫਰਵਰੀ 1925 ਨੂੰ ਫੈਸਲਾ ਹੋਇਆ 34 ਬੱਬਰਾਂ ਨੂੰ ਛੱਡ ਦਿੱਤਾ ਗਿਆ। 49 ਨੂੰ ਉਮਰ ਕੈਦ ਤੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। 6 ਬੱਬਰ ਅਕਾਲੀਆਂ ਨੂੰ 27 ਫਰਵਰੀ, 1926 ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ।

ਇਨ੍ਹਾਂ ਸ਼ਹਾਦਤ ਦਾ ਜਾਮ ਪੀਣ ਵਾਲਿਆਂ ਵਿਚ ਜਥੇਦਾਰ ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ ਛੋਟੀ ਹਰਿਓ, ਭਾਈ ਦਲੀਪ ਸਿੰਘ ਧਾਮੀਆਂ, ਭਾਈ ਕਰਮ ਸਿੰਘ ਹਰੀਪੁਰ, ਭਾਈ ਨੰਦ ਸਿੰਘ ਘੁੜਿਆਲ, ਭਾਈ ਧਰਮ ਸਿੰਘ ਹਯਾਤਪੁਰ ਸ਼ਾਮਲ ਸਨ। ਇਨ੍ਹਾਂ ਮਹਾਨ ਮਰਜੀਵੜਿਆਂ ਨੇ ਆਪਣੀ ਕੁਰਬਾਨੀ ਦੇ ਕੇ ਅੰਗਰੇਜ਼ ਸਰਕਾਰ ਵਿਰੁੱਧ ਚਲ ਰਹੇ ਸੰਘਰਸ਼ ਵਿਚ ਆਪਣੀਆਂ ਜਵਾਨੀਆਂ ਦੀ ਅਹੁੱਤੀ ਦਿੱਤੀ। ਇਨ੍ਹਾਂ ਮਹਾਨ ਸ਼ਹੀਦਾਂ ਦਾ ਸੰਸਕਾਰ ਲਾਹੌਰ ਵਿਖੇ ਰਾਵੀ ਦਰਿਆ ਦੇ ਕਿਨਾਰੇ ਕੀਤਾ ਗਿਆ। ਇਨ੍ਹਾਂ ਕੌਮੀ ਸ਼ਹੀਦਾਂ ਨੂੰ ਪ੍ਰਣਾਮ।


**ਸ਼੍ਰੀਰਾਮ ਫਾਈਨੈਂਸ ਲਿਮਟਿਡ** (SHRIRAM Finance)
ਰਜਿਸਟਰਡ ਦਫਤਰ: ਲਿਮਟਿਡ ਰਜਿਸਟਰਡ ਦਫਤਰ ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ ਤਾਮਿਲਨਾਡੂ-600032, ਤਾਮਿਲਨਾਡੂ, ਅਤੇ ਵੋਕਹਾਰਟ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ) ਮੁੰਬਈ-40051

ਸ਼ਾਖਾ ਦਫਤਰ : ਨੇੜੇ ਨਾਨਕਸਰ ਗੁਰਦੁਆਰਾ, ਸਾਹਮਣੇ ਟੂਥਗੁਰੁ ਹਸਪਤਾਲ, ਬਰਨਾਲਾ 148101

**ਸੰਕੇਤਕ ਕਬਜ਼ਾ ਸੂਚਨਾ**

ਜਿੱਥੇ, ਹੇਠਾਂ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(2) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰਾਂ ਦੇ ਵੇਰਵਿਆਂ ਨੂੰ ਮੰਗ ਨੋਟਿਸ ਜਾਰੀ ਕੀਤੇ।
ਜਿਨ੍ਹਾਂ ਵਿੱਚੋਂ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦੱਸਿਆ ਗਿਆ ਹੈ। ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ **20 ਫਰਵਰੀ**, 2026 ਨੂੰ ਉਕਤ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ/ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ | ਜਾਇਦਾਦ ਦਾ ਵੇਰਵਾ | ਮੰਗ ਨੋਟਿਸ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ |
|---|---|---|
| ਮਹਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਰਾਜੀਆ ਤਹਿ. ਅਤੇ ਜਿਲਾ. ਬਰਨਾਲਾ, ਸਰਬਜੀਤ ਕੌਰ ਪਤਨੀ ਮਹਿੰਦਰ ਸਿੰਘ ਪਿੰਡ ਰਾਜੀਆ ਤਹਿ. ਅਤੇ ਜਿਲਾ. ਬਰਨਾਲਾ ਪੰਜਾਬ-148105 | BARSATF1803240001 - 665 ਵਰਗ ਗਜ਼ ਦੇ ਅਚੱਲ ਜਾਇਦਾਦ ਰਿਹਾਇਸ਼ੀ ਪਲਾਟ ਅਤੇ ਘਰ ਦਾ ਵੇਰਵਾ; ਭਾਵ ਬਿਲਟ-ਅੱਪ ਆਰਸੀਸੀ ਖੇਤਰ ਦੇ ਨਾਲ = 1102 ਵਰਗ ਫੁੱਟ + ਸ਼ੈੱਡ ਖੇਤਰ = 390 ਵਰਗ ਫੁੱਟ, ਕੁੱਲ ਖੇਤਰ = 1492 ਵਰਗ ਫੁੱਟ (ਆਰਸੀਐਫਸੀ ਖੇਤਰ + ਸ਼ੈੱਡ ਖੇਤਰ) (1 ਕਨਾਲ 2 ਮਰਲੇ) ਭਾਵ 19 ਮਰਲੇ 19/84 ਹਿੱਸਾ 4 ਕਨਾਲ 4 ਮਰਲੇ ਜਿਸ ਵਿੱਚ ਖਾਤਾ ਨੰਬਰ 265/508 ਖਸਰਾ ਨੰਬਰ 1510/4-4,3/194, 3 ਮਰਲੇ 9 ਕਨਾਲ 14 ਮਰਲੇ ਜਿਸ ਵਿੱਚ ਖਾਤਾ ਨੰਬਰ 266/509, ਖਸਰਾ ਨੰਬਰ 2323/1511 (9-14) ਹੈ, ਦਾ 3/194 ਹਿੱਸਾ 9 ਕਨਾਲ 14 ਮਰਲੇ ਜਿਸ ਵਿੱਚ ਖਾਤਾ ਨੰਬਰ 266/509, ਖਸਰਾ ਨੰਬਰ 2323/1511 (9-14) ਹੈ, ਜ਼ਿਲ੍ਹਾ ਬਰਨਾਲਾ ਦੇ ਪਿੰਡ ਰਾਜੀਆਂ ਤਹਿਸੀਲ ਧਨੌਲਾ ਦੀ ਮਾਲੀਆ ਸੀਮਾ ਦੇ ਅੰਦਰ ਸਥਿਤ ਹੈ। ਪੂਰਬ ਵੱਲ:- 63'00" ਗਲੀ ਪੱਛਮ ਵੱਲ:- 63'00" ਭਜਨ ਸਿੰਘ, ਉੱਤਰ ਵੱਲ:- 95'00" ਬਲਜਿੰਦਰ ਸਿੰਘ ਕਾਕਾ, ਦੱਖਣ ਵੱਲ: 95'00" ਗੁਰਜੰਟ ਸਿੰਘ | 4019695.00 ਰੁਪਏ ਚਾਲੀ ਲੱਖ ਉਨੀ ਹਜ਼ਾਰ ਛੇ ਸੌ ਪਚਾਨਵੇਂ ਰੁਪਏ, ਦਾ ਭੁਗਤਾਨ ਕਰਨਾ, ਖਾਤਾ ਨੰ:- BARSATF1803240001 ਡਿਮਾਂਡ ਨੋਟਿਸ ਮਿਤੀ 04-12-2025 |

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦੇ ਕਾਨੂੰਨੀ ਸੰਕੇਤਕ ਕਬਜ਼ੇ ਵਿੱਚ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਜ਼ਿਕਰ ਕੀਤੀ ਗਈ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੇਗਾ।

ਮਿਤੀ : 20.02.2026 ਸਥਾਨ : ਬਰਨਾਲਾ ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ



**ਸ਼੍ਰੀਰਾਮ ਫਾਈਨੈਂਸ ਲਿਮਟਿਡ** (SHRIRAM Finance)
ਰਜਿਸਟਰਡ ਦਫਤਰ: ਲਿਮਟਿਡ ਰਜਿਸਟਰਡ ਦਫਤਰ ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ ਤਾਮਿਲਨਾਡੂ-600032, ਤਾਮਿਲਨਾਡੂ, ਅਤੇ ਵੋਕਹਾਰਟ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ) ਮੁੰਬਈ-40051

ਸ਼ਾਖਾ ਦਫਤਰ : ਨੇੜੇ ਨਾਨਕਸਰ ਗੁਰਦੁਆਰਾ, ਸਾਹਮਣੇ ਟੂਥਗੁਰੁ ਹਸਪਤਾਲ, ਬਰਨਾਲਾ 148101

**ਸੰਕੇਤਕ ਕਬਜ਼ਾ ਸੂਚਨਾ**

ਜਿੱਥੇ, ਹੇਠਾਂ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(2) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰਾਂ ਦੇ ਵੇਰਵਿਆਂ ਨੂੰ ਮੰਗ ਨੋਟਿਸ ਜਾਰੀ ਕੀਤੇ।
ਜਿਨ੍ਹਾਂ ਵਿੱਚੋਂ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦੱਸਿਆ ਗਿਆ ਹੈ। ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ **20 ਫਰਵਰੀ**, 2026 ਨੂੰ ਉਕਤ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ/ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ | ਜਾਇਦਾਦ ਦਾ ਵੇਰਵਾ | ਮੰਗ ਨੋਟਿਸ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ |
|---|---|---|
| ਪ੍ਰਗਟ ਸਿੰਘ ਪੁੱਤਰ ਦਰਸ਼ਨ ਸਿੰਘ, ਅਮਾਰਾ ਪੱਤੀ, ਝਾਲੂਰ, ਧੂਰੀ ਬਰਨਾਲਾ, ਪੰਜਾਬ, 148024 ਕੁਲਜੀਤ ਕੌਰ ਪਤਨੀ ਸ੍ਰੀ ਪ੍ਰਗਟ ਸਿੰਘ ਵਾਸੀ ਅਮਾਰਾ ਪੱਤੀ, ਪਿੰਡ ਝਾਲੂਰ, ਧੂਰੀ ਬਰਨਾਲਾ, ਪੰਜਾਬ, 148024 | BARSATF1902280009 ਅਚੱਲ ਜਾਇਦਾਦ ਦਾ ਵੇਰਵਾ ਖੇਵਟ ਨੰਬਰ 1073/1426 ਖਸਰਾ ਨੰਬਰ 217//1/1(1-8) 218//3/2(1-8)4/1(8-2) 5(8-0) ਟੁਕੜੇ 4 ਕੁੱਲ ਜ਼ਮੀਨ 18 ਕਨਾਲ 18 ਮਰਲੇ 17/1512 ਵਿੱਚ ਹਿੱਸਾ ਭਾਗ 0 ਕਨਾਲ 4.25 ਮਰਲੇ ਪੱਟੀ ਰੋਡ ਦੇ ਅੰਦਰ, ਦੂਨ ਪਬਲਿਕ ਸਕੂਲ ਦੇ ਨੇੜੇ, ਬਰਨਾਲਾ, ਤਹਿਸੀਲ ਅਤੇ ਜ਼ਿਲ੍ਹਾ ਬਰਨਾਲਾ ਵਿਖੇ ਸਥਿਤ। ਪੂਰਬ ਵੱਲ:-48'00" ਅਸ਼ੋਕ ਕੁਮਾਰ, ਪੱਛਮ ਵੱਲ:- 48'00" ਗਲੀ 20'ਡਬਲਿਊ, ਉੱਤਰ ਵੱਲ:-48'00" ਗਲੀ 20' ਡਬਲਿਊ, ਦੱਖਣ ਵੱਲ: 23'06" ਕੈਲਾਸ਼ ਚੰਦ | 4152418.00 ਰੁਪਏ ਦਾ ਭੁਗਤਾਨ ਕਰਨਾ, ਇਕਤਾਲੀ ਲੱਖ ਬਵੰਜਾ ਹਜ਼ਾਰ ਚਾਰ ਸੌ ਅਠਾਰਾਂ ਖਾਤਾ ਨੰਬਰ: -BARSATF1902280009 ਮੰਗ ਨੋਟਿਸ ਮਿਤੀ 06-12-2025 |

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦੇ ਕਾਨੂੰਨੀ ਸੰਕੇਤਕ ਕਬਜ਼ੇ ਵਿੱਚ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਜ਼ਿਕਰ ਕੀਤੀ ਗਈ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੇਗਾ।

ਮਿਤੀ : 20.02.2026 ਸਥਾਨ : ਬਰਨਾਲਾ ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ



**ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮਟਿਡ** (equitas) (ਪਹਿਲਾਂ ਇਕੁਇਟਾਸ ਫਾਈਨੈਂਸ ਲਿਮਟਿਡ ਵਜੋਂ ਜਾਣਿਆ ਜਾਂਦਾ ਸੀ)
ਰਜਿਸਟਰਡ ਦਫਤਰ: ਨੰ. 769, ਸਪੈਂਸਰ ਪਲਾਜ਼ਾ, ਚੌਥੀ ਮੰਜ਼ਿਲ, ਫੇਜ਼-2, ਅੰਨਾ ਸਲਾਈ, ਚੇਨਈ - 600002।

**ਕਬਜ਼ੇ ਦਾ ਨੋਟਿਸ (ਨਿਯਮ 8 (1) ਦੇ ਤਹਿਤ - ਅਚੱਲ ਜਾਇਦਾਦ ਲਈ)**

ਜਦੋਂ ਕਿ ਮੈਸ. ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਵਜੋਂ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਨੂੰ ਲਾਗੂ ਕਰਨ [ਐਕਟ, 2002 (2002 ਦਾ 54)] ਦੇ ਅਧੀਨ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੀ ਧਾਰਾ 13(12) ਦੇ ਨਾਲ [ਨਿਯਮ 3] ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠਾਂ ਦਿੱਤੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਕੁੱਲ ਬਕਾਇਆ ਰਕਮ ਦੀ ਅਦਾਇਗੀ ਕਰਨ ਲਈ ਇੱਕ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਹੇਠਾਂ ਦੱਸੇ ਗਏ ਉਧਾਰਕਰਤਾ ਨਿਰਧਾਰਤ ਸਮੇਂ ਦੇ ਅੰਦਰ ਹੇਠਾਂ ਦੱਸੀ ਗਈ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹੇ ਹਨ, ਇਸ ਲਈ ਹੇਠਾਂ ਦੱਸੇ ਗਏ ਉਧਾਰਕਰਤਾਵਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ, ਹੇਠਾਂ ਹਸਤਾਖਰਕਰਤਾ ਨੇ ਸੁਰੱਖਿਆ ਹਿੱਤ, ਲਾਗੂਕਰਨ ਨਿਯਮ, 2002 ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13 ਦੀ ਉਪ-ਧਾਰਾ (4) ਦੇ ਤਹਿਤ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ। ਖਾਸ ਕਰਕੇ ਉਧਾਰਕਰਤਾਵਾਂ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਅਨੁਸੂਚੀ ਵਿੱਚ ਦੱਸੀਆਂ ਗਈਆਂ ਜਾਇਦਾਦਾਂ ਨਾਲ ਨਜਿੱਠਣ ਨਾ ਕਰਨ ਅਤੇ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਮੈਸਰਜ਼ ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮਟਿਡ ਦੇ ਚਾਰਜ ਅਤੇ ਉਸ 'ਤੇ ਹੋਰ ਵਿਆਜ ਅਤੇ ਹੋਰ ਖਰਚਿਆਂ ਦੇ ਅਧੀਨ ਹੋਵੇਗਾ।"ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ।"

| ਲ. ਨੰ. | ਕਰਜ਼ਦਾਰ(ਾਂ)/ਜ਼ਾਮਨ(ਾਂ) ਦਾ ਨਾਮ | ਸੁਰੱਖਿਅਤ ਸੰਪਤੀ (ਅਚੱਲ ਸੰਪਤੀ) ਦਾ ਵੇਰਵਾ | ਮੰਗ ਨੋਟਿਸ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1 | Branch: AMRITSAR. Loan No. EMFAMRTS0029648. ਕਰਜ਼ਦਾਰ : ਸ੍ਰੀ/ਸ੍ਰੀਮਤੀ ਗੁਰਜਿੰਦਰ ਸਿੰਘ ਸਹਿ ਕਰਜ਼ਦਾਰ ਰਾਜਵਿੰਦਰ ਕੌਰ | 220 ਵਰਗ ਮੀਟਰ ਦੇ ਗੈਰ-ਖੇਤੀਬਾੜੀ ਜਾਇਦਾਦ ਦੇ ਸਾਰੇ ਟੁਕੜੇ ਅਤੇ ਪਾਰਸਲ। ਗਜ਼, ਖਸਰਾ ਨੰਬਰ 31//15 ਮਿੰਨ, 31//16/1 ਮਿੰਨ ਵਿੱਚ ਸ਼ਾਮਲ, ਖੇਵਟ/ਖਟੌਨੀ ਨੰਬਰ 179/237 ਨੂੰ ਜਮ੍ਹਾਂਬੰਦੀ ਅਨੁਸਾਰ 2016-17 ਵਿੱਚ ਸ਼ਾਮਲ ਕਰਦਾ ਹੈ, ਜੋ ਕਿ ਉੱਤਰ ਵੱਲ ਸੀਮਾ ਹੈ:- ਰਸਤਾ 20'-00"/28'-00", ਦੱਖਣ:- ਪਲਾਟ ਨੰਬਰ 100, 101, 102/28'-00", ਪੂਰਬ:- ਪਲਾਟ ਨੰਬਰ 93/71'-00", ਪੱਛਮ:- ਪਲਾਟ ਨੰਬਰ 95/71'-00", ਪਿੰਡ-ਗੁਰਵਾਲੀ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਵਿਖੇ ਸਥਿਤ ਹੈ ਜਿਸ ਉੱਤੇ ਸਾਰੇ ਮੌਜੂਦਾ ਅਤੇ ਭਵਿੱਖੀ ਸੁਪਰ ਸਟ੍ਰਕਚਰ ਹਨ। ਉੱਤਰ ਵੱਲ: ਰਸਤਾ 20'-00"/28'-00", ਦੱਖਣ ਵੱਲ: ਪਲਾਟ ਨੰਬਰ 100, 101, 102/28'-00", ਪੂਰਬ ਵੱਲ: ਪਲਾਟ ਨੰ. 95/71'-00", ਪੱਛਮ ਵੱਲ: ਪਲਾਟ ਨੰ. 93/71'-00" ਮਲਕੀਤ ਸਿੰਘ ਅਤੇ ਬਾ. ਦੀ ਮਲਕੀਅਤ। | 30.10.2025 & Rs. 1515546/- | 23/02/2026 |

ਮਿਤੀ - 27-02-2026, ਸਥਾਨ - ਅੰਮ੍ਰਿਤਸਰ ਅਧਿਕਾਰਤ ਅਧਿਕਾਰੀ, ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮਟਿਡ



**ਇੰਡੀਅਨ ਬੈਂਕ** Indian Bank — ਇਲਾਹਾਬਾਦ ALLAHABAD
ਜ਼ੋਨਲ ਦਫਤਰ, ਜਲੰਧਰ
ਐਸਸੀਓ-44-ਸੀ, ਦੂਜੀ ਮੰਜ਼ਿਲ, ਅਰਬਨ ਅਸਟੇਟ, ਫੇਜ਼-II, ਜਲੰਧਰ-144022
E-mail: zojalandhar@indianbank.co.in, M- 94176 43621
**ਈ-ਨਿਲਾਮੀ ਵਿਕਰੀ ਸੂਚਨਾ**

**ਵਿਕਰੀ ਸੂਚਨਾ ਲਈ ਅਚੱਲ ਸੰਪੱਤੀ/ਆਂ ਦੀ ਵਿਕਰੀ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ)/ਸਹਿ ਕਰਜ਼ਦਾਰ(ਾਂ)/ਜ਼ਾਮਨ (ਾਂ) ਅਤੇ ਗਿਰਵੀਕਾਰ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀਆਂ, ਜਿਸ ਦਾ ਸੰਕੇਤਕ/ਭੌਤਿਕ ਕਬਜ਼ਾ ਇੰਡੀਅਨ ਬੈਂਕ ਅਤੇ ਇੰਡੀਅਨ ਬੈਂਕ (ਤਤਕਾਲੀ ਇਲਾਹਾਬਾਦ ਬੈਂਕ, 01.04.2020 ਤੋਂ ਪ੍ਰਭਾਵੀ ਗਜ਼ਟ ਅਧਿਸੂਚਨਾ ਨੰਬਰ 133 (ਜੀਐਸਆਰ-156ਈ), ਮਿਤੀ 04.03.2020 ਦੇ ਅਨੁਸਾਰ) ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ ਅਧਾਰ" 'ਤੇ ਨਿਮਨ ਦਰਸਾਈ ਮਿਤੀ ਨੂੰ ਨਿਮਨ ਦਰਸਾਏ ਕਰਜ਼ਦਾਰ (ਾਂ)/ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਤੋਂ ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਅਤੇ ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ ਹੇਠਾਂ ਵੀ ਦਰਸਾਏ ਗਏ ਹਨ :-

| ਲ. ਨੰ. | ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਸੁਰੱਖਿਅਤ ਕਰਜ਼ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ ਰਾਸ਼ੀ | ਬੋਲੀ ਵਾਧਾ ਰਕਮ / ਸੰਪੱਤੀ ਆਈਡੀ : |
|---|---|---|---|---|---|
| 1 | B/O: CRPF ਸਰਾਏ ਖਾਸ ਬ੍ਰਾਂਚ Mob. No. 90567 - 44914. 1. ਸ਼੍ਰੀ ਅਨਿਲ ਮਿਸਤਰੀ ਪੁੱਤਰ ਸ਼੍ਰੀ ਰਾਮਦੇਓ ਮਿਸਤਰੀ, (ਕਰਜ਼ਦਾਰ ਅਤੇ ਗਿਰਵੀਕਾਰ), ਪਤਾ 1: # 198 ਗੋਵਿੰਦਪੁਰ ਮੰਡਲ ਟੋਲਾ, ਪਿੰਡ ਗੋਵਿੰਦਪੁਰ, ਆਂਚਲ ਗੋਗੜੀਆ, ਜਿਲਾ ਖਗੜੀਆ ਪਿੰਨ ਕੋਡ 851213., ਪਤਾ 2:- ਪਿੰਡ ਬਿਧੀਪੁਰ, ਡਾਕਖਾਨਾ ਮਹੇਸ਼ਪੁਰ, ਪਿੰਨ ਕੋਡ 144008., 2. ਸ਼੍ਰੀ ਮੁਹੰਮਦ ਜਾਫਰੂ ਪੁੱਤਰ ਸ. ਅਬਦੁਲ ਗਨੀ (ਜ਼ਾਮਨ), ਪਤਾ:- ਮਕਾਨ ਨੰ. 75, ਪੋਹਰੀ ਕਲਾਂ, ਲਾਤੇਹਾਰ, ਝਾਰਖੰਡ, ਪਿੰਨ ਕੋਡ 822111 | ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਜਿਸਦੀ ਮਾਪ 0ਕੇ-5 3/4ਐਮ, ਜਿਸ ਵਿੱਚ ਖੇਵਟ ਨੰਬਰ 11, ਖਤੌਨੀ ਨੰਬਰ 15, ਖਸਰਾ ਨੰਬਰ 10//20(8-0), 21(7-18) 12//1(3-12) ਰਕਬਾ ਰਾਮਸਿੰਘ ਪੁਰ ਜਲੰਧਰ, ਸ਼੍ਰੀ ਅਨਿਲ ਮਿਸਤਰੀ ਪੁੱਤਰ ਸ਼੍ਰੀ ਰਾਮਦੇਵ ਮਿਸਤਰੀ ਦੇ ਨਾਮ 'ਤੇ, ਵਿਕਰੀ ਡੀਡ ਵਾਸਿਕਾ ਨੰਬਰ 491 ਮਿਤੀ 08-09-2016 ਦੇ ਅਨੁਸਾਰ, ਸੰਯੁਕਤ ਸਬ ਰਜਿਸਟਰਾਰ ਕਰਤਾਰਪੁਰ ਨਾਲ ਰਜਿਸਟਰਡ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ:- ਹੋਰ ਲੋਕ, ਪੱਛਮ:- ਸੜਕ, ਉੱਤਰ:- ਵਿਜੇ ਕੁਮਾਰ, ਦੱਖਣ: ਨਿਵਾਸੀ ਦਲਜੀਤਪਾਲ ਸਿੰਘ (ਕਬਜ਼ੇ ਦੀ ਕਿਸਮ: ਭੌਤਿਕ) | Rs. 13,07,164/- (ਰੁਪਏ ਤੇਰਾਂ ਲੱਖ ਸੱਤ ਹਜ਼ਾਰ ਇਕ ਸੌ ਚੌਹਠ ਕੇਵਲ) 25.02.2025 ਅਨੁਸਾਰ ਹੋਰ ਵਿਆਜ, ਲਾਗਤਾਂ, ਹੋਰ ਖਰਚਿਆਂ ਅਤੇ 25.02.2025 ਤੋਂ ਇਸ 'ਤੇ ਖਰਚਿਆਂ ਸਮੇਤ। (ਈ-ਨਿਲਾਮੀ ਵੈਬਸਾਈਟ, ਸੰਪੱਤੀ ਦੀਆਂ ਤਸਵੀਰਾਂ, ਸੰਪੱਤੀ ਦਾ ਵੀਡਿਓ, ਸੰਪੱਤੀ ਦਾ ਸਥਾਨ) | Rs. 11,29,000/- / Rs. 1,12,900/- | Rs. 10,000/- / IDIBL7601 |
| 2. | ਸ਼ਾਖਾ ਦਫਤਰ: GRDC ਜਲੰਧਰ Mob. No. 9814728444. 1. ਦ ਅਸਟੇਟ ਸ੍ਰੀ ਵਿਵੇਕ ਆਹੂਜਾ ਪੁੱਤਰ ਸ੍ਰੀ ਬ੍ਰਿਜ ਭੂਸ਼ਣ (ਮ੍ਰਿਤਕ ਦੱਸੇ ਗਏ) (ਕਰਜ਼ਦਾਰ ਅਤੇ ਗਿਰਵੀਕਾਰ), ਸ਼੍ਰੀਮਤੀ ਰਜਨੀ ਆਹੂਜਾ ਪਤਨੀ ਸਵਰਗੀ ਸ਼੍ਰੀ. ਵਿਵੇਕ ਆਹੂਜਾ (ਪਤਨੀ - ਕਾਨੂੰਨੀ ਵਾਰਸ) ਪਤਾ: 1. ਮਕਾਨ ਨੰ. ਐਨ-ਸੀ 290/8, ਕੋਟ ਕਿਸ਼ਨ ਚੰਦ, ਜਲੰਧਰ-1, ਇੰਡਸਟਰੀਅਲ ਟਾਊਨ, ਜਲੰਧਰ, ਪੰਜਾਬ (144004), ਪਤਾ: 2. ਮਕਾਨ ਨੰ. 33ਬੀ, ਅਬਾਦੀ ਕਾਲੀਆ ਕਾਲੋਨੀ, ਪਹਸੇ 99, ਪਿੰਡ ਸਲੇਮਪੁਰ ਮੁਸਲਮਾਣਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ (144008), 2. ਸ੍ਰੀ ਤਨੁਜ ਆਹੂਜਾ ਪੁੱਤਰ ਸਵਰਗਵਾਸੀ ਸ. ਵਿਵੇਕ ਆਹੂਜਾ (ਪੁੱਤਰ - ਕਾਨੂੰਨੀ ਵਾਰਸ) ਪਤਾ: 1. ਮਕਾਨ ਨੰ. ਐਨ-ਸੀ 290/8, ਕੋਟ ਕਿਸ਼ਨ ਚੰਦ, ਜਲੰਧਰ-1, ਇੰਡਸਟਰੀਅਲ ਟਾਊਨ, ਜਲੰਧਰ, ਪੰਜਾਬ (144004)। ਪਤਾ: 2. ਮਕਾਨ ਨੰ. 33ਬੀ, ਅਬਾਦੀ ਕਾਲੀਆ ਕਾਲੋਨੀ, ਫੇਜ਼-2, ਪਿੰਡ ਸਲੇਮਪੁਰ ਮੁਸਲਮਾਣਾ, ਤਹਿਸੀਲ ਅਤੇ ਜ਼ਿਲ੍ਹਾ। ਜਲੰਧਰ, ਪੰਜਾਬ (144008. 3. ਸ੍ਰੀ ਤਨੁਜ ਆਹੂਜਾ ਪੁੱਤਰ ਸਵਰਗਵਾਸੀ ਸ਼੍ਰੀ ਵਿਵੇਕ ਆਹੂਜਾ (ਸਹਿ-ਕਰਜ਼ਦਾਰ), ਪਤਾ: 1. ਮਕਾਨ ਨੰ. ਐਨ-ਸੀ 290/8, ਕੋਟ ਕਿਸ਼ਨ ਚੰਦ, ਜਲੰਧਰ-1, ਇੰਡਸਟਰੀਅਲ ਟਾਊਨ, ਜਲੰਧਰ, ਪੰਜਾਬ (144004) ਪਤਾ 2 : ਮਕਾਨ ਨੰ. 33ਬੀ, ਅਬਾਦੀ ਕਾਲੀਆ ਕਲੋਨੀ ਫੇਜ਼ 2, ਪਿੰਡ ਸਲੇਮਪੁਰ ਮੁਸਲਮਾਣਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ (144008) | ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 3 ਮਰਲੇ 130 ਵਰਗ ਫ਼ੁੱਟ (946 ਵਰਗ ਫ਼ੁੱਟ) (1 ਮਰਲਾ = 272 ਵਰਗ ਫ਼ੁੱਟ) ਵਾਲਾ ਮਕਾਨ ਨੰਬਰ 33 ਬੀ ਆਬਾਦੀ ਕਾਲੀਆ ਕਲੋਨੀ, ਫੇਜ਼ 2, ਪਿੰਡ ਸਲੇਮਪੁਰ ਮੁਸਲਮਾਨਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ, ਜੋ ਕਿ ਖਾਤਾ ਨੰਬਰ 43/56, ਖਸਰਾ ਨੰਬਰ 23//1/2, 2/1, 3/1, 4/1, 1/1 ਵਿੱਚ ਸਾਲ 2017-18 ਲਈ ਜਮ੍ਹਾਂਬੰਦੀ ਅਨੁਸਾਰ ਸ੍ਰੀ ਵਿਵੇਕ ਅਹੂਜਾ ਪੁੱਤਰ ਸ੍ਰੀ ਬਿਰਜ ਭੂਸ਼ਣ (ਮ੍ਰਿਤਕ ਦੱਸੇ ਗਏ) ਦੇ ਨਾਮ 'ਤੇ ਵਿਕਰੀ ਡੀਡ ਨੰਬਰ 2022-23/187/1/2256 ਮਿਤੀ 04.07.2022 ਦੇ ਅਨੁਸਾਰ ਸ਼ਾਮਲ ਹੈ। ਇਸ ਤਰ੍ਹਾਂ ਹੱਦਬੰਦੀ - ਪੂਰਬ: - ਪਲਾਟ ਨੰਬਰ 32, ਪਲਾਟ ਨੰਬਰ 331, ਉੱਤਰ: - ਸੜਕ, ਦੱਖਣ: - ਦੂਜਿਆਂ ਦੀ ਜਾਇਦਾਦ। ਕਬਜ਼ੇ ਦੀ ਕਿਸਮ: ਸੰਕੇਤਕ | Rs. 30,80,596/- (ਰੁਪਏ ਤੀਹ ਲੱਖ ਅੱਸੀ ਹਜ਼ਾਰ ਪੰਜ ਸੌ ਛਿਆਨਵੇਂ ਕੇਵਲ) 25.02.2025 ਅਨੁਸਾਰ ਹੋਰ ਵਿਆਜ, ਲਾਗਤਾਂ, ਹੋਰ ਖਰਚਿਆਂ ਅਤੇ 25.02.2025 ਤੋਂ ਇਸ 'ਤੇ ਖਰਚਿਆਂ ਸਮੇਤ। (ਈ-ਨਿਲਾਮੀ ਵੈਬਸਾਈਟ, ਸੰਪੱਤੀ ਦੀਆਂ ਤਸਵੀਰਾਂ, ਸੰਪੱਤੀ ਦਾ ਸਥਾਨ) | Rs. 26,20,000/- / Rs. 2,62,000/- | Rs. 25,000/- / IDIBR30461833401 |

| | |
|---|---|
| ** ਦਸਤਾਵੇਜ਼ਾਂ ਦੀ ਜਾਂਚ ਦੀ ਮਿਤੀ | ਲੜੀ ਨੰ. 01 ਦੇ ਲਈ 09.03.2026 ਤੋਂ 17.03.2026 ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਤੱਕ; ਲੜੀ ਨੰ. 02 ਦੇ ਲਈ 16.03.2026 ਤੋਂ 29.03.2026 ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਤੱਕ |
| ** ਈ-ਨਿਲਾਮੀ ਮੋਡ ਰਾਹੀਂ ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ | ਲੜੀ ਨੰ. 01 ਦੇ ਲਈ 18.03.2026 ਲਈ ਅਤੇ ਲੜੀ ਨੰ. 30.03.2026 ਤੋਂ 03:00 ਵਜੇ ਤੱਕ |
| ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ | ਲੜੀ ਨੰ. 01 ਦੇ ਲਈ 18.03.2026 ਅਤੇ ਲੜੀ ਨੰ. 2 ਲਈ 30.03.2026 ਸਵੇਰੇ 10.00 ਵਜੇ ਤੋਂ ਸ਼ਾਮ 05.00 ਵਜੇ ਤੱਕ (ਵਿਕਰੀ ਦੇ ਖਤਮ ਹੋਣ ਤੱਕ ਹਰ ਵਾਰ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ) |

ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂ ਕਰਨ) ਨਿਯਮਾਂ, 2002 ਦੇ ਨਿਯਮ 6(2) ਅਤੇ 9(1)/8(6) ਦੇ ਤਹਿਤ ਉਪਰੋਕਤ ਕਰਜ਼ਦਾਰ(ਆਂ) ਅਤੇ ਜ਼ਾਮਨ(ਾਂ) ਨੂੰ 15/30 ਦਿਨਾਂ ਦਾ ਸੂਚਨਾ ਵੀ ਹੈ।

ਬੋਲੀਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ PSB ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (https://baanknet.com) 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ PSB ਅਲਾਇੰਸ ਪ੍ਰਾਈਵੇਟ ਲਿਮਟਿਡ ਨੂੰ ਕਾਲ ਕਰੋ। ਲਿਮਟਿਡ ਹੈਲਪਡੈਸਕ ਨੰਬਰ 8291220220, ਈਮੇਲ ਆਈਡੀ:- support.baanknet@psballiance.com ਅਤੇ ਸੇਵਾ ਪ੍ਰਦਾਤਾ ਹੈਲਪ ਡੈਸਕ ਵਿੱਚ ਉਪਲਬਧ ਹੋਰ ਹੈਲਪ ਲਾਈਨ ਨੰਬਰ। ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟ੍ਰੇਸ਼ਨ ਸਥਿਤੀ ਅਤੇ ਈਐਮਡੀ ਸਥਿਤੀ ਲਈ, ਕਿਰਪਾ ਕਰਕੇ support.baanknet@psballiance.com 'ਤੇ ਸੰਪਰਕ ਕਰੋ। ਜਾਇਦਾਦ ਦੇ ਵੇਰਵਿਆਂ ਅਤੇ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਇੱਥੇ ਜਾਓ: https://baanknet.com ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪਡੈਸਕ ਨੰਬਰ 8291220220 'ਤੇ ਸੰਪਰਕ ਕਰੋ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ https://baanknet.com ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਜਾਇਦਾਦ ਆਈਡੀ ਨੰਬਰ ਦੀ ਵਰਤੋਂ ਕਰਨ।

ਮਿਤੀ: 26.02.2026 ਸਥਾਨ: ਜਲੰਧਰ, ਅਧਿਕਾਰਤ ਅਧਿਕਾਰੀ


## ਅਮਰ ਪਰਮਾਰਥੀ ਊਰਜਾ : ਵਿਭਿੰਨ ਪਰਵਰਤਿਤ ਰੂਪਾਂ ਵਿੱਚ

ਪ੍ਰੋ. ਡਾ. ਸੰਗਰਾਮ ਸਿੰਘ
7973327963

ਜਦੋਂ ਕਿਸੇ ਮਨੁੱਖ ਦੀ ਸੋਚ ਵਿੱਚ ਆਪਣੀ ਹੋਂਦ ਦੇ ਕਾਰਨਾਂ ਨੂੰ ਜਾਨਣ ਦੀ ਇੱਛਾ ਜਾਗ੍ਰਿਤ ਹੁੰਦੀ ਹੈ ਤਾਂ ਉਸ ਮਨੁੱਖ ਦੇ ਆਤਮਿਕ ਵਿਕਾਸ ਦਾ ਆਰੰਭ ਹੁੰਦਾ ਹੈ। ਜਿਵੇਂ- ਜਿਵੇਂ ਮਨੁੱਖੀ ਆਤਮਿਕ ਵਿਕਾਸ ਵਿਭਿੰਨ ਪੜਾਵਾਂ ਵਿੱਚੋਂ ਗੁਜਰਨਾ ਸ਼ੁਰੂ ਕਰਦਾ ਹੈ, ਉਵੇਂ-ਉਵੇਂ ਸਬੰਧਿਤ ਮਨੁੱਖ ਦਾ ਸ੍ਰਿਸ਼ਟੀ ਨੂੰ ਵੇਖਣ ਦਾ ਨਜ਼ਰੀਆ ਵੀ ਪਰਿਵਰਤਿਤ ਹੁੰਦਾ ਜਾਂਦਾ ਹੈ। ਇਹ ਸੰਪੂਰਨ ਸੰਸਾਰ ਅਤੇ ਇਸ ਵਿੱਚ ਵਾਸ ਕਰਨ ਵਾਲੇ ਵਿਭਿੰਨ ਜੀਵ, ਉਸ ਮਨੁੱਖ ਨੂੰ ਕੇਵਲ ਕਿਸੇ ਨਾਟਕ ਦੇ ਅਜਿਹੇ ਪਾਤਰ ਮਾਤਰ ਹੀ ਜਾਪਣੇ ਸ਼ੁਰੂ ਹੋ ਜਾਂਦੇ ਹਨ ਜੋ ਆਪੋ-ਆਪਣੇ ਵਿਭਿੰਨ ਕਿਰਦਾਰ ਨਿਭਾ ਰਹੇ ਹਨ ਅਤੇ ਜਿਨਾਂ ਨੇ ਇੱਕ ਕਿਰਦਾਰ ਖਤਮ ਕਰ, ਉਸੇ ਨਾਟਕ ਦੇ ਕਿਸੇ ਹੋਰ ਕਿਰਦਾਰ ਨੂੰ ਨਿਭਾਉਣ ਲਈ, ਉਸੇ ਨਾਟਕ ਵਿੱਚ ਵਾਪਸ ਪ੍ਰਵੇਸ਼ ਕਰਨਾ ਹੈ।

ਆਤਮਿਕ ਵਿਕਾਸ ਦੀ ਪ੍ਰਕਿਰਿਆ ਨਾਲ ਜੁੜਨ ਵਾਲੇ ਮਨੁੱਖ ਦੇ ਵਿਚਾਰਾਂ ਵਿੱਚ ਅਜਿਹਾ ਕੀ ਪਰਿਵਰਤਨ ਆਉਂਦਾ ਹੈ ਜੋ ਉਸਦੇ ਸੰਸਾਰ ਪ੍ਰਤੀ ਨਜ਼ਰੀਏ ਨੂੰ ਹੀ ਬਦਲ ਦਿੰਦਾ ਹੈ ?

ਇਸ ਨਜ਼ਰੀਏ ਨੂੰ ਹਰ ਸਧਾਰਨ ਮਨੁੱਖ ਵੀ ਬਹੁਤ ਹੀ ਸਰਲਤਾ ਨਾਲ ਸਮਝ ਸਕਦਾ ਪਰੰਤੂ ਲੋੜ ਹੈ ਕੇਵਲ ਸੰਪੂਰਨ ਇਕਾਗਰਤਾ ਅਤੇ ਸਮਰਪਣ ਦੀ। ਆਓ ਸ੍ਰਿਸ਼ਟੀ ਦੇ ਇਸ ਅਦਭੁਤ ਜੀਵਨ ਚੱਕਰ ਨੂੰ ਬਹੁਤ ਹੀ ਆਸਾਨੀ ਨਾਲ ਸਮਝਣ ਦਾ ਯਤਨ ਕਰੀਏ।

ਅਸਲੀਅਤ ਇਹ ਹੈ ਕਿ ਇਸ ਸੰਪੂਰਨ ਸੰਸਾਰ ਵਿੱਚ ਵਾਸ ਕਰਨ ਵਾਲੇ ਹਰ ਛੋਟੇ ਅਤੇ ਵੱਡੇ ਜੀਵ, ਪਸ਼ੂ, ਪੰਛੀ, ਹਵਾ, ਪਾਣੀ, ਬਨਸਪਤੀ ਆਦਿ, ਭਾਵ ਹਰ ਜੀਵਤ ਵਸਤੂ ਦੇ ਅੰਦਰ ਕੇਵਲ ਇੱਕ ਅਜਿਹੀ ਊਰਜਾ ਵਾਸ ਕਰ ਰਹੀ ਹੈ ਜੋ ਸਦਾ ਲਈ ਅਮਰ ਹੈ ਅਤੇ ਸਭ ਜੀਵਾਂ ਵਿੱਚ ਮੌਜੂਦ ਇਹੀ ਊਰਜਾ ਸਮੇਂ ਦੇ ਅੰਤਰਾਲ ਅਨੁਸਾਰ ਪਰਿਵਰਤਿਤ ਹੋ ਕੇ ਕਿਸੇ ਇੱਕ ਜੀਵ ਜਾਂ ਜੰਤੂ ਦੇ ਸਰੀਰ, ਜਾਂ ਰਚਨਾ ਵਿੱਚ ਪ੍ਰਵੇਸ਼ ਕਰਦੀ ਰਹਿੰਦੀ ਹੈ। ਸਰੀਰ ਨਾਸ਼ਵਾਨ ਹੈ, ਇਸ ਲਈ ਊਰਜਾ ਦੇ ਉਸ ਵਿੱਚੋਂ ਨਿਕਲਣ ਤੋਂ ਬਾਅਦ ਇਹ ਨਸ਼ਟ ਹੋ ਜਾਂਦਾ ਹੈ ਪ੍ਰੰਤੂ ਇਹ ਰਹਸਮਈ ਊਰਜਾ ਅਮਰ ਹੈ ਅਤੇ ਇਸੇ ਲਈ ਇਹ ਕਦੇ ਵੀ ਖਤਮ ਨਹੀਂ ਹੁੰਦੀ।

ਉਦਾਹਰਣ ਇਸ ਪ੍ਰਕਿਰਤੀ ਵਿੱਚ ਮੌਜੂਦ ਪਾਣੀ ਅਤੇ ਪੇੜ - ਪੌਦਿਆਂ ਦੀ ਹੀ ਲੈਂਦੇ ਹਾਂ। ਜੋ ਪਾਣੀ ਅਸੀਂ ਅੱਜ ਪੀਣ ਲਈ ਜਾਂ ਹੋਰ ਕਾਰਜਾਂ ਲਈ ਵਰਤਦੇ ਹਾਂ ਇਹ ਉਹੀ ਪਾਣੀ ਹੈ ਜੋ ਸ੍ਰਿਸ਼ਟੀ ਦੇ ਨਿਰਮਾਣ ਦੇ ਸ਼ੁਰੂ ਵਿੱਚ ਇਥੇ ਮੌਜੂਦ ਸੀ। ਇਹੀ ਪਾਣੀ ਕਦੇ ਭਾਫ ਬਣ ਉੱਪਰ ਉੱਠ ਜਾਂਦਾ ਹੈ ਅਤੇ ਇਹੀ ਪਾਣੀ ਵਰਖਾ ਦੇ ਰੂਪ ਵਿੱਚ ਧਰਤੀ ਉੱਤੇ ਵਰਸਦਾ ਹੈ। ਇਹੀ ਪਾਣੀ ਧਰਤੀ ਦੇ ਅੰਦਰ ਮੌਜੂਦ ਹੈ, ਇਹੀ ਪਾਣੀ ਸਮਾਂ ਪਾ ਕੇ ਸਮੁੰਦਰਾਂ, ਨਦੀਆਂ, ਨਹਿਰਾਂ, ਪਹਾੜਾਂ ਵਿੱਚੋ ਝਰਨਿਆਂ ਦਾ ਰੂਪ ਧਾਰਨ ਕਰ ਲੈਂਦਾ ਹੈ। ਪੇੜ - ਪੌਦਿਆਂ ਨੂੰ ਲੱਗਣ ਵਾਲੇ ਫਲ ਪੱਕ ਜਾਣ ਤੋਂ ਬਾਅਦ ਜੀਵ ਖਾ ਲੈਂਦੇ ਹਨ ਪਰੰਤੂ ਉਸ ਪੱਕੇ ਹੋਏ ਫਲ ਵਿਚਲੇ ਬੀਜ ਤੋਂ ਹੀ ਨਵਾਂ ਪੌਦਾ ਜਨਮ ਲੈ ਲੈਂਦਾ ਹੈ। ਭਾਵ ਇਹੀ ਜੀਵਨ ਚੱਕਰ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਠੀਕ ਇਸੇ ਤਰ੍ਹਾਂ ਹੀ ਸਭ ਜੀਵਾਂ ਵਿੱਚ ਮੌਜੂਦ ਊਰਜਾ ਵੀ ਇਸ ਸੰਪੂਰਨ ਜੀਵਨ ਚੱਕਰ ਨੂੰ ਹੀ ਦੁਹਰਾਉਂਦੀ ਰਹਿੰਦੀ ਹੈ।

ਧਾਰਮਿਕ ਵੇਦਾਂ-ਸ਼ਾਸਤਰਾਂ ਅਤੇ ਗ੍ਰੰਥਾਂ ਨੇ ਜੀਵ-ਜੰਤੂਆਂ ਵਿੱਚ ਮੌਜੂਦ ਇਸ ਅਨੋਖੀ ਊਰਜਾ ਨੂੰ ਆਤਮਾ ਦਾ ਨਾਮ ਦਿੱਤਾ ਹੈ ਤਾਂ ਜੋ ਹਰ ਕੋਈ ਇਸ ਵਿਲੱਖਣ ਊਰਜਾ ਨੂੰ ਸਮਝ ਸਕੇ ਅਤੇ ਜਾਣ ਸਕੇ। ਅਧਿਆਤਮਕਤਾ ਅਨੁਸਾਰ ਇਸੇ ਆਤਮਾ ਨੂੰ ਪਰਮਾਤਮਾ ਦਾ ਅੰਸ਼ ਕਹਿ ਕੇ ਸੰਬੋਧਨ ਕੀਤਾ ਗਿਆ ਹੈ।

ਅਤਿਅੰਤ ਡੂੰਘੇ ਵਿਚਾਰਾਂ ਅਤੇ ਨਿਰੀਖਣ ਤੋਂ ਬਾਅਦ ਇਹੀ ਕਿਹਾ ਜਾ ਸਕਦਾ ਹੈ ਕਿ ਇਸ ਸ੍ਰਿਸ਼ਟੀ ਦੀ ਸ਼ੁਰੂਆਤ ਤੋਂ ਵਰਤਮਾਨ ਤੱਕ ਕੁਝ ਵੀ ਨਵ - ਨਿਰਮਾਣ ਨਹੀਂ ਹੈ ਬਲਕਿ ਇਸੇ ਸ੍ਰਿਸ਼ਟੀ ਵਿੱਚ ਮੌਜੂਦ ਊਰਜਾ ਹੀ ਯੁੱਗਾ - ਯੁੱਗਾ ਤੋਂ ਅਨੇਕ ਰੂਪਾਂ ਵਿੱਚ ਪਰਿਵਰਤਿਤ ਹੋ ਜੀਵਨ ਸੰਚਾਰ ਕਰ ਰਹੀ ਹੈ। ਇਸੇ ਕਰਕੇ ਹੀ ਉਸ ਮਹਾਨ ਸ੍ਰਿਸ਼ਟੀ ਕਰਤਾ ਨੂੰ ਸਰਵਉੱਚ, ਸਰਬ - ਸ਼ਕਤੀਮਾਨ ਅਤੇ ਸਰਬ ਗਿਆਤਾ ਹੋਣ ਦਾ ਮਾਣ ਅਤੇ ਦਰਜ਼ਾ ਪ੍ਰਾਪਤ ਹੈ, ਜਿਸਨੂੰ ਸ੍ਰਿਸ਼ਟੀ ਦਾ ਹਰ ਜੀਵ - ਜੰਤੂ, ਬਨਸਪਤੀ, ਪੇੜ-ਪੌਦੇ ਅਤੇ ਸੰਪੂਰਨ ਕਾਇਨਾਤ ਕੋਟਿਨ- ਕੋਟਿਨ ਨਮਨ ਕਰਦੇ ਹਨ।

ਕਿਸੇ ਸ਼ਾਇਰ ਨੇ ਸੱਚ ਮੁੱਚ ਹੀ ਬਹੁਤ ਸੁੰਦਰ ਕਹਾਵਤ ਲਿਖੀ ਹੈ :

ਰੱਬ ਇੱਕ ਗੁੰਝਲਦਾਰ ਬੁਝਾਰਤ, ਰੱਬ ਇੱਕ ਗੋਰਖ ਧੰਦਾ,
ਖੋਲਣ ਲੱਗਿਆਂ ਪੇਚ ਏਸ ਦੇ, ਕਾਫਰ ਹੋ ਜਾਏ ਬੰਦਾ।


**ਪੰਜਾਬ ਨੈਸ਼ਨਲ ਬੈਂਕ** (pnb) ...ਭਰੋਸੇ ਦਾ ਪ੍ਰਤੀਕ !
ਸਰਕਲ ਦਫ਼ਤਰ : ਪਲਾਟ ਨੰ. 445, ਫੇਜ਼ 3, ਨੇੜੇ ਦੀਦੀ ਪੋਤੀ ਪਾਰਕ, ਮਾਡਲ ਟਾਊਨ, ਬਠਿੰਡਾ
**ਈ-ਨਿਲਾਮੀ ਵਿਕਰੀ ਸੂਚਨਾ**

**ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ**

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ, ਸੁਰੱਖਿਆ ਵਿਆਜ (ਇਨਫੋਰਸਮੈਂਟ) ਨਿਯਮ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹਿਆ ਜਾਂਦਾ ਹੈ ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਸੰਪਤੀ ਜੋ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ ਹੈ/ਚਾਰਜ ਕੀਤੀ ਗਈ ਹੈ, ਜਿਸਦੀ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਬੈਂਕ/ਸੁਰੱਖਿਅਤ ਕਰਜ਼ਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਵੀ ਹੈ" 'ਤੇ ਵੇਚਿਆ ਜਾਵੇਗਾ, ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਆਂ) ਤੋਂ ਬੈਂਕ/ਸੁਰੱਖਿਅਤ ਲੈਣਦਾਰ ਦੇ ਬਕਾਏ ਦੀ ਵਸੂਲੀ ਲਈ। ਰਾਖਵੀਂ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਸਬੰਧਤ ਜਾਇਦਾਦਾਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੇ ਅਨੁਸਾਰ ਹੋਵੇਗੀ।

ਇੱਛੁਕ ਖਰੀਦਦਾਰਾਂ ਨੂੰ ਨਿਲਾਮੀ ਵਿੱਚ ਹਿੱਸਾ ਲੈਣ ਲਈ https://baanknet.com 'ਤੇ ਈ-ਵਾਲਿਟ ਵਿੱਚ ਯੂਜ਼ਰ ਆਈਡੀ ਬਣਾਉਣਾ ਹੋਵੇਗਾ ਅਤੇ ਘੱਟੋ-ਘੱਟ ਬਿਆਨਾ ਰਕਮ ਹੋਣੀ ਚਾਹੀਦੀ ਹੈ।
ਬਿਆਨਾ ਰਕਮ ਤੋਂ ਇਲਾਵਾ ਬਕਾਇਆ ਈ-ਨਿਲਾਮੀ ਰਕਮ ਪੰਜਾਬ ਨੈਸ਼ਨਲ ਬੈਂਕ, ਖਾਤਾ ਨੰਬਰ 3813003171165ਏ, IFSC ਕੋਡ: PUNB0381300 ਵਿੱਚ ਜਮ੍ਹਾ ਕੀਤੀ ਜਾਵੇਗੀ।
ਸਫਲ ਬੋਲੀਕਾਰ ਨੂੰ ਅਗਲੇ ਕੰਮਕਾਜੀ ਦਿਨ ਬਿਆਨਾ ਰਕਮ ਸਮੇਤ 25% ਜਮ੍ਹਾ ਕਰਵਾਉਣਾ ਹੋਵੇਗਾ ਅਤੇ ਬਾਕੀ 75% ਅਧਿਕਾਰਤ ਅਧਿਕਾਰੀ ਦੁਆਰਾ ਵਿਕਰੀ ਦੀ ਪੁਸ਼ਟੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਜਮ੍ਹਾ ਕਰਵਾਉਣਾ ਹੋਵੇਗਾ।
ਜਿੱਥੇ ਜਾਇਦਾਦ ਦੀ ਵਿਕਰੀ ਕੀਮਤ 50.00 ਲੱਖ ਰੁਪਏ ਅਤੇ ਇਸ ਤੋਂ ਵੱਧ ਹੈ, ਨਿਲਾਮੀ ਖਰੀਦਦਾਰ ਨੂੰ ਆਮਦਨ ਕਰ ਐਕਟ ਦੀ ਧਾਰਾ 194 ਏ1 ਦੇ ਅਨੁਸਾਰ ਆਮਦਨ ਕਰ ਵਿਭਾਗ ਨੂੰ TDS ਭੇਜਣਾ ਪਵੇਗਾ। ਵਿਕਰੀ ਸਰਟੀਫਿਕੇਟ ਸਿਰਫ਼ ਫਾਰਮ ਨੰਬਰ 26QB ਦੀ ਰਸੀਦ ਅਤੇ TDS ਭੇਜਣ ਲਈ ਚਲਾਨ ਜਾਰੀ ਕੀਤਾ ਜਾਵੇਗਾ। ਫਾਰਮ 16ਬੀ 'ਤੇ TDS ਦਾ ਸਰਟੀਫਿਕੇਟ ਬਾਅਦ ਵਿੱਚ ਬੈਂਕ ਨੂੰ ਜਮ੍ਹਾ ਕਰਨਾ ਹੋਵੇਗਾ। ਚੱਲ ਜਾਇਦਾਦ ਦੀ ਵਿਕਰੀ 'ਤੇ ਲਾਗੂ ਹੋਣ ਵਾਲਾ GST ਲੱਗੇਗਾ।
ਈਮੇਲ ਆਈਡੀ 'ਤੇ ਸੰਪਰਕ ਕਰੋ: **cobtdsamd@pnb.bank.in.**

| ਲ. ਨੰ. | ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ (ਾਂ) ਦੇ ਨਾਮ | ਸੁਰੱਖਿਅਤ ਸੰਪੱਤੀਆਂ ਦੇ ਵੇਰਵੇ | ਇੱਛੁਕ ਵਿਕਰੀ ਸੂਚਨਾ ਦੀ ਮਿਤੀ | ੳ) ਮੰਗ ਸੂਚਨਾ ਦੀ ਮਿਤੀ ਅ) ਬਕਾਇਆ ਰਕਮ ੲ) ਕਬਜ਼ਾ ਸੂਚਨਾ ਦੀ ਮਿਤੀ ਸ) ਕਬਜ਼ੇ ਦੀ ਕਿਸਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਸੁਰੱਖਿਅਤ ਕਰਜ਼ਦਾਤਿਆਂ ਨੂੰ ਜਾਣੂ ਦੇਣਦਾਰੀਆਂ ਦੇ ਵੇਰਵੇ |
|---|---|---|---|---|---|---|---|
| 1. | ਬੋਗਾ -167110. 1. ਮੈਸਰਜ਼ ਸੁਰਜੀਤ ਟਰੇਡਿੰਗ ਕੰ. (ਰਾਹੀਂ ਇਸ ਦੇ ਪ੍ਰੋਪਰਾਈਟਰ) ਸੁਰਜੀਤ ਸਿੰਘ ਪੁੱਤਰ ਵਜ਼ੀਰ ਸਿੰਘ, ਬੱਸ ਸਟੈਂਡ ਦੇ ਨੇੜੇ, ਬਹਿਮਣਵਾਲੀ ਰੋਡ, ਪਿੰਡ ਰਿਉਂਦ ਕਲਾਂ, ਜ਼ਿਲ੍ਹਾ ਮਾਨਸਾ - 151505. 2. ਸੁਰਜੀਤ ਸਿੰਘ ਪੁੱਤਰ ਵਜ਼ੀਰ ਸਿੰਘ, ਨੇੜੇ, ਬੱਸ ਸਟੈਂਡ, ਬਹਿਮਣਵਾਲੀ ਰੋਡ, ਪਿੰਡ ਰਿਉਂਦ ਕਲਾਂ, ਜ਼ਿਲ੍ਹਾ ਮਾਨਸਾ - 151505. 3. ਸੁਨੀਤਾ ਕੌਰ ਪਤਨੀ ਸੁਰਜੀਤ ਸਿੰਘ (ਜ਼ਾਮਨ) ਨੇੜੇ, ਬੱਸ ਸਟੈਂਡ, ਬਹਿਮਣਵਾਲੀ ਰੋਡ, ਪਿੰਡ ਰਿਉਂਦ ਕਲਾਂ, ਜ਼ਿਲ੍ਹਾ - 151505 | 302.50 ਵਰਗ ਗਜ਼ 1/2 ਹਿੱਸੇ ਦੀ ਰਿਹਾਇਸ਼ੀ-ਕਮ-ਵਪਾਰਕ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਖੇਵਟ ਨੰਬਰ 322/254, ਖਤੌਣੀ ਨੰਬਰ 678, ਖਸਰਾ ਨੰਬਰ 85//16/1 1-0(0-5-5.86), ਬੱਸ ਸਟੈਂਡ ਦੇ ਨੇੜੇ, ਬਹਿਮਣਵਾਲੀ ਰੋਡ, ਪਿੰਡ ਰਿਉਂਡ ਕਲਾਂ, ਜ਼ਿਲ੍ਹਾ ਮਾਨਸਾ ਵਿਖੇ ਸਥਿਤ, ਸ਼੍ਰੀਮਤੀ ਸੁਨੀਤਾ ਕੌਰ ਪਤਨੀ ਸ਼੍ਰੀ ਸੁਰਜੀਤ ਸਿੰਘ ਦੇ ਨਾਮ 'ਤੇ, ਸੇਲ ਡੀਡ ਨੰਬਰ 3371 ਮਿਤੀ 03.01.2014 ਦੁਆਰਾ ਪ੍ਰਾਪਤ ਕੀਤਾ ਗਿਆ। | 14.02.2025 | A) 19.06.2023 B.) Rs. 4,36,320.76 ਅਗਲੇਰੇ ਵਿਆਜ ਮਿਤੀ 01.06.2023 ਤੋਂ ਪ੍ਰਭਾਵੀ ਜਮ੍ਹਾਂ ਹੋਰ ਫੀਸਾਂ ਘੱਟ ਵਸੂਲੀ ਜੇਕਰ ਕੋਈ ਹੋਵੇ C) 31.08.2023 D) ਸ) ਸੰਕੇਤਕ | Rs. 8.00 Lacs / Rs. 0.80 Lacs / Rs. 0.10 Lacs | 17.03.2026 from 11.00 AM to 04.00 PM | ਸੁਰੱਖਿਅਤ ਕਰਜ਼ਦਾਤਾ ਨੂੰ ਜਾਣੂ ਨਹੀਂ |
| 2. | ਰਾਮਾਂ (079910). ਸ੍ਰੀ ਛਿੰਦਰ ਕੌਰ ਪਤਨੀ ਕਰਮ ਸਿੰਘ (ਕਰਜ਼ਦਾਰ), #137, ਵਾਰਡ ਨੰ. 11, ਆਰੀਆ ਹਾਈ ਸਕੂਲ, ਨੇੜੇ ਡੇਰਾ ਬਾਬਾ ਸੰਤ ਰਾਮ, ਰਾਮਾਂ ਮੰਡੀ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ, ਪੰਜਾਬ-151301। | 100 ਵਰਗ ਗਜ਼ ਰਿਹਾਇਸ਼ੀ ਜ਼ਮੀਨ ਦੇ ਸਾਰੇ ਭਾਗ ਅਤੇ ਹਿੱਸੇ, ਐਮਸੀ ਨੰਬਰ 7/85-ਸੀ/7/82, ਵਾਰਡ ਨੰਬਰ 11, ਆਰੀਆ ਹਾਈ ਸਕੂਲ, ਜਨਤਾ ਨਗਰ, ਡੇਰਾ ਬਾਬਾ ਸੰਤ ਰਾਮ ਦੇ ਨੇੜੇ, ਤਰਖਾਣ ਵਾਲਾ ਰੋਡ, ਰਮਨ ਮੰਡੀ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਵਿਖੇ ਸਥਿਤ, ਛਿੰਦਰ ਕੌਰ ਪਤਨੀ ਕਰਮ ਸਿੰਘ ਦੇ ਨਾਮ 'ਤੇ ਵਿਕਰੀ ਡੀਡ ਨੰਬਰ 4698 ਮਿਤੀ 10.01.2013 ਦੁਆਰਾ ਪ੍ਰਾਪਤ ਕੀਤਾ ਗਿਆ। ਹੱਦਬੰਦੀ ਹੇਠ ਲਿਖੇ ਅਨੁਸਾਰ : ਪੂਰਬ: 15' ਗੁਰਦੇਵ ਸਿੰਘ, ਪੱਛਮ: 15' ਗਲੀ, ਉੱਤਰ: 60" ਮੁਖਤਿਆਰ ਸਿੰਘ, ਦੱਖਣ: 60' ਦਰਸ਼ਨ ਸਿੰਘ। | 14.02.2025 | A) 06.06.2023 B.) Rs. 2,66,655.29 ਅਗਲੇਰੇ ਵਿਆਜ ਮਿਤੀ 01.06.2023 ਤੋਂ ਪ੍ਰਭਾਵੀ ਜਮ੍ਹਾਂ ਹੋਰ ਫੀਸਾਂ ਘੱਟ ਵਸੂਲੀ ਜੇਕਰ ਕੋਈ ਹੋਵੇ C) 17.08.2023 D) ਸ) ਸੰਕੇਤਕ | Rs. 14.00 Lacs / Rs. 1.40 Lacs / Rs. 0.10 Lacs | 17.03.2026 from 11.00 AM to 04.00 PM | ਸੁਰੱਖਿਅਤ ਕਰਜ਼ਦਾਤਾ ਨੂੰ ਜਾਣੂ ਨਹੀਂ |
| 3. | ਮਾਨਸਾ (054310). ਸ੍ਰੀ ਸੁਖਦੇਵ ਸਿੰਘ ਪੁੱਤਰ ਬੰਤ ਸਿੰਘ (ਕਰਜ਼ਦਾਰ), ਵਾਰਡ ਨੰ. 21, ਗਰਜਾ ਸਿੰਘ ਵਾਲੀ ਗਲੀ, ਬੈਕਸਾਈਡ ਫੌਜੀ ਪੈਟਰੋਲ ਪੰਪ, ਸਿਰਸਾ ਰੋਡ, ਮਾਨਸਾ, ਪੰਜਾਬ-151505। | 272.25 ਵਰਗ ਜਾਂ 9 ਮਰਲੇ ਦਾ ਰਿਹਾਇਸ਼ੀ ਮਕਾਨ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਮੁਸਤਿਲ ਅਤੇ ਕਿਲ੍ਹਾ ਨੰਬਰ 146//14 ਮਿੰਨ (0-9) ਖੇਵਟ ਖਾਤਾ ਨੰਬਰ 297/769 ਸਾਲ 2012-13 ਲਈ ਜਮ ?ਾਂਬੰਦੀ ਵਜੋਂ, ਵਾਰਡ ਨੰਬਰ 21, ਗਜਰਾ ਸਿੰਘ ਵਾਲੀ ਗਲੀ, ਪਿੱਛੇ ਫੌਜੀ ਪੈਟਰੋਲ, ਪੰਪ ਸਿਰਸਾ ਰੋਡ, ਮਾਨਸਾ ਵਿਖੇ ਸਥਿਤ ਹੈ, ਰਜਿਸਟਰਡ ਟਰਾਂਸਫਰ ਡੀਡ ਨੰਬਰ 6100 ਮਿਤੀ 08.02.2017 ਦੁਆਰਾ ਪ੍ਰਾਪਤ ਕੀਤਾ ਗਿਆ, ਜੋ ਕਿ ਸੁਖਦੇਵ ਸਿੰਘ ਪੁੱਤਰ ਬੰਤ ਸਿੰਘ ਦੇ ਨਾਮ 'ਤੇ ਹੈ। ਟਾਈਟਲ ਡੀਡ ਅਨੁਸਾਰ ਹੱਦਬੰਦੀ: ਪੂਰਬ: 34' ਫੌਜੀ ਪੈਟਰੋਲ ਪੰਪ, ਪੱਛਮ: 31' ਸਟਰੀਟ, ਉੱਤਰ: 76" ਰਘਬੀਰ ਸਿੰਘ, ਦੱਖਣ: 73' ਮਲਕੀਤ ਸਿੰਘ। | 04.07.2025 | A) 14.11.2022 B.) Rs. 577427.67 ਅਗਲੇਰੇ ਵਿਆਜ ਮਿਤੀ 01.11.2022 ਤੋਂ ਪ੍ਰਭਾਵੀ ਜਮ੍ਹਾਂ ਹੋਰ ਫੀਸਾਂ ਘੱਟ ਵਸੂਲੀ ਜੇਕਰ ਕੋਈ ਹੋਵੇ C) 21.01.2023 D) ਸ) ਸੰਕੇਤਕ | Rs. 15.00 Lacs / Rs. 1.50 Lacs / Rs. 0.10 Lacs | 17.03.2026 from 11.00 AM to 04.00 PM | ਸੁਰੱਖਿਅਤ ਕਰਜ਼ਦਾਤਾ ਨੂੰ ਜਾਣੂ ਨਹੀਂ |
| 4. | ਰਾਮਾਂ-079910. ਕਰਜ਼ਦਾਰਾਂ: ਮੁਨੀਸ਼ ਕੁਮਾਰ ਪੁੱਤਰ ਗਿਆਨ (ਹੁਣ ਮ੍ਰਿਤਕ) ਰਾਹੀਂ ਇਸ ਦੇ ਕਾਨੂੰਨੀ ਵਾਰਸਾਂ ਰਾਹੀਂ : 1. ਅਨੁਰਾਧਾ ਪਤਨੀ ਸਵ. ਮੁਨੀਸ਼ ਕੁਮਾਰ 2. ਪਾਇਲ ਪੁੱਤਰੀ ਸਵ. ਮੁਨੀਸ਼ ਕੁਮਾਰ (ਨਾਬਾਲਗ ਪੁੱਤਰੀ) ਰਾਹੀਂ ਗਾਰਡੀਅਨ ਅਨੁਰਾਧਾ ਪਤਨੀ ਸਵ. ਮੁਨੀਸ਼ ਕੁਮਾਰ 3. ਸ਼ਿਖਾ ਪੁੱਤਰੀ ਸਵ. ਮੁਨੀਸ਼ ਕੁਮਾਰ (ਨਾਬਾਲਗ ਪੁੱਤਰੀ) ਰਾਹੀਂ ਗਾਰਡੀਅਨ ਅਨੁਰਾਧਾ ਪਤਨੀ ਸਵ. ਮੁਨੀਸ਼ ਕੁਮਾਰ, ਸਾਰੇ ਵਾਸੀ ਵਾਰਡ ਨੰ. 7, ਨੇੜੇ ਟੈਲੀਫੋਨ ਐਕਸਚੇਂਜ, ਰਾਮਾਂ ਮੰਡੀ, ਬਠਿੰਡਾ-151301 | 90 ਵਰਗ ਗਜ਼ ਦੇ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਯਾਨੀ 0 ਕਨਾਲ, 3 ਮਰਲਾ ਜੋ ਕਿ 0 ਕਨਾਲ 6 ਮਰਲੇ ਦਾ 1/2 ਹਿੱਸਾ ਹੈ, ਖਸਰਾ ਨੰਬਰ 736/2/6 ਮਿਨ (0-3), 736/2/6 ਮਿੰਟ (0-3), ਖੇਵਟ ਨੰਬਰ 1250 ਅਤੇ 1251, ਖਤੌਣੀ ਨੰਬਰ 2758 ਅਤੇ 2759 ਵਿੱਚ ਸ਼ਾਮਲ ਹੈ, ਜੋ ਕਿ 2011-12 ਦੀ ਜਮ੍ਹਾਂਬੰਦੀ ਦੇ ਅਨੁਸਾਰ ਮੁਨੀਸ਼ ਕੁਮਾਰ ਪੁੱਤਰ ਗਿਆਨ ਚੰਦ ਦੇ ਨਾਮ 'ਤੇ ਆਰਟੀਡੀ ਨੰਬਰ 3638 ਮਿਤੀ 11.03.2015, ਕੋਂਚੀਆਂ ਰੋਡ 'ਤੇ ਸਥਿਤ, ਨਛੱਤਰ ਸਿੰਘ ਮਿਸਤਰੀ ਦੇ ਨੇੜੇ, ਰਾਮਾਂ ਮੰਡੀ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ 'ਤੇ ਸਥਿਤ ਹੈ ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: 12' ਸਟਰੀਟ, ਪੱਛਮ: 12' ਰਾਕੇਸ਼ ਕੁਮਾਰ, ਉੱਤਰ: 70' ਅਸ਼ੋਕ ਕੁਮਾਰ, ਦੱਖਣ: 70' ਨਛੱਤਰ ਸਿੰਘ। | 10.12.2025 | A) 29.08.2025 B.) Rs. 6,28,309.73 ਅਗਲੇਰੇ ਵਿਆਜ ਮਿਤੀ 01.08.2025 ਤੋਂ ਪ੍ਰਭਾਵੀ ਜਮ੍ਹਾਂ ਹੋਰ ਫੀਸਾਂ ਘੱਟ ਵਸੂਲੀ ਜੇਕਰ ਕੋਈ ਹੋਵੇ C) 10.11.2025 D) ਸੰਕੇਤਕ | Rs. 16.00 Lacs / Rs. 1.60 Lacs / Rs. 0.10 Lacs | 17.03.2026 from 11.00 AM to 04.00 PM | ਸੁਰੱਖਿਅਤ ਕਰਜ਼ਦਾਤਾ ਨੂੰ ਜਾਣੂ ਨਹੀਂ |
| 5. | ਬੈਂਕ ਸਟ੍ਰੀਟ (005000). ਸ੍ਰੀ ਸੁਖਵਿੰਦਰ ਪਾਲ ਸਿੰਘ, ਗਲੀ ਨੰ: 33/2, ਲਾਲ ਸਿੰਘ ਬਸਤੀ, ਨੇੜੇ ਗਊਸ਼ਾਲਾ, ਬਠਿੰਡਾ-151001। | 100 ਵਰਗ ਗਜ਼ ਦੇ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਭਾਵ 00 ਬਿਘੇ 02 ਬਿਸਵਾਸ ਜੋ ਕਿ 11 ਕਨਾਲ 14 ਮਰਲੇ ਦੀ ਜ਼ਮੀਨ ਦਾ 2/234 ਹਿੱਸਾ ਹੈ, ਜੋ ਕਿ ਖਸਰਾ ਨੰਬਰ 4358 ਮਿੰਨ (11-14), ਖੇਵਟ/ਖਟੌਨੀ ਨੰਬਰ 1573/8266 ਵਿੱਚ 2012-13 ਦੀ ਜਮ੍ਹਾਂਬੰਦੀ ਅਨੁਸਾਰ ਸ਼ਾਮਲ ਹੈ, 33/2, ਲਾਲ ਸਿੰਘ ਨਗਰ, ਬਠਿੰਡਾ ਵਿਖੇ ਸਥਿਤ ਹੈ, ਜੋ ਕਿ ਸੁਖਵਿੰਦਰ ਪਾਲ ਸਿੰਘ ਪੁੱਤਰ ਹਰਨੇਕ ਸਿੰਘ ਦੇ ਨਾਮ 'ਤੇ ਆਰਟੀਡੀ ਨੰਬਰ 2021-22/23/1/1275 ਮਿਤੀ 28.04.2021 ਦੁਆਰਾ ਪ੍ਰਾਪਤ ਕੀਤੀ ਗਈ ਹੈ। ਹੱਦਬੰਦੀ ਹੇਠ ਲਿਖੇ ਅਨੁਸਾਰ: - ਪੂਰਬ: - 15'0" ਖਾਲੀ ਪਲਾਟ, ਪੱਛਮ: - 15'0" ਗਲੀ ਚੌੜੀ 20'0", ਉੱਤਰ: - 60'0" ਸੁਨੀਤਾ ਰਾਣੀ, ਦੱਖਣ: - 60'0" ਰਾਮ ਸ਼ੰਕਰ। | 27.06.2025 | A) 28.11.2023 B.) Rs. 9,59,049.70 ਅਗਲੇਰੇ ਵਿਆਜ ਮਿਤੀ 01.11.2023 ਤੋਂ ਪ੍ਰਭਾਵੀ ਜਮ੍ਹਾਂ ਹੋਰ ਫੀਸਾਂ ਘੱਟ ਵਸੂਲੀ ਜੇਕਰ ਕੋਈ ਹੋਵੇ C) 11.12.2024 D) ਸ) ਸੰਕੇਤਕ | Rs. 24.00 Lacs / Rs. 2.40 Lacs / Rs. 0.20 Lacs | 17.03.2026 from 11.00 AM to 04.00 PM | ਸੁਰੱਖਿਅਤ ਕਰਜ਼ਦਾਤਾ ਨੂੰ ਜਾਣੂ ਨਹੀਂ |

ਇਹ ਵਿਕਰੀ ਸੁਰੱਖਿਆ ਹਿੱਤ (ਇਨਫੋਰਸਮੈਂਟ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ:
1. ਸੰਪੱਤੀਆਂ "ਜਿਵੇਂ ਹੈ ਜਿੱਥੇ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ" ਵੇਚੀਆਂ ਜਾ ਰਹੀਆਂ ਹਨ।
2. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ।
3. ਵਿਕਰੀ ਉੱਪਰ ਦੱਸੇ ਗਏ ਵੈੱਬਸਾਈਟ https://baanknet.com ਅਤੇ www.pnbindia.in 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਹੇਠਾਂ ਹਸਤਾਖਰ ਕੀਤੇ ਵਿਅਕਤੀ ਦੁਆਰਾ ਕੀਤੀ ਜਾਵੇਗੀ।
4. ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਅਤੇ www.pnbindia.in ਵੇਖੋ।
**ਸਰਫੇਸੀ ਐਕਟ ਦੇ ਸੁਰੱਖਿਆ ਹਿੱਤ (ਲਾਗੂ ਕਰਨ) ਨਿਯਮ 2002 ਦੇ ਨਿਯਮ 6(2) ਅਤੇ 8(6) ਦੇ ਨਾਲ ਪੜ੍ਹੇ ਗਏ ਨਿਯਮ 6 ਅਤੇ 9 ਦੇ ਤਹਿਤ ਆਮ ਜਨਤਾ ਅਤੇ ਖਾਸ ਤੌਰ 'ਤੇ ਕਰਜ਼ਦਾਰ(ਆਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਕਾਨੂੰਨੀ 15 ਦਿਨ (ਜਿਵੇਂ ਲਾਗੂ ਹੋਵੇ) ਵਿਕਰੀ ਨੋਟਿਸ।**

ਮਿਤੀ 26.02.2026 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ

# ਬਿਲ ਗੇਟਸ ਨੇ ਗੇਟਸ ਫਾਊਂਡੇਸ਼ਨ ਦੇ ਕਰਮਚਾਰੀਆਂ ਤੋਂ ਜੈਫਰੀ ਐਪਸਟਿਨ ਨਾਲ ਆਪਣੇ ਸਬੰਧਾਂ ਲਈ ਮੁਆਫ਼ੀ ਮੰਗੀ

ਨਿਊਯਾਰਕ, 26 ਫਰਵਰੀ (ਚ.ਨ.ਸ): ਮਾਈਕ੍ਰੋਸਾਫ਼ਟ ਦੇ ਸਹਿ-ਸੰਸਥਾਪਕ ਬਿਲ ਗੇਟਸ ਨੇ ਗੇਟਸ ਫਾਊਂਡੇਸ਼ਨ ਦੇ ਕਰਮਚਾਰੀਆਂ ਤੋਂ ਜੈਫਰੀ ਐਪਸਟਿਨ ਨਾਲ ਆਪਣੇ ਸਬੰਧਾਂ ਲਈ ਮੁਆਫ਼ੀ ਮੰਗੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਗੇਟਸ ਨੇ ਕਿਹਾ ਕਿ ਉਨ੍ਹਾਂ ਨੇ 'ਕੋਈ ਗ਼ੈਰਕਾਨੂੰਨੀ ਕੰਮ ਨਹੀਂ ਕੀਤਾ ਪਰ ਐਪਸਟਿਨ ਨਾਲ ਮਿਲਣਾ ਵੱਡੀ ਗਲਤੀ ਸੀ। ਉਨ੍ਹਾਂ ਨੇ ਇਹ ਵੀ ਕਿਹਾ

ਕਿ ਉਨ੍ਹਾਂ ਦੇ ਦੋ ਰੂਸੀ ਮਹਿਲਾਵਾਂ ਨਾਲ ਸਬੰਧ ਰਹੇ ਹਨ, ਜਿਸ ਕਾਰਨ ਫ਼ਾਊਂਡੇਸ਼ਨ ਦੀ ਸਾਖ਼ 'ਤੇ ਸਵਾਲ ਉਠੇ। ਗੇਟਸ ਨੇ ਕਿਹਾ ਕਿ ਉਹ ਕਦੇ ਐਪਸਟੀਨ ਦੇ ਜੁਰਮਾਂ 'ਚ ਸ਼ਾਮਲ ਨਹੀਂ ਰਹੇ ਤੇ ਨਾ ਹੀ ਇਨ੍ਹਾਂ ਨੂੰ ਵੇਖਿਆ। ਉਨ੍ਹਾਂ ਕਿਹਾ ਕਿ ਜੋ ਉਨ੍ਹਾਂ ਦੀਆਂ ਤਸਵੀਰਾਂ ਐਪਸਟੀਨ ਫ਼ਾਈਲਾਂ 'ਚ ਆਈਆਂ ਸਨ, ਉਹ ਐਪਸਟੀਨ ਦੀ ਸਹਾਇਕਾ ਦੀਆਂ ਸਨ, ਜੋ ਐਪਸਟੀਨ ਨੇ ਹੀ ਉਨ੍ਹਾਂ ਨੂੰ ਖਿਚਵਾਉਣ ਲਈ ਕਿਹਾ ਸੀ।

## ਨਵੇਂ ਇਨਕਮ ਟੈਕਸ ਐਕਟ-2025 ਤਹਿਤ ਕਿਰਾਏ ਭੱਤੇ ਲਈ ਨਵਾਂ ਨਿਯਮ ਜਾਰੀ

# ਕਰਦਾਤਾ ਨੂੰ ਦੱਸਣਾ ਪਵੇਗਾ ਮਕਾਨ ਮਾਲਕ ਨਾਲ ਪਰਿਵਾਰਕ ਜਾਂ ਕੋਈ ਹੋਰ ਰਿਸ਼ਤਾ ਤਾਂ ਨਹੀਂ

ਨਵੀਂ ਦਿੱਲੀ, 26 ਫਰਵਰੀ (ਚ.ਨ.ਸ): ਸਰਕਾਰ ਨੇ ਨਵੇਂ ਇਨਕਮ ਟੈਕਸ ਐਕਟ 2025 ਦੇ ਤਹਿਤ ਖਰੜਾ ਇਨਕਮ ਟੈਕਸ ਨਿਯਮ ਤੇ ਫਾਰਮ ਜਾਰੀ ਕੀਤੇ ਹਨ। ਇਸ 'ਚ ਕਿਰਾਇਆ ਭੱਤੇ (ਐਚਆਰਏ) ਦੇ ਦਾਅਵਿਆਂ 'ਚ ਪਾਰਦਰਸ਼ਤਾ ਵਧਾਉਣ, ਵਿਦੇਸ਼ੀ ਆਮਦਨ 'ਤੇ ਟੈਕਸ ਕ੍ਰੈਡਿਟ ਦੇ ਦਾਅਵਿਆਂ ਦੀ ਸਖ਼ਤ ਜਾਂਚ ਤੇ ਆਡਿਟ ਦੀ ਜ਼ਿੰਮੇਵਾਰੀ ਵਧਾਉਣ ਦਾ ਪ੍ਰਸਤਾਵ ਸ਼ਾਮਲ ਹੈ। ਸਾਰੇ ਹਿੱਤਧਾਰਕਾਂ ਤੋਂ ਮਿਲੀ ਸਲਾਹ ਦੇ ਆਧਾਰ 'ਤੇ ਆਖ਼ਰੀ ਨਿਯਮ ਤੇ ਫਾਰਮ ਅਗਲੇ

ਮਹੀਨੇ ਨੋਟੀਫਾਈ ਕੀਤੇ ਜਾਣਗੇ। ਨਿਯਮਾਂ ਦੇ ਖਰੜੇ ਮੁਤਾਬਿਕ, ਨਵੇਂ ਫਾਰਮ 124 'ਚ ਕਰਦਾਤਾ ਨੂੰ ਇਹ ਦੱਸਣਾ ਪਵੇਗਾ ਕਿ ਉਹ ਜਿਸ ਮਕਾਨ ਮਾਲਕ ਨੂੰ ਕਿਰਾਇਆ ਦੇ ਰਿਹਾ ਹੈ, ਉਸ ਨਾਲ ਉਨ੍ਹਾਂ ਦਾ ਕੋਈ ਪਰਿਵਾਰਕ ਜਾਂ ਕੋਈ ਹੋਰ ਰਿਸ਼ਤਾ ਤਾਂ ਨਹੀਂ ਹੈ।ਨੋਟੀਫਾਈ ਕਿਰਾਏ ਦਾ ਅੰਦਾਜ਼ਨ ਵੇਰਵਾ ਦਿੰਦਾ ਹੈ, ਪਰ ਮਕਾਨ ਮਾਲਕ ਦੇ ਨਾਲ ਰਿਸ਼ਤੇ ਦੀ ਜਾਣਕਾਰੀ ਦੇਣਾ ਜ਼ਰੂਰੀ ਨਹੀਂ ਹੈ। ਟੈਕਸ ਮਾਹਿਰਾਂ ਦਾ ਮੰਨਣਾ ਹੈ ਕਿ ਮਕਾਨ ਮਾਲਕ ਤੇ ਕਿਰਾਏਦਾਰ ਵਿਚਾਲੇ ਸਬੰਧਾਂ ਦੀ ਜਾਣਕਾਰੀ ਜ਼ਰੂਰੀ ਕਰਨ ਨਾਲ ਫ਼ਰਜ਼ੀ ਜਾਂ ਵਧਾ-ਚੜ੍ਹਾ ਕੇ ਦਿਖਾਏ ਗਏ ਕਿਰਾਇਆ ਦਾਅਵਿਆਂ 'ਤੇ ਰੋਕ ਲੱਗੇਗੀ। ਨਾਂਗੀਆ ਗਲੋਬਲ ਐਡਵਾਈਜ਼ਰਸ ਫਰਮ 'ਚ ਭਾਈਵਾਲ ਸੰਦੀਪ ਝੁਨਝੁਨਵਾਲਾ ਨੇ ਕਿਹਾ ਕਿ ਇਹ ਵਿਵਸਥਾ ਅਸਲ ਵਿਵਸਥਾਵਾਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਬਣਾਉਟੀ ਦਾਅਵਿਆਂ ਦੀ ਪਛਾਣ 'ਚ ਮਦਦ ਕਰੇਗੀ। ਇਸ ਨਾਲ ਪਾਰਦਰਸ਼ਤਾ ਵਧੇਗੀ। ਪਹਿਲਾਂ ਤੋਂ ਖਰੜਾ ਪ੍ਰਸਤਾਵ 'ਚ ਕੰਪਨੀਆਂ ਲਈ ਪੈਨ ਅਰਜ਼ੀ ਪ੍ਰਕਿਰਿਆ ਵੀ ਸਖ਼ਤ ਕੀਤੀ ਗਈ ਹੈ। ਹੁਣ ਅਰਜ਼ੀ ਦਿੰਦੇ ਸਮੇਂ ਇਹ ਐਲਾਨ ਦੇਣਾ ਜ਼ਰੂਰੀ ਹੋਵੇਗਾ ਕਿ ਕੰਪਨੀ ਕੋਲ ਕੋਈ ਪੈਨ ਨਹੀਂ ਹੈ। ਨਿਯਮਾਂ ਦੇ ਖਰੜੇ 'ਚ ਵਿਦੇਸ਼ੀ ਆਮਦਨ 'ਤੇ ਟੈਕਸ ਕ੍ਰੈਡਿਟ ਦੇ ਦਾਅਵਿਆਂ ਦੀ ਜਾਣਕਾਰੀ ਲਈ ਆਡਿਟਰ ਦੇ ਨਾਲ ਕੰਪਨੀਆਂ ਦੀ ਵੀ ਜਵਾਬਦੇਹੀ ਵਧਾਉਣ ਦਾ ਪ੍ਰਸਤਾਵ ਕੀਤਾ ਗਿਆ ਹੈ। ਵਿਦੇਸ਼ੀ ਆਮਦਨ 'ਤੇ ਟੈਕਸ ਕ੍ਰੈਡਿਟ ਦੇ ਦਾਅਵਿਆਂ ਲਈ ਪ੍ਰਸਤਾਵਿਤ ਫਾਰਮ 44 'ਚ ਆਡਿਟਰ ਦੀ ਭੂਮਿਕਾ ਹੋਰ ਸਖ਼ਤ ਕੀਤੀ ਗਈ ਹੈ।

# ਅਕਾਲੀ ਦਲ ਦੇ ਚੋਣ ਨਿਸ਼ਾਨ, ਖਾਤਿਆਂ ਤੇ ਅਸਾਸਿਆਂ ਦਾ ਮਾਮਲਾ ਪੁੱਜਾ ਚੋਣ ਕਮਿਸ਼ਨ ਕੋਲ

ਚੰਡੀਗੜ੍ਹ, 26 ਫਰਵਰੀ (ਚ.ਨ.ਸ): ਸ਼੍ਰੋਮਣੀ ਅਕਾਲੀ ਦਲ ਦੇ ਅਕਾਲੀ ਦਲ (ਬ) ਤੇ ਅਕਾਲੀ ਦਲ (ਪੁਨਰ/ਸੁਰਜੀਤ) ਵਿੱਚ ਵੰਡੇ ਜਾਣ ਤੋਂ ਬਾਅਦ ਪਾਰਟੀ ਦੇ ਚੋਣ ਨਿਸ਼ਾਨ ਬੈਂਕ ਖਾਤਿਆਂ ਤੇ ਜਾਇਦਾਦਾਂ ਦਾ ਮਾਮਲਾ ਵੀ ਹੁਣ ਚੋਣ ਕਮਿਸ਼ਨ ਕੋਲ ਪੁੱਜ ਗਿਆ ਹੈ। ਅਕਾਲੀ ਦਲ ਪੁਨਰ ਸੁਰਜੀਤ ਦੇ ਜਨਰਲ ਸਕੱਤਰ ਗੁਰਜੀਤ ਸਿੰਘ ਤਲਵੰਡੀ ਦੀ ਅਗਵਾਈ ਵਿੱਚ ਪਾਰਟੀ ਦੇ ਵਕੀਲਾਂ ਦੀ ਟੀਮ ਵੱਲੋਂ 23 ਫਰਵਰੀ ਨੂੰ ਭਾਰਤੀ ਚੋਣ ਕਮਿਸ਼ਨ ਕੋਲ ਆਪਣੀ ਪਟੀਸ਼ਨ ਵੀ ਦਾਇਰ ਕਰ ਦਿੱਤੀ ਗਈ ਸੀ, ਜਿਸ ਨੂੰ ਕਮਿਸ਼ਨ ਵੱਲੋਂ ਵਿਚਾਰੇ ਜਾਣ ਲਈ ਪ੍ਰਵਾਨ ਕਰ ਲਿਆ ਗਿਆ ਹੈ। ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਅਕਾਲੀ ਦਲ ਦੀ ਜਥੇਬੰਦੀ ਤੇ ਚੋਣ ਨਿਸ਼ਾਨ ਲਈ ਆਪਣਾ ਦਾਅਵਾ ਪੇਸ਼ ਕਰਦਿਆਂ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਦਲ ਪਾਰਟੀ ਦੇ ਨਿਯਮਾਂ ਅਨੁਸਾਰ ਹੋਈ ਬਕਾਇਦਾ ਭਰਤੀ ਅਨੁਸਾਰ ਹੈ ਤੇ ਅਕਾਲੀ ਦਲ ਦੇ ਸਰਪ੍ਰਸਤ ਜਨਰਲ ਸਕੱਤਰ ਗੁਰਜੀਤ ਸਿੰਘ ਤਲਵੰਡੀ ਦੀ ਚੋਣ ਕਮਿਸ਼ਨ ਮਰਹੂਮ ਸੁਖਦੇਵ ਸਿੰਘ ਢੀਂਡਸਾ ਤੋਂ ਲੈ ਕੇ ਚੋਟੀ ਦੇ ਬਹੁਤੇ ਅਹੁਦੇਦਾਰ ਵੀ ਉਨ੍ਹਾਂ ਦੇ ਦਲ ਹੀ ਹਨ, ਜਿਨ੍ਹਾਂ ਦੀਆਂ ਸੂਚੀਆਂ ਤੇ ਐਫੀਡੇਵਿਟ ਆਦਿ ਵੀ ਕਮਿਸ਼ਨ ਨੂੰ ਦਿੱਤੇ ਗਏ। ਪਟੀਸ਼ਨ 'ਚ ਦਲ ਵੱਲੋਂ ਮਗਰਲੇ ਸਮੇਂ ਦੌਰਾਨ ਦੂਜੇ ਕਈ ਸੂਬਿਆਂ ਵਿੱਚ ਪਾਰਟੀਆਂ 'ਚੋਂ ਬਾਗੀ ਧੜਿਆਂ ਦੇ ਵੱਖ ਹੋਣ ਦੇ ਹਵਾਲੇ ਦਿੰਦਿਆਂ ਉਨ੍ਹਾਂ ਸਬੰਧੀ ਚੋਣ ਕਮਿਸ਼ਨ ਤੇ ਅਦਾਲਤਾਂ ਵੱਲੋਂ ਲਏ ਗਏ ਫੈਸਲਿਆਂ ਦੇ ਵੀ ਹਵਾਲੇ ਦਿੱਤੇ ਗਏ ਹਨ। ਸੂਚਨਾ ਅਨੁਸਾਰ ਕਮਿਸ਼ਨ ਵੱਲੋਂ ਪੁਨਰ ਸੁਰਜੀਤ ਅਕਾਲੀ ਦਲ ਦੀ ਪਟੀਸ਼ਨ ਘੋਖਣ ਤੋਂ ਬਾਅਦ ਦੂਜੇ ਧੜੇ ਅਕਾਲੀ (ਬ) ਨੂੰ ਪੱਖ ਜਾਨਣ ਲਈ ਬੁਲਾਇਆ ਜਾ ਸਕਦਾ ਹੈ। ਪਰ ਇਸ ਤੋਂ ਪਹਿਲਾਂ ਕਮਿਸ਼ਨ ਨੇ ਸ਼ਿਵ ਸੈਨਾ ਸਮੇਤ ਕੁਝ ਪਾਰਟੀਆਂ ਵਿੱਚ ਹੋਏ ਦੁਫਾੜ ਕਾਰਨ ਪਾਰਟੀ ਦਾ ਚੋਣ ਨਿਸ਼ਾਨ ਵਾਪਸ ਲੈਂਦਿਆਂ ਦੋਵਾਂ ਧੜਿਆਂ ਨੂੰ ਨਵੇਂ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਸਨ। ਦਿਲਚਸਪ ਗੱਲ ਇਹ ਹੈ ਕਿ ਪੁਨਰ ਸੁਰਜੀਤ ਦਲ ਵੱਲੋਂ ਹਾਲਾਂਕਿ ਅਕਾਲੀ ਦਲ (ਬ) ਨੂੰ ਬਾਗੀ ਧੜੇ ਵਜੋਂ ਦਰਸਾਇਆ ਜਾ ਰਿਹਾ ਹੈ। ਪੰਜਾਬ ਵਿਧਾਨ ਸਭਾ ਵਿੱਚ ਵੀ ਅਕਾਲੀ ਵਿਧਾਇਕ ਡਾ. ਸੁਖਵਿੰਦਰ ਸਿੰਘ ਸੁੱਖੀ ਦੇ ਆਮ ਆਦਮੀ ਪਾਰਟੀ ਨਾਲ ਜੁੜਨ ਦੇ ਫੈਸਲੇ ਤੋਂ ਬਾਅਦ ਉਨ੍ਹਾਂ ਦਾ ਕਿਸੇ ਵੀ ਅਕਾਲੀ ਧੜੇ ਨਾਲ ਕੋਈ ਸਬੰਧ ਨਹੀਂ ਰਹਿ ਗਿਆ ਜਦੋਂ ਕਿ ਅਕਾਲੀ ਦਲ ਵਿਧਾਇਕ ਦਲ ਦੇ ਨੇਤਾ ਮਨਪ੍ਰੀਤ ਸਿੰਘ, ਇਯਾਲੀ ਇਸ ਵੇਲੇ ਪੁਨਰ ਸੁਰਜੀਤ ਅਕਾਲੀ ਦਲ ਨਾਲ ਹਨ ਤੇ ਅਕਾਲੀ ਦਲ (ਬ) ਨਾਲ ਵੀ ਇਕਲੌਤੀ ਵਿਧਾਇਕ ਗਨੀਵ ਕੌਰ ਮਜੀਠੀਆ ਹੀ ਰਹਿ ਗਏ ਹਨ। ਜਿਸ ਕਾਰਨ ਕੋਈ ਵੀ ਧੜਾ ਵਧੇਰੇ ਚੁਣੇ ਹੋਏ ਨੁਮਾਇੰਦੇ ਹੋਣ ਦਾ ਲਾਭ ਨਹੀਂ ਲੈ ਸਕਦਾ, ਜਿਵੇਂ ਕਿ ਤਾਮਿਲਨਾਡੂ ਵਿੱਚ ਮਰਹੂਮ ਜੈ ਲਲਿਤਾ ਦੇ ਦੇਹਾਂਤ ਤੋਂ ਬਾਅਦ ਪਾਰਟੀ ਵਿੱਚ ਆਈ ਵੰਡ ਮੌਕੇ ਹੋਇਆ ਸੀ।

# ਡੀ.ਸੀ. ਨੇ ਮਾਸਿਕ ਮੀਟਿੰਗ 'ਚ ਵੱਖ-ਵੱਖ ਵਿਭਾਗਾਂ ਦੇ ਕੰਮਾਂ ਦੀ ਸਮੀਖਿਆ ਕੀਤੀ

## ☛ਐਨ.ਡੀ.ਪੀ.ਐਸ. ਐਕਟ ਤਹਿਤ 117 ਮਾਮਲੇ ਦਰਜ, 146 ਗ੍ਰਿਫਤਾਰ, ਸੇਫ ਸਕੂਲ ਵਾਹਨ ਤਹਿਤ 140 ਬੱਸਾਂ ਦੀ ਚੈਕਿੰਗ, 19 ਦਾ ਚਲਾਨ

ਹੁਸ਼ਿਆਰਪੁਰ, 26 ਫਰਵਰੀ (ਦੀਪਕ ਅਗਨੀਹੋਤਰੀ): ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਂਦੇ ਹੋਏ ਅਧਿਕਾਰੀਆਂ ਨੂੰ ਸਾਰੇ ਯੋਗ ਵਿਅਕਤੀਆਂ ਨੂੰ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣ ਤੇ ਕੰਮਾਂ ਵਿੱਚ ਤੇਜ਼ੀ ਲਿਆਉਣ 'ਤੇ ਜ਼ੋਰ ਦਿੱਤਾ। ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿੱਚ ਵੱਖ-ਵੱਖ ਵਿਭਾਗਾਂ ਦੀ ਮੀਟਿੰਗ ਦੀ ਅਗਵਾਈ ਕਰਦੇ ਹੋਏ ਉਨ੍ਹਾਂ ਵਿਭਾਗ ਮੁਖੀਆਂ ਤੋਂ ਉਨ੍ਹਾਂ ਦੇ ਕੰਮ-ਕਾਜ ਦੀ ਜਾਣਕਾਰੀ ਵੀ ਹਾਸਲ ਕੀਤੀ। ਇਸ ਦੌਰਾਨ ਐਨਕਾਰਡ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਜਨਵਰੀ 2026 ਵਿੱਚ ਐਨ.ਡੀ.ਪੀ.ਐਸ ਅਧੀਨ 117 ਮਾਮਲੇ ਦਰਜ ਕੀਤੇ ਗਏ ਤੇ 146 ਮੁਲਜ਼ਮ ਗ੍ਰਿਫਤਾਰ ਕੀਤੇ ਗਏ। ਇਸੇ ਤਰ੍ਹਾਂ ਪੁਲਿਸ ਵੱਲੋਂ ਜ਼ਿਲ੍ਹੇ ਵਿੱਚ ਨਸ਼ਾ ਜਾਗਰੂਕਤਾ ਸਬੰਧੀ 134 ਮੀਟਿੰਗਾਂ ਕੀਤੀਆਂ ਗਈਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਨਸ਼ੇ ਦੇ ਖਾਤਮੇ ਲਈ ਸਾਰੇ ਵਿਭਾਗ ਇਕੱਜੁਟਤਾ ਨਾਲ ਕੰਮ ਕਰਨ ਤਾਂ ਜੋ ਸਮਾਜ ਵਿੱਚ ਫੈਲੇ ਇਸ ਜ਼ਹਿਰ ਨੂੰ ਜੜ੍ਹੋਂ ਖਤਮ ਕੀਤਾ ਜਾ ਸਕੇ। ਇਸ ਦੌਰਾਨ ਜ਼ਿਲ੍ਹਾ ਰੋਡ ਸੇਫਟੀ ਦੀ ਮੀਟਿੰਗ ਵਿੱਚ ਆਰ.ਟੀ.ਓ ਅਮਨਦੀਪ ਕੌਰ ਘੁੰਮਣ ਨੇ ਡਿਪਟੀ ਕਮਿਸ਼ਨਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਟ੍ਰੈਫਿਕ ਐਜੂਕੇਸ਼ਨ ਸੈਲ ਵੱਲੋਂ ਜਨਵਰੀ ਮਹੀਨੇ ਵਿੱਚ 81 ਟ੍ਰੈਫਿਕ ਜਾਗਰੂਕਤਾ ਕੈਂਪ ਲਗਾਏ ਗਏ। ਉਨ੍ਹਾਂ ਦੱਸਿਆ ਕਿ ਸੇਫ ਸਕੂਲ ਵਾਹਨ ਸਕੀਮ ਤਹਿਤ ਜਨਵਰੀ 2026 ਦੌਰਾਨ ਲਗਭਗ 140 ਸਕੂਲ ਬੱਸਾਂ ਦੀ ਚੈਕਿੰਗ ਕੀਤੀ ਗਈ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ 19 ਬੱਸਾਂ ਦਾ ਚਲਾਨ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਪੁਲਿਸ ਵਿਭਾਗ ਵੱਲੋਂ ਇਨਫੋਰਸਮੈਂਟ ਕਰਦੇ ਹੋਏ ਵੱਖ-ਵੱਖ ਧਾਰਾਵਾਂ ਅਧੀਨ ਜਨਵਰੀ ਮਹੀਨੇ ਵਿੱਚ 631 ਚਲਾਨਾਂ ਦਾ ਭੁਗਤਾਨ ਕਰਕੇ 390500 ਰੁਪਏ ਜੁਰਮਾਨਾ ਵਸੂਲ ਕੀਤਾ ਗਿਆ।

# ਅਕਾਲੀ ਦਲ ਦੇ ਵਪਾਰ ਤੇ ਟਰੇਡ ਵਿੰਗ ਦੀ ਪੰਜਾਬ ਪੱਧਰੀ ਮੀਟਿੰਗ

ਹੁਸ਼ਿਆਰਪੁਰ, 26 ਫਰਵਰੀ (ਦੀਪਕ ਅਗਨੀਹੋਤਰੀ): ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਪਾਰ ਤੇ ਟਰੇਡ ਵਿੰਗ ਦੀ ਇੱਕ ਵਿਸ਼ੇਸ਼ ਮੀਟਿੰਗ ਸੀਨੀਆਰ ਅਕਾਲੀ ਆਗੂ ਸੰਜੀਵ ਤਲਵਾੜ ਦੀ ਅਗਵਾਈ ਹੇਠ ਹਲਕਾ ਚੱਬੇਵਾਲ ਵਿਖੇ ਹੋਈ, ਜਿਸ ਵਿੱਚ ਪੰਜਾਬ ਦੇ ਪ੍ਰਧਾਨ ਐਨਕੇ ਸ਼ਰਮਾ ਉਚੇਚੇ ਤੌਰ 'ਤੇ ਹਾਜ਼ਰ ਹੋਏ। ਇਸ ਮੀਟਿੰਗ ਵਿੱਚ ਜ਼ਿਲ੍ਹੇ ਦੇ ਕੁੱਝ ਉਚ ਕੋਟੀ ਦੇ ਵਪਾਰੀਆਂ ਨੇ ਵੀ ਹਿੱਸਾ ਲਿਆ ਤੇ ਅਕਾਲੀ ਦਲ ਦੀ ਅਗਲੀ ਰਣਨੀਤੀ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਰਾਜ ਮੰਤਰੀ ਤੇ ਸੂਬਾ ਪ੍ਰਧਾਨ ਐਨਕੇ ਸ਼ਰਮਾ ਨੇ ਕਿਹਾ ਕਿ ਜਿਹੜੀਆਂ ਗੱਲਾਂ ਕਰਕੇ ਲੋਕਾਂ ਨੂੰ ਭਰਮਾ ਕੇ ਸੱਤਾ ਵਿੱਚ ਆਈ ਸਰਕਾਰ ਨੇ ਉਨ੍ਹਾਂ ਗੱਲਾਂ 'ਤੇ ਅਮਲ ਤਾਂ ਕੀ ਕਰਨਾ ਸੀ ਬਲਕਿ ਸੂਬੇ ਦੀ ਵਿੱਤੀ, ਸਮਾਜਿਕ ਤੇ ਰਾਜਨੀਤਿਕ ਹਾਲਤ ਵੀ ਅਸਥਿਰ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਕਾਲੀ ਦਲ ਦੀ ਸਰਕਾਰ ਵੇਲੇ ਪੰਜਾਬ ਵਿੱਚ ਕੁੱਝ ਕਰਜ਼ਾ ਚੜ੍ਹਿਆ

ਵੀ ਸੀ ਤਾਂ ਸੂਬੇ ਵਿੱਚ ਆਮਦਨ ਪ੍ਰਤੀਸ਼ਤਤਾ ਵਿੱਚ ਵੀ ਵਾਧਾ ਹੋਇਆ ਸੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਜੋ ਵੀ ਵਿਕਾਸ ਦੇ ਕੰਮ ਹੋਏ ਹਨ, ਉਹ ਅਕਾਲੀ ਦਲ ਦੀ ਸਰਕਾਰ ਵਿੱਚ ਹੋਏ ਹਨ।ਉਨ੍ਹਾਂ ਸਪੱਸ਼ਟ ਕੀਤਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਲਗਾਤਾਰ ਪੰਜਾਬ ਵਿੱਚ ਖੁੱਸੇ ਵੋਟ ਬੈਂਕ ਨੂੰ ਮੁੜ ਆਪਣੇ ਨਾਲ ਜੋੜਨ ਲਈ ਮਿਹਨਤ ਕੀਤੀ ਜਾ ਰਹੀ ਹੈ ਜਿਸ ਦੇ ਸਿੱਟੇ ਵੀ ਨਿਕਲਣੇ ਸ਼ੁਰੂ ਹੋ ਗਏ ਹਨ। ਪਾਰਟੀ ਨੂੰ ਛੱਡ ਕੇ ਜਾਣ ਵਾਲੇ ਨਾ ਸਿਰਫ਼ ਆਗੂ ਬਲਕਿ ਵੋਟਰ ਵੀ ਮੁੜ ਅਕਾਲੀ ਦਲ ਵਿੱਚ ਆਏ ਹਨ, ਜਿਸ ਦੇ ਨਤੀਜੇ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਨਿਕਲਣੇ ਯਕੀਨੀ ਹੋ ਗਏ ਹਨ। ਇਸ ਮੌਕੇ ਜਤਿੰਦਰ ਸਿੰਘ ਲਾਲੀ ਬਾਜਵਾ, ਇਕਬਾਲ ਸਿੰਘ ਗੋਪੀ, ਗੋਪਾਲ ਸ਼ਰਮਾ ਜਨਰਲ ਸਕੱਤਰ, ਅਸ਼ੋਕ ਮੱਕੜ, ਹਰਜੀਤ ਸਿੰਘ, ਜਸਪਾਲ ਸਿੰਘ ਬਿੱਟੂ ਚੱਠਾ, ਚਰਨਦੀਪ ਸਿੰਘ ਚੰਨੀ, ਕੁਲਜੀਤ ਸਿੰਘ ਲੱਕੀ, ਦਿਲਾਵਰ ਸਿੰਘ ਬਲਾਚੌਰ, ਕਰਨ ਕੌਰਾ, ਗੁਰਕਿਰਪਾਲ ਸੰਧੂ, ਇਕਬਾਲ ਸਿੰਘ, ਅੰਮ੍ਰਿਤਪਾਲ ਸਿੰਘ, ਅਸ਼ੋਕ ਮਲਹੋਤਰਾ, ਅਜੇ ਕੁਮਾਰ, ਹਰਜੀਤ ਸਿੰਘ ਪੰਨੂੰ, ਸੁਮੇਰ ਸੀਤਾ, ਪਰਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਪਾਰ ਤੇ ਟਰੇਡ ਵਿੰਗ ਨਾਲ ਸਬੰਧਤ ਆਗੂ ਹਾਜ਼ਰ ਸਨ।

# 30 ਨਸ਼ੀਲੀਆਂ ਗੋਲੀਆਂ ਸਮੇਤ ਦੋਸ਼ੀ ਕਾਬੂ

ਰਾਹੋਂ, 26 ਫਰਵਰੀ (ਸੰਜੀਵ ਕੁਮਾਰ ਬੌਬੀ): ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਨਵਾਂਸ਼ਹਿਰ ਜ਼ਿਲ੍ਹੇ ਦੇ ਐਸਐਸਪੀ ਮਾਣਯੋਗ ਤੁਸ਼ਾਰ ਗੁਪਤਾ ਦੀ ਰਹਿਨੁਮਾਈ ਹੇਠ ਮਾਣਯੋਗ ਡੀ.ਐਸ.ਪੀ. ਰਾਜ ਕੁਮਾਰ ਦੀ

ਅਗਵਾਈ ਵਿੱਚ ਨਸ਼ਿਆਂ ਨੂੰ ਠੱਲ੍ਹ ਪਾਉਂਦੇ ਹੋਏ ਐਸ.ਐਚ.ਓ. ਵਰਿੰਦਰ ਕੁਮਾਰ ਨੇ ਦੱਸਿਆ ਕਿ ਥਾਣਾ ਰਾਹੋਂ ਦੇ ਹੌਲਦਾਰ ਤਰਨਜੀਤ ਸਿੰਘ ਨੇ ਸਮੇਤ ਪੁਲਿਸ ਪਾਰਟੀ 30 ਨਸ਼ੀਲੀਆਂ ਗੋਲੀਆਂ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਉਨ੍ਹਾਂ ਆਖਿਆ ਕਿ ਪੁਲਿਸ ਪਾਰਟੀ ਜਦੋਂ ਥਾਣਾ ਰਾਹੋਂ ਤੋਂ ਨਵਾਂਸ਼ਹਿਰ ਰੋਡ ਤੋਂ ਹੁੰਦੇ-ਹੁੰਦੇ ਨਹਿਰ ਦੇ ਨਾਲ-ਨਾਲ ਸਹਿਬਾਜਪੁਰ ਹੈਡ ਕੋਲ ਹੋ ਕੇ ਸ਼ੇਕਰਾਂ ਵੱਲ ਨੂੰ ਜਾ ਰਹੀ ਸੀ ਤਾਂ ਜਦੋਂ ਪੁਲਿਸ ਪਾਰਟੀ ਸਹਿਬਾਜਪੁਰ ਹੈਡ ਕੋਲ ਕੋਲ ਪੁੱਜੀ ਤਾਂ ਉਥੇ ਉਨ੍ਹਾਂ ਨੂੰ ਇੱਕ ਸ਼ੱਕੀ ਵਿਅਕਤੀ ਆਉਂਦਾ ਦਿਖਾਈ ਦਿੱਤਾ, ਸ਼ੱਕ ਦੇ ਆਧਾਰ 'ਤੇ ਉਸ ਕੋਲੋਂ ਤਲਾਸ਼ੀ ਲੈਣ 'ਤੇ 30 ਨਸ਼ੀਲੀਆਂ ਗੋਲੀਆਂ ਫੜੀਆਂ ਗਈਆਂ। ਪੁਲਿਸ ਪਾਰਟੀ ਵੱਲੋਂ ਉਸ ਨੂੰ ਮੌਕੇ 'ਤੇ ਕਾਬੂ ਕਰਕੇ ਅਗਲੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਮੁਖੀ ਨੇ ਆਖਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਸ ਦੀ ਪਹਿਚਾਣ ਅਮਰਜੀਤ ਸਿੰਘ ਉਰਫ ਹੈਪੀ ਪੁੱਤਰ ਬਲਵੀਰ ਸਿੰਘ ਵਾਸੀ ਜਲਵਾਹਾ ਥਾਣਾ ਰਾਹੋਂ ਵਜੋਂ ਹੋਈ ਹੈ। ਦੋਸ਼ੀ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਹੋਰ ਤਫ਼ਤੀਸ਼ ਲਈ ਰਿਮਾਂਡ ਹਾਸਲ ਕੀਤਾ ਜਾਵੇਗਾ। ਇਸ ਮੌਕੇ ਪੁਲਿਸ ਪਾਰਟੀ ਮੌਜੂਦ ਸੀ।

# 'ਆਪ' ਲੋਕਾਂ ਦੀ ਪਹਿਲੀ ਪਸੰਦ: ਜਸਪਾਲ ਸਿੰਘ

ਫਤਹਿਗੜ੍ਹ ਚੂੜੀਆਂ, 26 ਫਰਵਰੀ (ਰਾਜਨ ਸ਼ਰਮਾ): ਆਮ ਆਦਮੀ ਪਾਰਟੀ ਲੋਕਾਂ ਦੀ ਪਹਿਲੀ ਪਸੰਦ ਬਣ ਚੁੱਕੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜਸਪਾਲ ਸਿੰਘ ਸਰਪੰਚ ਲੰਗਰਵਾਲ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਵਰਕਰ ਨੇ ਕੀਤਾ। ਗੱਲਬਾਤ ਦੌਰਾਨ ਜਸਪਾਲ ਸਿੰਘ ਸਰਪੰਚ ਲੰਗਰਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਇੱਕ ਵੱਡੀ ਤਾਕਤ ਬਣ ਚੁੱਕੀ ਹੈ। ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਨੇ ਜੋ ਵੀ ਲੋਕਾਂ ਨਾਲ ਵਾਅਦੇ ਕੀਤੇ ਸਨ, ਉਹ ਇੱਕ-ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ।ਜਿਸ ਕਾਰਨ ਸਰਕਾਰ ਦੀਆਂ ਨੀਤੀਆਂ ਤੇ ਕੰਮਾਂ ਤੋਂ ਖੁਸ਼ ਹੋ ਕੇ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ ਤੇ ਨਾਲ ਹੀ ਵਿਰੋਧੀਆਂ ਦੇ ਭੁਲੇਖੇ ਸਰਕਾਰ ਨੇ ਦੂਰ ਕਰ ਦਿੱਤੇ ਹਨ ਤੇ ਬਹੁਤ ਸਾਰੇ ਪਿੰਡਾਂ ਵਿੱਚ ਲੱਖਾਂ ਰੁਪਏ ਦੇ ਵਿਕਾਸ ਕਾਰਜ ਚੱਲ ਰਹੇ ਹਨ ਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਤੇਜ਼ੀ

ਲਿਆਂਦੀ ਜਾਵੇਗੀ। ਜਸਪਾਲ ਸਿੰਘ ਨੇ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਅੱਜ ਲੋਕਾਂ ਦੀ ਪਹਿਲੀ ਪਸੰਦ ਬਣ ਚੁੱਕੀ ਹੈ ਕਿਉਂਕਿ ਆਮ ਆਦਮੀ ਪਾਰਟੀ ਇੱਕ ਅਜਿਹੀ ਪਾਰਟੀ ਹੈ, ਜਿਸਨੇ ਹਰ ਵਿਅਕਤੀ ਨੂੰ ਪੂਰਾ ਮਾਣ-ਸਨਮਾਨ ਦਿੱਤਾ ਹੈ ਤੇ ਨੌਜਵਾਨਾਂ ਨੂੰ ਵੱਡੀਆਂ ਨੁਮਾਇੰਦਗੀਆਂ ਦਿੱਤੀਆਂ ਹਨ। ਜਸਪਾਲ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸਿਹਤ ਸੁਰੱਖਿਆ ਨੂੰ ਲੈ ਕੇ ਜੋ 10 ਲੱਖ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਉਸਦੇ ਲਈ ਉਨ੍ਹਾਂ ਨੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ।

# ਬਾਬਾ ਸ੍ਰੀ ਚੰਦ ਜੀ ਸਪੋਰਟਸ ਕਲੱਬ ਖੋਦੇਬੇਟ ਨੇ 5ਵੀਂ ਕ੍ਰਿਕਟ ਚੈਂਪੀਅਨਸ਼ਿਪ ਕਰਵਾਈ

## ☛ਚੰਗਾ ਪ੍ਰਦਰਸ਼ਨ ਕਰਨ ਵਾਲੇ ਖਿਡਾਰੀ ਨੂੰ ਫੋਰਡ ਟਰੈਕਟਰ ਨਾਲ ਸਨਮਾਨਤ ਕੀਤਾ

ਡੇਰਾ ਬਾਬਾ ਨਾਨਕ, 26 ਫਰਵਰੀ (ਹੈਪੀ ਕੋਟਲੀ): ਸਰਹੱਦੀ ਇਲਾਕੇ ਡੇਰਾ ਬਾਬਾ ਨਾਨਕ ਦੀ ਨਾਮਵਰ ਸਪੋਰਟਸ ਕਲੱਬ ਬਾਬਾ ਸ੍ਰੀ ਚੰਦ ਜੀ ਸਪੋਰਟਸ ਕਲੱਬ ਖੋਦੇਬੇਟ ਵੱਲੋਂ ਐਨਆਰਆਈ ਨੌਜਵਾਨਾਂ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਪੰਜਵਾਂ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ।ਟੂਰਨਾਮੈਂਟ ਵਿੱਚ ਪੰਜਾਬ ਭਰ ਤੋਂ ਆਈਆਂ 18 ਟੀਮਾਂ ਨੇ ਭਾਗ ਲਿਆ।ਇਸ ਟੂਰਨਾਮੈਂਟ 'ਚ ਪਹਿਲੇ ਦੂਜੇ ਤੇ ਤੀਜੇ ਨੰਬਰ 'ਤੇ ਆਉਣ ਵਾਲੀਆਂ ਟੀਮਾਂ ਨੂੰ ਨਗਦ ਇਨਾਮ ਦੇਣ ਦੇ ਨਾਲ-ਨਾਲ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀ ਨੂੰ 3600 ਫੋਰਡ ਟਰੈਕਟਰ, ਐਲਈਡੀ ਤੇ ਵੱਡੇ ਕੱਪਾਂ ਨਾਲ ਸਨਮਾਨਤ ਕੀਤਾ ਗਿਆ। ਜੇਤੂ ਟੀਮਾਂ ਨੂੰ ਇਨਾਮ ਵੰਡਣ ਦੀ ਰਸਮ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਟਾਹਲੀ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਮੁਖ ਸਿੰਘ ਵੱਲੋਂ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਟੂਰਨਾਮੈਂਟ ਮੈਨੇਜਮੈਂਟ

ਨੌਜਵਾਨ ਆਗੂਆਂ ਨੇ ਕਿਹਾ ਕਿ ਉਹ ਹਰ ਸਾਲ ਆਪਣੇ ਪਿੰਡ ਐਨਆਰਆਈ ਨੌਜਵਾਨਾਂ ਦੇ ਸਹਿਯੋਗ ਨਾਲ ਕ੍ਰਿਕਟ ਟੂਰਨਾਮੈਂਟ ਕਰਵਾਉਂਦੇ ਹਨ ਤੇ ਇਸ ਕਰਕੇ ਟੂਰਨਾਮੈਂਟ 'ਤੇ ਕਰੀਬ 8 ਤੋਂ 10 ਲੱਖ ਰੁਪਏ ਤੱਕ ਖਰਚਾ ਆਉਂਦਾ ਹੈ। ਇਸ ਮੌਕੇ ਟੂਰਨਾਮੈਂਟ ਮੈਨੇਜਮੈਂਟ ਕਮੇਟੀ ਦੇ ਨੌਜਵਾਨਾਂ ਵੱਲੋਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਸਾਨੂੰ ਸਾਰਿਆਂ ਨੂੰ ਆਪੋ-ਆਪਣੇ ਪਿੰਡਾਂ ਵਿੱਚ ਇਹੋ ਜਿਹੇ ਕ੍ਰਿਕਟ ਤੇ ਹੋਰ ਖੇਡਾਂ ਦੇ ਟੂਰਨਾਮੈਂਟ ਕਰਵਾਉਣੇ ਚਾਹੀਦੇ ਹਨ ਤਾਂ ਜੋ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ। ਮੈਨੇਜਮੈਂਟ ਕਮੇਟੀ ਨੌਜਵਾਨਾਂ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿੰਡ ਖੋਦੇਬੇਟ ਵਿੱਚ ਵੱਡਾ ਖੇਡ ਸਟੇਡੀਅਮ ਬਣਾਇਆ ਜਾਵੇ ਤੇ ਉਨ੍ਹਾਂ ਦੀ ਕਲੱਬ ਨੂੰ ਯੋਗ ਗ੍ਰਾਂਟ ਦਿੱਤੀ ਜਾਵੇ। ਇਸ ਮੌਕੇ ਭੁਪਿੰਦਰ ਸਿੰਘ ਸਰਪੰਚ ਖੋਦੇਬੇਟ, ਸੁਖਜਿੰਦਰ ਸਿੰਘ ਸਾਬਕਾ ਸਰਪੰਚ ਖੋਦੇਬੇਟ, ਬਲਵਿੰਦਰ ਸਿੰਘ ਫੌਜੀ, ਸੁਖਵਿੰਦਰ ਸਿੰਘ ਯੂਕੇ, ਭੁਪਿੰਦਰ ਸਿੰਘ ਆਸਟਰੇਲੀਆ, ਮਨਜਿੰਦਰ ਸਿੰਘ, ਜਥੇਦਾਰ ਸਤਬੀਰ ਸਿੰਘ ਲਾਲੀ, ਕਿਸਾਨ ਆਗੂ ਗੁਰਬਚਨ ਸਿੰਘ ਖੋਦੇਬੇਟ, ਤਰਸੇਮ ਸਿੰਘ ਵਾਈਸ ਪ੍ਰਧਾਨ, ਸੋਨੂੰ ਰੰਧਾਵਾ ਰੰਧਾਵਾ ਹਾਜ਼ਰ ਸਨ।

# ਪਿੰਡ ਪੰਜਗਰਾਈਆਂ ਵਿਖੇ ਸ੍ਰੀ ਅਨੰਦਪੁਰ ਸਾਹਿਬ ਆਉਣ-ਜਾਣ ਵਾਲੀਆਂ ਸੰਗਤਾਂ ਦੀ ਟਹਿਲ ਸੇਵਾ ਲਈ ਲੰਗਰ ਅੱਜ ਤੋਂ ਸ਼ੁਰੂ

ਬਟਾਲਾ, 26 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ): ਬਟਾਲਾ-ਸ੍ਰੀ ਹਰਿਗੋਬਿੰਦਪੁਰ ਰੋਡ ਉਪਰ ਘੁੱਗ ਵੱਸਦੇ ਪਿੰਡ ਪੰਜਗਰਾਈਆਂ ਦੇ ਬਾਹਰਵਾਰ ਖੇਡ ਗਰਾਊਂਡ ਵਿਖੇ ਅੱਜ ਤੋਂ ਲੰਗਰਾਂ ਦੀ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ। ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਪੁਰਬ (ਹੋਲਾ-ਮਹੱਲਾ) ਨੂੰ ਮਨਾਉਣ ਵਾਸਤੇ, ਆਉਣ-ਜਾਣ ਵਾਲੀਆਂ ਸੰਗਤਾਂ ਦੀ ਟਹਿਲ ਸੇਵਾ ਲਈ ਨਗਰ ਪੰਜਗਰਾਈਆਂ ਤੇ ਦੌਲਤਪੁਰ ਦੇ ਸੇਵਾਦਾਰਾਂ ਨੇ ਹਰ ਸਾਲ ਦੀ ਤਰ੍ਹਾਂ ਸਾਂਝਾ ਮੰਚ ਤਿਆਰ ਕੀਤਾ ਹੈ, ਜਿੱਥੇ ਬਿਨਾਂ ਕਿਸੇ ਰੋਕ ਟੋਕ, ਬਿਨਾਂ ਕਿਸੇ ਜਾਤੀ ਭੇਦ ਭਾਵ ਦੇ ਕੋਈ ਵੀ ਆ ਕੇ (ਗੁਰ ਮਰਿਆਦਾ ਅਨੁਸਾਰ) ਸੇਵਾ ਕਰ ਸਕਦਾ ਹੈ ਤੇ ਲੰਗਰ ਛਕ ਸਕਦਾ ਹੈ।ਇਨ੍ਹਾਂ ਗੁਰੂ ਪਿਆਰ ਵਾਲੇ ਸੇਵਾਦਾਰਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਲੰਗਰ ਸੇਵਾ ਸੁਸਾਇਟੀ ਦੌਲਤਪੁਰਾ-ਪੰਜਗਰਾਈਆਂ ਦੇ ਨਾਮ ਉਪਰ ਇੱਕ ਸੰਸਥਾ ਬਣਾਈ ਹੈ। ਇਸ ਸੰਸਥਾ ਦਾ ਉਦੇਸ਼ ਸਿਰਫ ਤੇ ਸਿਰਫ ਮਨੁੱਖਤਾ ਦੀ ਸੇਵਾ ਕਰਨਾ ਹੈ। ਸਾਰੇ ਹੀ ਸੇਵਾਦਾਰ ਬੜੇ ਚੜ੍ਹਦੀ ਕਲਾ ਵਾਲੇ ਹਨ ਤੇ ਜਿੱਥੇ ਉਹ ਆਪਣੀ ਦਸਾਂ ਨੌਹਾਂ ਦੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ ਧਨ ਨਾਲ ਸੇਵਾ ਕਰਦੇ ਹਨ, ਉਥੇ ਉਹ ਦਿਨ ਰਾਤ, ਸਤਿਨਾਮ-ਵਾਹਿਗੁਰੂ ਦਾ ਜਾਪ ਕਰਦਿਆਂ, ਤਨ ਮਨ ਨਾਲ ਸੇਵਾ ਵੀ ਕਰਦੇ ਹਨ। ਜ਼ਿਕਰਯੋਗ ਹੈ ਕਿ ਆਪਣੀ ਧਰਤੀ ਤੋਂ ਦੂਰ ਬੈਠੇ ਹੋਏ ਐਨ.ਆਰ.ਆਈ. ਵੀਰ, ਸਰੀਰਕ ਤੌਰ 'ਤੇ ਭਾਵੇਂ ਉਹ ਬਹੁਤ ਦੂਰ ਬੈਠੇ ਹੋਏ ਹੁੰਦੇ ਹਨ, ਪਰ ਉਹ ਵੀ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ, ਲੰਗਰਾਂ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੇ ਹਨ।ਇਨ੍ਹਾਂ ਵੀਰਾਂ ਦਾ ਵੀ ਗੁਰੂ ਕੇ ਲੰਗਰਾਂ ਵਿੱਚ ਵਿਸ਼ੇਸ਼

ਯੋਗਦਾਨ ਹਮੇਸ਼ਾ ਬਣਿਆ ਰਹਿੰਦਾ ਹੈ ਤੇ ਉਹ ਗੁਰੂ ਚਰਨਾਂ ਵਿੱਚ ਆਪਣੀਆਂ ਹਾਜ਼ਰੀਆਂ ਲਗਵਾ ਲੈਂਦੇ ਹਨ। ਇਨ੍ਹਾਂ ਸੇਵਾਦਾਰਾਂ ਵਿੱਚ ਪ੍ਰਧਾਨ ਪ੍ਰਭਜੋਤ ਸਿੰਘ, ਹਰਪਾਲ ਸਿੰਘ ਜੇਈ, ਸਤਪਾਲ ਸਿੰਘ, ਬਲਵਿੰਦਰ ਸਿੰਘ, ਲਖਵਿੰਦਰ ਸਿੰਘ, ਰਣਯੋਧ ਸਿੰਘ, ਸਤਨਾਮ ਸਿੰਘ, ਗੁਰਦਿਆਲ ਸਿੰਘ ਉਮਰਪੁਰਾ, ਮਨਜੀਤ ਸਿੰਘ, ਦਲਜੀਤ ਸਿੰਘ, ਪ੍ਰਭਦੀਪ ਸਿੰਘ, ਚੇਅਰਮੈਨ ਹਰਭਜਨ ਸਿੰਘ, ਮਾ. ਜੋਗਾ ਸਿੰਘ, ਵਰਿੰਦਰ ਸਿੰਘ, ਮਨਜੀਤ ਸਿੰਘ ਮੰਨਾ, ਬਲਕਾਰ ਸਿੰਘ, ਸਿਮਰਨਜੀਤ ਸਿੰਘ, ਧਰਮਿੰਦਰ ਸਿੰਘ ਤੇ ਹੋਰ ਵੀ ਬਹੁਤ ਸਾਰੇ ਵੀਰ ਲੰਗਰਾਂ ਵਿੱਚ ਸੇਵਾ ਕਰਕੇ ਗੁਰੂ ਕੀਆਂ ਅਸੀਸਾਂ ਪ੍ਰਾਪਤ ਕਰ ਰਹੇ ਹਨ।

# ਲੈਵਲ-3 ਆਫਸਾਈਟ ਮੌਕ ਡਰਿਲ ਸਫਲਤਾਪੂਰਵਕ ਕਰਵਾਈ

ਗੁਰਦਾਸਪੁਰ, 26 ਫਰਵਰੀ (ਜਗੀਰ ਸਿੰਘ ਮੰਡ): ਜ਼ਿਲ੍ਹਾ ਪ੍ਰਸ਼ਾਸਨ, ਗੁਰਦਾਸਪੁਰ ਦੇ ਸਹਿਯੋਗ ਨਾਲ ਗੁਜਰਾਤ ਗੈਸ ਲਿਮਟਿਡ ਵੱਲੋਂ ਅੱਜ ਬਾਬਾ ਬੰਦਾ ਸਿੰਘ ਬਹਾਦਰ ਚੌਂਕ, ਡੇਰਾ ਬਾਬਾ ਨਾਨਕ ਰੋਡ, ਗੁਰਦਾਸਪੁਰ ਦੇ ਨੇੜੇ ਲੈਵਲ-3 ਆਫਸਾਈਟ ਮੌਕ ਡਰਿਲ ਸਫਲਤਾਪੂਰਵਕ ਕਰਵਾਈ ਗਈ। ਇਹ ਮੌਕ ਡਰਿਲ ਗੁਜਰਾਤ ਗੈਸ ਲਿਮਟਿਡ (ਜੀ.ਜੀ.ਐਲ) ਵੱਲੋਂ ਖੁਦਾਈ ਦੇ ਕੰਮ ਦੌਰਾਨ ਸਟੀਲ ਗੈਸ ਪਾਈਪਲਾਈਨ ਨੂੰ ਹੋਏ ਨੁਕਸਾਨ ਕਾਰਨ ਅੱਗ ਦੀ ਸਥਿਤੀ 'ਤੇ ਕਾਬੂ ਪਾਉਣ ਦੇ ਸਬੰਧ ਵਿੱਚ ਕੀਤੀ ਗਈ।ਮੌਕ ਡਰਿਲ ਰਾਹੀਂ ਐਮਰਜੈਂਸੀ ਦੇ ਸਰਗਰਮ ਹੋਣ 'ਤੇ, ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਤੁਰੰਤ ਸਾਈਟ 'ਤੇ ਪਹੁੰਚੇ, ਸਮੁੱਚੀ ਪ੍ਰਤੀਕਿਰਿਆ ਦੀ ਨਿਗਰਾਨੀ ਕੀਤੀ ਤੇ ਸਾਰੇ ਸਬੰਧਤ ਵਿਭਾਗਾਂ ਵਿਚਕਾਰ ਪ੍ਰਭਾਵਸ਼ਾਲੀ ਤਾਲਮੇਲ ਨੂੰ ਯਕੀਨੀ ਬਣਾਇਆ। ਜ਼ਿਲ੍ਹਾ ਪ੍ਰਸ਼ਾਸਨ ਟੀਮ ਦੀ ਅਗਵਾਈ ਰੇਸ਼ਮ ਸਿੰਘ, ਤਹਿਸੀਲਦਾਰ ਗੁਰਦਾਸਪੁਰ ਨੇ ਕੀਤੀ। ਗੁਜਰਾਤ ਗੈਸ ਲਿਮਟਿਡ ਨੇ ਐਮਰਜੈਂਸੀ ਸਾਇਰਨ ਨੂੰ ਸਰਗਰਮ ਕੀਤਾ, ਅੰਦਰੂਨੀ ਐਮਰਜੈਂਸੀ ਪ੍ਰੋਟੋਕੋਲ ਲਾਗੂ ਕੀਤਾ, ਗੈਸ ਦੇ ਪ੍ਰਵਾਹ ਨੂੰ ਰੋਕਣ ਲਈ ਅਪਸਟ੍ਰੀਮ ਤੇ ਡਾਊਨਸਟ੍ਰੀਮ ਵਾਲਵ ਨੂੰ ਅਲੱਗ ਕੀਤਾ ਤੇ ਸਾਈਟ ਨੂੰ ਸੁਰੱਖਿਅਤ ਘੋਸ਼ਿਤ ਕਰਨ ਤੋਂ ਪਹਿਲਾਂ ਜ਼ੀਰੋ ਗੈਸ ਮੌਜੂਦਗੀ ਦੀ ਪੁਸ਼ਟੀ ਕਰਨ ਲਈ ਗੈਸ ਨਿਗਰਾਨੀ ਕੀਤੀ। ਮੈਸਰਜ਼ ਆਈਓਸੀਐਲ ਦੀ ਮਿਊਚੁਅਲ ਏਡ ਟੀਮ ਨੇ ਪ੍ਰਤੀਕਿਰਿਆ ਦੌਰਾਨ ਤਕਨੀਕੀ ਤੇ ਸੰਚਾਲਨ ਸਹਾਇਤਾ ਵੀ ਦਿੱਤੀ। ਮੌਕ ਡਰਿਲ ਦੌਰਾਨ ਪੁਲਿਸ ਵਿਭਾਗ ਨੇ ਤੇਜ਼ੀ ਨਾਲ ਇਲਾਕੇ ਨੂੰ ਘੇਰ ਲਿਆ, ਮੁੱਖ ਸੜਕ 'ਤੇ ਆਵਾਜਾਈ ਨੂੰ ਨਿਯਮਤ ਕੀਤਾ ਤੇ ਇਹ ਯਕੀਨੀ ਬਣਾਇਆ ਕਿ ਜਨਤਾ ਨੂੰ ਘਟਨਾ ਵਾਲੀ ਥਾਂ ਤੋਂ ਸੁਰੱਖਿਅਤ ਦੂਰੀ 'ਤੇ ਰੱਖਿਆ ਜਾਵੇ। ਸਿਹਤ ਵਿਭਾਗ ਸਿਵਲ ਸਰਜਨ ਡਾ. ਗੁਰਪ੍ਰੀਤ ਕੌਰ ਨੇ ਬਿਨਾਂ ਦੇਰੀ ਕੀਤੇ ਐਂਬੂਲੈਂਸ ਭੇਜੀ, ਤੁਰੰਤ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ, ਜ਼ਖਮੀਆਂ ਨੂੰ ਬਚਾਇਆ ਤੇ ਸੁਰੱਖਿਅਤ ਹਸਪਤਾਲ ਭੇਜ ਦਿੱਤਾ। ਫਾਇਰ ਵਿਭਾਗ ਦੇ ਐਸਐਫਓ ਸੁਖਵਿੰਦਰ ਸਿੰਘ ਨੇ ਤੁਰੰਤ ਫਾਇਰ ਟੈਂਡਰਾਂ ਨੂੰ ਬੁਲਾਇਆ ਤੇ ਅੱਗ ਬੁਝਾਉਣ ਦੀਆਂ ਕਾਰਵਾਈਆਂ ਕੀਤੀਆਂ। ਇਸ ਮੌਕੇ ਵਧੀਕ ਕੰਟਰੋਲਰ ਸਿਵਲ ਡਿਫੈਂਸ ਗੁਰਦਾਸਪੁਰ ਰਵੇਲ ਸਿੰਘ ਰੰਧਾਵਾ, ਇੰਸਪੈਕਟਰ ਵਰਿੰਦਰ ਸਿੰਘ, ਕੰਪਨੀ ਕਮਾਂਡਰ ਪੰਜਾਬ ਹੋਮਗਾਰਡ ਗੁਰਦਾਸਪੁਰ ਸ਼ਰਨਦੀਪ ਸਿੰਘ, ਸਬ-ਇੰਸਪੈਕਟਰ ਰਮੇਸ਼ ਕੁਮਾਰ, ਹੈਡ ਕਾਂਸਟੇਬਲ ਕਮਲਪ੍ਰੀਤ ਸਿੰਘ ਅਤੇ ਸ਼ਕਤੀ ਪਠਾਨੀਆ ਸਮੇਤ ਸਮੁੱਚੀ ਸਿਵਲ ਡਿਫੈਂਸ ਟੀਮ, ਡਾ. ਗੁਰਪ੍ਰੀਤ ਕੌਰ ਤੇ ਡਾ. ਹਰਮਿੰਦਰ ਕੌਰ ਮੌਜੂਦ ਸਨ।

# ਦੋ ਦਿਨਾਂ ਜਨਗਣਨਾ ਸਿਖਲਾਈ ਸਫਲਤਾਪੂਰਵਕ ਸਮਾਪਤ

ਗੁਰਦਾਸਪੁਰ, 26 ਫਰਵਰੀ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਜ਼ਿਲ੍ਹਾ ਗੁਰਦਾਸਪੁਰ ਵਿੱਚ ਜ਼ਿਲ੍ਹਾ/ਚਾਰਜ ਅਫ਼ਸਰਾਂ ਤੇ ਰੈਗੂਲਰ/ਤਕਨੀਕੀ

ਸਹਾਇਕਾਂ ਲਈ ਮਕਾਨ ਸੂਚੀਕਰਨ ਤੇ ਮਕਾਨ ਗਣਨਾ ਦੀ ਦੋ ਦਿਨਾਂ ਸਿਖਲਾਈ ਸਫਲਤਾਪੂਰਵਕ ਕਰਵਾਈ ਗਈ। ਦੋ ਦਿਨਾਂ ਸਿਖਲਾਈ ਪ੍ਰੋਗਰਾਮ ਦੀ ਸ਼ੁਰੂਆਤ ਦੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿੱਤਿਆ ਉਪਲ ਵੱਲੋਂ ਕੀਤੀ ਗਈ ਸੀ ਤੇ ਉਨ੍ਹਾਂ ਨੇ ਭਾਗੀਦਾਰਾਂ ਨੂੰ ਜਨਗਣਨਾ ਅਭਿਆਸ ਦੀ ਮਹੱਤਤਾ ਬਾਰੇ ਵਿਸਥਾਰ ਵਿੱਚ ਦੱਸਿਆ। ਅੱਜ ਸਿਖਲਾਈ ਵਰਕਸ਼ਾਪ ਵਿੱਚ ਤਹਿਸੀਲਦਾਰ ਲਛਮਣ ਸਿੰਘ ਤੇ ਰਜਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।ਜ਼ਿਲ੍ਹਾ ਗੁਰਦਾਸਪੁਰ ਵਿਖੇ ਜਨਗਣਨਾ ਸੈਲ, ਰਾਜੇਸ਼ ਬਲੋਤਰਾ ਏਆਰਓ ਦੇ ਨਾਲ, ਸਿਖਲਾਈ ਪ੍ਰੋਗਰਾਮ ਦੀ ਨਿਗਰਾਨੀ ਕੀਤੀ ਗਈ। ਇਹ ਸਿਖਲਾਈ ਵਿਨੋਦ ਕੁਮਾਰ ਯਾਦਵ, ਸਹਾਇਕ ਨਿਰਦੇਸ਼ਕ ਤੇ ਅੰਕੁਸ਼ ਸ਼ਰਮਾ, ਐਸ.ਆਈ. ਗ੍ਰੇਡ-1 ਅਧਿਕਾਰੀ ਵੱਲੋਂ ਦਿੱਤੀ ਗਈ ਤੇ ਸਿਖਲਾਈ ਪ੍ਰੋਗਰਾਮ ਸਫਲਤਾਪੂਰਵਕ ਪੂਰਾ ਹੋਇਆ। ਉਨ੍ਹਾਂ ਦੱਸਿਆ ਕਿ ਸਾਰੇ ਚਾਰਜ ਅਫ਼ਸਰਾਂ ਨੇ ਆਪਣੀਆਂ ਸਬੰਧਤ ਟੀਮਾਂ ਦੇ ਨਾਲ ਸਿਖਲਾਈ ਵਿੱਚ ਧਿਆਨ ਨਾਲ ਭਾਗ ਲਿਆ ਤੇ ਜਨਗਣਨਾ ਪ੍ਰਕਿਰਿਆਵਾਂ ਦੀ ਬਿਹਤਰ ਸਪੱਸ਼ਟਤਾ ਤੇ ਸਮਝ ਨੂੰ ਯਕੀਨੀ ਬਣਾਉਣ ਲਈ ਸੈਸ਼ਨ ਦੌਰਾਨ ਸਵਾਲ ਉਠਾ ਕੇ ਸਰਗਰਮੀ ਨਾਲ ਹਿੱਸਾ ਲਿਆ। ਸਿਖਲਾਈ ਵਿੱਚ ਦੱਸਿਆ ਗਿਆ ਕਿ ਹਾਊਸ ਲਿਸਟਿੰਗ ਫੀਲਡ ਵਰਕ 15 ਮਈ ਤੋਂ 13 ਜੂਨ 2026 ਲਈ ਤੇ 30 ਅਪ੍ਰੈਲ ਤੋਂ 14 ਮਈ 2026 ਤੱਕ ਸਵੈ-ਗਣਨਾ ਕੀਤੀ ਜਾਵੇਗੀ।ਜਨਗਣਨਾ ਦਾ ਲੋਗੋ ਜਨਗਣਨਾ ਸੇ ਜਨ ਕਲਿਆਣ ਹੈ। ਅੱਜ ਦੂਜੇ ਦਿਨ ਪੰਚਾਇਤ ਭਵਨ ਗੁਰਦਾਸਪੁਰ ਵਿਖੇ ਜਨਗਣਨਾ ਸਟਾਫ ਨੂੰ ਜਨਗਣਨਾ 2027 ਦੇ ਵੱਖ-ਵੱਖ ਪਹਿਲੂਆਂ ਸਬੰਧੀ ਜਾਣਕਾਰੀ ਦਿੱਤੀ ਗਈ। ਪਿੰਡ ਤੇ ਸ਼ਹਿਰ ਦੇ ਚਾਰਜ ਰਜਿਸਟਰਾਂ, ਡੈਸ਼ਬੋਰਡ ਦੀ ਵਰਤੋਂ ਤੇ ਸੀ.ਐਮ.ਐਮ.ਐਸ ਪੋਰਟਲ 'ਤੇ ਰਿਪੋਰਟਾਂ ਸਬੰਧੀ, ਟ੍ਰੇਨਿੰਗ ਮੈਨੇਜਮੈਂਟ, ਸ਼ਨਾਖਤੀ ਕਾਰਡ ਤੇ ਨਿਯੁਕਤੀ ਪੱਤਰ ਜਨਰੇਟ ਕਰਨ ਸਬੰਧੀ ਲੌਜਿਸਟਿਕ ਐਂਡ ਪ੍ਰਿੰਟਿੰਗ ਤੇ ਡਾਟਾ ਐਂਟਰੀ ਮੈਡਿਊਲ ਸਬੰਧੀ, ਲੇਅ ਆਊਟ ਮੈਪ ਦੀ ਤਿਆਰੀ ਸਮੇਤ ਵੱਖ-ਵੱਖ ਪਹਿਲੂਆਂ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

# ਵਿਧਾਇਕ ਅਮਰਪਾਲ ਸਿੰਘ ਨੇ ਵਿਕਾਸ ਕਾਰਜਾਂ ਦੀ ਲਿਆਂਦੀ ਹਨ੍ਹੇਰੀ: ਐਡ. ਕਾਲੀਆ, ਰਿਆੜ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 26 ਫਰਵਰੀ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਵੱਲੋਂ ਇਲਾਕੇ ਵਿੱਚ ਵਿਕਾਸ ਕਾਰਜਾਂ ਦੀ ਇੱਕ ਨਵੀਂ ਲਹਿਰ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੀ ਅਗਵਾਈ

ਹੇਠ ਸੜਕਾਂ ਦੀ ਮੁਰੰਮਤ, ਨਵੀਆਂ ਗਲੀਆਂ ਤੇ ਨਾਲੀਆਂ ਦੀ ਉਸਾਰੀ, ਸਰਕਾਰੀ ਸਕੂਲਾਂ ਦੇ ਸੁਧਾਰ ਤੇ ਪੀਣ ਵਾਲੇ ਪਾਣੀ ਦੀ ਸੁਵਿਧਾ ਵਰਗੇ ਅਹਿਮ ਪ੍ਰੋਜੈਕਟ ਤੀਜ਼ੀ ਨਾਲ ਅੱਗੇ ਵੱਧ ਰਹੇ ਹਨ। ਪਿੰਡਾਂ ਤੇ ਸ਼ਹਿਰੀ ਇਲਾਕਿਆਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਵਿਧਾਇਕ ਵੱਲੋਂ ਨਿਯਮਿਤ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਜਨਤਾ ਵਿੱਚ ਭਰੋਸਾ ਤੇ ਉਤਸ਼ਾਹ ਵਧਿਆ ਹੈ।ਐਡਵੋਕੇਟ ਗੌਰਵ ਕਾਲੀਆ ਤੇ ਦਵਿੰਦਰ ਸਿੰਘ ਰਿਆੜ ਨੇ ਕਿਹਾ ਕਿ ਵਿਧਾਇਕ ਦੀ ਦੂਰਅੰਦੇਸ਼ ਸੋਚ ਤੇ ਮਿਹਨਤ ਨਾਲ ਹਲਕੇ ਵਿੱਚ ਵਿਕਾਸ ਦੀ ਹਨ੍ਹੇਰੀ ਆ ਗਈ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੱਡੇ ਪ੍ਰੋਜੈਕਟ ਵੀ ਸ਼ੁਰੂ ਕੀਤੇ ਜਾਣਗੇ, ਜਿਸ ਨਾਲ ਇਲਾਕੇ ਦੀ ਤਸਵੀਰ ਪੂਰੀ ਤਰ੍ਹਾਂ ਬਦਲੇਗੀ।ਇਲਾਕਾ ਵਾਸੀਆਂ ਨੇ ਵੀ ਵਿਧਾਇਕ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਹਿਲੀ ਵਾਰ ਉਨ੍ਹਾਂ ਨੂੰ ਵਿਕਾਸ ਦੇ ਕੰਮ ਜ਼ਮੀਨ 'ਤੇ ਦਿਖਾਈ ਦੇ ਰਹੇ ਹਨ।

# ਅੱਜ ਹੋਵੇਗਾ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਚੁਣੇ ਮੈਂਬਰਾਂ ਦਾ ਸਹੁੰ ਚੁੱਕ ਸਮਾਗਮ

ਬਟਾਲਾ, 26 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ/ਡਾ.ਸਤਨਾਮ ਸਿੰਘ ਸੰਧੂ): ਗੁਰਪ੍ਰੀਤ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾਇਰੈਕਟਰ ਵਿਕਾਸ ਤੇ ਪੰਚਾਇਤ ਵਿਭਾਗ ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਵਿੱਚ ਚੁਣੇ ਗਏ ਮੈਂਬਰਾਂ ਨੂੰ ਜ਼ਿਲ੍ਹਾ ਪੱਧਰ 'ਤੇ 27 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 11 ਵਜੇ ਸ਼ਿਵ

ਕੁਮਾਰੀ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਸਹੁੰ ਚੁਕਾਈ ਜਾਵੇਗੀ। ਉਨ੍ਹਾਂ ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਵਿੱਚ ਚੁਣੇ ਹੋਏ ਮੈਂਬਰਾਂ ਨੂੰ 27 ਫਰਵਰੀ ਨੂੰ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਸਮੇਂ ਸਿਰ ਪਹੁੰਚ ਦੀ ਅਪੀਲ ਕੀਤੀ ਹੈ।

# ਨੂਰ ਹਸਪਤਾਲ 'ਚ ਮੁਫ਼ਤ ਫ਼ਾਇਬਰੋ ਸਕੈਨ ਕੈਂਪ ਲਗਾਇਆ

ਘੁਮਾਣ/ਸ੍ਰੀ ਹਰਿਗੋਬਿੰਦਪੁਰ, 26 ਫਰਵਰੀ (ਸਿਕੰਦਰ ਸਿੰਘ ਸੰਧੂ/ਡਾ. ਨਰਿੰਦਰ ਸਿੰਘ ਘੁਮਾਣ): ਮੁਸਲਿਮ ਜਮਾਤ ਅਹਿਮਦੀਆ ਕਾਦੀਆਂ ਵੱਲੋਂ ਲੋਕ ਭਲਾਈ ਦੀ ਸੇਵਾਵਾਂ ਦੇ ਸਬੰਧ ਵਿੱਚ ਅੱਜ ਨੂਰ ਹਸਪਤਾਲ ਕਾਦੀਆਂ ਵਿੱਚ 26 ਫਰਵਰੀ ਦਿਨ ਵੀਰਵਾਰ ਨੂੰ ਇੱਕ ਰੋਜ਼ਾ ਮੁਫਤ ਜਿਗਰ ਦੀ ਜਾਂਚ ਨਾਲ ਸਬੰਧਤ ਇੱਕ ਰੋਜ਼ਾ ਮੁਫਤ ਫਾਇਬਰੋ ਸਕੈਨ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੈਡੀਕਲ ਕੈਂਪ ਵਿੱਚ ਇਲਾਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕਿ ਮੁਫਤ ਫਾਇਬਰੋ ਸਕੈਨ ਦਾ ਲਾਭ ਲਿਆ। ਇਸ ਕੈਂਪ ਦਾ ਮੁੱਖ ਮਕਸਦ ਲੋਕਾਂ ਨੂੰ ਜਿਗਰ ਦੀਆਂ ਬਿਮਾਰੀਆਂ ਪ੍ਰਤੀ ਜਾਗਰੂਕ ਕਰਨਾ ਇਹੋ ਜਿਹੇ ਮਹਿੰਗੇ ਟੈਸਟ ਜੋ ਆਮ ਮਰੀਜ਼ਾਂ ਦੀ ਪਹੁੰਚ ਤੋਂ ਬਾਹਰ ਹਨ, ਉਨ੍ਹਾਂ ਨੂੰ ਮੁਫਤ ਸੁਵਿਧਾ ਪ੍ਰਦਾਨ ਕਰਨਾ ਤਾਂ ਜੋ

ਲੋੜਵੰਦ ਮਰੀਜ਼ ਇਸ ਨਾਲ ਆਪਣੇ ਜਿਗਰ ਦੀ ਜਾਂਚ ਕਰਵਾ ਕੇ ਆਪਣਾ ਸਹੀ ਇਲਾਜ ਕਰਵਾ ਸਕਣ। ਅੱਜ ਇਸ ਫਾਇਬਰੋ ਸਕੈਨ ਰਾਹੀਂ ਵੱਡੀ ਗਿਣਤੀ ਵਿੱਚ ਜਿਗਰ ਦੇ ਮਰੀਜ਼ਾਂ ਦੀ ਮਾਹਿਰ ਡਾਕਟਰਾਂ ਵੱਲੋਂ ਮੁਫ਼ਤ ਜਾਂਚ ਕੀਤੀ ਗਈ। ਇਸ ਕੈਂਪ ਦਾ ਮਕਸਦ ਇਹ ਹੈ ਤਾਂ ਜੋ ਮਰੀਜ਼ ਆਪਣਾ ਇਲਾਜ ਸਹੀ ਢੰਗ ਨਾਲ ਕਰਵਾ ਸਕਣ। ਮੁਸਲਿਮ ਜਮਾਤ ਅਹਿਮਦੀਆ ਵੱਲੋਂ ਸਮੇਂ-ਸਮੇਂ 'ਤੇ ਇਹੋ ਜਿਹੇ ਵੱਡੇ ਪੱਧਰ 'ਤੇ ਮੁਫਤ ਮੈਡੀਕਲ ਕੈਂਪ ਆਯੋਜਿਤ ਕੀਤੇ ਜਾਂਦੇ ਹਨ। ਮੁਸਲਿਮ ਜਮਾਤ ਅਹਿਮਦੀਆ ਲੋਕ ਸੇਵਾ ਨੂੰ ਆਪਣਾ ਮੁੱਖ ਮਕਸਦ ਸਮਝਦੀ ਹੈ। ਇਸੇ ਜਜ਼ਬੇ ਨਾਲ ਨੂਰ ਹਸਪਤਾਲ ਕਾਦੀਆਂ ਵਿੱਚ ਉਚ ਪੱਧਰ ਦੀਆਂ ਡਾਕਟਰੀ ਸਹੂਲਤਾਂ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਨੂਰ ਹਸਪਤਾਲ ਕਾਦੀਆਂ ਬਿਨਾਂ ਭੇਦਭਾਵ ਦੇ ਲੋਕਾਂ ਦੀ ਸੇਵਾ ਵਿੱਚ ਦਿਨ-ਰਾਤ ਸੇਵਾਵਾਂ ਨਿਭਾ ਰਿਹਾ ਹੈ ਜੋ ਮੁਸਲਿਮ ਜਮਾਤ ਅਹਿਮਦੀਆ ਦੇ ਪ੍ਰਬੰਧਾਂ ਹੇਠ ਚੱਲ ਰਿਹਾ ਹੈ। ਅੱਜ ਇਸ ਮੌਕੇ ਨੂਰ ਹਸਪਤਾਲ ਕਾਦੀਆਂ ਦੇ ਪ੍ਰਬੰਧਕ ਤੇ ਸਮੂਹ ਸਟਾਫ ਮੌਜੂਦ ਸੀ।

# ਖ਼ਾਲਸਾ ਕਾਲਜ ਵਿਖੇ ਐਥਲੈਟਿਕ ਮੀਟ ਕਰਵਾਈ

ਗੜ੍ਹਦੀਵਾਲਾ, 26 ਫਰਵਰੀ (ਗੌਰਵ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਅਦਾਰੇ ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸਕੱਤਰ (ਵਿੱਦਿਆ) ਸੁਖਮਿੰਦਰ ਸਿੰਘ ਦੀ ਰਹਿਨੁਮਾਈ ਸਦਕਾ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਸਾਲਾਨਾ ਐਥਲੈਟਿਕ ਮੀਟ ਕਰਵਾਈ ਗਈ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਾਲਜ ਦਾ ਝੰਡਾ ਲਹਿਰਾ ਕੇ ਐਥਲੈਟਿਕ ਮੀਟ ਦੀ ਸ਼ੁਰੂਆਤ ਕੀਤੀ। ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਜਿਵੇਂ ਦੌੜਾਂ, ਸ਼ਾਟ ਪੁੱਟ, ਡਿਸਕਸ ਥ੍ਰੋ, ਲੰਬੀ ਛਾਲ, ਉਚੀ ਛਾਲ ਤੇ ਸਪੂਨ ਰੇਸ ਆਦਿ ਮੁਕਾਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਲੜਕੀਆਂ ਦਾ ਕ੍ਰਿਕਟ ਮੈਚ ਕਰਵਾਇਆ ਗਿਆ,

ਜਿਸ ਵਿੱਚ ਟੀਮ (ਏ) ਜੇਤੂ ਰਹੀ। ਮੈਨ ਆਫ਼ ਦਾ ਮੈਚ ਕਾਲਜ ਵਿਦਿਆਰਥਣ ਕਿਰਨ ਦੇਵੀ (ਬੀ.ਕਾਮ, ਸਮੈਸਟਰ-ਛੇਵਾ) ਨੂੰ ਐਲਾਨਿਆ ਗਿਆ।ਇਨ੍ਹਾਂ ਐਥਲੈਟਿਕ ਮੀਟ ਮੁਕਾਬਲਿਆਂ ਵਿੱਚ ਬੈਸਟ ਐਥਲੀਟ ਜਸਕਰਨ ਸਿੰਘ ਤੇ ਅਨੀਤਾ ਕੌਰ ਨੂੰ ਐਲਾਨਿਆ ਗਿਆ। ਕਾਲਜ ਦੇ ਸਮੂਹ ਸਟਾਫ਼ ਦਾ ਰੱਸਾ-ਕੱਸੀ ਤੇ ਵਾਅਕ-ਰੇਸ ਮੁਕਾਬਲੇ ਕਰਵਾਏ ਗਏ। ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਖੇਡਾਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਖੇਡਾਂ ਦੇ ਮਹੱਤਵ ਤੋਂ ਜਾਣੂ ਕਰਵਾਉਂਦਿਆਂ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ। ਉਨ੍ਹਾਂ ਨੇ ਸਰੀਰਕ ਸਿੱਖਿਆ ਵਿਭਾਗ ਦੇ ਅਧਿਆਪਕ ਸਾਹਿਬਾਨ ਸੀਮਾ ਕੁਮਾਰੀ ਤੇ ਹਰਜੋਤ ਕੌਰ ਨੂੰ ਐਥਲੈਟਿਕ ਮੀਟ ਦੇ ਸਫ਼ਲ ਆਯੋਜਨ ਲਈ ਵਧਾਈ ਦਿੱਤੀ। ਇਸ ਮੌਕੇ ਕਾਲਜ ਦਾ ਟੀਚਿੰਗ, ਨਾਨ-ਟੀਚਿੰਗ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

# ਪਟਿਆਲਾ-ਆਸ/ਪਾਸ

## ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਜਨਰਲ ਧਰਮਸ਼ਾਲਾ ਅਤੇ ਸੀਵਰੇਜ ਪ੍ਰੋਜੈਕਟ ਦਾ ਉਦਘਾਟਨ

ਸਮਾਣਾ, 26 ਫਰਵਰੀ (ਵਿਜੇ ਕੁਮਾਰ/ਸੁਖਜਿੰਦਰ/ਜਵੰਦਾ/ਅਮਿਤ) : ਪਿੰਡ ਦੇ ਵਿਕਾਸ ਨੂੰ ਨਵੀਂ ਦਿਸ਼ਾ ਦਿੰਦਿਆਂ ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਪਿੰਡ ਖੇੜੀ ਬਰਨਾ ਵਿਖੇ ਨਵੀਂ ਬਣੀ ਜਨਰਲ ਧਰਮਸ਼ਾਲਾ ਅਤੇ ਸੀਵਰੇਜ਼ ਪ੍ਰੋਜੈਕਟ ਦਾ ਉਦਘਾਟਨ ਕੀਤਾ ਗਿਆ। ਇਹ ਸਾਰੇ ਵਿਕਾਸ ਕਾਰਜ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਪੂਰੇ ਕੀਤੇ ਗਏ ਹਨ। ਇਸ ਮੌਕੇ ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ। ਸਰਕਾਰ ਵੱਲੋਂ ਛੱਪੜਾਂ ਦੀ ਸੁਧਾਰ ਯੋਜਨਾ, ਨਵੀਂ ਸੀਵਰੇਜ਼ ਲਾਈਨ ਪਾਉਣ ਅਤੇ ਪਿੰਡ ਦੀਆਂ ਸੜਕਾਂ ਦੇ ਨਿਰਮਾਣ ਵਰਗੇ ਮਹੱਤਵਪੂਰਨ ਕੰਮ ਮੁਕੰਮਲ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਨਾਲ ਪਿੰਡ ਵਿੱਚ ਸਫ਼ਾਈ ਪ੍ਰਣਾਲੀ ਸੁਧਰੇਗੀ ਅਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮਿਲਣਗੀਆਂ। ਵਿਧਾਇਕ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਪਿੰਡਾਂ ਨੂੰ ਮਾਡਲ ਪਿੰਡ ਬਣਾਉਣਾ ਹੈ, ਤਾਂ ਜੋ ਸ਼ਹਿਰਾਂ ਵਾਂਗ ਬੁਨਿਆਦੀ ਸਹੂਲਤਾਂ ਪਿੰਡਾਂ ਵਿੱਚ ਵੀ ਉਪਲਬਧ ਹੋਣ। ਉਨ੍ਹਾਂ ਨੇ ਨੌਜਵਾਨਾਂ ਅਤੇ ਸਿਆਣਿਆਂ ਨੂੰ ਅਪੀਲ ਕੀਤੀ ਕਿ ਉਹ ਇਕਜੁੱਟ ਹੋ ਕੇ ਪਿੰਡ ਦੀ ਤਰੱਕੀ ਲਈ ਕੰਮ ਕਰਨ। ਜਦੋਂ ਸਾਰਾ ਪਿੰਡ ਇਕਠੇ ਹੋ ਕੇ ਯਤਨ ਕਰਦਾ ਹੈ ,ਤਾਂ ਵਿਕਾਸ ਦੀ ਗਤੀ ਹੋਰ ਤੇਜ਼ ਹੋ ਜਾਂਦੀ ਹੈ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਬਲਕਾਰ ਸਿੰਘ ਗੱਜੂਮਾਜਰਾ, ਜ਼ਿਲ੍ਹਾ ਪਰਿਸ਼ਦ ਮੈਂਬਰ ਗੁਰਦੇਵ ਸਿੰਘ ਟਿਵਾਣਾ, ਸਰਪੰਚ ਲਖਵਿੰਦਰ ਸਿੰਘ, ਜ਼ਿਲ੍ਹਾ ਪਰਿਸ਼ਦ ਮੈਂਬਰ ਜਸਵੀਰ ਸਿੰਘ, ਪਵਿੱਤਰ ਸਿੰਘ ਡਕਾਲਾ, ਮਨਿੰਦਰ ਸਿੰਘ ਡਕਾਲਾ ਬਲਾਕ ਪ੍ਰਧਾਨ ਬਲਕਾਰ ਸਿੰਘ ਰਾਜਗੜ੍ਹ, ਦਰਬਾਰਾ ਸਿੰਘ ਤੁੱਲੇਵਾਲ, ਦਰਬਾਰ ਸਿੰਘ ਡਰੋਲੀ, ਗੁਰਸੇਵਕ ਸਿੰਘ ਚੂਹਰ ਪੁਰ ਜੱਟਾਂ , ਪੰਚਾਇਤ ਵਿਭਾਗ ਦੇ ਅਫ਼ਸਰ ਸਮੂਹ ਪਿੰਡ ਨਿਵਾਸੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

## 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਦਾਦਾ-ਦਾਦੀ ਦਿਵਸ ਮਨਾਇਆ

ਪਟਿਆਲਾ, 26 ਫਰਵਰੀ (ਚ.ਨ.ਸ.) : ਡਿਪਟੀ ਕਮਿਸ਼ਨਰ ਪਟਿਆਲਾ ਸ਼੍ਰੀ ਵਰਜੀਤ ਵਾਲੀਆ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਜੋਬਨਦੀਪ ਕੌਰ ਅਤੇ ਜ਼ਿਲ੍ਹਾ ਸਿੱਖਿਆ

ਅਫਸਰ (ਸੈ. ਸਿ.) ਸ਼੍ਰੀ ਸੰਜੀਵ ਸ਼ਰਮਾ ਦੀ ਰਹਿਨੁਮਾਈ ਹੇਠ, ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾ. ਰਵਿੰਦਰ ਪਾਲ ਸ਼ਰਮਾ ਦੀ ਅਗਵਾਈ ਵਿੱਚ ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਸਕੂਲਾਂ ਵਿੱਚ 'ਸਾਡੇ ਬਜ਼ੁਰਗ ਸਾਡਾ ਮਾਣ' ਪ੍ਰੋਗਰਾਮ ਅਧੀਨ ਦਾਦਾ / ਦਾਦੀ ਨਾਲ ਸਬੰਧਤ ਬਾਂਡਿੰਗ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਮਾਡਲ ਟਾਊਨ ਵਿਖੇ ਗ੍ਰੈਂਡਪੇਰੈਂਟਸ ਡੇ ਮਨਾਇਆ ਗਿਆ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਸਲੋਗਨ ਲਿਖਣ, ਕਵਿਤਾ ਪਾਠ ਅਤੇ ਗੀਤ ਗਾਇਨ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ। ਇਸ ਤੋਂ ਇਲਾਵਾ ਬੱਚਿਆਂ ਅਤੇ ਉਨ੍ਹਾਂ ਦੇ ਦਾਦਾ-ਦਾਦੀ/ਨਾਨਾ-ਨਾਨੀ ਨਾਲ ਅੰਤਾਕਸ਼ਰੀ, ਮਿਊਜ਼ਿਕਲ ਚੇਅਰ, ਗੱਲਬਾਤ ਅਤੇ ਕਵਿਜ਼ ਸੈਸ਼ਨ ਵਰਗੀਆਂ ਰੁਚਿਕਰ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਨਾਲ ਦੋਵਾਂ ਪੀੜ੍ਹੀਆਂ ਵਿਚਕਾਰ ਪਿਆਰ, ਸਨਮਾਨ ਅਤੇ ਸਮਝ ਦਾ ਵਾਤਾਵਰਣ ਬਣਿਆ। ਇਨ੍ਹਾਂ ਗਤੀਵਿਧੀਆਂ ਦੇ ਸਫਲ ਆਯੋਜਨ ਵਿੱਚ ਜ਼ਿਲ੍ਹਾ ਨੋਡਲ ਅਫਸਰ ਨੀਰੂ ਬਾਲਾ, ਬੀ.ਆਰ. ਸ਼੍ਰੀ ਹਿਮਾਂਸ਼ੂ ਅਗਰਵਾਲ, ਬੀ.ਐਨ.ਓਜ਼ ਰਚਨਾ ਰਾਣੀ, ਨਵਨੀਤ ਸਿੰਘ, ਪੂਜਾ ਗੁਪਤਾ, ਮੀਨਾ ਸਚਰ ਅਤੇ ਵੱਖ-ਵੱਖ ਬਲਾਕਾਂ ਦੇ ਬੀ.ਆਰ.ਸੀ. ਅਤੇ ਅਧਿਆਪਕਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਿਸ ਵਿਭਾਗ ਵੱਲੋਂ ਕਾਰਡਨ ਐਂਡ ਸਰਚ ਆਪ੍ਰੇਸ਼ਨ

### ➢ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਸਮੇਤ ਸਬ ਜੇਲ੍ਹ ਦੀ ਅਚਨਚੇਤ ਚੈਕਿੰਗ

ਮਲੇਰਕੋਟਲਾ, 26 ਫਰਵਰੀ (ਬਲਜੀਤ ਸਿੰਘ ਟਿੱਬਾ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਦੇ ਹੁਕਮਾਂ ਅਨੁਸਾਰ ਆਈ.ਜੀ. (ਜੀ.ਆਰ.ਪੀ.) ਬਲਜੋਤ ਸਿੰਘ ਰਾਠੌਰ ਦੀ ਨਿਗਰਾਨੀ ਹੇਠ ਸੀਨੀਅਰ ਕਪਤਾਨ ਪੁਲਿਸ, ਮਾਲੇਰਕੋਟਲਾ ਗਗਨ ਅਜੀਤ ਸਿੰਘ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਕਾਰਡਨ ਐਂਡ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸ ਦੌਰਾਨ ਐਸ.ਪੀ (ਇਨਵੈਸਟੀਗੇਸ਼ਨ) ਸਤਪਾਲ ਸ਼ਰਮਾ ਅਤੇ ਡੀ.ਐਸ.ਪੀ (ਐਨ.ਡੀ.ਪੀ.ਐਸ ਐਕਟ) ਯਾਦਵਿੰਦਰ ਸਿੰਘ ਵੱਲੋਂ ਭਾਰੀ ਪੁਲਿਸ ਫੋਰਸ ਸਮੇਤ ਮੁਹੱਲਾ ਭੂਮਸੀ ਵਿਖੇ ਸਰਚ ਅਭਿਆਨ ਚਲਾਇਆ ਗਿਆ। ਇਸ ਤੋਂ ਇਲਾਵਾ ਪੁਲਿਸ ਵਿਭਾਗ ਵੱਲੋਂ ਸਬ ਜੇਲ੍ਹ ਮਾਲੇਰਕੋਟਲਾ ਦੀ ਅਚਨਚੇਤ ਚੈਕਿੰਗ ਕੀਤੀ ਗਈ, ਜਿਸ ਦੌਰਾਨ ਲਗਭਗ 250 ਕੈਦੀਆਂ ਅਤੇ ਹਵਾਲਾਤੀਆਂ ਅਤੇ ਪੰਜ ਬੈਰਕਾਂ ਦੀ ਬਰੀਕੀ ਨਾਲ ਜਾਂਚ ਕੀਤੀ ਗਈ। ਆਈ.ਜੀ. (ਜੀ.ਆਰ.ਪੀ.) ਬਲਜੋਤ ਸਿੰਘ ਰਾਠੌਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਸ਼ਾ ਸਮੱਗਲਰਾਂ ਅਤੇ ਤਸਕਰਾਂ ਖਿਲਾਫ਼ ਸਖ਼ਤ ਕਾਰਵਾਈ ਜਾਰੀ ਹੈ ਅਤੇ ਭਵਿੱਖ ਵਿੱਚ ਵੀ ਨਸ਼ਾ ਤਸਕਰੀ ਵਿਰੁੱਧ ਵੱਡੇ ਪੱਧਰ 'ਤੇ ਮੁਹਿੰਮ ਜਾਰੀ ਰਹੇਗੀ। ਇਸੇ ਤਰਾਂ ਡੀ.ਐਸ.ਪੀ ਸੰਜੀਵ ਕਪੂਰ ਵੱਲੋਂ ਪੁਲਿਸ ਫੋਰਸ ਸਮੇਤ ਸਬ ਡਵੀਜ਼ਨ ਅਮਰਗੜ੍ਹ ਅਧੀਨ ਪਿੰਡ ਬਾਗੜੀਆਂ ਵਿੱਚ ਚੈਕਿੰਗ ਕੀਤੀ ਗਈ ਅਤੇ ਡੀ.ਐਸ.ਪੀ ਸੁਖਦੇਵ ਸਿੰਘ ਬਰਾੜ ਵੱਲੋਂ ਸਬ ਡਿਵੀਜ਼ਨ ਅਹਿਮਦਗੜ੍ਹ ਦੇ ਮੁਹੱਲਾ ਰੇਲਵੇ ਲਾਈਨ ਵਾਰਡ ਨੰਬਰ 2 ਵਿੱਚ ਵੀ ਸਰਚ ਅਭਿਆਨ ਚਲਾਇਆ ਗਿਆ।

## ਪਿੰਡ ਜੰਡਮਗੋਲੀ ਤੋਂ ਸੈਂਕੜੇ ਵਰਕਰ ਭਾਜਪਾ 'ਚ ਸ਼ਾਮਲ

### ਮੋਗਾ ਰੈਲੀ ਲਈ ਘਨੌਰ ਤੋਂ ਜਾਵੇਗਾ ਵੱਡਾ ਕਾਫ਼ਲਾ : ਵਿਕਾਸ ਸ਼ਰਮਾ

ਘਨੌਰ, 26 ਫ਼ਰਵਰੀ (ਰਾਜਿੰਦਰ ਸਿੰਘ ਕੰਬੋਜ) : ਹਲਕਾ ਘਨੌਰ ਦੇ ਪਿੰਡ ਜੰਡਮਗੋਲੀ ਵਿਖੇ ਅੱਜ ਭਾਰਤੀ ਜਨਤਾ ਪਾਰਟੀ ਦੀ ਇਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਭਾਜਪਾ ਦੇ ਹਲਕਾ ਇੰਚਾਰਜ ਘਨੌਰ ਵਿਕਾਸ ਸ਼ਰਮਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਦੌਰਾਨ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੋਗਾ ਵਿੱਚ ਹੋਣ ਵਾਲੀ ਵਿਸ਼ਾਲ ਰੈਲੀ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਵਰਕਰਾਂ ਨੇ ਵਿਸ਼ਵਾਸ ਦਵਾਇਆ ਕਿ ਹਲਕਾ ਘਨੌਰ ਤੋਂ ਵੱਡੀ ਗਿਣਤੀ ਵਿੱਚ ਕਾਫ਼ਲਾ ਮੋਗਾ ਰੈਲੀ ਲਈ ਰਵਾਨਾ ਹੋਵੇਗਾ ਅਤੇ ਰੈਲੀ ਨੂੰ ਕਾਮਯਾਬ ਬਣਾਉਣ ਲਈ ਪੂਰੀ ਤਨਦੇਹੀ ਨਾਲ ਮਿਹਨਤ ਕੀਤੀ ਜਾਵੇਗੀ। ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਨਛੱਤਰ ਸਿੰਘ, ਧਰਮਰਾਜ ਸਿੰਘ, ਸਰਬਜੋਤ ਸਿੰਘ ਸਰਵਾਰਾ, ਕਰਨਵੀਰ ਸਿੰਘ ਸਰਵਾਰਾ, ਅੰਗਰੇਜ਼ ਸਿੰਘ, ਮਲਕੀਤ ਸਿੰਘ, ਹਰਪ੍ਰੀਤ ਸਿੰਘ, ਛੱਜੂ ਰਾਮ ਅਤੇ ਗੁਰਪ੍ਰੀਤ ਸਿੰਘ ਸਮੇਤ ਹੋਰ ਕਈ ਵਰਕਰ ਸ਼ਾਮਲ ਸਨ।ਵਿਕਾਸ ਸ਼ਰਮਾ ਨੇ ਨਵੇਂ ਸਾਥੀਆਂ ਦਾ ਸਵਾਗਤ ਕੀਤਾ। ਇਸ ਮੌਕੇ ਮੰਡਲ ਪ੍ਰਧਾਨ ਘਨੌਰ ਕਮਲਜੀਤ ਸਿੰਘ, ਜ਼ਿਲਾ ਮੀਤ ਪ੍ਰਧਾਨ ਹਰਜਿੰਦਰ ਸਿੰਘ, ਮੰਡਲ ਪ੍ਰਧਾਨ ਰਾਜਿੰਦਰ ਸਿੰਘ ਸ਼ਰਮਾ, ਗੋਲਡੀ ਸ਼ਰਮਾ, ਰਜਨੀਸ਼ ਕੁਮਾਰ ਮੰਡਲ ਪ੍ਰਧਾਨ ਹਰਪਾਲਪੁਰ, ਪ੍ਰਦੀਪ ਕੁਮਾਰ, ਸਚਿਨ ਉਲਾਣਾ, ਕਿਰਨਜੀਤ ਸਿੰਘ, ਕ੍ਰਿਸ਼ਨ ਰਾਣਾ ਸਮੇਤ ਕਈ ਭਾਜਪਾ ਵਰਕਰ ਮੌਜੂਦ ਸਨ।

## ਬਿੱਟੂ ਬਦੇਸ਼ਾ ਸਰਬਸੰਮਤੀ ਨਾਲ ਕਾਰ ਡੀਲਰ ਐਸੋਸੀਏਸ਼ਨ ਪਾਤੜਾਂ ਦੇ ਪ੍ਰਧਾਨ ਬਣੇ

### ਵਿਧਾਇਕ ਕੁਲਵੰਤ ਸਿੰਘ ਬਾਜੀਗਰ ਸਮੇਤ ਸਮੁੱਚੀ 'ਆਪ' ਲੀਡਰਸ਼ਿਪ ਹਾਜ਼ਰ ਰਹੀ

ਪਾਤੜਾਂ, 26 ਫਰਵਰੀ (ਹਰਮਿੰਦਰ ਕਰਤਾਰਪੁਰ): ਪਾਤੜਾਂ ਸ਼ਹਿਰ 'ਚ ਬਣੀ ਉੱਤਰੀ ਭਾਰਤ ਦੇ ਸਭ ਵੱਡੇ ਪੁਰਾਣੀਆਂ ਕਾਰਾਂ ਦੇ ਬਜ਼ਾਰ ਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਬਣੀ ਕਾਰ ਡੀਲਰ ਐਸੋਸੀਏਸ਼ਨ ਪਾਤੜਾਂ ਦੇ ਪ੍ਰਧਾਨ ਦੀ ਚੋਣ ਬੀਤੇ ਦਿਨੀਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ

ਬਾਜ਼ੀਗਰ ਅਤੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਦੀ ਅਗਵਾਈ ਵਿੱਚ ਸਰਬਸੰਮਤੀ ਨਾਲ ਸੰਪੰਨ ਹੋਈ। ਚੋਣ ਦੌਰਾਨ 'ਆਪ' ਦੇ ਸੀਨੀਅਰ ਆਗੂ ਅਤੇ ਕੌਂਸਲਰ ਕੁਲਦੀਪ ਸਿੰਘ ਬਿੱਟੂ ਬਦੇਸ਼ਾ ਨੂੰ ਕਾਰ ਡੀਲਰਾਂ ਵਲੋਂ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਜਦ ਕਿ ਚੇਅਰਮੈਨ ਵਜੋਂ ਸੁਖਪਾਲ ਸਿੰਘ ਵਿਰਕ ਨੂੰ ਨਿਯੁਕਤ ਕੀਤਾ ਗਿਆ।ਇਸ ਮੌਕੇ 'ਆਪ' ਦੇ ਸੀਨੀਅਰ ਆਗੂ ਅਤੇ ਬਲਾਕ ਪਾਤੜਾਂ ਦੇ ਪ੍ਰਧਾਨ ਪ੍ਰੀਤ ਗਿੱਲ,ਸਮਾਜ ਸੇਵੀ ਅਤੇ ਕਾਰੋਬਾਰੀ ਅਮ੍ਰਿੰਤਪਾਲ ਸਿੰਘ ਕਾਲੇਕਾ, ਕੰਬੋਜ ਭਲਾਈ ਬੋਰਡ ਦੇ ਮੈਂਬਰ ਕੁਲਦੀਪ ਸਿੰਘ ਥਿੰਦ, ਸਰਪੰਚ ਕਰਨੈਲ ਸਿੰਘ ਨਾਮਸੋਤ, ਕੌਂਸਲਰ ਸੋਨੀ ਜਲੂਰ, ਕੌਂਸਲਰ ਸੋਨੀ ਠੇਕੇਦਾਰ, ਚੇਅਰਮੈਨ ਡਾਕਟਰ ਡੀਡੀ ਸਿੰਗਲਾ, ਸਿਟੀ ਪ੍ਰਧਾਨ ਮਦਨ ਲਾਲ ਗੋਇਲ, ਨੌਜਵਾਨ ਆਗੂ ਅਤੇ ਪਿੰਡ ਬੂਰੜ ਦੇ ਸਰਪੰਚ ਸਮਾਜ ਸੇਵੀ ਗੁਰਮੀਤ ਸਿੰਘ ਬੂਰੜ ਵਿਸ਼ੇਸ਼ ਤੌਰ 'ਤੇ ਹਜ਼ਾਰ ਰਹੇ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਪਾਤੜਾਂ ਸ਼ਹਿਰ ਹੁਣ ਉੱਤਰੀ ਭਾਰਤ ਦੇ ਸਭ ਤੋਂ ਵੱਧ ਮਸ਼ਹੂਰ ਸ਼ਹਿਰਾਂ ਵਿੱਚ ਗਿਣਿਆ ਜਾਂਦਾ ਹੈ ਕਿਉਂਕਿ ਇੱਥੇ ਸਥਿੱਤ ਪੁਰਾਣੀਆਂ ਕਾਰਾਂ ਦੇ ਬਾਜ਼ਾਰ ਵਿੱਚੋਂ ਜਿੱਥੇ ਲੋਕ ਦੂਰ ਦੁਰਾਡੇ ਦੇ ਖੇਤਰਾਂ ਵਿੱਚੋਂ ਆਪਣੇ ਲਈ ਕਾਰਾਂ ਖਰੀਦਣ ਆਉਂਦੇ ਹਨ ਉੱਥੇ ਹੀ ਇਸ ਬਜ਼ਾਰ ਵਿੱਚ ਹਜ਼ਾਰਾਂ ਨੌਜਵਾਨਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਬਜ਼ਾਰ ਨੂੰ ਚਲਾਉਣ ਲਈ ਬਣੀ ਕਾਰ ਡੀਲਰ ਐਸੋਸੀਏਸ਼ਨ ਬਹੁਤ ਹੀ ਇਮਾਨਦਾਰੀ ਨਾਲ ਬੀਤੇ ਕਈ ਦਹਾਕਿਆਂ ਤੋਂ ਆਪਣਾ ਕੰਮ ਕਰ ਰਹੀ ਹੈ ਜਿਸ ਦੀ ਚੋਣ ਹਰ ਸਾਲ ਕਾਰ ਡੀਲਰਾਂ ਵਲੋਂ ਸਰਬਸੰਮਤੀ ਨਾਲ ਕੀਤੀ ਜਾਂਦੀ ਹੈ। ਉਨ੍ਹਾਂ ਨਵ ਨਿਯੁਕਤ ਪ੍ਰਧਾਨ ਕੁਲਦੀਪ ਸਿੰਘ ਬਿੱਟੂ ਬਦੇਸ਼ਾ ਨੂੰ ਪ੍ਰਧਾਨ ਚੁਣੇ ਉਪਰੰਤ ਵਧਾਈ ਦਿੰਦਿਆਂ ਕਿਹਾ ਕਿ ਮੈਨੂੰ ਆਸ ਹੈ ਕਿ ਉਹ ਆਪਣਾ ਕੰਮ ਪੂਰੀ ਇਮਾਨਦਾਰੀ ਨਾਲ ਕਰਨਗੇ ਤਾਂ ਜ਼ੋ ਕਾਰਾਂ ਖਰੀਦਣ ਵਾਲੇ ਗਾਹਕਾਂ ਅਤੇ ਕਾਰਾਂ ਵੇਚਣ ਵਾਲੇ ਡੀਲਰਾਂ ਨੂੰ ਕਿਸੇ ਕਿਸਮ ਕੋਈ ਦਿੱਕਤ ਨਾ ਆਵੇ।

## 'ਕੈਮਿਸਟਰੀ ਮੇਲੇ' ਰਾਹੀਂ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ

ਪਟਿਆਲਾ, 26 ਫਰਵਰੀ (ਚ.ਨ.ਸ.) : ਜੀ.ਐਸ.ਐਸ.ਡੀ.ਜੀ.ਐਸ. ਖਾਲਸਾ ਕਾਲਜ, ਪਟਿਆਲਾ ਦੇ ਪੋਸਟ-ਗ੍ਰੈਜੂਏਟ ਕੈਮਿਸਟਰੀ ਵਿਭਾਗ ਵੱਲੋਂ ਇੰਸਟੀਚਿਊਟ ਇਨੋਵੇਸ਼ਨ ਕੌਂਸਲ (993) ਦੇ ਸਹਿਯੋਗ ਨਾਲ ਰਾਸ਼ਟਰੀ ਵਿਗਿਆਨ ਦਿਵਸ ਦੇ ਮੌਕੇ 'ਤੇ ਇੱਕ ਸ਼ਾਨਦਾਰ 'ਕੈਮਿਸਟਰੀ ਮੇਲੇ' ਦਾ ਆਯੋਜਨ ਕੀਤਾ ਗਿਆ। ਵਿਗਿਆਨਕ ਸੋਚ ਅਤੇ ਸਿਰਜਣਾਤਮਕਤਾ ਨੂੰ ਉਤਸ਼ਾਹਿਤ ਕਰਨ ਵਾਲੇ ਇਸ ਮੇਲੇ ਨੇ ਕਾਲਜ ਕੈਂਪਸ ਨੂੰ ਇੱਕ ਖੋਜ ਕੇਂਦਰ ਵਿੱਚ ਬਦਲ ਦਿੱਤਾ, ਜਿੱਥੇ ਰੋਜ਼ਾਨਾ ਜੀਵਨ ਅਤੇ ਆਧੁਨਿਕ ਉਦਯੋਗ ਵਿੱਚ ਕੈਮਿਸਟਰੀ ਦੀ ਮਹੱਤਤਾ ਨੂੰ ਬਾਖੂਬੀ ਦਰਸਾਇਆ ਗਿਆ। ਵਿਕਸਤ ਭਾਰਤ ਲਈ ਨਵੀਨਤਾ ਦੇ ਰਾਸ਼ਟਰੀ ਥੀਮ 'ਤੇ ਅਧਾਰਿਤ ਇਸ ਪ੍ਰਦਰਸ਼ਨੀ ਦਾ ਉਦਘਾਟਨ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜਿਹੇ ਪ੍ਰਯੋਗਾਤਮਕ ਸਿਖਲਾਈ ਪਲੇਟਫਾਰਮ ਵਿਦਿਆਰਥੀਆਂ ਵਿੱਚ ਉੱਦਮੀ ਸੋਚ ਪੈਦਾ ਕਰਨ ਲਈ ਬਹੁਤ ਸਹਾਈ ਹੁੰਦੇ ਹਨ।

## ਹਥਿਆਰਾਂ ਤੇ ਚੋਰੀ ਦੇ ਮੋਟਰਸਾਈਕਲਾਂ ਸਮੇਤ ਚਾਰ ਕਾਬੂ, ਦੋ ਦਿਨਾਂ ਪੁਲਿਸ ਰਿਮਾਂਡ 'ਤੇ

ਸਮਾਣਾ, 26 ਫਰਵਰੀ (ਵਿਜੇ ਕੁਮਾਰ): ਪਾਤੜਾਂ ਪੁਲਸ ਨੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਖੜ੍ਹੇ ਚਾਰ ਵਿਅਕਤੀਆਂ ਨੂੰ ਚੋਰੀ ਦੇ ਦੋ ਮੋਟਰਸਾਈਕਲਾਂ ਅਤੇ ਤੇਜ਼ਧਾਰ ਹਥਿਆਰਾਂ ਸਮੇਤ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਸਿੰਘ, ਗੁਰਦਿਆਲ ਸਿੰਘ, ਗੁਰਮੇਰ ਸਿੰਘ ਅਤੇ ਅਮਨਦੀਪ ਸਿੰਘ (ਸਾਰੇ ਵਾਸੀ ਪਾਤੜਾਂ) ਵਜੋਂ ਹੋਈ ਹੈ। ਸਿਟੀ ਪੁਲਿਸ ਪਾਤੜਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਕਾਲਾ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਭਗਤ ਸਿੰਘ ਚੌਕ ਪਾਤੜਾਂ ਵਿੱਚ ਮੌਜੂਦ ਸਨ। ਉਨ੍ਹਾਂ ਨੂੰ ਮੁਖ਼ਬਰ ਤੋਂ ਸੂਚਨਾ ਮਿਲੀ ਕਿ ਲੁੱਟ-ਖੋਹ ਕਰਨ ਦੇ ਆਦੀ ਕੁਝ ਵਿਅਕਤੀ ਚੋਰੀ ਦੇ ਮੋਟਰਸਾਈਕਲਾਂ 'ਤੇ ਜਾਅਲੀ ਨੰਬਰ ਪਲੇਟਾਂ ਲਗਾ ਕੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ 11 ਕਿੱਲਿਆਂ ਵਾਲੀ ਅਨਾਜ ਮੰਡੀ, ਪਾਤੜਾਂ ਵਿੱਚ ਖੜ੍ਹੇ ਹਨ। ਪੁਲਿਸ ਪਾਰਟੀ ਨੇ ਤੁਰੰਤ ਰੇਡ ਕਰਕੇ ਮੁਲਜ਼ਮਾਂ ਨੂੰ ਚੋਰੀ ਦੇ ਦੋ ਮੋਟਰਸਾਈਕਲਾਂ ਅਤੇ ਦੋ ਕਿਰਪਾਨਾਂ ਸਮੇਤ ਮੌਕੇ 'ਤੇ ਹੀ ਕਾਬੂ ਕਰ ਲਿਆ। ਪੁਲਿਸ ਅਧਿਕਾਰੀ ਅਨੁਸਾਰ ਮੁਲਜ਼ਮਾਂ ਨੂੰ ਸਮਾਣਾ ਦੀ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨਾਂ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ। ਪੁਲਿਸ ਵੱਲੋਂ ਪੁੱਛਗਿੱਛ ਅਤੇ ਜਾਂਚ ਜਾਰੀ ਹੈ, ਜਿਸ ਦੌਰਾਨ ਕੁਝ ਹੋਰ ਅਹਿਮ ਖੁਲਾਸੇ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ।

## ਐੱਸ.ਡੀ.ਐੱਮ. ਨਾਭਾ ਅਰਵਿੰਦਰਪਾਲ ਸਿੰਘ ਸੋਮਲ ਨੇ ਅਹੁਦਾ ਸੰਭਾਲਿਆ

ਨਾਭਾ, 26 ਫਰਵਰੀ (ਗੁਰਚਰਨ ਸਿੰਘ ਚੌਧਰੀਮਾਜਰਾ) : ਐੱਸ ਡੀ ਐੱਮ ਨਾਭਾ ਅਰਵਿੰਦਰਪਾਲ ਸਿੰਘ ਸੋਮਲ ਨੇ ਅਹੁਦਾ ਸੰਭਾਲਿਆ। ਇਸ ਸਮੇ ਚੜ੍ਹਦੀਕਲਾ ਦੇ ਪੱਤਰਕਾਰ ਗੁਰਚਰਨ ਸਿੰਘ ਚੌਧਰੀਮਾਜਰਾ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਆਪਣੀ ਡਿਊਟੀ

ਨਾਭਾ ਦੀ ਜਨਤਾ ਲਈ ਪੂਰਾ ਸਹਿਯੋਗ ਕਰਾਂਗਾ ਅਤੇ ਮੈਨੂੰ ਆਸ ਹੈ ਕਿ ਨਾਭੇ ਦੀ ਜਨਤਾ ਮੈਨੂੰ ਪੂਰਾ ਸਹਿਯੋਗ ਦੇਵੇਗੀ ।ਉਹਨਾਂ ਕਿਹਾ ਮੈਂ ਆਪਣੀ ਡਿਊਟੀ ਸਮੇਂ ਉੱਚ ਅਧਿਕਾਰੀਆਂ ਦੇ ਸਹਿਯੋਗ ਨਾਲ ਅਤੇ ਮੈਨੂੰ ਮਿਲੇ ਸੰਵਿਧਾਨ ਦੇ ਅਧਿਕਾਰਾਂ ਦੀ ਪਾਲਣਾ ਕਰਦੇ ਹੋਏ ਜਨਤਾ ਨੂੰ ਪੂਰਾ ਸਹਿਯੋਗ ਦੇਵਾਂਗਾ ।

## ਜ਼ਿਲ੍ਹਾ ਅੰਡਰ-23 ਕ੍ਰਿਕਟ ਟੀਮ ਦੇ ਚੋਣ ਲਈ ਟ੍ਰਾਇਲ 2 ਮਾਰਚ ਨੂੰ

ਪਟਿਆਲਾ, 26 ਫਰਵਰੀ (ਚ.ਨ.ਸ.) : ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਪਟਿਆਲਾ ਜ਼ਿਲ੍ਹਾ ਅੰਡਰ-23 ਸਾਲਾਂ ਟੀਮ ਦੀ ਚੋਣ ਲਈ ਟ੍ਰਾਇਲ ਆਯੋਜਿਤ ਕੀਤੇ ਜਾ ਰਹੇ ਹਨ, ਜੋ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕਰਵਾਏ ਜਾਣ ਵਾਲੇ 2026-2027 ਸੀਜ਼ਨ ਪੰਜਾਬ ਸਟੇਟ ਇੰਟਰ ਡਿਸਟ੍ਰਿਕਟ ਅੰਡਰ-23 ਸਾਲਾਂ (ਮਲਟੀ-ਡੇਅਜ਼ ਅਤੇ ਵਨ ਡੇਅ) ਟੂਰਨਾਮੈਂਟਾਂ ਵਿੱਚ ਹਿੱਸਾ ਲਵੇਗੀ। ਅਮਰਿੰਦਰ ਵੀਰ ਸਿੰਘ ਬਰਸਟ ਇੰਚਾਰਜ ਪਟਿਆਲਾ ਸਬ-ਕਮੇਟੀ, ਪੰਜਾਬ ਕ੍ਰਿਕਟ ਐਸੋਸੀਏਸ਼ਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਟ੍ਰਾਇਲ ਮਿਤੀ 2.3.2026, ਦਿਨ ਸੋਮਵਾਰ ਨੂੰ ਸਵੇਰੇ 8 ਵਜੇ ਤੋਂ ਧਰੁਵ ਪਾਂਡਵ ਸਟੇਡੀਅਮ (ਕ੍ਰਿਕਟ), ਪਟਿਆਲਾ (ਪੰਜਾਬ) ਵਿਖੇ ਹੋਣਗੇ। ਸਾਰੇ ਖਿਡਾਰੀ, ਜਿਨ੍ਹਾਂ ਦਾ ਜਨਮ 1.09.2003 ਨੂੰ ਜਾਂ ਇਸ ਤੋਂ ਬਾਅਦ ਹੋਇਆ ਹੈ ਜਾਂ ਪਟਿਆਲਾ ਜ਼ਿਲ੍ਹੇ ਦੇ ਅਧਿਕਾਰ ਖੇਤਰ ਵਿੱਚ ਰਹਿ ਰਹੇ ਹਨ (30 ਜੂਨ, 2025 ਨੂੰ ਜਾਂ ਇਸ ਤੋਂ ਪਹਿਲਾਂ) ਅਤੇ 2026-27 ਟੂਰਨਾਮੈਂਟ ਤੋਂ ਪਹਿਲਾਂ ਪਿਛਲੇ ਇੱਕ ਸਾਲ (ਪਿਛਲੇ ਸਾਲ ਦੇ ਨਤੀਜੇ/ਮਾਰਕਸ਼ੀਟ ਅਤੇ ਮੌਜੂਦਾ ਸੈਸ਼ਨ ਬੋਨਾਫਾਈਡ ਸਰਟੀਫਿਕੇਟ ਦੇ ਨਾਲ) ਪੜ੍ਹ ਰਹੇ ਹਨ, ਟ੍ਰਾਇਲਾਂ ਲਈ ਯੋਗ ਹਨ। ਖਿਡਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਯੋਗਤਾ ਸਬੰਧੀ ਅਸਲ ਦਸਤਾਵੇਜ਼ ਜਿਵੇਂ ਕਿ ਪਾਸਪੋਰਟ, ਡਿਜੀਟਲ ਜਨਮ ਸਰਟੀਫਿਕੇਟ, ਆਧਾਰ ਕਾਰਡ, ਸਕੂਲ ਦਾਖਲਾ ਨੰਬਰ ਅਤੇ ਸਾਲ 2025-26 ਦੇ ਦਾਖਲੇ ਦੀ ਮਿਤੀ/ਡੇਟ ਸ਼ੀਟ/ ਮਾਰਕਸ਼ੀਟ (ਓਪਨ ਸਕੂਲ ਯੋਗ ਨਹੀਂ ਹੈ) ਦੇ ਨਾਲ-ਨਾਲ ਮੌਜੂਦਾ ਸੀਜ਼ਨ 2026-2027 ਲਈ ਸਕੂਲ ਬੋਨਾਫਾਈਡ ਸਰਟੀਫਿਕੇਟ, ਇੱਕ ਤਾਜ਼ਾ ਫੋਟੋ ਅਤੇ ਉਪਰੋਕਤ ਦਸਤਾਵੇਜ਼ਾਂ ਦੀਆਂ ਦੋ ਸੈੱਟ ਫੋਟੋਕਾਪੀਆਂ ਦੇ ਨਾਲ ਆਉਣ।

## ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਪਿੰਡਾਂ 'ਚ ਕੂੜਾ ਪ੍ਰਬੰਧਨ ਸਬੰਧੀ ਮੀਟਿੰਗ

ਮਲੇਰਕੋਟਲਾ, 26 ਫਰਵਰੀ (ਬਲਜੀਤ ਸਿੰਘ ਟਿੱਬਾ) : ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਪਿੰਡਾਂ ਵਿੱਚ ਕਰਵਾਏ ਜਾਣ ਵਾਲੇ ਕੰਮਾਂ ਦੀ ਕਾਰਗੁਜ਼ਾਰੀ ਸਬੰਧੀ ਪ੍ਰਗਤੀ ਦੀ ਸਮੀਖਿਆ ਲਈ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਪਿੰਡਾਂ ਵਿੱਚ ਘਰ-ਘਰ ਕੂੜਾ ਇਕੱਠਾ ਕਰਨ ਦੀ ਪ੍ਰਣਾਲੀ, ਕੂੜੇ ਦੀ ਛਾਂਟ, ਠੋਸ ਕਚਰੇ ਦੇ ਯੋਗ ਪ੍ਰਬੰਧਨ ਅਤੇ ਗੰਦੇ ਪਾਣੀ ਦੀ ਨਿਕਾਸੀ ਲਈ ਲਿਕਵਿਡ ਵੇਸਟ ਮੈਨੇਜਮੈਂਟ ਢਾਂਚੇ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਹਰ ਗ੍ਰਾਮ ਪੰਚਾਇਤ ਵਿੱਚ ਸੋਲਿਡ ਅਤੇ ਲਿਕਵਿਡ ਵੇਸਟ ਮੈਨੇਜਮੈਂਟ ਯੂਨਿਟਾਂ ਦੀ ਸਮਾਂਬੱਧ ਤੌਰ 'ਤੇ ਸਥਾਪਨਾ ਅਤੇ ਚਾਲੂ ਹਾਲਤ ਯਕੀਨੀ ਬਣਾਈ ਜਾਵੇ। ਉਨ੍ਹਾਂ ਨੇ ਕਿਹਾ ਕਿ ਗੰਦੇ ਪਾਣੀ ਦੇ ਖੁੱਲ੍ਹੇ ਇਕੱਠ ਨੂੰ ਰੋਕਣ, ਸੋਕ ਪਿੱਟ ਅਤੇ ਡਰੇਨੇਜ ਪ੍ਰਣਾਲੀ ਦੇ ਵਿਕਾਸ ਅਤੇ ਠੋਸ ਕਚਰੇ ਦੇ ਵਿਗਿਆਨਕ ਨਿਪਟਾਰੇ ਲਈ ਠੋਸ ਕਾਰਵਾਈ ਕੀਤੀ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਬੀ.ਡੀ.ਪੀ.ਓ ਬਬਲਜੀਤ ਕੌਰ, ਬੀ.ਡੀ.ਪੀ.ਓ ਜਸਮਿੰਦਰ ਸਿੰਘ, ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ, ਜਿਲਾ ਪਰਿਵਾਰ ਭਲਾਈ ਅਫਸਰ ਡਾ.ਸੀਮਾ ਜੱਸਲ, ਐਕਸ਼ੀਅਨ ਜਲ ਸਪਲਾਈ ਅਤੇ ਸੈਨਿਟੇਸ਼ਨ ਵਿਭਾਗ ਇੰਜੀ ਹਿਰਦੇਵ ਪਾਲ ਸਿੰਘ, ਐਕਸ਼ੀਅਨ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਇੰਜੀ. ਆਦਰਸ਼ ਨਿਰਮਲ ਤੋਂ ਇਲਾਵਾ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।

## ਕਾਂਗਰਸ ਨਾ ਸਿਰਫ਼ ਪੰਜਾਬ ਵਿਧਾਨ ਸਭਾ ਚੋਣਾਂ ਲੜੇਗੀ, ਸਗੋਂ ਸਰਕਾਰ ਵੀ ਬਣਾਏਗੀ : ਲਾਲੀ ਸ਼ਰਮਾ

ਸਮਾਣਾ, 26 ਫਰਵਰੀ (ਵਿਜੇ ਕੁਮਾਰ) : ਰਾਹੁਲ ਗਾਂਧੀ ਯੂਥ ਆਰਗੇਨਾਈਜ਼ੇਸ਼ਨ ਹਰਿਆਣਾ ਦੇ ਪ੍ਰਧਾਨ ਲਾਲੀ ਸ਼ਰਮਾ ਨੇ ਦਾਅਵਾ ਕੀਤਾ ਕਿ ਕਾਂਗਰਸ ਨਾ ਸਿਰਫ਼ ਪੰਜਾਬ ਵਿਧਾਨ ਸਭਾ ਚੋਣਾਂ ਲੜੇਗੀ, ਸਗੋਂ ਸਰਕਾਰ ਵੀ ਬਣਾਏਗੀ। ਸ਼ਰਮਾ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ 28 ਫਰਵਰੀ ਨੂੰ ਰਾਹੁਲ ਗਾਂਧੀ

ਪੰਜਾਬ ਦੇ ਬਰਨਾਲਾ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਕੇ ਚੋਣ ਬਿਗੁਲ ਵਜਾਉਣਗੇ ਅਤੇ ਪੰਜਾਬ ਦੇ ਕਿਸਾਨਾਂ ਨਾਲ ਗੱਲਬਾਤ ਵੀ ਕਰਨਗੇ। ਭਾਰਤ-ਅਮਰੀਕਾ ਵਪਾਰ ਸਮਝੌਤੇ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਜੀਵਿਕਾ ਕਿਸੇ ਵਪਾਰਕ ਸੌਦੇ ਦੀ ਕੀਮਤ ਨਹੀਂ ਹੋ ਸਕਦੀ। ਖੁਰਾਕ ਸੁਰੱਖਿਆ ਕੋਈ ਸਮਝੌਤੇ ਦੀ ਧਾਰਾ ਨਹੀਂ ਹੈ ਅਤੇ ਨਾ ਹੀ ਕਿਸਾਨ ਵਿਰੋਧੀ ਰਾਜਨੀਤੀ ਅੱਗੇ ਝੁਕਣਾ ਕੋਈ ਵਿਕਲਪ ਹੈ। ਦੇਸ਼ ਦੇ ਅੰਨਦਾਤਾ ਸਿਰਫ਼ ਵੋਟ ਬੈਂਕ ਨਹੀਂ, ਸਗੋਂ ਸਾਡੀ ਆਰਥਿਕਤਾ ਦੀ ਨੀਂਹ ਹਨ।ਉਨ੍ਹਾਂ ਕਿਹਾ ਕਿ ਜੋ ਵੀ ਸਰਕਾਰ ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਨਾਲ ਖਿਲਵਾੜ ਕਰੇਗੀ, ਉਸ ਦਾ ਵਿਰੋਧ ਕਰਨਾ ਹਰ ਨਾਗਰਿਕ ਦਾ ਫਰਜ਼ ਹੈ।ਮਨਰੇਗਾ ਨੂੰ ਕਮਜ਼ੋਰ ਕਰਨ ਨਾਲ ਪਿੰਡਾਂ ਵਿੱਚ ਰੁਜ਼ਗਾਰ ਦਾ ਆਖਰੀ ਸਹਾਰਾ ਵੀ ਖੁੱਸ ਸਕਦਾ ਹੈ।ਲਾਲੀ ਸ਼ਰਮਾ ਨੇ ਅੰਤ ਵਿੱਚ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਨ ਅਤੇ ਸਾਰੇ ਕਾਂਗਰਸੀ ਇਸ ਲੜਾਈ ਵਿੱਚ ਉਨ੍ਹਾਂ ਦੇ ਨਾਲ ਹਨ। ਸੜਕ ਤੋਂ ਸੰਸਦ ਤੱਕ ਇਹ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਹੱਕ ਨਹੀਂ ਮਿਲ ਜਾਂਦਾ। ਇਸ ਮੌਕੇ ਕਈ ਸਥਾਨਕ ਕਾਂਗਰਸੀ ਆਗੂ ਵੀ ਮੌਜੂਦ ਸਨ।

## ਅੱਜ ਹੋਵੇਗਾ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੇ ਚੁਣੇ ਮੈਂਬਰਾਂ ਦਾ ਸਹੁੰ ਚੁੱਕ ਸਮਾਗਮ

ਮਲੇਰਕੋਟਲਾ, 26 ਫਰਵਰੀ (ਬਲਜੀਤ ਸਿੰਘ ਟਿੱਬਾ): ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾਇਰੈਕਟਰ, ਵਿਕਾਸ ਅਤੇ ਪੰਚਾਇਤ ਵਿਭਾਗ, ਮੋਹਾਲੀ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿੱਚ ਨਵ-ਚੁਣੇ ਮੈਂਬਰਾਂ ਦਾ ਸਹੁੰ ਚੁੱਕ ਸਮਾਗਮ 27 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ਼ਾਮ 4:30 ਵਜੇ ਸਥਾਨਕ ਉਰਦੂ ਅਕੈਡਮੀ, ਮਾਲੇਰਕੋਟਲਾ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਸਹੁੰ ਚੁੱਕ ਸਮਾਮਗ ਵਿੱਚ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਅਤੇ ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਵੱਲੋਂ ਵਿਸ਼ੇਸ ਤੌਰ ਤੇ ਸ਼ਿਰਕਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਜ਼ਿਲ੍ਹਾ ਪੱਧਰ 'ਤੇ ਚੁਣੇ ਗਏ ਮੈਂਬਰਾਂ ਨੂੰ ਕਾਨੂੰਨੀ ਪ੍ਰਕਿਰਿਆ ਅਨੁਸਾਰ ਸਹੁੰ ਚੁਕਾਈ ਜਾਵੇਗੀ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਲੋਕਾਂ ਦੁਆਰਾ ਚੁਣੇ ਗਏ ਜੇਤੂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਿਰਧਾਰਿਤ ਮਿਤੀ ਅਤੇ ਸਮੇਂ ਅਨੁਸਾਰ ਸਮਾਗਮ ਵਿੱਚ ਹਾਜ਼ਰੀ ਯਕੀਨੀ ਬਣਾਉਣ।

## ਮਾਤਾ ਗੁਜਰੀ ਸਕੂਲ 'ਚ ਕਲਾ ਗਤੀਵਿਧੀ ਕਰਵਾਈ

ਦੇਵੀਗੜ੍ਹ, 26 ਫਰਵਰੀ (ਗੁਰਜੀਤ ਸਿੰਘ ਢੋਟ) : ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਵਿੱਚ

ਵਿਦਿਆਰਥੀਆਂ ਦੀ ਰਚਨਾਤਮਕਤਾ ਨੂੰ ਨਿਖਾਰਨ ਲਈ ਇੱਕ ਵਿਸ਼ੇਸ਼ ਕਲਾ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਇਸ ਗਤੀਵਿਧੀ ਵਿੱਚ ਕਲਾਸ ਛੇਵੀਂ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਬੇਕਾਰ ਅਤੇ ਨਾ ਵਰਤਣ ਯੋਗ ਸਮੱਗਰੀ ਦੀ ਵਰਤੋਂ ਕਰਕੇ ਸੁੰਦਰ ਅਤੇ ਨਵੀਂ ਸੋਚ ਨਾਲ ਭਰਪੂਰ ਕਲਾਕ੍ਰਿਤੀਆਂ ਤਿਆਰ ਕੀਤੀਆਂ। ਇਸ ਦੌਰਾਨ ਵੱਖ-ਵੱਖ ਕਲਾਵਾਂ ਜਿਵੇਂ ਕਿ ਵੇਸਟ ਮਟੀਰੀਅਲ ਨਾਲ ਬਣੀਆਂ ਵਸਤੂਆਂ, ਗਲਾਸ ਪੇਂਟਿੰਗ, ਜਵਾਲਾਮੁਖੀ ਮਾਡਲ, ਵਾਰਲੀ ਕਲਾ, ਮੰਡਲਾ ਆਰਟ, ਪੇਪਰ ਪਲੇਟ ਮਾਸਕ, ਬੋਤਲ ਸਜਾਵਟ ਅਤੇ ਕੈਨਵਸ ਪੇਂਟਿੰਗ ਆਦਿ ਤਿਆਰ ਕੀਤੀਆਂ ਗਈਆਂ। ਅਧਿਆਪਕਾਂ ਅਤੇ ਸਕੂਲ ਪ੍ਰਬੰਧਕਾਂ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਰਵਿੰਦਰ ਕੌਰ, ਪ੍ਰਿੰਸੀਪਲ ਮਮਤਾ ਮੱਕੜ ਅਤੇ ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਵਾਲੀਆ ਨੇ ਨੇ ਵਿਦਿਆਰਥੀਆਂ ਦੀ ਮਿਹਨਤ ਅਤੇ ਕਲਾ ਪ੍ਰਤੀ ਰੁਚੀ ਦੀ ਸਰਾਹਨਾ ਕੀਤੀ।

## ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਦੀ ਮੰਗ, ਧਰਨਾ ਤੀਜੇ ਦਿਨ ਵੀ ਜਾਰੀ



ਸਮਾਣਾ, 26 ਫਰਵਰੀ (ਵਿਜੇ ਕੁਮਾਰ) ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਚੱਲ ਰਹੇ ਟਾਵਰ ਮੋਰਚੇ ਦੌਰਾਨ ਸਿੱਖ ਜਥੇਬੰਦੀਆਂ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਲਗਾਇਆ ਗਿਆ ਧਰਨਾ ਤੇ ਰੋਸ਼ ਪ੍ਰਦਰਸ਼ਨ ਅੱਜ ਤੀਜੇ ਦਿਨ ਵੀ ਜਾਰੀ ਰਿਹਾ। ਚੌਕ ਦੇ ਚਾਰੋਂ ਪਾਸੇ ਦੀਆਂ ਸੜਕਾਂ ਤੇ ਟਰੈਕਟਰ-ਟਰਾਲੀਆਂ ਅਤੇ ਹੋਰ ਵਾਹਨ ਲਗਾ ਕੇ ਰਸਤਾ ਬੰਦ ਰੱਖਿਆ ਗਿਆ। ਇਸ ਦੌਰਾਨ ਚਾਰੋਂ ਪਾਸੇ ਪੰਜਾਬ ਪੁਲਿਸ ਦੇ ਜਵਾਨ ਤਾਇਨਾਤ ਰਹੇ।ਬਾਬਾ ਬੰਦਾ ਸਿੰਘ ਬਹਾਦਰ ਚੌਕ ਵਿੱਚ ਧਰਨੇ ਦੌਰਾਨ ਟਾਵਰ ਮੋਰਚੇ ਦੇ ਆਗੂਆਂ ਨੇ ਪ੍ਰੈੱਸ ਬ੍ਰੀਫਿੰਗ ਕਰਦਿਆਂ ਸਪੱਸ਼ਟ ਕੀਤਾ ਕਿ ਬੇਅਦਬੀ ਰੋਕਣ ਸਬੰਧੀ ਕਾਨੂੰਨ ਬਣਾਉਣਾ ਸਰਕਾਰ ਦੇ ਅਧਿਕਾਰ ਵਿੱਚ ਹੈ। ਇਸ ਮਾਮਲੇ ਵਿੱਚ ਸਰਕਾਰ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ, ਜਿਸ ਦਾ ਜਵਾਬ ਆਉਣ ਵਾਲੇ ਸਮੇਂ ਵਿੱਚ ਲੋਕਾਂ ਵੱਲੋਂ ਦਿੱਤਾ ਜਾਵੇਗਾ।ਉਨ੍ਹਾਂ ਸਾਰੇ ਧਰਮਾਂ ਦੇ ਲੋਕਾਂ ਨੂੰ ਮੋਰਚੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਅਤੇ ਉਮੀਦ ਜਤਾਈ ਕਿ 1 ਮਾਰਚ ਨੂੰ ਹਿੰਦੂ ਵਰਗ ਦੇ ਸੰਤ ਵੀ ਮੋਰਚੇ ਵਿੱਚ ਸ਼ਾਮਲ ਹੋਣਗੇ। ਕਮੇਟੀ ਮੈਂਬਰਾਂ ਨੇ ਕਿਹਾ ਕਿ ਜੇਕਰ ਸਰਕਾਰ ਸਾਰਥਕ ਗੱਲਬਾਤ ਕਰਨਾ ਚਾਹੁੰਦੀ ਹੈ, ਤਾਂ ਬਜਟ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਅਗਲੇ ਦੋ-ਤਿੰਨ ਦਿਨਾਂ ਵਿੱਚ ਗੱਲਬਾਤ ਕਰੇ। ਅਜਿਹਾ ਨਾ ਹੋਣ ਤੇ ਗੱਲਬਾਤ ਦੇ ਰਸਤੇ ਬੰਦ ਹੋ ਜਾਣਗੇ ਅਤੇ ਅਗਲੇ ਘਟਨਾਕ੍ਰਮ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

## ਭਾਰਤ ਵਿਕਾਸ ਪ੍ਰੀਸ਼ਦ ਇਕਾਈ ਵੱਲੋਂ 120 ਸਕੂਲੀ ਵਿਦਿਆਰਥੀਆਂ ਦੀ ਹੀਮੋਗਲੋਬਿਨ ਜਾਂਚ

ਨਾਭਾ, 26 ਫ਼ਰਵਰੀ (ਬਲਜਿੰਦਰ ਮਾਨ/ਗੁਰਚਰਨ ਸਿੰਘ ਚੌਧਰੀਮਾਜਰਾ) : ਭਾਰਤ ਵਿਕਾਸ ਪਰਿਸ਼ਦ ਇਕਾਈ ਵੱਲੋ ਅਨੀਮੀਆ ਮੁਕਤ ਭਾਰਤ ਦੇ ਤਹਿਤ ਸਰਕਾਰੀ ਕੰਨਿਆ ਮਿਡਲ ਸਕੂਲ ਪੁਰਾਣਾ ਹਾਈ ਕੋਰਟ ਨਾਭਾ ਵਿਖੇ 120 ਸਕੂਲ ਦੇ ਵਿਦਿਆਰਥੀਆਂ ਦੀ ਹੀਮੋਗਲੋਬਿਨ ਜਾਂਚ ਕੀਤੀ ਗਈ। ਇਸ ਮੌਕੇ ਨਰਿੰਦਰ ਵਰਮਾ, ਵਿਕਾਸ ਮਿੱਤਲ ਅਤੇ ਅਸ਼ਵਨੀ ਮਦਾਨ ਨੇ ਕਿਹਾ ਕਿ ਸਕੂਲ ਸੁਰੱਖਿਆ ਨੂੰ ਪਹਿਲ ਨਹੀਂ ਦਿੰਦੇ ਤਾਂ ਅਸੀਂ ਉਹਨਾਂ ਦੇ ਉਜਵਲ ਭਵਿੱਖ ਨਾਲ ਇਨਸਾਫ ਨਹੀਂ ਕਰ ਸਕਦੇ। ਚਾਹੇ ਉਹ ਅਨੀਮੀਆ ਮੁਕਤ ਭਾਰਤ ਮੁਹਿਮ ਹੋਵੇ ਜਾਂ ਸੁਰੱਖਿਅਤ ਸਕੂਲ ਨੀਤੀ।ਉਹਨਾਂ ਕਿਹਾ ਕਿ ਅੱਜ ਸਕੂਲ ਵਿੱਚ ਅਨੀਮੀਆ ਮੁਕਤ ਭਾਰਤ ਮੁਹਿੰਮ



ਦੇ ਤਹਿਤ ਸਕੂਲ ਨੀਤੀ ਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ ਹੈ ਅਤੇ ਉਹਨਾਂ ਦਾ ਹੀਮੋਗਲੋਬਿਨ ਦੀ ਜਾਂਚ ਕੀਤੀ ਗਈ ਹੈ। ਉਨ੍ਹਾਂ ਸਟਾਫ ਨੂੰ ਅਪੀਲ ਕਰਦਿਆਂ ਕਿਹਾ ਕਿ ਮਾਪਦੰਡਾਂ ਨੂੰ ਪੂਰੀ ਇਮਾਨਦਾਰੀ ਤੇ ਸੰਵੇਦਨਸ਼ੀਲਤਾ ਨਾਲ ਲਾਗੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਹੁਤ ਜਲਦੀ ਹੀ ਹੋਰ ਸਕੂਲਾਂ ਵਿੱਚ ਵੀ ਵਿਦਿਆਰਥੀਆਂ ਦੀ ਹੀਮੋਗਲੋਬਿਨ ਦੀ ਜਾਂਚ ਕੀਤੀ ਜਾਵੇਗੀ। ਇਸ ਮੌਕੇ ਸਰਕਾਰੀ ਕੰਨਿਆ ਮਿਡਲ ਸਕੂਲ ਦੇ ਸਟਾਫ਼ ਅਮਨਦੀਪ ਕੌਰ, ਪ੍ਰੀਤ ਕਿਰਨ, ਗੀਤੂ ਮੱਕਣ, ਪਰਮਿੰਦਰ ਕੌਰ, ਵੰਦਨਾ, ਸ਼ਸ਼ੀ ਬਾਲਾ ਅਤੇ ਜਸਵੀਰ ਸਿੰਘ ਨੇ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ । ਇਸ ਮੌਕੇ ਮਹਿਲਾ ਪ੍ਰਮੁੱਖ ਹੀਨਾ ਸਿੰਗਲਾ, ਰਾਜੇਸ਼ ਸਿੰਗਲਾ, ਦਿਵਿਆ ਜੈਨ ਆਦਿ ਹਾਜ਼ਰ ਸਨ।

## 'ਆਪ' ਦੀ ਮਜ਼ਬੂਤੀ ਲਈ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਵੱਲੋਂ ਵੱਖ-ਵੱਖ ਪਿੰਡਾਂ 'ਚ ਮੀਟਿੰਗਾਂ

ਘਨੌਰ, 26 ਫਰਵਰੀ (ਰਾਜਿੰਦਰ ਸਿੰਘ ਕੰਬੋਜ) : ਆਮ ਆਦਮੀ ਪਾਰਟੀ ਪੰਜਾਬ ਸਪੋਰਟਸ ਵਿੰਗ ਦੇ ਪ੍ਰਧਾਨ ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਪਾਰਟੀ ਵੱਲੋਂ ਲਗਾਈ ਗਈ ਜਿੰਮੇਵਾਰੀ ਤਹਿਤ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਪਿੰਡ ਰੰਗੀਆਂ, ਅਕਬਰਪੁਰ, ਅਤੇ ਨਲਾਸ ਖੁਰਦ ਵਿੱਚ ਪਾਰਟੀ ਵਰਕਰਾਂ ਅਤੇ ਪਿੰਡ ਵਾਸੀਆਂ ਨਾਲ ਵਿਸ਼ੇਸ਼ ਮੀਟਿੰਗਾਂ ਕੀਤੀਆਂ। ਵਿੱਕੀ ਘਨੌਰ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਤਹਿਤ ਉਹ ਲਗਾਤਾਰ ਪਿੰਡਾਂ ਦੇ ਦੌਰੇ ਕਰ ਰਹੇ ਹਨ ਤਾਂ ਜੋ ਪੁਰਾਣੇ ਵਰਕਰਾਂ ਨਾਲ ਤਾਲਮੇਲ ਹੋਰ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੁਰਾਣੇ ਵਰਕਰ ਪਾਰਟੀ ਦਾ ਸਰਮਾਇਆ ਹਨ। ਮੀਟਿੰਗਾਂ ਦੌਰਾਨ ਵਿੱਕੀ ਘਨੌਰ ਨੇ ਪਿੰਡ ਵਾਸੀਆਂ ਦੀਆਂ ਸਥਾਨਕ ਸਮੱਸਿਆਵਾਂ ਨੂੰ ਬਹੁਤ ਗੰਭੀਰਤਾ ਨਾਲ ਸੁਣਿਆ। ਇਸ ਮੌਕੇ ਪਿੰਡਾਂ ਦੇ ਮੋਹਤਬਰ ਸੱਜਣਾਂ ਨੇ ਪਾਰਟੀ ਪ੍ਰਤੀ ਆਪਣੀ ਵਫ਼ਾਦਾਰੀ ਦੁਹਰਾਈ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਉਹਨਾਂ ਨਾਲ ਪੰਜਾਬ ਮਨਿਓਰਟੀ ਕਮਿਸ਼ਨ ਦੇ ਮੈਂਬਰ ਇਸਲਾਮ ਅਲੀ, ਦਵਿੰਦਰ ਸਿੰਘ ਰੰਗੀਆ, ਜਗਦੀਪ ਸਿੰਘ, ਜਗਤਾਰ ਸਿੰਘ, ਮੱਖਣ ਸਿੰਘ, ਮਾਸਟਰ ਮਨਜੀਤ ਸਿੰਘ ਸਪੋਟਰ, ਰਣਜੀਤ ਸਿੰਘ, ਜਾਗੀਰ ਸਿੰਘ, ਗੁਰਪ੍ਰੀਤ ਸਿੰਘ, ਨਿਰਮਲ ਸਿੰਘ, ਜਸਪਾਲ ਸਿੰਘ ਅਤੇ ਰਣਬੀਰ ਸਿੰਘ, ਦਵਿੰਦਰ ਸਿੰਘ ਬੈਦਵਾਨ, ਸਰਪੰਚ ਮਨਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।

## ਡੈਡੀਕੇਟਿਡ ਬ੍ਰਦਰਜ਼ ਗਰੁੱਪ ਵੱਲੋਂ ਖ਼ੂਨਦਾਨੀਆਂ ਦਾ ਸਨਮਾਨ

ਪਟਿਆਲਾ, 26 ਫਰਵਰੀ (ਚ.ਨ.ਸ.): ਡੈਡੀਕੇਟਿਡ ਬ੍ਰਦਰਜ਼ ਗਰੁੱਪ ਪੰਜਾਬ ਪਟਿਆਲਾ ਦੇ ਸੰਸਥਾਪਕ ਅਤੇ ਪ੍ਰਧਾਨ ਡਾ.ਰਾਕੇਸ਼ ਵਰਮੀ ਦੀ ਸਰਪ੍ਰਸਤੀ ਹੇਠ ਦਿਲਪ੍ਰੀਤ ਸਿੰਘ ਬੈਨੀਪਾਲ ਪ੍ਰਾਜੈਕਟ ਇੰਚਾਰਜ ਦੀ ਅਗਵਾਈ ਵਿੱਚ ਖ਼ੂਨਦਾਨੀਆਂ ਨੂੰ ਸਨਮਾਨਿਤ ਕੀਤਾ ਇਸ ਸਨਮਾਨ ਸਮਾਰੋਹ ਦੇ ਮੁੱਖ ਮਹਿਮਾਨ ਇੰਜ. ਪ੍ਰੀਕਸ਼ਤ ਭਨੋਟ ਐਸ.ਈ.ਐਸ. ਡੀ ਡਿਵੀਜਨ ਪੀ.ਐਸ.ਪੀ.ਸੀ.ਐਲ ਨਾਭਾ ਨੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਖ਼ੁਦ ਵੀ 18 ਵਾਰ ਖ਼ੂਨਦਾਨ ਕਰਕੇ ਮਨੁੱਖੀ ਕੀਮਤੀ ਜਾਨਾਂ ਬਚਾਈਆਂ ਹਨ । ਵੀ.ਕੇ ਸਿਆਲ ਹੈਲਥ ਕੋਚ ਨੇ ਆਏ ਹੋਏ ਮਹਿਮਾਨਾਂ ਅਤੇ ਖ਼ੂਨਦਾਨੀਆਂ ਨੂੰ ਜੀ ਆਇਆਂ ਆਖਦੇ ਹੋਏ। ਉਨਾਂ ਦੀ ਧਰਮ

ਪਤਨੀ ਡਾਕਟਰ ਸਿਆਲ ਨੇ ਵੀ 9 ਵਾਰ ਖ਼ੂਨ ਦਾਨ ਕੀਤਾ ਦਿਲਪ੍ਰੀਤ ਸਿੰਘ ਬੈਨੀਪਾਲ ਪ੍ਰਾਜੈਕਟ ਇੰਚਾਰਜ ਖ਼ੂਨਦਾਨ ਨੇ ਖ਼ੂਨਦਾਨੀਆਂ ਵੱਲੋਂ ਦਿੱਤੇ ਗਏ । ਕੈਪਟਨ ਹਰਜਿੰਦਰ ਸਿੰਘ ਸਾਬਕਾ ਪ੍ਰਾਜੈਕਟ ਇੰਚਾਰਜ ਡੀ.ਬੀ.ਜੀ ਨੂੰ ਆਪਣਾ ਆਦਰਸ਼ ਅਤੇ ਪ੍ਰੇਰਕ ਮੰਨਿਆ ਸੁਨੀਲ ਗਰਗ ਮਸ਼ਹੂਰ ਗਾਇਕ ਨੇ 78 ਵਾਰ ਖ਼ੂਨ ਦਾਨ ਦੀ ਦਾਸਤਾਂ ਸੁਣਾਈ। ਜਸਵਿੰਦਰ ਸਿੰਘ ਸ਼ਾਇਰ ਨੇ ਦੱਸਿਆ ਜਦੋਂ ਉਨਾਂ ਦੇ ਭਰਾ ਲਈ ਖ਼ੂਨ ਦੀ ਜਰੂਰਤ ਪਈ ਤਾਂ ਉਸ ਸਮੇਂ ਉਨਾਂ ਨੂੰ ਖ਼ੂਨ ਦੀ ਮਹਤੱਤਾ ਬਾਰੇ ਜਾਣਕਾਰੀ ਪ੍ਰਾਪਤ ਹੋਈ ਉਨਾਂ ਨੇ ਪ੍ਰਭਾਵਿਤ ਹੋ ਕੇ 239 ਨੌਜਵਾਨ ਸਾਥੀਆਂ ਦਾ ਖ਼ੂਨ ਦਾਨ ਕਰਵਾਇਆ। ਰਤਨ ਲਾਲ ਖ਼ੂਨਦਾਨੀ ਨੇ ਦੇਸ਼ ਭਗਤੀ ਦਾ ਗੀਤ ਪੇਸ਼ ਕੀਤਾ। ਡਾ.ਰਾਕੇਸ ਵਰਮੀ ਪ੍ਰਧਾਨ ਡੈਡੀਕੇਟਿਡ ਬ੍ਰਦਰਜ਼ ਗਰੁੱਪ ਨੇ ਸਮੂਚੇ ਖ਼ੂਨਦਾਨੀਆਂ ਦੀ ਪ੍ਰਸ਼ੰਸਾ ਕੀਤੀ। ਖ਼ੂਨਦਾਨੀ ਦੇ ਮਨ ਵਿੱਚ ਹਮੇਸ਼ਾ ਸਾਕਾਰਤਮਕ ਸੋਚ ਹੁੰਦੀ ਹੈ ਜਿਸ ਵੀ ਮਰੀਜ਼ ਨੂੰ ਉਸ ਦਾ ਖ਼ੂਨ ਲੱਗੇ, ਉਸ ਦੀ ਜਾਨ ਬਚ ਜਾਵੇ ਇਹ ਹੀ ਸੱਚੀ ਅਰਦਾਸ ਹੁੰਦੀ ਹੈ ਅਸ਼ੋਕ ਸ਼ਰਮਾਂ ਸੀਨੀਅਰ ਮੈਂਬਰ ਡੀ.ਬੀ.ਜੀ ਨੇ ਆਏ ਸਾਰੇ ਮਹਿਮਾਨਾਂ ਅਤੇ ਖ਼ੂਨਦਾਨੀਆਂ ਦਾ ਧੰਨਵਾਦ ਕਰਦੇ ਹੋਏ ਡੀ.ਬੀ.ਜੀ ਵੱਲੋਂ ਲਗਾਤਾਰ ਵਿਸ਼ੇਸ ਖ਼ੂਨਦਾਨੀਆਂ ਦਾ ਸਨਮਾਨ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਮੁੱਖ ਮਹਿਮਾਨ ਇੰਜ ਪ੍ਰੀਕਸਤ ਭਨੋਟ ਨੂੰ ਮੋਮੈਂਟੋ ਸ਼ਾਲ ਅਤੇ ਫੁੱਲਾਂ ਨਾਲ ਸਨਮਾਨਿਤ ਕੀਤਾ। ਮੁਕੇਸ਼ ਸਿੰਗਲਾ ਵਿਸ਼ੇਸ਼ ਖ਼ੂਨਦਾਨੀ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਓਮ ਪ੍ਰਕਾਸ਼ ਸਿੰਗਲਾ ਅਤੇ ਪ੍ਰੀਕਸ਼ਤ ਭਨੋਟ ਨੇ ਡਾ.ਭੁਪਿੰਦਰ ਕੌਰ, ਰਤਨ ਡਾਲਿਆਂ, ਸ਼ਗਨ, ਹੈਪੀ, ਕਰਮਜੀਤ ਸਿੰਘ, ਭੁਪਿੰਦਰ ਸਿੰਘ, ਜਸਬੀਰ ਗਿੱਲ, ਅਮਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਉਮਾਂ ਸੰਕਰ, ਰਵੇਲ ਸਿੰਘ, ਕਰਨ ਧਮੀਜਾ, ਵਿਨੈ ਧਮੀਜਾ, ਸੁਰਿੰਦਰ ਕੁਮਾਰ ਬੰਟੂ, ਸੁਦਿਲ ਗਰਗ, ਨਮਨ ਜਿੰਦਲ, ਨਵੀ ਮਿੱਤਲ, ਹਰਸ਼ਵੀਰ ਸਿੰਘ ਅਤੇ ਆਦਿ ਖ਼ੂਨਦਾਨੀਆਂ ਨੂੰ ਵਿਸ਼ੇਸ ਤੋਹਫੇ ਦੇ ਕੇ ਸਨਮਾਨਿਤ ਕੀਤਾ ਅਤੇ ਦੁਪਿਹਰ ਦਾ ਭੋਜਨ ਕਰਵਾਇਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ, ਅਜੈ ਕੁਮਾਰ, ਸੁਨੀਤਾ ਕੁਮਾਰੀ, ਮਨਜੀਤ ਸਿੰਘ, ਚਮਨ ਲਾਲ ਦੱਤ ਵੀ ਹਾਜਿਰ ਰਹੇ। ਇਹ ਜਾਣਕਾਰੀ ਦਿਲਪ੍ਰੀਤ ਸਿੰਘ ਬੈਨੀਪਾਲ ਨੇ ਦਿੱਤੀ।

# ਖੰਗੂੜਾ ਵੱਲੋਂ ਬੀ.ਸੀ. ਵਿੰਗ ਦੇ ਨਵ-ਨਿਯੁਕਤ ਹਲਕਾ ਕੋਆਰਡੀਨੇਟਰਾਂ ਦਾ ਸਨਮਾਨ

ਲੁਧਿਆਣਾ, 26 ਫਰਵਰੀ (ਵਿਸ਼ਾਲ ਸ਼ਰਮਾ): ਆਮ ਆਦਮੀ ਪਾਰਟੀ ਵੱਲੋਂ ਬੀ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਵਿਜੈ ਸਿੰਘ ਦੀ ਵਿਸ਼ੇਸ਼ ਮੌਜੂਦਗੀ ਵਿੱਚ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਖੰਗੂੜਾ ਵੱਲੋਂ ਨਵ-ਨਿਯੁਕਤ ਹਲਕਾ ਕੋਆਰਡੀਨੇਟਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਨਵੀਂ ਟੀਮ ਨੂੰ ਸਨਮਾਨ ਕਰਦਿਆਂ ਉਨ੍ਹਾਂ ਦੀ ਨਿਯੁਕਤੀ 'ਤੇ ਵਧਾਈ ਦਿੱਤੀ ਗਈ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ ਗਈਆਂ। ਇਸ ਮੌਕੇ ਨਵ ਨਿਯੁਕਤ ਕੋਆਰਡੀਨੇਟਰ ਹਲਕਾ ਪੱਛਮੀ ਤੋਂ ਕਰਮਜੀਤ ਸਿੰਘ ਨਰੰਗਵਾਲ, ਹਲਕਾ ਆਤਮ ਨਗਰ ਤੋਂ ਅਵਤਾਰ ਸਿੰਘ ਕੰਡਾ, ਸੈਂਟਰ ਤੋਂ ਸਰਬਜੀਤ ਸਿੰਘ ਚੰਦ, ਲੁਧਿਆਣਾ ਪੂਰਬੀ ਤੋਂ ਕੇਸਰ ਚੌਧਰੀ, ਲੁਧਿਆਣਾ ਉੱਤਰੀ ਤੋਂ ਮਲਕੀਤ ਸਿੰਘ ਅਤੇ ਲੁਧਿਆਣਾ ਦੱਖਣੀ ਤੋਂ ਸਤਨਾਮ ਸਿੰਘ ਦੀ ਨਿਯੁਕਤੀ ਦੀ ਵਧਾਈਆ ਦਿੱਤੀਆ ਗਈਆ

ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਖੰਗੂੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਬੀ.ਸੀ. ਵਿੰਗ ਸੰਗਠਨ ਦਾ ਅਹਿਮ ਹਿੱਸਾ ਹੈ ਅਤੇ ਨਵ-ਨਿਯੁਕਤ ਕੋਆਰਡੀਨੇਟਰ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਪਾਰਟੀ ਦੀਆਂ ਨੀਤੀਆਂ ਅਤੇ ਲੋਕ-ਹਿਤੈਸ਼ੀ ਕੰਮਾਂ ਨੂੰ ਹਰੇਕ ਵਰਗ ਤੱਕ ਪਹੁੰਚਾਉਣਗੇ। ਉਨ੍ਹਾਂ ਕਿਹਾ ਕਿ ਸੰਗਠਨ ਦੀ ਮਜ਼ਬੂਤੀ ਲਈ ਜ਼ਮੀਨੀ ਪੱਧਰ 'ਤੇ ਮਿਹਨਤ ਕਰਨਾ ਸਮੇਂ ਦੀ ਲੋੜ ਹੈ।

ਬੀ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਵਿਜੈ ਸਿੰਘ ਨੇ ਵੀ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਰੇ ਅਹੁਦੇਦਾਰ ਮਿਲਜੁਲ ਕੇ ਕੰਮ ਕਰਨ ਤਾਂ ਹੀ ਸੰਗਠਨ ਹੋਰ ਮਜ਼ਬੂਤ ਬਣੇਗਾ। ਅੰਤ ਵਿੱਚ ਸਭਨਾਂ ਨੇ ਇਕਜੁੱਟ ਹੋ ਕੇ ਸੰਗਠਨ ਦੀ ਮਜ਼ਬੂਤੀ ਅਤੇ ਸਮਾਜ ਦੀ ਭਲਾਈ ਲਈ ਨਿਰੰਤਰ ਕੰਮ ਕਰਨ ਦਾ ਸੰਕਲਪ ਲਿਆ।

# ਆਕੂਪੰਕਚਰ ਅਤੇ ਦੰਦਾਂ ਦੀਆਂ ਬਿਮਾਰੀਆਂ ਦਾ ਮੁਫ਼ਤ ਕੈਂਪ ਭਲਕੇ

ਲੁਧਿਆਣਾ, 26 ਫਰਵਰੀ (ਰਵਿੰਦਰ ਸਿੰਘ ਨਿੱਝਰ) : ਡਾ. ਕੋਟਨਿਸ ਆਕੂਪੰਕਚਰ ਚੈਰੀਟੇਬਲ ਹਸਪਤਾਲ, ਸਲੇਮ ਟਾਬਰੀ, ਲੁਧਿਆਣਾ ਵੱਲੋਂ ਰਾਸ਼ਟਰੀ ਆਕੂਪੰਕਚਰ ਦਿਵਸ ਮੌਕੇ ਅੰਤਰਰਾਸ਼ਟਰੀ ਮਹਾਨ ਭਾਰਤੀ ਚਿਕਿਤਸਕ ਤੇ ਭਾਰਤ ਵਿੱਚ ਆਕੂਪੰਕਚਰ ਦੇ ਸੰਸਥਾਪਕ ਡਾ. ਵਿਜੈ ਕੁਮਾਰ ਬਾਸੂ ਨੂੰ ਸਮਰਪਿਤ 28 ਫ਼ਰਵਰੀ ਅਤੇ 1 ਮਾਰਚ 2026 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਦੋ ਦਿਵਸੀ ਫ੍ਰੀ ਆਕੂਪੰਕਚਰ ਅਤੇ ਦੰਦਾਂ ਦੀਆਂ ਬਿਮਾਰੀਆਂ ਦਾ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਆਸਟ੍ਰੇਲੀਆ ਤੋਂ ਪਹੁੰਚੇ ਆਕੂਪੰਕਚਰ ਮਾਹਿਰ ਡਾ. ਤਿਲਕ ਰਾਜ ਕਲਰਾ, ਡਾ. ਇੰਦਰਜੀਤ ਸਿੰਘ (ਡਾਇਰੈਕਟਰ ਡਾ. ਕੋਟਿਨਿਸ ਹਸਪਤਾਲ), ਦੰਦਾਂ ਦੇ ਮਾਹਿਰ ਡਾ. ਸੁਨੀਲ ਸ਼ਰਮਾ, ਡਾ. ਰਘੁਵੀਰ ਸਿੰਘ ਅਤੇ ਡਾ. ਬਲਜਿੰਦਰ ਸਿੰਘ ਆਪਣੀਆਂ ਸੇਵਾਵਾਂ ਪ੍ਰਦਾਨ ਕਰਨਗੇ। ਬਿਨਾਂ ਦਵਾਈ, ਬਿਨਾਂ ਸਰਜਰੀ ਅਤੇ ਬਿਨਾਂ ਦਰਦ ਦੀ ਇਲਾਜ ਵਿਧੀ ਰਾਹੀਂ ਡਾਇਬਿਟੀਜ਼ (ਸ਼ੂਗਰ) ਨਾਲ ਸੰਬੰਧਿਤ ਸਮੱਸਿਆਵਾਂ, ਨਸਾਂ ਵਿੱਚ ਖਿਚਾਵ, ਨਿਊਰੋਪੈਥੀ, ਅੱਖਾਂ ਦੀ ਕਮਜ਼ੋਰੀ, ਕਮਰ ਦਰਦ, ਸਰਵਾਈਕਲ, ਸਪੋਂਡਿਲਾਈਟਿਸ, ਡਿਸਕ ਪ੍ਰੋਲੈਪਸ, ਜੋੜਾਂ ਅਤੇ ਘੁੱਟਿਆਂ ਦਾ ਦਰਦ, ਮਾਈਗ੍ਰੇਨ, ਬੇਨੀਂਦੀ, ਮਾਨਸਿਕ ਤਣਾਅ, ਲੱਕਵਾ, ਅਧਰੰਗ, ਪੁਰਾਣਾ ਜ਼ੁਕਾਮ, ਖੇਡ ਚੋਟਾਂ ਅਤੇ ਨਸ਼ਾ ਮੁਕਤੀ ਵਰਗੀਆਂ ਵੱਖ-ਵੱਖ ਬਿਮਾਰੀਆਂ ਦਾ ਇਲਾਜ ਕੀਤਾ ਜਾਵੇਗਾ। ਨਾਲ ਹੀ ਦੰਦ ਦਰਦ, ਕੀੜਾ ਲੱਗਣਾ, ਮਸੂੜਿਆਂ ਦੀ ਸੁੱਜਣ, ਮੂੰਹ ਤੋਂ ਬਦਬੂ ਅਤੇ ਡੈਂਟਲ ਸਕੇਲਿੰਗ ਅਤੇ ਜਾਂਚ ਮੁਫ਼ਤ ਕੀਤੀ ਜਾਏਗੀ।

# ਵਿਧਾਇਕ ਬੱਗਾ ਵੱਲੋਂ ਸੀਵਰੇਜ ਲਾਈਨ ਵਿਛਾਉਣ ਦੇ ਕਾਰਜਾਂ ਦਾ ਉਦਘਾਟਨ

ਲੁਧਿਆਣਾ, 26 ਫਰਵਰੀ (ਵਿਸ਼ਾਲ ਸ਼ਰਮਾ): ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ, ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਦੇ ਵਾਰਡ-93 ਅਧੀਨ ਕੇਸਰੀ ਐਨਕਲੇਵ ਵਿਖੇ ਨਵੀਂ ਸੀਵਰੇਜ ਲਾਈਨ ਵਿਛਾਉਣ ਦੇ ਕੰਮ ਦਾ ਉਦਘਾਟਨ ਸਥਾਨਕ ਲੋਕਾਂ ਦੀ ਹਾਜ਼ਰੀ ਵਿੱਚ ਕੀਤਾ।

ਉਦਘਾਟਨ ਸਮਾਰੋਹ ਮੌਕੇ ਵਾਰਡ ਇੰਚਾਰਜ ਦਸਮੇਸ਼ ਸਿੰਘ ਵੀ ਮੌਜੂਦ ਸਨ। ਵਿਧਾਇਕ ਬੱਗਾ ਨੇ ਕਿਹਾ ਕਿ ਇਲਾਕੇ ਵਿੱਚ ਨਵੀਂ ਸੀਵਰੇਜ ਲਾਈਨ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ ਸੀਵਰੇਜ ਦੀ ਸਮੱਸਿਆ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗੀ ਅਤੇ ਇਸ ਦਾ ਸੈਂਕੜੇ ਪਰਿਵਾਰਾਂ ਨੂੰ ਲਾਭ ਮਿਲੇਗਾ। ਉਨ੍ਹਾਂ ਪੁਰਾਣੀਆਂ ਸੀਵਰੇਜ ਲਾਈਨਾਂ ਕਾਰਨ ਸੀਵਰੇਜ ਜਾਮ ਦੀ ਸਮੱਸਿਆ ਬਾਰੇ ਚਰਚਾ ਕਰਦਿਆਂ ਕਿਹਾ ਕਿ ਸੀਵਰੇਜ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਆਧੁਨਿਕ ਤਕਨੀਕ ਮਸ਼ੀਨਰੀ ਦੀ ਵਰਤੋਂ ਕਰਕੇ ਇਸ ਸਮੱਸਿਆ ਦਾ ਹੱਲ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਉੱਤਰੀ ਵਿਧਾਨ ਸਭਾ ਦੇ ਵੱਖ-ਵੱਖ ਹਿੱਸਿਆਂ ਵਿੱਚ ਪੁਰਾਣੀ ਸੀਵਰ ਲਾਈਨ ਦੇ ਨਾਲ-ਨਾਲ ਨਵੀਆਂ ਪਾਈਪ ਲਾਈਨਾਂ ਵਿਛਾ ਕੇ ਸਥਾਨਕ ਲੋਕਾਂ ਨੂੰ ਰਾਹਤ ਦਿੱਤੀ ਜਾ ਰਹੀ ਹੈ। ਮੌਕੇ 'ਤੇ ਮੌਜੂਦ ਓ ਐਂਡ ਐਮ ਸ਼ਾਖਾ ਦੇ ਐਸ.ਡੀ.ਓ ਅੰਸ਼ੁਲ ਗਰਚਾ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਵਿਧਾਇਕ ਬੱਗਾ ਨੇ ਕਿਹਾ ਕਿ ਨਵੀਂ ਸੀਵਰ ਲਾਈਨ ਵਿਛਾਉਣ ਦੇ ਕੰਮ ਦੀ ਗੁਣਵੱਤਾ ਵੱਲ ਧਿਆਨ ਦਿੱਤਾ ਜਾਵੇ। ਇਸ ਮੌਕੇ ਸ਼ਸ਼ੀ ਸ਼ਰਮਾ, ਰਾਜੀਵ ਢੀਂਗਰਾ, ਹਰੀ ਓਮ, ਸੁਨੀਲ ਸ਼ਰਮਾ, ਸੰਦੀਪ ਸਿੰਘ ਮੱਲੀ, ਪਵਨ ਵਰਮਾ, ਰਵੀ, ਕੇ.ਕੇ.ਚਾਵਲਾ, ਮਨਮੋਹਨ ਸਿੰਘ ਮੱਕੜ, ਰਮਾ ਚੋਪੜਾ, ਅਮਰੀਸ਼ ਵਰਮਾ, ਗੁਰਸੇਵਕ ਧਾਲੀਵਾਲ, ਰਾਮ ਬਾਬੂ, ਪ੍ਰਤਾਪ ਸਿੰਘ, ਸੋਹਣ ਲਾਲ, ਜਗਜੀਤ ਸਿੰਘ, ਹਰਜੀਤ ਸਿੰਘ, ਰਚਨਾ, ਰੋਚਨਾ, ਮਨਦੀਪ ਕੁਮਾਰ, ਰਾਜਿੰਦਰ ਕੁਮਾਰ ਅਤੇ ਹੋਰ ਵੀ ਹਾਜ਼ਰ ਸਨ।

# ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਪਾਇਲ ਹਲਕੇ ਵਿੱਚ ਇੱਕ ਕਰੋੜ ਤੋਂ ਵੱਧ ਦੇ ਵਿਕਾਸ ਕੰਮਾਂ ਦੀ ਸ਼ੁਰੂਆਤ

ਪਾਇਲ, ਖੰਨਾ, 26 ਫਰਵਰੀ (ਸੰਜੀਵ ਲਹਿਲ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਦਰਸ਼ੀ ਅਤੇ ਲੋਕ-ਹਿਤੈਸ਼ੀ ਸੋਚ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਪੇਂਡੂ ਵਿਕਾਸ ਨੂੰ ਲਗਾਤਾਰ ਤਰਜੀਹ ਦਿੱਤੀ ਜਾ ਰਹੀ ਹੈ। ਇਸੇ ਕੜੀ ਤਹਿਤ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਪਾਇਲ ਹਲਕੇ ਵਿੱਚ 1 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਵਾਈ ਗਈ। ਇਸ ਦੌਰਾਨ ਬੇਗੋਵਾਲ, ਬਿਲਾਸਪੁਰ, ਕਟਾਹਰੀ, ਘਲੋਟੀ, ਘੁਡਾਣੀ ਕਲਾਂ, ਮਕਸੂਦੜਾ, ਧਮੋਟ ਖੁਰਦ ਸਮੇਤ ਕਰੀਬ 10 ਪਿੰਡਾਂ ਵਿੱਚ ਵਿਕਾਸ ਪ੍ਰੋਜੈਕਟਾਂ ਦਾ ਆਗਾਜ਼ ਕੀਤਾ ਗਿਆ, ਜਿਸ ਨਾਲ ਹਲਕੇ ਦੇ ਪੇਂਡੂ ਵਿਕਾਸ ਨੂੰ ਨਵੀਂ ਰਫ਼ਤਾਰ ਮਿਲੀ ਹੈ।

ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਪੱਸ਼ਟ ਟੀਚਾ ਹੈ ਕਿ ਸੂਬੇ ਦੇ ਹਰ ਪਿੰਡ ਨੂੰ ਬੁਨਿਆਦੀ ਸਹੂਲਤਾਂ ਨਾਲ ਸੰਪੰਨ ਕੀਤਾ ਜਾਵੇ, ਤਾਂ ਜੋ ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਵਰਗੀਆਂ ਸੁਵਿਧਾਵਾਂ ਆਪਣੇ ਹੀ ਇਲਾਕੇ ਵਿੱਚ ਮਿਲ ਸਕਣ। ਉਨ੍ਹਾਂ ਕਿਹਾ ਕਿ ਪਾਇਲ ਹਲਕੇ ਦੇ ਹਰ ਪਿੰਡ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਕਾਸ ਯੋਜਨਾਵਾਂ ਤਿਆਰ ਕੀਤੀਆਂ ਗਈਆਂ ਹਨ ਅਤੇ ਕਿਸੇ ਵੀ ਪਿੰਡ ਨਾਲ ਕੋਈ ਭੇਦਭਾਵ ਨਹੀਂ ਕੀਤਾ ਜਾ ਰਿਹਾ ਹੈ।

ਇਸ ਮੌਕੇ ਸ਼ੁਰੂ ਕੀਤੇ ਗਏ ਵਿਕਾਸ ਕੰਮਾਂ ਵਿੱਚ ਪਿੰਡਾਂ ਦੀਆਂ ਗਲ਼ੀਆਂ-ਨਾਲ਼ੀਆਂ ਦੀ ਮੁਰੰਮਤ ਅਤੇ ਨਿਰਮਾਣ, ਧਰਮਸ਼ਾਲਾਵਾਂ ਦੀ ਮੁਰੰਮਤ ਅਤੇ ਨਵੀਂ ਰੂਪ-ਰੇਖਾ, ਖੇਡ ਮੈਦਾਨਾਂ ਦੀ ਤਿਆਰੀ, ਸਟ੍ਰੀਟ ਲਾਈਟਾਂ ਦੀ ਵਿਵਸਥਾ, ਪੀਣ ਵਾਲੇ ਪਾਣੀ ਦੀ ਸਪਲਾਈ ਸੁਧਾਰ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਜੁੜੇ ਪ੍ਰੋਜੈਕਟ ਸ਼ਾਮਲ ਹਨ। ਵਿਧਾਇਕ ਨੇ ਕਿਹਾ ਕਿ ਇਹ ਸਾਰੇ ਕੰਮ ਪਾਰਦਰਸ਼ਤਾ ਅਤੇ ਗੁਣਵੱਤਾ ਨਾਲ ਪੂਰੇ ਕਰਵਾਏ ਜਾਣਗੇ, ਤਾਂ ਜੋ ਲੋਕਾਂ ਨੂੰ ਲੰਬੇ ਸਮੇਂ ਤੱਕ ਇਸ ਦਾ ਲਾਭ ਮਿਲ ਸਕੇ।

ਵਿਧਾਇਕ ਗਿਆਸਪੁਰਾ ਨੇ ਐਲਾਨ ਕੀਤਾ ਕਿ ਮਾਰਚ ਮਹੀਨੇ ਦੌਰਾਨ ਪਾਇਲ ਹਲਕੇ ਦੇ ਪਿੰਡਾਂ ਦੇ ਵਿਕਾਸ ਲਈ ਹੋਰ 15 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਅਪ੍ਰੈਲ ਅਤੇ ਮਈ ਮਹੀਨਿਆਂ ਵਿੱਚ ਕਰੀਬ 10 ਕਰੋੜ ਰੁਪਏ ਹੋਰ ਮਿਲਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਇਹ ਰਕਮ ਪਿੰਡਾਂ ਦੀਆਂ ਲੋੜਾਂ ਅਨੁਸਾਰ ਖਰਚ ਕੀਤੀ ਜਾਵੇਗੀ, ਤਾਂ ਜੋ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਾ ਰਹੇ।

# ਬੇਕਾਬੂ ਸਕਾਰਪਿਓ ਦੀ ਰੇਹੜੀਆਂ ਨਾਲ ਟੱਕਰ, ਇੱਕ ਦੀ ਮੌਤ, ਇੱਕ ਗੰਭੀਰ ਜ਼ਖ਼ਮੀ

ਮੁੱਲਾਂਪੁਰ ਦਾਖਾ, 26 ਫਰਵਰੀ (ਦਵਿੰਦਰ ਸਿੰਘ ਲੰਮੇਂ) : ਲੁਧਿਆਣਾ-ਫਿਰੋਜ਼ਪੁਰ ਮੁੱਖ ਮਾਰਗ 'ਤੇ ਸਥਿਤ ਟੋਲ ਪਲਾਜ਼ਾ ਨੇੜੇ ਬੇਕਾਬੂ ਸਕਾਰਪਿਓ ਚਾਲਕ ਨੇ ਫਰੂਟ ਰੇਹੜੀ ਵਾਲਿਆਂ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਰਾਹਗੀਰਾਂ ਦੀ ਮੱਦਦ ਨਾਲ ਲੁਧਿਆਣਾ ਦੇ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ। ਇਲਾਜ ਦੌਰਾਨ ਇੱਕ ਨੌਜਵਾਨ ਦੀ ਮੌਤ ਹੋ ਗਈ।

ਜਾਣਕਾਰੀ ਅਨੁਸਾਰ ਸਕਾਰਪਿਓ ਗੱਡੀ ਮੁੱਲਾਂਪੁਰ ਤੋਂ ਜਗਰਾਓਂ ਵੱਲ ਜਾ ਰਹੀ ਸੀ। ਜਦੋਂ ਇਹ ਗੱਡੀ ਟੋਲ ਪਲਾਜ਼ਾ ਦੇ ਨਜ਼ਦੀਕ ਪੁੱਜੀ ਤਾਂ ਸੰਤੁਲਨ ਬਿਗੜ ਜਾਣ ਕਾਰਨ ਇਹ ਸੜਕ ਕਿਨਾਰੇ ਖੜ੍ਹੀ ਬੇਰ ਅਤੇ ਗੰਨੇ ਦੇ ਰਸ ਦੀਆਂ ਰੇਹੜੀਆਂ ਨਾਲ ਜਾ ਟਕਰਾਈ। ਜਿਸ ਕਾਰਨ ਦੋਵੇਂ ਰੇਹੜੀਆਂ ਬੁਰੀ ਤਰ੍ਹਾਂ ਨੁਕਸਾਨੀ ਗਈਆਂ ਅਤੇ ਰੇਹੜੀ ਵਾਲੇ ਵੀ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਲੋਕਾਂ ਦੀ ਮੱਦਦ ਨਾਲ ਲੁਧਿਆਣਾ ਦੇ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਨਿਰਮਲ (16) ਪੁੱਤਰ ਰਾਮਲਾਲ ਨਿਵਾਸੀ ਰਾਏਕੋਟ ਦੀ ਮੌਤ ਹੋ ਗਈ ਅਤੇ ਦੂਜੇ ਜ਼ਖ਼ਮੀ ਅਰੁਣ ਪੁੱਤਰ ਅਰਜੁਨ ਸਿੰਘ ਵਾਸੀ ਮੁਜ਼ੱਫ਼ਰਨਗਰ (ਹਾਲ ਵਾਸੀ ਪਿੰਡ ਗੁੜੇ) ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਦਾਖਾ ਪੁਲਿਸ ਨੇ ਹਾਦਸਾਗ੍ਰਸਤ ਵਾਹਨ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਬੀਕੇਯੂ ਚੜੂਨੀ ਨੇ ਅਰੋੜਾ ਨੂੰ ਜਨਰਲ ਸਕੱਤਰ ਪੰਜਾਬ ਦੀ ਜ਼ਿੰਮੇਵਾਰੀ ਦਿੱਤੀ

ਲੁਧਿਆਣਾ, 26 ਫਰਵਰੀ (ਰਵਿੰਦਰ ਸਿੰਘ ਨਿੱਝਰ) : ਭਾਰਤੀ ਕਿਸਾਨ ਯੂਨੀਅਨ ਚੜੂਨੀ ਦੀ ਇੱਕ ਅਹਿਮ ਮੀਟਿੰਗ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਹੈਪੀ ਦੀ ਅਗਵਾਈ ਹੇਠ ਹੋਈ, ਜਿਸ ਦੇ ਵਿੱਚ ਸੀਨੀਅਰ ਮੀਤ ਪ੍ਰਧਾਨ ਜਸਮੇਰ ਸਿੰਘ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਯੂਨੀਅਨ ਦੇ ਨਾਲ ਪਹਿਲਾਂ ਤੋਂ ਹੀ ਜੁੜੇ ਆਗੂਆਂ ਦੀਆਂ ਸੇਵਾਵਾਂ ਨੂੰ ਦੇਖਦਿਆਂ ਹੋਇਆਂ ਰਾਸ਼ਟਰੀ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਪੰਜਾਬ ਪ੍ਰਧਾਨ ਵੱਲੋਂ ਜਗਜੀਤ ਸਿੰਘ ਅਰੋੜਾ ਨੂੰ ਜਨਰਲ ਸਕੱਤਰ ਪੰਜਾਬ, ਰੋਸ਼ਨ ਸਿੰਘ ਸਾਗਰ ਮੀਤ ਪ੍ਰਧਾਨ ਪੰਜਾਬ, ਕੈਪਟਨ ਕੁਲਵੰਤ ਸਿੰਘ ਮੀਤ ਪ੍ਰਧਾਨ ਪੰਜਾਬ, ਕੁਲਵਿੰਦਰ ਸਿੰਘ ਨੂੰ ਮੀਡੀਆ ਇੰਚਾਰਜ ਅਤੇ ਸੁਖਦੇਵ ਸਿੰਘ ਕਨੀਜਾ ਜਨਰਲ ਸਕੱਤਰ ਲੁਧਿਆਣਾ ਦੇ ਨਿਯੁਕਤੀ ਪੱਤਰ ਦਿੱਤੇ ਗਏ।ਇਸ ਮੌਕੇ ਨਿਯੁਕਤੀ ਪੱਤਰ ਹਾਸਿਲ ਕਰਦਿਆਂ ਅਰੋੜਾ ਅਤੇ ਸਾਗਰ ਨੇ ਸ਼੍ਰੀ ਚੜੂਨੀ ਅਤੇ ਪੰਜਾਬ ਪ੍ਰਧਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਯੂਨੀਅਨ ਦੇ ਸਾਥੀ ਬਣਨ 'ਤੇ ਸਾਨੂੰ ਬਹੁਤ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ, ਕਿਉਂਕਿ ਬੀਕੇਯੂ ਚੜੂਨੀ ਲੋਕ ਮਸਲਿਆਂ, ਲੋਕ ਹਿੱਤਾਂ ਅਤੇ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਿੱਚ ਮੋਹਰੀ ਰੋਲ ਅਦਾ ਕਰ ਰਹੀ ਹੈ।ਨਿਯੁਕਤੀ ਪੱਤਰ ਹਾਸਲ ਕਰਦਿਆਂ ਆਗੂਆਂ ਨੇ ਵਿਸ਼ਵਾਸ ਦਵਾਇਆ ਕਿ ਉਹ ਯੂਨੀਅਨ ਦੀਆਂ ਉਮੀਦਾਂ 'ਤੇ ਪੂਰੀ ਤਰ੍ਹਾਂ ਖਰੇ ਉਤਰਨਗੇ ਅਤੇ ਲੋਕ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਲਈ ਯੂਨੀਅਨ ਦੇ ਮੋਢੇ ਦੇ ਨਾਲ ਮੋਢਾ ਲਾ ਕੇ ਚੱਲਣਗੇ। ਇਸ ਮੌਕੇ ਬੀਕੇਯੂ ਚੜੂਨੀ ਵੱਲੋਂ 23 ਮਾਰਚ ਨੂੰ ਹਰਿਆਣਾ ਦੇ ਪਿੱਪਲੀ ਵਿਖੇ ਅਨਾਜ ਘੁਟਾਲੇ ਅਤੇ ਮੋਦੀ ਸਰਕਾਰ ਅਤੇ ਟਰੰਪ ਸਰਕਾਰ ਵਿਚਕਾਰ ਹੋਈ ਟਰੇਡ ਡੀਲ ਦੇ ਖ਼ਿਲਾਫ਼ ਹੋਣ ਵਾਲੀ ਵੱਡੀ ਰੈਲੀ ਵਿੱਚ ਜਾਣ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ।

# ਸਵਦੇਸ਼ੀ ਮੇਲੇ ਵਿੱਚ ਸਪਰਿੰਗ ਡੇਲ ਸਕੂਲ ਦੇ ਚੇਅਰਪਰਸਨ ਅਤੇ ਦੋ ਹੋਰਾਂ ਦਾ ਸਨਮਾਨ



ਲੁਧਿਆਣਾ, 26 ਫਰਵਰੀ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਸ਼ਹਿਰ ਦੇ ਪੀ.ਏ.ਯੂ. ਗਰਾਊਂਡ ਵਿੱਚ ਹੋਇਆ ਸਵਦੇਸ਼ੀ ਮੇਲਾ ਸਪਰਿੰਗ ਡੇਲ ਪਬਲਿਕ ਸਕੂਲ ਲਈ ਬਹੁਤ ਮਾਣ ਦਾ ਪਲ ਬਣ ਗਿਆ, ਕਿਉਂਕਿ ਇਸਦੀਆਂ ਤਿੰਨ ਪ੍ਰਸਿੱਧ ਮਹਿਲਾ ਆਗੂਆਂ, ਚੇਅਰਪਰਸਨ ਸ਼੍ਰੀਮਤੀ ਅਵਿਨਾਸ਼ ਕੌਰ ਵਾਲੀਆ, ਕਮਲਪ੍ਰੀਤ ਕੌਰ (ਡਾਇਰੈਕਟਰ), ਅਤੇ ਸੋਨੀਆ ਵਰਮਾ (ਡਿਪਟੀ ਡਾਇਰੈਕਟਰ) ਨੂੰ ਪੀ.ਏ.ਯੂ. ਗਰਾਊਂਡ ਵਿੱਚ ਸਿੱਖਿਆ ਅਤੇ ਸਮਾਜਿਕ ਲੀਡਰਸ਼ਿਪ ਵਿੱਚ ਉਨ੍ਹਾਂ ਦੇ ਮਿਸਾਲੀ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।ਮਹਿਲਾ ਮੋਰਚਾ ਦੀ ਉਪ ਪ੍ਰਧਾਨ ਰਾਸ਼ੀ ਹੇਮਰਾਜ ਅਗਰਵਾਲ ਦੁਆਰਾ ਤਿਆਰ ਕੀਤੇ ਗਏ ਇਸ ਸਮਾਗਮ ਵਿੱਚ ਵੱਖ-ਵੱਖ ਖ਼ੇਤਰਾਂ ਦੀਆਂ ਪ੍ਰਾਪਤੀਆਂ ਵਾਲੀਆਂ ਔਰਤਾਂ ਦਾ ਇਸਤਕਬਾਲ ਕੀਤਾ ਗਿਆ।

ਸ਼੍ਰੀਮਤੀ ਅਵਿਨਾਸ਼ ਕੌਰ ਵਾਲੀਆ, ਚੇਅਰਪਰਸਨ ਅਤੇ ਸੰਸਥਾਪਕ-ਪ੍ਰਿੰਸੀਪਲ ਨੂੰ ਪਰਿਵਰਤਨਸ਼ੀਲ ਸਿੱਖਿਆ ਪ੍ਰਤੀ ਉਨ੍ਹਾਂ ਦੇ ਜੀਵਨ ਭਰ ਦੇ ਸਮਰਪਣ ਲਈ ਮਾਨਤਾ ਦਿੱਤੀ ਗਈ। ਡਾਇਰੈਕਟਰ ਸ਼੍ਰੀਮਤੀ ਕਮਲਪ੍ਰੀਤ ਕੌਰ ਵਾਲੀਆ ਨੂੰ ਉਨ੍ਹਾਂ ਦੀ ਗਤੀਸ਼ੀਲ ਅਕਾਦਮਿਕ ਅਗਵਾਈ ਲਈ ਪ੍ਰਸ਼ੰਸਾ ਕੀਤੀ ਗਈ, ਇਹ ਸਪਰਿੰਗ ਡੇਲ ਭਾਈਚਾਰੇ ਲਈ ਇੱਕ ਯਾਦਗਾਰੀ ਮੌਕਾ ਬਣ ਗਿਆ। ਸਕੂਲ ਦੇ ਪ੍ਰਿੰਸੀਪਲ ਅਨਿਲ ਸ਼ਰਮਾ ਅਤੇ ਸਮੂਹ ਸਟਾਫ਼ ਨੇ ਇਸ ਸ਼ਲਾਘਾਯੋਗ ਉਪਲੱਬਧੀ ਲਈ ਚੇਅਰਪਰਸਨ, ਡਾਇਰੈਕਟਰ ਅਤੇ ਡਿਪਟੀ- ਡਾਇਰੈਕਟਰ ਨੂੰ ਬਹੁਤ-ਬਹੁਤ ਵਧਾਈਆਂ ਦਿੱਤੀਆਂ।


## ਬੈਂਕ ਆਫ ਬੜੌਦਾ Bank of Baroda

ਆਰਓ ਲੁਧਿਆਣਾ, ਪਤਾ : ਬੀ 20-3369, ਤੀਜੀ ਮੰਜ਼ਿਲ, ਸੰਧੂ ਟਾਵਰ 2, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
Contact No. 0161-5127233, Email ID: sarlud@bankofbaroda.bank.in

ਈ-ਨਿਲਾਮੀ ਵਿਕਰੀ ਸੂਚਨਾ

ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ
"ਅੰਤਿਕਾ-4-ਏ [ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ]

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (†), ਗਿਰਵੀਕਾਰ (†) ਅਤੇ ਜ਼ਾਮਨ (†) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ" ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ (†)/ਗਿਰਵੀਕਾਰ (†)/ਜ਼ਾਮਨ(†)/ਸੁਰੱਖਿਅਤ ਸੰਪੱਤੀ/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

| ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ | ਈ-ਨਿਲਾਮੀ ਦੇ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | ਐਮਡੀ ਦੇ ਭੁਗਤਾਨ ਦੀ ਵਿਧੀ |
|---|---|---|
| 17.03.2026 ਨੂੰ ਸ਼ਾਮ 05.00 ਵਜੇ ਤੱਕ | 18.03.2026 ਨੂੰ ਬਾ.ਦੁ. 02.00 ਵਜੇ ਤੋਂ ਸ਼ਾਮ 06.00 ਵਜੇ ਤੱਕ | ਆਰਟੀਜੀਐਸ/ਐਨਈਐਫਟੀ |

| ਲ. ਨੰ. | ਕਰਜ਼ਦਾਰ (†), ਜ਼ਾਮਨ (†) ਅਤੇ ਗਿਰਵੀਕਾਰ(†) ਦਾ ਨਾਮ ਅਤੇ ਪਤਾ | ਗੈਰ ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਅਚੱਲ ਸੰਪੱਤੀ ਦੇ ਵਿਸਥਾਰਤ ਵੇਰਵੇ | ਕੁੱਲ ਬਕਾਏ, ਵਿਆਜ ਅਤੇ ਹੋਰ ਫੀਸਾਂ ਤੋਂ ਬਿਨਾਂ / ਸਰਫਾਇਸੀ ਦੇ ਅਧੀਨ ਕਬਜ਼ੇ ਦੀ ਸਥਿਤੀ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਸ਼ਾਖਾ ਪ੍ਰਬੰਧਕ ਅਤੇ ਅਧਿਕਾਰਤ ਅਧਿਕਾਰੀ |
|---|---|---|---|---|---|---|
ਗਰੀਬ ਜਾਤੀ ਦੇ ਸ਼ਹੀਦ ਦਾ ਬੁੰਗਾ ਹੋਣ ਕਰਕੇ ਅਤੇ ਗਰੀਬ ਪੱਛੜੀ ਜਾਤੀ ਦਾ ਗ੍ਰੰਥੀ ਹੋਣਾ ਵੱਡੇ ਸਾਹਿਬਜਾਦੇ ਵਾਲੇ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਇਹ ਸਭ ਕੁੱਝ ਕਬੂਲ ਨਹੀ ਹੁੰਦਾ ਸੀ। ਹਰਨਾਮ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਜਵਾਲਾ ਸਿੰਘ ਤੋਂ ਸ਼ਹੀਦ ਬੁੰਗਾ ਦਾ 1907 ਵਿੱਚ ਗੁਰੂ ਗ੍ਰੰਥ ਸਾਹਿਬ ਕੋਈ ਮੰਗ ਕੇ ਲੈ ਗਿਆ। ਜਿਸ ਨੂੰ ਵਾਪਸ ਨਹੀ ਕੀਤਾ। ਇਹ ਗੁਰੂ ਗ੍ਰੰਥ ਕੋਈ ਮੰਗ ਕੇ ਲੈ ਗਿਆ ਜਿਸ ਨੇ ਵਾਪਸ ਨਹੀ ਕੀਤਾ। ਇਹ ਗੁਰੂ ਗ੍ਰੰਥ ਸਾਹਿਬ ਸ਼ਿਕਾਇਤ ਕਰਨ ਵਾਲਿਆ ਨੇ ਹੀ ਆਪਣੇ ਬੰਦੇ ਭੇਜ ਕੇ ਗੁਰੂ ਗ੍ਰੰਥ ਸਾਹਿਬ ਨਾ ਵਾਪਸ ਕਰਨ ਦੀ ਸਾਜਿਸ਼ ਰਚੀ ਲਗਦੀ ਹੈ। ਜ਼ੋ ਕਿ ਬਾਅਦ ਵਿੱਚ ਇਸ ਗਰੁੱਪ ਦੇ ਭਾਈ ਕਾਬਲ ਸਿੰਘ ਭਾਈ ਕਰਤਾਰ ਸਿੰਘ, ਭਾਈ ਗੁਰਦਿੱਤ ਸਿੰਘ ਨੇ ਲਿਖਤੀ ਰੂਪ ਵਿੱਚ ਜਵਾਲਾ ਸਿੰਘ ਦੀ ਤਨਖਾਹ ਜਬਤ ਕਰਨ ਬਾਰੇ ਡਿਊਢੀ ਮਾਮਲਾ ਰਿਆਸਤ ਪਟਿਆਲਾ ਸਰਕਾਰ ਦੇ ਸ਼ਿਕਾਇਤ ਕੀਤੀ ਸੀ ਕਿ ਜਵਾਲਾ ਸਿੰਘ ਸ਼ਹੀਦ ਬੁੰਗੇ ਦੇ ਅਸਥਾਨ ਤੇ ਧੂਫ ਦੀਪ ਜ਼ੋਤ ਨਹੀ ਕਰਦਾ ਨਾ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦਾ ਹੈ। ਗੁਰਦੁਆਰੇ ਦਾ ਦਰਵਾਜਾ ਬੰਦ ਰਹਿੰਦਾ ਹੈ। ਖੁਫੀਆ ਪੜਤਾਲ ਕਰਕੇ 72 ਰੁਪਏ ਦੀ ਰਕਮ ਤਨਖਾਹ ਜਵਾਲਾ ਸਿੰਘ ਦੀ ਜਬਤ ਕੀਤੀ ਜਾਵੇ।

ਕੀਤੀ ਗਈ ਸ਼ਿਕਾਇਤ ਦਾ ਜ਼ੋ ਜਵਾਲਾ ਸਿੰਘ ਨੇ ਡਿਊਢੀ ਮਾਮਲਾ ਰਿਆਸਤ ਪਟਿਆਲਾ ਸਰਕਾਰ ਦੇ ਜਵਾਬ ਦਿੱਤਾ ਉਰਦੂ ਭਾਸ਼ਾ ਤੋਂ ਪੰਜਾਬੀ ਅਨੁਵਾਦ ਤਰਜਮਾ ਬਾਬਾ ਬਲਦੇਵ ਸਿੰਘ ਤਲਾਈਆ ਨੇ ਸਰਕਾਰ ਦੀ ਫੀਸ ਕਰਕੇ ਜ਼ੋ ਕਰਾਇਆ ਹੈ ਉਹ ਇਸ ਤਰ੍ਹਾਂ ਸੀ।

ਮੈਂ ਜਵਾਲਾ ਸਿੰਘ ਸ਼ਹੀਦ ਬੁੰਗਾ ਵਾਕਿਆ ਫਤਿਹਗੜ੍ਹ ਸਾਹਿਬ ਮੇਰੇ ਪ੍ਰਬੰਧ ਵਿੱਚ ਹੈ ਪਹਿਲਾਂ ਮੇਰੇ ਪਿਤਾ ਹਰਨਾਮ ਸਿੰਘ ਸੇਵਾ ਕਰਦੇ ਸਨ ਉਨ੍ਹਾਂ ਦੀ ਮੌਤ ਤੋਂ ਬਾਅਦ ਮੈਂ ਸੇਵਾ ਕਰਦਾ ਹਾਂ। 72 ਰੁਪਏ ਸਲਾਨਾ ਬਾਬਤ ਸੇਵਾ ਧੂਫ ਦੀਪ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੇ ਹਨ। ਮੈਂ ਵਸਾਖ ਅਤੇ ਕਤਕ ਦੇ ਮਹੀਨੇ 36 ਰੁਪਏ ਤਨਖਾਹ ਲੈ ਆਉਦਾ ਹਾਂ। ਕਰੀਬ ਇੱਕ ਮਹੀਨੇ ਤੋਂ ਉੱਥੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਨਹੀ ਕੀਤਾ। ਕੋਈ ਮੰਗ ਕੇ ਲੈ ਗਿਆ ਸੀ। ਰਹਿਰਾਸ ਦਾ ਪਾਠ ਉੱਥੇ ਰੋਜ਼ ਹੁੰਦਾ ਹੈ। ਦੀਵਾ ਰੋਜ਼ ਬਾਲੀਦਾ ਹੈ। ਜ਼ੋ ਘੜਿਆਲ ਮੈਂ ਗੁਰਦੁਆਰਾ ਸਾਹਿਬ ਪਾਸ ਵੇਚਿਆ ਸੀ। ਉਹ ਮੇਰਾ ਲੜਕਾ ਤਿਰਲੋਕ ਸਿੰਘ ਸ੍ਰੀ ਨਨਕਾਣਾ ਸਾਹਿਬ ਤੋਂ ਲੈ ਕੇ ਆਇਆ ਸੀ। ਮੈਂ ਇਸ ਗੱਲ ਦੀ ਭੁੱਲ ਮੰਨਦਾ ਹਾਂ। ਕਿ ਮੈਂ ਇਸ ਪਵਿੱਤਰ ਅਸਥਾਨ ਦੀ ਧੂਪ ਦੀਪ ਬਕਾਇਤਾ ਨਹੀ ਕਰਦਾ। ਮੈਂ ਪਿਛਲੀਆਂ ਗੱਲਾਂ ਦੀ ਮੁਆਫੀ ਮੰਗਦਾ ਹਾਂ। ਤੱਥਾ ਇਕਰਾਰ ਕਰਦਾ ਹਾਂ ਕਿ ਅੱਜ ਤੋਂ ਮੁਆਫੀ ਦੀਆਂ ਸ਼ਰਤਾਂ ਦਾ ਪਾਬੰਦ ਰਹਾਂਗਾ। ਪਾਠ ਧੂਫ ਦੀਪ ਗੁਰਮਰਿਯਾਦਾ ਅਨੁਸਾਰ ਕਰਦਾ ਰਹਾਂਗਾ। ਜੇਕਰ ਮੈਂ ਮੁਆਫੀ ਦੀਆਂ ਸ਼ਰਤਾਂ ਦਾ ਪਾਬੰਦ ਨਾ ਰਿਹਾ ਤਾਂ ਡਿਊਢੀ ਮਾਮਲਾ ਨੂੰ ਪੂਰਾ ਅਖਤਿਆਰ ਹੈ ਕਿ ਮੈਨੂੰ ਇਸ ਸੇਵਾ ਤੋਂ ਹਟਾਕੇ ਕਿਸੇ ਯੋਗ ਸਿੱਖ ਨੂੰ ਸੇਵਾ ਦੇ ਦੇਣ।

ਡਿਊਢੀ ਮਾਮਲਾ ਰਿਆਸਤ ਪਟਿਆਲਾ ਦੇ ਸ਼ਿਕਾਇਤ ਕਰਨ ਵਾਲੇ ਭਾਈ ਕਾਬਲ ਸਿੰਘ, ਭਾਈ ਕਰਤਾਰ ਸਿੰਘ ਭਾਈ ਗੁਰਦਿੱਤ ਸਿੰਘ ਗੁਰਦੁਆਰਾ ਕਮੇਟੀ ਫਤਿਹਗੜ੍ਹ ਸਾਹਿਬ ਦੇ ਮੈਂਬਰਾਂ ਵਲੋਂ ਮੁੜ ਆਪ ਹੀ ਰਿਆਸਤ ਪਟਿਆਲਾ ਡਿਊਟੀ ਮਾਮਲਾ ਦੇ ਦਰਖਾਸਤ ਦੇ ਕੇ ਜਵਾਲਾ ਸਿੰਘ ਨੂੰ ਮਾਫ ਕਰਕੇ ਮੁੜ ਇੱਕ ਮੌਕਾ ਹੋਰ ਦੇਣ ਦੀ ਸਿਫਾਰਸ਼ ਲਿਖਤੀ ਰੂਪ ਵਿੱਚ ਦਿੰਦੇ ਹਨ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ।

ਪਿਛਲੇ 26 ਸਾਲਾਂ ਤੋਂ ਭਾਈ ਜਵਾਲਾ ਸਿੰਘ ਸ਼ਹੀਦ ਬੁੰਗਾ ਦੀ ਸੇਵਾ ਕਰਦਾ ਆ ਰਿਹਾ ਹੈ। 1959 ਵਿੱਚ ਬੁੰਗੇ ਵਿੱਚ ਚੋਰੀ ਹੋ ਗਈ। ਉਸ ਵਕਤ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਈ ਜਵਾਲਾ ਸਿੰਘ ਪੁੱਤਰ ਭਾਈ ਹਰਨਾਮ ਸਿੰਘ ਆਪਣੇ ਘਰ ਲੈ ਆਏ ਸਨ। ਉਸ ਵਖਤ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਕਦੀ ਪ੍ਰਕਾਸ਼ ਨਹੀ ਹੋਏ। ਭਾਈ ਜਵਾਲਾ ਸਿੰਘ ਇਸ ਦੀ ਭੁੱਲ ਮੰਨਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜੂਰ ਪ੍ਰਨ ਕਰ ਲਿਆ ਹੈ ਕਿ ਮੁਆਫੀ ਦੀਆਂ ਸ਼ਰਤਾਂ ਦਾ ਪਾਬੰਦ ਰਹਾਂਗਾ। ਅਸੀ ਸਾਰੇ ਇਸ ਨੂੰ ਮੁਆਫ ਕਰਦੇ ਹਾਂ। ਇਸ ਨੂੰ ਇਕ ਮੌਕਾ ਸੇਵਾ ਦਾ ਹੋਰ ਦਿੱਤਾ ਜਾਵੇ ਜੀ।

1947 ਦੀ ਵੰਡ ਤੋਂ ਬਾਅਦ ਸ਼ਹੀਦ ਬੁੰਗਾ ਅਸਥਾਨ ਪੈਪਸੂ ਅਧੀਨ ਆ ਚੁੱਕਾ ਸੀ। ਪੈਪਸੂ ਟੁੱਟਣ ਤੋਂ ਬਾਦਅ 01-01-1956 ਤੋਂ ਇਹ ਅਸਥਾਨ ਪੰਜਾਬ ਸਰਕਾਰ ਦੇ ਅਧੀਨ ਆ ਚੁੱਕਾ ਹੈ। ਜਵਾਲਾ ਸਿੰਘ ਦੇ ਪੜਪੋਤੇ ਭੁਪਿੰਦਰ ਸਿੰਘ ਵੱਲੋ ਪਾਕਿਸਤਾਨ ਤੋਂ ਉੱਜੜ ਕੇ ਆਏ ਬਲਦੇਵ ਸਿੰਘ ਤਲਾਈਆ ਨੂੰ ਇਹ ਕਹਿ ਕੇ ਸ਼ਹੀਦ ਬੁੰਗਾ ਦੀ ਜਮੀਨ ਜਗੀਰ ਪਿਤਾ ਦੇ ਨਿਯੁਕਤੀ ਪੱਤਰ ਸਰੋਵਰ ਦੇ ਕਾਗਜ ਪੱਤਰ ਆਦਿ ਦੇ ਕੇ ਕਿਹਾ ਸੀ ਕਿ ਇਹ ਅਸਥਾਨ ਤੁਹਾਡੀ ਜਾਤੀ ਬਰਾਦਰੀ ਕੱਪੜਾ ਬੁੰਨਣ ਵਾਲੇ ਜੁਲਾਹਾ ਜਾਤ ਦੀ ਭਾਈ ਸੰਗਤ ਸਿੰਘ ਰਾਮਦਾਸੀਆ ਸਿੱਖ ਦਾ ਸ਼ਹੀਦ ਬੁੰਗਾ ਹੈ। ਜਿਸ ਨੂੰ ਦਸਵੇਂ ਪਾਤਸ਼ਾਹ ਨੇ ਆਪਣੀ ਕਲਗੀ ਸ਼ਾਸ਼ਤਰ ਬਾਸਤਰ ਪਹਿਨਕੇ ਆਪਣਾ ਰੂਪ ਦੇ ਕੇ ਚਮਕੌਰ ਦੀ ਗੜ੍ਹੀ ਦੀ ਜੱਥੇਦਾਰੀ ਦਿੱਤੀ ਸੀ। ਉਨ੍ਹਾਂ ਦਾ ਸ਼ਹੀਦ ਹੋਣ ਤੋਂ ਬਾਅਦ ਜੰਗੀ ਰੱਥ ਤੇ ਧੜ ਨਾਲੋ ਸੀਸ ਕੱਟ ਕੇ ਸੂਬਾ ਸਰਹਿੰਦ ਦੇ ਪੇਸ਼ ਕੀਤਾ ਗਿਆ ਸੀ। ਤਾਂ ਜੋ ਸੈਨਿਕ ਵਜੀਦ ਖਾਨ ਤੋਂ ਇਨਾਮ ਪ੍ਰਾਪਤ ਕਰ ਸਕਣ। ਪਰ ਸੀਸ ਗੁਰੂ ਗੋਬਿੰਦ ਦੀ ਬਜਾਏ ਭਾਈ ਸੰਗਤ ਸਿੰਘ ਦਾ ਨਿਕਲਿਆ ਸੀ। ਜਿਸ ਦਾ ਇਸ ਅਸਥਾਨ ਤੇ ਸੀਸ ਦਾ ਸੰਸਕਾਰ ਕੀਤਾ ਗਿਆ ਸੀ।

ਬੀਬੀ ਬਿਅੰਤ ਕੌਰ ਪਤਨੀ ਐਡਵੋਕੇਟ ਜਗਰੂਪ ਸਿੰਘ ਪਟਿਆਲਾ ਵਲੋਂ ਸ਼ਹੀਦ ਬੁੰਗਾ ਭਾਈ ਸੰਗਤ ਸਿੰਘ ਦਾ ਹੋਣ ਪ੍ਰਤੀ ਪੰਜਾਬ ਸਰਕਾਰ ਦੇ ਅਸਥਾਨ ਸਬੰਧੀ 2022 ਤੋਂ ਕੇਸ ਚਲ ਰਿਹਾ ਹੈ। ਜੋ ਡੀ.ਸੀ. ਦਫਤਰ ਅਤੇ ਐਸ.ਡੀ.ਐਮ. ਦਫਤਰ ਅਤੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਸਾਹਿਬ ਪੇਸ਼ੀ ਤੇ ਹਾਜਰ ਹੁੰਦੇ ਹਨ। ਜੱਜ ਸਾਹਿਬ ਵੱਲੋਂ ਸ਼੍ਰੋਮਣੀ ਕਮੇਟੀ ਦੇ ਵਕੀਲ ਸਿਮਰਨਜੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਸੁਪਰਡੈਂਟ ਸ੍ਰ. ਕੁਲਦੀਪ ਸਿੰਘ ਨੂੰ ਦਿਸ਼ਾ ਨਿਰਦੇਸ਼ ਦਿੱਤੇ ਸਨ ਕਿ ਜ਼ੋ ਗੁਰਚਰਨ ਸਿੰਘ ਬੀਬੀ ਬੇਅੰਤ ਕੌਰ ਤੋਂ ਕੇਸ ਲੜਨ ਦਾ ਅਧਿਕਾਰ ਲੈ ਕੇ ਕੇਸ ਲੜ ਰਿਹਾ ਹੈ। ਸ਼੍ਰੋਮਣੀ ਕਮੇਟੀ ਨਾਲ ਇਨ੍ਹਾਂ ਦੀ ਮੁਲਾਕਾਤ ਕਰਾਕੇ ਇਸ ਨੂੰ ਬਾਬਾ ਜੀ ਭਾਈ ਸੰਗਤ ਸਿੰਘ ਦੇ ਗੁਰਦੁਆਰਾ ਬਣਾਉਣ ਵਿੱਚ ਸਹਿਯੋਗ ਦਿਵਾਉ। ਭਾਈ ਸੰਗਤ ਸਿੰਘ ਇਕੱਲੇ ਗੁਰਚਰਨ ਸਿੰਘ ਦਾ ਨਹੀ ਸਿੱਖ ਪੰਥ ਦਾ ਹੈ ਜਿਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਾਥ ਦੇਣਾ ਜਾ ਨਿੱਜੀ ਤੌਰ ਤੇ ਯਾਦਗਾਰ ਸਥਾਪਤ ਕਰਨ ਦਾ ਅਧਿਕਾਰ ਦੇਣਾ ਬਣਦਾ ਹੈ। ਮਿਤੀ 26-07-2025 ਨੂੰ ਕੁਲਦੀਪ ਸਿੰਘ ਵੱਲੋ ਉਚੇਚੇ ਤੌਰ ਤੇ ਜੱਜ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਬੁਲਾਇਆ ਗਿਆ। ਜੋ ਅੰਮ੍ਰਿਤਸਰ ਦਫਤਰ ਵਿਖੇ ਲੈਬ ਸਿੰਘ ਤਲਾਈਆ, ਗੁਰਮੁੱਖ ਸਿੰਘ ਜਾਗੀ ਰੁੜਕੀ ਵਾਲਾ ਤੇ ਗੁਰਚਰਨ ਸਿੰਘ ਬੰਬੀਹਾ ਭਾਈ ਪੇਸ਼ ਹੋਏ, ਜਿਨ੍ਹਾਂ ਨੂੰ ਧਾਮੀ ਸਾਹਿਬ ਦੇ ਵਿਸ਼ੇਸ਼ ਸਕੱਤਰ ਹਰਭਜਨ ਸਿੰਘ ਵਰਤਾ ਜੀ ਨੇ ਕਿਹਾ ਕਿ ਜ਼ੋ ਭਾਈ ਸੰਗਤ ਸਿੰਘ ਜੀ ਦੀਆਂ ਆਮ ਪੁਰਾਤਨ ਰਿਆਸਤ ਦੇ ਸਮੇਂ ਦੀਆਂ ਸ਼ਰਤਾਂ ਰਸਮਾਂ ਰੀਤਾਂ ਅਨੁਸਾਰ ਸੇਵਾ ਕਰਦੇ ਆ ਰਹੇ ਹਨ। ਕਰੀ ਚਲੋ ਇਹ ਸੇਵਾ ਆਪ ਨੇ ਬੰਦ ਨਹੀ ਕਰਨੀ। ਪਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਆਪ ਨੂੰ ਕੋਈ ਬਿਲਡਿੰਗ ਨਹੀ ਬਣਾਕੇ ਦੇ ਸਕਦੀ ਅਤੇ ਨਾ ਹੀ ਤੁਹਾਨੂੰ ਸੇਵਾ ਕਰਨ ਤੋਂ ਰੋਕ ਸਕਦੀ ਹੈ।

ਪਰ ਮਿਤੀ 07-08-2025 ਨੂੰ ਮੈਨੇਜਰ ਰਣਜੀਤ ਸਿੰਘ ਫਤਿਹਗੜ੍ਹ ਸਾਹਿਬ ਵੱਲੋਂ ਰਾਤ ਦੇ ਹਨੇਰੇ ਵਿੱਚ ਭਾਈ ਸੰਗਤ ਸਿੰਘ ਜੀ ਦੇ ਸ਼ਹੀਦ ਬੁੰਗਾ ਦੀਆਂ ਲਾਈਟਾਂ ਦੀ ਭੰਨ ਤੋੜ ਕੀਤੀ ਗਈ। ਬਲਬ ਲਾਹ ਕੇ ਲੈ ਗਿਆ। ਪਾਣੀ ਦੀ ਟੈਂਕੀ ਦੀਆਂ ਪਾਈਪਾਂ ਦੀ ਭੰਨ ਤੋੜ ਕਰਕੇ ਭਾਈ ਸੰਗਤ ਸਿੰਘ ਦੇ ਫੋਟੋ ਸਰੂਪ ਅਸਥਾਨ ਤੋਂ ਪੜ ਕੇ ਕੂੜੇ ਵਾਲੀ ਜਗਾ ਸਿਟ ਦਿੱਤੇ ਗਏ। ਜਿਸ ਦਾ ਮਾਨਯੋਗ ਜ਼ਸਵੀਰ ਸਿੰਘ ਗੜ੍ਹੀ ਦੀ ਚੰਡੀਗੜ੍ਹ ਅਦਾਲਤ ਵਿੱਚ ਕੇਸ ਨੰ: 1836 ਕਾਰਵਾਈ ਅਧੀਨ ਚੱਲ ਰਿਹਾ ਹੈ। ਜ਼ੋ 1907 ਵਿੱਚ ਜਵਾਲਾ ਸਿੰਘ ਤੋਂ ਬੀੜ ਮੰਗਕੇ ਵਾਪਸ ਨਹੀ ਕੀਤੀ ਗਈ। ਇਸ ਦੀ ਸ਼ਮਸ਼ੇਰ ਸਿੰਘ ਖੇੜੀ ਸੋਢੀਆਂ ਵੱਲੋ ਰਿਟਾਇਡ ਜੱਜਾਂ ਨਾਲ ਸਲਾਹ ਮਸ਼ਵਰਾ ਲੈ ਕੇ ਕੇਸ ਕਰਨ ਦੀ ਵਿਉਬੰਦੀ ਬਣ ਰਹੀ ਹੈ।

2023 ਵਿੱਚ ਇਸ ਅਸਥਾਨ ਦੀ ਗੁਰੂ ਗ੍ਰੰਥ ਸਾਹਿਬ ਨਾਲ ਸੰਸੋਬਿਤ ਗੁਰੂ ਬਿਲਾਸ ਪਾਤਸ਼ਾਹੀ ਛੇਵੀ ਜਵਾਲਾ ਸਿੰਘ ਦੇ ਪਰਿਵਾਰ ਨੂੰ ਗੁੰਮਰਾਹ ਕਰਕੇ ਕੁਲਦੀਪ ਸਿੰਘ ਜੱਥੇਦਾਰ 96 ਕਰੋੜੀ ਬੁੱਢਾ ਦਲ ਨਾਭਾ ਛਾਉਣੀ ਨੂੰ ਆਪਣਾ ਮੈਂਬਰ ਬਣਾ ਕੇ ਸਪੁਰਦ ਕਰ ਦਿੱਤਾ ਗਿਆ ਜ਼ੋ ਕਿ ਅੱਜ ਕਲ ਨਾਭਾ ਤਹਿਸੀਲ ਦੇ ਪਿੰਡ ਅਗੌਲ ਜਿਲਾ ਪਟਿਆਲਾ ਵਿਖੇ ਰੱਖਿਆ ਗਿਆ ਹੈ। ਚਰਨ ਸਿੰਘ ਬੰਬੀਹਾ ਭਾਈ ਵਲੋਂ ਡੀ.ਸੀ. ਸਾਹਿਬ ਫਤਿਹਗੜ੍ਹ ਦੇ ਸ਼ਿਕਾਇਤ ਕੀਤੀ ਗਈ ਸੀ ਕਿ ਇਹ ਕਥਾ ਵਾਲੀ ਬੀੜ ਰਿਆਸਤ ਪਟਿਆਲਾ ਦੇ ਖਜਾਨੇ ਵਿਚੋਂ ਸਰਕਾਰ ਵਲੋਂ ਮਿਲੀ ਹੋਣ ਕਰਕੇ ਪੰਜਾਬ ਸਰਕਾਰ ਪੁਰਾਲੇਖ ਵਿਭਾਗ ਕਾ. ਡਾਇਰੈਕਟਰ ਪੁਰਾਤਨ ਵਿਭਾਗ ਚੰਡੀਗੜ੍ਹ ਜਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੂੰ ਜਾਂ ਬਾਬਾ ਬਲਦੇਵ ਸਿੰਘ ਵਲੋਂ ਬਣਾਈ ਰਜਿ: ਸੰਸਥਾ ਤਲਾਈਆ ਨੂੰ ਸਪੁਰਦ ਕਰੇ। ਪਰ ਐਸ.ਡੀ.ਐਮ ਅਤੇ ਡੀ.ਐਸ.ਪੀ. ਫਤਿਹਗੜ੍ਹ ਸਾਹਿਬ ਬਣਦੀ ਕਾਨੂੰਨੀ ਕਾਰਵਾਈ ਕਰਕੇ ਗੁਰਬਿਲਾਸ ਪਾਤਸ਼ਾਹੀ ਛੇਵੀ ਆਪਣੇ ਕਬਜੇ ਵਿੱਚ ਲੈ ਕੇ ਸੰਬੋਧਤ ਵਿਭਾਗਾਂ ਨੂੰ ਦੇਣ ਤੋਂ ਅਸਮਰਥ ਰਹੀ ਜਿਸ ਦੀ ਹੁਣ ਕਾਨੂੰਨੀ ਲੜਾਈ ਡੀ.ਸੀ. ਸਾਹਿਬ ਪਟਿਆਲਾ ਅਤੇ ਐਸ.ਡੀ.ਐਮ. ਨਾਭਾ ਦੇ ਕਾਰਵਾਈ ਅਧੀਨ ਹੈ। ਪ੍ਰੇਮ ਸਿੰਘ ਵੱਲੋਂ ਸਿੱਖੀ ਬਾਣੇ ਵਿੱਚ ਇਸ ਅਸਥਾਨ ਨੂੰ ਖਤਮ ਕਰਨ ਲਈ ਸਾਜਿਸ਼ ਅਧੀਨ ਕੋਜੀਆ ਹਰਕਤਾ ਕਰਦਾ ਆ ਰਿਹਾ ਹੈ।

ਮਿਤੀ 27-2-2026 ਨੂੰ ਬਾਬ ਬਾਬੂ ਸਿੰਘ ਬੁੱਢਾ ਦਲ ਛਾਉਣੀ ਵੱਲੋ ਵਿਸ਼ੇਸ਼ ਲੰਗਰ ਲਗਾਈਆਂ ਜਾਵੇਗਾ ਅਤੇ ਪ੍ਰਧਾਨ ਸੰਗਤਜੀਤ ਸਿੰਘ ਤਲਾਈਆ ਚੇਅਰਮੈਨ ਜ਼ਸਵੀਰ ਸਿੰਘ ਬੱਸੀ ਰਜਿ: ਸੰਸਥਾ 1081-9 ਭਾਈ ਸੰਗਤ ਸਿੰਘ ਵੈਲਫੇਅਰ ਐਸੋਸੀਏਸ਼ਨ ਤਲਾਈ ਜਿਲਾ ਫਤਿਹਗੜ੍ਹ ਸਾਹਿਬ ਵੱਲੋਂ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਹਜ਼ੂਰੀ ਵਿੱਚ ਬੜੀ ਸ਼ਰਧਾ ਪੂਰਵਕ ਨਾਲ ਬਾਬਾ ਰਾਜ ਸਿੰਘ ਜੀ ਰਾਜਾ ਅਰਬਾ ਖਰਬਾ ਤਰਨਾ ਦਲ ਅਤੇ ਬਾਬਾ ਸੁਖਪਾਲ ਸਿੰਘ ਚੇਅਰਮੈਨ ਭਾਈ ਸੰਗਤ ਸਿੰਘ 96 ਕਰੋੜੀ ਤਰਨਾ ਦਲ ਰਾਮਪੁਰਾ ਫੂਲ ਬਠਿੰਡਾ ਵਾਲਿਆਂ ਦੀ ਹਾਜਰੀ ਵਿੱਚ ਬੱਸੀ ਰੋਡ ਨੇੜੇ ਰੇਲਵੇ ਫਾਟਕ ਗਿਆਨੀ ਦਿੱਤ ਸਿੰਘ ਯਾਦਗਾਰ ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦ ਬੰਗਾ ਅਸਥਾਨ ਤੇ ਭਾਈ ਸੰਗਤ ਸਿੰਘ ਜੀ ਦਾ ਜਨਮ ਦਿਨ ਸ਼ਰਧਾ ਪੂਰਵਕ ਮਨਾ ਰਹੀ ਹੈ ਜ਼ੋ ਸਭ ਸਿੱਖ ਸਮਾਜ ਨੂੰ ਪਹੁੰਚਣ ਦੀ ਪੁਰਜੋਰ ਨਿਮਰਤਾ ਸਹਿਤ ਬੇਨਤੀ ਹੈ।

# ਹਵਾ 'ਚ ਗੁਆਚੀਆਂ ਜ਼ਿੰਦਗੀਆਂ, ਜ਼ਮੀਨ 'ਤੇ ਬਚੇ ਅਣਸੁਲਝੇ ਸਵਾਲ

ਇਕਬਾਲ ਸਿੰਘ ਸ਼ਾਂਤ
91157-19133

**ਸਮੇਂ**-ਸਮੇਂ 'ਤੇ ਵਾਪਰੇ ਹਵਾਈ ਹਾਦਸਿਆਂ ਨੇ ਨਾ ਸਿਰਫ਼ ਅਨੇਕਾਂ ਪਰਿਵਾਰਾਂ ਤੋਂ ਉਨ੍ਹਾਂ ਦੇ ਪਰਿਵਾਰਕ ਜੀਅ ਖੋਹ ਲਏ, ਸਗੋਂ ਕਈ ਪ੍ਰਭਾਵਸ਼ਾਲੀ ਆਗੂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਇਨ੍ਹਾਂ ਹਾਦਸਿਆਂ ਵਿੱਚ ਆਪਣੀਆਂ ਕੀਮਤੀ ਜਾਨਾਂ ਗੁਆਈਆਂ ਹਨ। ਕਈ ਵਾਰ ਤਾਂ ਇਨ੍ਹਾਂ ਘਟਨਾਵਾਂ ਕਰਕੇ ਕੌਮੀ ਅਤੇ ਸੂਬਾਈ ਸਿਆਸਤ ਦਾ ਨਕਸ਼ਾ ਹੀ ਬਦਲ ਗਿਆ। ਭਾਰਤ ਵਿੱਚ ਹਵਾਈ ਹਾਦਸਿਆਂ ਦੀ ਸੂਚੀ ਕਾਫ਼ੀ ਲੰਮੀ ਹੈ ਅਤੇ ਹਰ ਘਟਨਾ ਆਪਣੇ ਪਿੱਛੇ ਕਈ ਅਣਸੁਲਝੇ ਸਵਾਲ, ਜਾਂਚ ਰਿਪੋਰਟਾਂ ਦੇ ਥੱਬੇ ਅਤੇ ਸੁਰੱਖਿਆ ਮਿਆਰਾਂ 'ਤੇ ਵੱਡੇ ਸਵਾਲੀਆ ਨਿਸ਼ਾਨ ਛੱਡ ਗਈ ਹੈ। 28 ਜਨਵਰੀ 2026 ਨੂੰ ਮਹਾਰਾਸ਼ਟਰ ਦੇ ਉੱਪ ਮੁੱਖ ਮੰਤਰੀ ਅਜੀਤ ਪਵਾਰ ਸਮੇਤ ਪੰਜ ਜਣੇ ਬਾਰਾਮਤੀ ਨੇੜੇ ਇੱਕ ਹਵਾਈ ਹਾਦਸੇ ਦਾ ਸ਼ਿਕਾਰ ਬਣੇ।

ਅੰਕੜਿਆਂ ਮੁਤਾਬਿਕ ਭਾਰਤ ਵਿੱਚ ਆਜ਼ਾਦੀ ਤੋਂ ਬਾਅਦ ਹੁਣ ਤੱਕ ਲਗਭਗ 1450 ਤੋਂ ਵੱਧ ਹਵਾਈ ਹਾਦਸੇ ਵਾਪਰੇ ਹਨ। ਇਨ੍ਹਾਂ ਵਿੱਚ ਸਿਵਿਲ ਫਲਾਈਟ, ਚਾਰਟਡ ਫਲਾਈਟ, ਵੀਆਈਪੀ ਹੈਲੀਕੌਪਟਰ ਅਤੇ ਫ਼ੌਜ ਦੇ ਜਹਾਜ਼ ਸ਼ਾਮਲ ਹਨ। ਇਨ੍ਹਾਂ ਹਾਦਸਿਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ 3000 ਤੋਂ ਵੱਧ ਦੱਸੀ ਜਾਂਦੀ ਹੈ। ਇਨ੍ਹਾਂ ਵਿੱਚ ਹਵਾਈ ਫ਼ੌਜ ਦੇ ਲੜਾਕੂ ਜਹਾਜ਼ਾਂ ਸਮੇਤ ਲਗਭਗ 1200 ਹਵਾਈ ਜਹਾਜ਼ ਹਾਦਸੇ ਤੇ ਤਕਰੀਬਨ 250 ਹੈਲੀਕੌਪਟਰ ਹਾਦਸੇ ਸ਼ਾਮਿਲ ਹਨ। ਜ਼ਿਆਦਾਤਰ ਹੈਲੀਕੌਪਟਰ ਹਾਦਸੇ ਪਹਾੜੀ ਖੇਤਰਾਂ ਜਾਂ ਵੀ ਆਈ ਪੀ ਲੋਕਾਂ ਦੇ ਸਫ਼ਰ ਦੌਰਾਨ ਹੋਏ ਹਨ।

ਹਵਾਈ ਹਾਦਸਿਆਂ ਦੀ ਸੂਚੀ ਵਿੱਚ ਹਰਿਆਣਾ ਦੇ ਚਰਖੀ ਦਾਦਰੀ ਵਿੱਚ 12 ਨਵੰਬਰ 1996 ਨੂੰ ਹੋਈ ਸਾਊਦੀ ਅਰਬ ਅਤੇ ਕਜ਼ਾਖ਼ਸਤਾਨ ਦੇ ਦੋ ਹਵਾਈ ਜਹਾਜ਼ਾਂ ਦੀ ਟੱਕਰ ਨੂੰ 'ਵੱਡੀ ਤਬਾਹੀ' ਵਜੋਂ ਯਾਦ ਕੀਤਾ ਜਾਂਦਾ ਹੈ। ਇਹ ਦੁਨੀਆ ਵਿੱਚ ਹਵਾਈ ਸੇਵਾਵਾਂ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਹਾਦਸਿਆਂ ਵਿੱਚੋਂ ਇੱਕ ਸੀ, ਜਿਸ ਵਿੱਚ 349 ਲੋਕਾਂ ਦੀ ਮੌਤ ਹੋਈ। ਜਾਂਚ ਵਿੱਚ ਖੁਲਾਸਾ ਹੋਇਆ ਸੀ ਕਿ ਕਜ਼ਾਖ਼ਸਤਾਨ ਦੇ ਪਾਇਲਟ ਨੂੰ ਅੰਗਰੇਜ਼ੀ ਗੱਲਬਾਤ ਵਿੱਚ ਦਿੱਕਤ ਆਈ ਅਤੇ ਉਹ ਤੈਅ ਉਚਾਈ ਤੋਂ ਹੇਠਾਂ ਆ ਗਿਆ ਤੇ ਸਾਊਦੀ ਜਹਾਜ਼ ਨਾਲ ਟਕਰਾ ਗਿਆ। 23 ਜੂਨ 1985 ਨੂੰ ਏਅਰ ਇੰਡੀਆ ਫਲਾਈਟ 182 (ਕਨਿਸ਼ਕ) 'ਤੇ ਹੋਏ ਅਤਿਵਾਦੀ ਹਮਲੇ 'ਚ ਬੰਬ ਵਿਸਫੋਟ ਕਾਰਨ 329 ਮੌਤਾਂ ਹੋਈਆਂ, ਜਦੋਂਕਿ 1 ਜਨਵਰੀ 1978 ਨੂੰ ਏਅਰ ਇੰਡੀਆ ਫਲਾਈਟ 855 ਮੁੰਬਈ ਕੋਲ ਸਮੁੰਦਰ ਵਿੱਚ ਸਮਾਅ ਗਈ। ਇਸ ਹਾਦਸੇ ਵਿੱਚ 213 ਲੋਕਾਂ ਦੀ ਜਾਨ ਗਈ ਸੀ। ਹਾਦਸੇ ਦਾ ਕਾਰਨ ਤਕਨੀਕੀ ਖਰਾਬੀ ਤੇ ਪਾਇਲਟ ਨੂੰ ਰਾਹ ਦਾ ਭੁਲੇਖਾ ਦੱਸਿਆ ਗਿਆ। ਇਸੇ ਤਰ੍ਹਾਂ ਮੰਗਲੌਰ ਵਿੱਚ 22 ਮਈ 2010 ਨੂੰ ਦੁਬਈ ਤੋਂ ਆ ਰਿਹਾ ਏਅਰ ਇੰਡੀਆ ਐਕਸਪ੍ਰੈੱਸ ਜਹਾਜ਼ ਰਨਵੇਅ ਤੋ ਤਿਲਕ ਕੇ ਖਾਈ ਵਿੱਚ ਜਾ ਡਿੱਗਿਆ, ਜਿਸ ਕਰਕੇ 158 ਲੋਕਾਂ ਦੀ ਮੌਤ ਹੋਈ ਸੀ।

ਪਿਛਲੇ ਸਾਲ ਜੂਨ ਮਹੀਨੇ ਵਿੱਚ ਅਹਿਮਦਾਬਾਦ ਦੇ ਸਭ ਤੋਂ ਖ਼ੌਫ਼ਨਾਕ ਹਵਾਈ ਹਾਦਸੇ ਵਿੱਚ ਏਅਰ ਇੰਡੀਆ ਦੀ ਫਲਾਈਟ 171 ਉਡਾਣ ਭਰਨ ਤੋ ਕੁਝ ਪਲਾਂ ਬਾਅਦ ਹੀ ਮੈਡੀਕਲ ਕਾਲਜ ਦੇ ਹੋਸਟਲ 'ਤੇ ਡਿੱਗ ਪਈ, ਜਿਸ ਵਿੱਚ 260 ਲੋਕਾਂ ਦੀ ਜ਼ਿੰਦਗੀ ਖ਼ਤਮ ਹੋ ਗਈ ਸੀ। ਇਨ੍ਹਾਂ ਵਿੱਚੋਂ 241 ਜਹਾਜ਼ ਵਿੱਚ ਸਵਾਰ ਮੁਸਾਫ਼ਿਰ ਅਤੇ 19 ਹੋਸਟਲ ਦੀ ਇਮਾਰਤ ਵਿੱਚ ਹਾਜ਼ਰ ਵਿਦਿਆਰਥੀ ਤੇ ਮੈੱਸ ਦੇ ਮੁਲਾਜ਼ਮ ਸਨ। ਹਾਦਸੇ ਉਪਰੰਤ ਏਅਰਲਾਈਨ ਕੰਪਨੀ ਦੇ ਰੱਖ-ਰਖਾਅ ਮੁਖੀ 'ਤੇ ਲਾਪਰਵਾਹੀ ਦਾ ਮੁਕੱਦਮਾ ਦਰਜ ਹੋਇਆ, ਪਰ ਕੀਮਤੀ ਜਾਨਾਂ ਗੁਆਉਣ ਵਾਲੇ ਪਰਿਵਾਰਾਂ ਦੇ ਦੁੱਖ ਮੂਹਰੇ ਇਨ੍ਹਾਂ ਮੁਕੱਦਮਿਆਂ ਦੇ ਕੋਈ ਮਾਅਨੇ ਨਹੀਂ।

ਦੱਸਿਆ ਜਾਂਦਾ ਹੈ ਕਿ ਭਾਰਤ ਵਿੱਚ ਹਵਾਈ ਜਹਾਜ਼ ਹਾਦਸਿਆਂ ਦੀ ਸਥਿਤੀ 1970ਵਿਆਂ ਵਿੱਚ ਸਭ ਤੋਂ ਖ਼ਰਾਬ ਰਹੀ, ਜਦੋਂ ਹਰ ਸਾਲ ਔਸਤ 50 ਹਵਾਈ ਹਾਦਸੇ ਹੁੰਦੇ ਸਨ। ਸਾਲ 2000 ਤੋਂ ਬਾਅਦ ਆਧੁਨਿਕ ਤਕਨੀਕ ਆਉਣ ਕਰਕੇ ਇਹ ਗਿਣਤੀ ਘਟ ਕੇ ਸਾਲਾਨਾ 10 ਤੋਂ 12 ਹਾਦਸਿਆਂ 'ਤੇ ਆ ਗਈ। ਹਾਲਾਂਕਿ, ਇਨ੍ਹਾਂ ਹਾਦਸਿਆਂ ਨੂੰ ਪੂਰੀ ਤਰ੍ਹਾਂ ਠੱਲ੍ਹ ਹਾਲੇ ਨਹੀਂ ਪਈ। ਵੱਡੀ ਗਿਣਤੀ ਹਵਾਈ ਹਾਦਸਿਆਂ ਕਾਰਨ ਕਈ ਉੱਘੀਆਂ ਸ਼ਖ਼ਸੀਅਤਾਂ ਵੀ ਆਪਣੀ ਜਾਨ ਗੁਆ ਚੁੱਕੀਆਂ ਹਨ। ਜੇਕਰ ਇਨ੍ਹਾਂ ਹਾਦਸਿਆਂ 'ਤੇ ਨਜ਼ਰ ਮਾਰੀਏ ਤਾਂ ਭਾਰਤੀ ਸਿਆਸਤ ਵਿੱਚ ਹਵਾਈ ਹਾਦਸਿਆਂ ਦਾ ਕਾਲਾ ਦੌਰ 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਸ਼ੁਰੂ ਹੋਇਆ ਸੀ। ਜਦੋਂ 19 ਸਤੰਬਰ 1965 ਨੂੰ ਗੁਜਰਾਤ ਦੇ ਦੂਜੇ ਤਤਕਾਲੀ ਮੁੱਖ ਮੰਤਰੀ ਬਲਵੰਤ ਰਾਏ ਮਹਿਤਾ ਦਾ ਜਹਾਜ਼ ਕੱਛ ਸਰਹੱਦ ਨੇੜਿਉਂ ਉੱਡ ਰਿਹਾ ਸੀ, ਜਿਸ ਨੂੰ ਪਾਕਿਸਤਾਨੀ ਹਵਾਈ ਫ਼ੌਜ ਦੇ ਲੜਾਕੂ ਜਹਾਜ਼ ਨੇ ਗ਼ਲਤੀ ਜਾਂ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਸੀ।

ਭਾਰਤ ਦੇ ਪ੍ਰਮੁੱਖ ਪਰਮਾਣੂ ਭੌਤਿਕ ਵਿਗਿਆਨੀ ਹੋਮੀ ਭਾਬਾ ਦੀ ਮੌਤ 24 ਜਨਵਰੀ 1966 ਨੂੰ ਏਅਰ ਇੰਡੀਆ ਦੀ ਉਡਾਣ 101 ਦੇ ਹਾਦਸਾਗ੍ਰਸਤ ਹੋਣ ਕਾਰਨ ਹੋਈ ਸੀ। ਇਸ ਮਗਰੋਂ ਇੰਦਰਾ ਗਾਂਧੀ ਸਰਕਾਰ ਵਿੱਚ ਕੇਂਦਰੀ ਲੋਹਾ ਤੇ ਖਾਣ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਮੋਹਣ ਕੁਮਾਰ ਮੰਗਲਮ ਦੀ ਮੌਤ 31 ਮਈ 1973 ਨੂੰ ਦਿੱਲੀ ਦੇ ਪਾਲਮ ਹਵਾਈ ਅੱਡੇ ਕੋਲ ਹੋਈ। ਖ਼ਰਾਬ ਮੌਸਮ ਅਤੇ ਘੱਟ ਦਿਸਣਯੋਗਤਾ ਕਾਰਨ ਉਨ੍ਹਾਂ ਦਾ ਜਹਾਜ਼ ਇੰਡੀਅਨ ਏਅਰਲਾਈਨਜ਼ ਫਲਾਈਟ 440 ਹਾਈ-ਵੋਲਟੇਜ਼ ਬਿਜਲੀ ਦੀਆਂ ਤਾਰਾਂ ਨਾਲ ਟਕਰਾ ਗਿਆ। 23 ਜੂਨ 1980 ਨੂੰ ਨਵੀ ਦਿੱਲੀ ਵਿੱਚ ਵਾਪਰੇ ਇੱਕ ਹਵਾਈ ਹਾਦਸੇ ਕਾਰਨ ਗਾਂਧੀ ਪਰਿਵਾਰ ਨੂੰ ਡੂੰਘੇ ਜ਼ਖ਼ਮ ਮਿਲੇ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਛੋਟਾ ਪੁੱਤਰ ਅਤੇ ਤਤਕਾਲੀ ਸੰਸਦ ਮੈਂਬਰ ਸੰਜੈ ਗਾਂਧੀ ਤਜਰਬੇਕਾਰ ਪਾਇਲਟ ਹੋਣ ਦੇ ਬਾਵਜੂਦ ਦਿੱਲੀ ਦੇ ਸਫ਼ਦਰਜੰਗ ਹਵਾਈ ਅੱਡੇ ਕੋਲ ਕਲਾਬਾਜ਼ੀ ਦਿਖਾਉਂਦਿਆਂ ਆਪਣੇ ਪਿਟਸ ਜਹਾਜ਼ 'ਤੇ ਸੰਤੁਲਨ ਗੁਆ ਕੇ ਜ਼ਿੰਦਗੀ ਨੂੰ ਅਲਵਿਦਾ ਆਖ ਗਿਆ।

1994 ਵਿੱਚ ਪੰਜਾਬ ਦੇ ਤਤਕਾਲੀ ਰਾਜਪਾਲ ਸੁਰਿੰਦਰ ਨਾਥ ਦੀ ਪਰਿਵਾਰ ਸਮੇਤ 9 ਜੁਲਾਈ 1994 ਨੂੰ ਹਿਮਾਚਲ ਪ੍ਰਦੇਸ਼ ਵਿੱਚ ਹਵਾਈ ਹਾਦਸੇ ਵਿੱਚ ਮੌਤ ਨੂੰ ਅੱਜ ਵੀ 'ਨੋਟਾਂ ਦੀ ਵਰਖਾ' ਵਾਲੇ ਰਹੱਸਮਈ ਹਵਾਈ ਹਾਦਸੇ ਵਜੋਂ ਯਾਦ ਕੀਤਾ ਜਾਂਦਾ ਹੈ। ਰਾਜਪਾਲ ਸੁਰਿੰਦਰ ਨਾਥ 1991 ਤੋਂ ਪੰਜਾਬ ਦੇ ਰਾਜਪਾਲ ਸਨ ਅਤੇ ਉਨ੍ਹਾਂ ਕੋਲ ਹਿਮਾਚਲ ਪ੍ਰਦੇਸ਼ ਦੇ ਰਾਜਪਾਲ ਦਾ ਵਾਧੂ ਚਾਰਜ ਵੀ ਸੀ। ਉਹ ਇੱਕ ਤਜਰਬੇਕਾਰ ਆਈ ਪੀ ਐੱਸ ਅਫਸਰ ਰਹੇ ਅਤੇ ਪੰਜਾਬ ਵਿੱਚ ਅਤਿਵਾਦ ਦੇ ਦੌਰ ਵਿੱਚ ਸ਼ਾਂਤੀ ਬਹਾਲੀ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਵੀ ਦੱਸੀ ਜਾਂਦੀ ਹੈ। ਨੌਂ ਜੁਲਾਈ 1994 ਨੂੰ ਪੰਜਾਬ ਸਰਕਾਰ ਦਾ 14 ਸੀਟਾਂ ਵਾਲਾ 'ਬੀਚਕ੍ਰਾਫਟ ਸੁਪਰ ਕਿੰਗ ਏਅਰ ਬੀ-200' ਚੰਡੀਗੜ੍ਹ ਤੋਂ ਭੁੰਤਰ ਹਵਾਈ ਅੱਡੇ (ਕੁੱਲੂ) ਲਈ ਉੱਡਿਆ ਸੀ। ਉਸ ਵਿੱਚ ਰਾਜਪਾਲ ਸੁਰਿੰਦਰ ਨਾਥ ਨਾਲ ਉਨ੍ਹਾਂ ਦੇ ਪਰਿਵਾਰ ਦੇ ਨੌਂ ਮੈਂਬਰ ਅਤੇ ਚਾਲਕ ਦਲ ਦੇ ਤਿੰਨ ਮੈਂਬਰ ਸਵਾਰ ਸਨ। ਜਹਾਜ਼ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਵਿੱਚ ਸਥਿਤ ਕਮਰੂਨਾਗ ਪਹਾੜੀਆਂ ਕੋਲ ਹਾਦਸੇ ਦਾ ਸ਼ਿਕਾਰ ਹੋ ਗਿਆ। ਜਦੋਂ ਸਥਾਨਕ ਲੋਕ ਅਤੇ ਬਚਾਅ ਅਮਲਾ ਮਲਬੇ ਤੱਕ ਪੁੱਜਿਆ ਤਾਂ ਪਹਾੜਾਂ 'ਤੇ ਹਰ ਪਾਸੇ 500 ਤੇ 100 ਰੁਪਏ ਦੇ ਨੋਟ ਖਿੱਲਰੇ ਹੋਏ ਸਨ। ਇਹ ਰਕਮ ਕਰੋੜਾਂ ਵਿੱਚ ਦੱਸੀ ਗਈ। ਜਹਾਜ਼ ਦੇ ਪਰਖਚੇ ਉੱਡ ਜਾਣ ਕਾਰਨ ਸੂਟਕੇਸ ਫਟ ਗਏ ਸਨ ਅਤੇ ਸਾਰਾ ਪੈਸਾ ਹਵਾ ਵਿੱਚ ਫੈਲ ਗਿਆ ਸੀ।

ਤੀਹ ਸਤੰਬਰ 2001 ਨੂੰ ਕਾਂਗਰਸ ਦੇ ਵੱਡੇ ਆਗੂ ਤੇ ਸਿੰਧੀਆ ਰਾਜ ਘਰਾਣੇ ਦੇ ਮੁੱਖ ਮੈਂਬਰ ਮਾਧਵਰਾਓ ਸਿੰਧੀਆ ਦੀ ਮੌਤ ਉੱਤਰ ਪ੍ਰਦੇਸ਼ ਦੇ ਮੈਨਪੁਰੀ ਜ਼ਿਲ੍ਹੇ ਵਿੱਚ ਇੱਕ ਪ੍ਰਾਈਵੇਟ ਜਹਾਜ਼ ਹਾਦਸੇ ਵਿੱਚ ਹੋਈ। ਸਿੰਧੀਆ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਨ ਲਈ ਕਾਨਪੁਰ ਜਾ ਰਹੇ ਸਨ। ਖ਼ਰਾਬ ਮੌਸਮ ਤੇ ਘੱਟ ਦਿਸਣਯੋਗਤਾ ਕਰਕੇ ਉਨ੍ਹਾਂ ਦਾ ਜਹਾਜ਼ ਇੱਕ ਖੇਤ ਵਿੱਚ ਡਿੱਗ ਗਿਆ ਅਤੇ ਸਿੰਧੀਆ ਸਣੇ ਅੱਠ ਲੋਕਾਂ ਦੀ ਮੌਤ ਹੋ ਗਈ। ਮਾਧਵਰਾਓ ਸਿੰਧੀਆ ਦੀ ਅਚਨਚੇਤ ਮੌਤ ਨੇ ਕਾਂਗਰਸ ਨੂੰ ਵੱਡਾ ਝਟਕਾ ਦਿੱਤਾ ਸੀ। ਤਿੰਨ ਮਾਰਚ 2002 ਨੂੰ ਲੋਕ ਸਭਾ ਦੇ ਤਤਕਾਲੀ ਸਪੀਕਰ ਜੀ ਐੱਮ ਸੀ ਬਾਲਯੋਗੀ ਦੀ ਮੌਤ ਆਂਧਰਾ ਪ੍ਰਦੇਸ਼ ਦੇ ਕ੍ਰਿਸ਼ਨਾ ਜ਼ਿਲ੍ਹੇ ਵਿੱਚ ਇੱਕ ਹੈਲੀਕਾਪਟਰ ਹਾਦਸੇ ਵਿੱਚ ਹੋਈ। ਉਨ੍ਹਾਂ ਦਾ ਬੈੱਲ-206 ਹੈਲੀਕੌਪਟਰ ਤਕਨੀਕੀ ਖ਼ਰਾਬੀ ਕਾਰਨ ਐਮਰਜੈਂਸੀ ਲੈਂਡਿੰਗ ਦੀ ਕੋਸ਼ਿਸ਼ ਦੌਰਾਨ ਤਲਾਬ ਵਿੱਚ ਡਿੱਗ ਗਿਆ ਸੀ। ਦੱਖਣੀ ਭਾਰਤ ਦੀ ਪ੍ਰਸਿੱਧ ਅਦਾਕਾਰਾ ਸੌਂਦਰਿਆ ਦੀ ਮੌਤ 17 ਅਪਰੈਲ 2004 ਨੂੰ ਜਹਾਜ਼ ਹਾਦਸੇ ਵਿੱਚ ਉਦੋਂ ਹੋਈ, ਜਦ ਉਹ ਆਪਣੇ ਭਰਾ ਨਾਲ ਬੰਗਲੂਰੂ ਤੋਂ ਕਰੀਮਨਗਰ ਜਾ ਰਹੀ ਸੀ। ਮੇਘਾਲਿਆ ਦੇ ਪੇਂਡੂ ਵਿਕਾਸ ਮੰਤਰੀ ਕਿਪ੍ਰਿਯਨ ਸਾਂਗਾ ਅਤੇ 9 ਹੋਰ ਲੋਕ 22 ਸਤੰਬਰ 2004 ਨੂੰ ਗੁਹਾਟੀ ਤੋਂ ਸ਼ਿਲੌਂਗ ਜਾ ਰਹੇ ਪਵਨ ਹੰਸ ਹੈਲੀਕੌਪਟਰ ਦੇ ਹਾਦਸਾਗ੍ਰਸਤ ਹੋਣ ਕਾਰਨ ਮਾਰੇ ਗਏ ਸਨ।

ਹਰਿਆਣਾ ਦੀ ਸਿਆਸਤ ਅਤੇ ਭਾਰਤੀ ਉਦਯੋਗ ਜਗਤ ਲਈ 31 ਮਾਰਚ 2005 ਦਾ ਦਿਨ ਬਹੁਤ ਭਾਰੀ ਰਿਹਾ। ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਵਿੱਚ ਸਥਿਤ ਸਰਸਾਵਾ ਕੋਲ ਇੱਕ ਪ੍ਰਾਈਵੇਟ ਹੈਲੀਕੌਪਟਰ ਹਾਦਸਾਗ੍ਰਸਤ ਹੋ ਗਿਆ। ਹਾਦਸੇ ਵਿੱਚ ਹਰਿਆਣਾ ਦੇ ਤਤਕਾਲੀ ਖੇਤੀ ਮੰਤਰੀ ਚੌਧਰੀ ਸੁਰਿੰਦਰ ਸਿੰਘ (ਸਾਬਕਾ ਮੁੱਖ ਮੰਤਰੀ ਚੌਧਰੀ ਬੰਸੀਲਾਲ ਦੇ ਪੁੱਤਰ) ਅਤੇ ਪ੍ਰਸਿੱਧ ਉਦਯੋਗਪਤੀ ਤੇ ਹਰਿਆਣਾ ਦੇ ਤਤਕਾਲੀ ਬਿਜਲੀ ਮੰਤਰੀ ਓ ਪੀ ਜਿੰਦਲ ਦੀ ਮੌਤ ਹੋ ਗਈ। ਦੋਵੇਂ ਆਗੂ ਇਸ ਹੈਲੀਕੌਪਟਰ ਵਿੱਚ ਚੰਡੀਗੜ੍ਹ ਤੋਂ ਦਿੱਲੀ ਵੱਲ ਜਾ ਰਹੇ ਸਨ। ਤਕਨੀਕੀ ਖ਼ਰਾਬੀ ਕਾਰਨ ਹੈਲੀਕੌਪਟਰ ਦਾ ਇੰਜਣ ਹਵਾ ਵਿੱਚ ਹੀ ਬੰਦ ਹੋ ਗਿਆ, ਪਾਇਲਟ ਨੇ ਐਮਰਜੈਂਸੀ ਲੈਂਡਿੰਗ ਦੀ ਕੋਸ਼ਿਸ਼ ਕੀਤੀ, ਪਰ ਹੈਲੀਕੌਪਟਰ ਇੱਕ ਖੇਤ ਵਿੱਚ ਜਾ ਡਿੱਗਿਆ। ਇਸ ਹਾਦਸੇ ਨੇ ਨਾ ਸਿਰਫ਼ ਹਰਿਆਣਾ ਸਰਕਾਰ ਨੂੰ ਵੱਡਾ ਝਟਕਾ ਦਿੱਤਾ, ਸਗੋਂ ਜਿੰਦਲ ਗਰੁੱਪ ਵਰਗੇ ਵੱਡੇ ਸਨਅਤੀ ਗਰੁੱਪ ਦੇ ਬਾਨੀ ਨੂੰ ਵੀ ਖੋਹ ਲਿਆ।

ਦੋ ਸਤੰਬਰ 2009 ਨੂੰ ਆਂਧਰਾ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਵਾਈ ਐੱਸ ਰਾਜਸ਼ੇਖਰ ਰੈੱਡੀ ਦਾ ਦੇਹਾਂਤ ਕੁਰਨੂਲ ਨੇੜੇ ਨੱਲਮਲਾ ਪਹਾੜੀਆਂ ਵਿੱਚ ਹੈਲੀਕੌਪਟਰ ਹਾਦਸੇ ਵਿੱਚ ਹੋਇਆ। ਉਨ੍ਹਾਂ ਦਾ ਬੈੱਲ-430 ਹੈਲੀਕੌਪਟਰ ਖ਼ਰਾਬ ਮੌਸਮ ਕਾਰਨ ਲਾਪਤਾ ਹੋ ਗਿਆ ਸੀ ਅਤੇ ਲਗਭਗ 24 ਘੰਟਿਆਂ ਬਾਅਦ ਉਸ ਦਾ ਮਲਬਾ ਮਿਲਿਆ। ਇਸ ਹਾਦਸੇ ਨਾਲ ਆਂਧਰਾ ਪ੍ਰਦੇਸ਼ ਦੀ ਰਾਜਨੀਤੀ ਵਿੱਚ ਵੱਡਾ ਖਲਾਅ ਪੈਦਾ ਹੋ ਗਿਆ ਸੀ। ਤੀਹ ਅਪਰੈਲ 2011 ਨੂੰ ਹਵਾਈ ਯਾਤਰਾ ਦੌਰਾਨ ਅਰੁਣਾਚਲ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਦੋਰਜੀ ਖਾਂਡੂ ਦੀ ਮੌਤ ਤਵਾਂਗ ਤੋਂ ਈਟਾਨਗਰ ਜਾਂਦਿਆਂ ਹੋਈ ਸੀ। ਅੱਠ ਦਸੰਬਰ 2021 ਨੂੰ ਤਮਿਲਨਾਡੂ ਦੇ ਕੂਨੂਰ ਵਿੱਚ ਭਾਰਤੀ ਹਵਾਈ ਫ਼ੌਜ ਦਾ ਐੱਮ ਆਈ-17ਵੀ5 ਹੈਲੀਕਾਪਟਰ ਹਾਦਸਾਗ੍ਰਸਤ ਹੋਇਆ, ਜਿਸ ਕਾਰਨ ਦੇਸ਼ ਦੇ ਪਹਿਲੇ ਚੀਫ ਔਫ ਡਿਫੈਂਸ ਸਟਾਫ ਜਨਰਲ ਬਿਪਿਨ ਰਾਵਤ ਆਪਣੀ ਪਤਨੀ ਅਤੇ 13 ਹੋਰ ਫ਼ੌਜੀ ਅਧਿਕਾਰੀਆਂ ਸਮੇਤ ਮਾਰੇ ਗਏ। ਬਾਰਾਂ ਜੂਨ 2025 ਨੂੰ ਅਹਿਮਦਾਬਾਦ ਹਵਾਈ ਅੱਡੇ ਨੇੜੇ ਏਅਰ ਇੰਡੀਆ ਦੇ ਵੱਡੇ ਜਹਾਜ਼ ਹਾਦਸੇ ਵਿੱਚ 260 ਮ੍ਰਿਤਕਾਂ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਣੀ ਵੀ ਸ਼ਾਮਲ ਸਨ।

ਭਾਵੇਂ ਇਨ੍ਹਾਂ ਹਾਦਸਿਆਂ ਤੋਂ ਸਬਕ ਤਹਿਤ ਸੁਰੱਖਿਆ ਮਿਆਰਾਂ ਨੂੰ ਭਵਿੱਖ ਲਈ ਬਿਹਤਰ ਬਣਾਉਣ ਖ਼ਾਤਰ ਸੁਰੱਖਿਆ ਤੰਤਰ ਵਿੱਚ ਕਈ ਬਦਲਾਅ ਕੀਤੇ ਗਏ ਹਨ, ਪਰ ਇਹ ਹਾਲੇ ਵੀ ਸੰਪੂਰਨ ਨਹੀਂ ਜਾਪਦੇ। ਹਵਾਈ ਜਹਾਜ਼ਾਂ ਤੇ ਹੈਲੀਕੌਪਟਰਾਂ ਦਾ ਸਮੇਂ-ਸਮੇਂ 'ਤੇ ਲਾਜ਼ਮੀ ਆਡਿਟ ਅਤੇ ਪੁਰਾਣੇ ਹੋ ਗਏ ਜਹਾਜ਼ਾਂ ਨੂੰ ਫਾਰਗ ਕਰਨਾ ਵੀ ਜ਼ਰੂਰੀ ਹੈ।

ਇਨ੍ਹਾਂ ਹਾਦਸਿਆਂ ਲਈ ਪਹਿਲਾ ਕਾਰਨ ਮੌਸਮ ਦੀ ਖ਼ਰਾਬੀ ਨਾਲ ਦਿਸਣਯੋਗਤਾ ਦੀ ਘਾਟ, ਦੂਜਾ ਤਕਨੀਕੀ ਖ਼ਾਮੀ ਜਾਂ ਇੰਜਣ ਫੇਲ੍ਹ ਹੋਣ ਅਤੇ ਤੀਜਾ ਸਭ ਤੋਂ ਗੰਭੀਰ ਕਾਰਨ ਪਾਇਲਟਾਂ 'ਤੇ 'ਵੀ ਆਈ ਪੀ ਦਬਾਅ' ਮੰਨਿਆ ਜਾਂਦਾ ਹੈ। ਖ਼ਰਾਬ ਮੌਸਮ ਦੇ ਬਾਵਜੂਦ ਸਿਆਸਤਦਾਨਾਂ ਵੱਲੋਂ ਸਮੇਂ ਸਿਰ ਮੁਕਾਮ 'ਤੇ ਪੁੱਜਣ ਲਈ ਪਾਇਲਟ ਉੱਤੇ ਉਡਾਣ ਭਰਨ ਦਾ ਦਬਾਅ ਬਣਾਇਆ ਜਾਂਦਾ ਹੈ। ਹੁਣ ਤੱਕ ਜ਼ਿਆਦਾਤਰ ਜਾਂਚ ਰਿਪੋਰਟਾਂ ਵਿੱਚ ਕਿਸੇ ਵਿਅਕਤੀ ਨੂੰ ਦੋਸ਼ੀ ਕਰਾਰ ਦੇ ਕੇ ਸਜ਼ਾ ਦੇਣ ਦੀ ਥਾਂ 'ਹਾਦਸਾ' ਜਾਂ 'ਪਾਇਲਟ ਖ਼ਾਮੀ' ਦੱਸ ਕੇ ਫਾਈਲਾਂ ਬੰਦ ਕਰ ਦਿੱਤੀਆਂ ਗਈਆਂ ਹਨ। ਕੁਝ ਮਾਮਲਿਆਂ ਵਿੱਚ ਰੱਖ-ਰਖਾਅ ਕੰਪਨੀਆਂ 'ਤੇ ਸੁਆਲ ਚੁੱਕੇ ਗਏ, ਪਰ ਠੋਸ ਕਾਨੂੰਨੀ ਕਾਰਵਾਈ ਨਾਂ-ਮਾਤਰ ਹੀ ਰਹੀ ਹੈ।

ਅਜਿਹੇ ਹਾਦਸਿਆਂ ਤੋਂ ਬਚਾਅ ਲਈ ਸਭ ਤੋਂ ਜ਼ਰੂਰੀ ਹੈ ਕਿ 'ਦਿਸਣਯੋਗਤਾ ਫਲਾਈਟ ਰੂਲਜ਼' ਦਾ ਸਖ਼ਤੀ ਨਾਲ ਪਾਲਣ ਕੀਤਾ ਜਾਵੇ। ਆਮ ਤੌਰ 'ਤੇ ਵੇਖਿਆ ਜਾਂਦਾ ਹੈ ਕਿ ਪਹਾੜੀ ਇਲਾਕਿਆਂ ਵਿੱਚ ਅਚਨਚੇਤ ਮੌਸਮ ਬਦਲਣ 'ਤੇ ਪਾਇਲਟ ਬੱਦਲਾਂ ਵਿੱਚ ਰਾਹ ਭੁੱਲ ਜਾਂਦੇ ਹਨ। ਇਸ ਲਈ ਵੀ ਆਈ ਪੀ ਮੂਵਮੈਂਟ ਲਈ ਸਿਰਫ਼ 'ਇੰਸਟਰੂਮੈਂਟ ਫਲਾਈਟ ਰੂਲਜ਼' ਸਮਰੱਥ ਜਹਾਜ਼ਾਂ ਅਤੇ ਹੈਲੀਕੌਪਟਰਾਂ ਦੀ ਵਰਤੋਂ ਲਾਜ਼ਮੀ ਹੋਣੀ ਚਾਹੀਦੀ ਹੈ, ਜੋ ਜ਼ੀਰੋ ਦਿਸਣਯੋਗਤਾ ਵਿੱਚ ਵੀ ਰਾਡਾਰ ਦੀ ਮਦਦ ਨਾਲ ਉੱਡ ਸਕਣ। ਇਸ ਤੋਂ ਇਲਾਵਾ ਪਾਇਲਟਾਂ ਨੂੰ ਸਿਆਸੀ ਦਬਾਅ ਤੋਂ ਮੁਕਤ ਰੱਖਣ ਲਈ ਇੱਕ ਸੁਤੰਤਰ ਸੁਰੱਖਿਆ ਵਿੰਗ ਦੀ ਲੋੜ ਹੈ, ਜਿਸ ਵੱਲੋਂ ਉਡਾਣ ਦੀ ਇਜਾਜ਼ਤ ਸਿਰਫ਼ ਤਕਨੀਕੀ ਅਤੇ ਮੌਸਮੀ ਡੇਟਾ ਦੇ ਆਧਾਰ 'ਤੇ ਦਿੱਤੀ ਜਾਵੇ ਨਾ ਕਿ ਕਿਸੇ ਦੇ ਅਹੁਦੇ ਜਾਂ ਰੁਤਬੇ ਦੇ ਆਧਾਰ 'ਤੇ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਦੇਸ਼ ਵਿੱਚ ਸੁਰੱਖਿਆ ਨੂੰ ਸਹੂਲਤ ਤੋਂ ਉਤਾਂਹ ਰੱਖ ਕੇ ਤਰਜੀਹ ਦੇਣ ਦੀ ਲੋੜ ਹੈ। ਹਕੀਕਤ ਵਿੱਚ ਭਾਰਤ ਲਈ ਇਹ ਸਮਾਂ ਹਵਾਬਾਜ਼ੀ ਪ੍ਰੋਟੋਕੋਲ ਨੂੰ ਵਿਸ਼ਵ ਪੱਧਰੀ ਸਾਜ਼ੋ-ਸਾਮਾਨ ਨਾਲ ਲੈਸ ਕਰਨ ਦਾ ਹੈ ਤਾਂ ਜੋ ਹਵਾਈ ਯਾਤਰਾ ਕਰਨ ਵਾਲਾ ਹਰ ਮਨੁੱਖ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰ ਸਕੇ।

## ਪੰਜਾਬ ਨੈਸ਼ਨਲ ਬੈਂਕ

pnb

ਅਸੈਟ ਰਿਕਵਰੀ ਮੈਨੇਜਮੈਂਟ ਸ਼ਾਖਾ (ਏਆਰਐਮਬੀ)

ਐਸਸੀਓ 10-ਬੀ, ਬੀ-ਬਲਾਕ, ਰਣਜੀਤ ਐਵੇਨਿਊ, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਪਾਸਪੋਰਟ ਦਫਤਰ ਨੇੜੇ, ਅੰਮ੍ਰਿਤਸਰ 143001

ਜਨਤਕ ਨੋਟਿਸ

ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ / ਜ਼ਾਮਨ /ਗਿਰਵੀਕਾਰ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀਆਂ ਗਈਆਂ ਚੱਲ / ਅਚੱਲ ਜਾਇਦਾਦਾਂ ਜੋ ਕਿ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀਆਂ ਗਈਆਂ / ਚਾਰਜ ਕੀਤੀਆਂ ਗਈਆਂ ਸਨ, ਨੂੰ SARFAESI ਐਕਟ ਦੇ ਉਪਬੰਧ ਦੇ ਤਹਿਤ ਔਨਲਾਈਨ ਬੋਲੀ ਪਲੇਟਫਾਰਮ www.baanknet.com 'ਤੇ ਮਿਤੀ 05-12-2025 ਨੂੰ ਹੋਈ ਈ-ਨਿਲਾਮੀ ਰਾਹੀਂ 3,97,50,000/- ਰੁਪਏ ਵਿੱਚ ਵੇਚ ਦਿੱਤਾ ਗਿਆ ਸੀ।

ਖਾਤੇ ਦਾ ਨਾਮ: ਮੈਸ. ਐਸ.ਜੀ. ਐਗਰੋ ਫੂਡਜ਼, ਪਤਾ: ਪਿੰਡ ਧੀਰੇਕੋਟ, ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ 143115 ਆਪਣੇ ਭਾਈਵਾਲਾਂ ਦੁਆਰਾ (i) ਸ਼੍ਰੀ ਤੇਜਿੰਦਰ ਸਿੰਘ ਜੋਸਨ ਪੁੱਤਰ ਸ਼੍ਰੀ ਸੁਖਦੇਵ ਸਿੰਘ ਜੋਸਨ, ਪਤਾ: 311, ਬਾਬਾ ਨਾਮਦੇਵ ਰੋਡ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ, (ii) ਸ਼੍ਰੀ ਤਰਸੇਮ ਕੁਮਾਰ ਨਈਅਰ ਸਪੁੱਤਰ ਸ੍ਰੀ ਗੋਵਰਦਨ ਦਾਸ, ਪਤਾ: 1357, ਵਾਰਡ ਨੰ. 5, ਗਲੀ ਮਹਾਲਕਸ਼, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ 143115 (iii) ਸ਼੍ਰੀ ਗੁਰਦਿਆਲ ਸਿੰਘ ਪੁੱਤਰ ਸ਼੍ਰੀ ਸ਼ਮਸ਼ੇਰ ਸਿੰਘ, ਪਤਾ: ਮਕਾਨ ਨੰ: 188, ਪਿੰਡ ਇਕਲ ਗੱਡਾ, ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਤਰਨਤਾਰਨ 143115 (iv) ਸ਼੍ਰੀ ਜਸਪਾਲ ਸਿੰਘ ਸਪੁੱਤਰ ਸ਼੍ਰੀ ਨਰਿੰਦਰ ਸਿੰਘ ਪਤਾ: 5777, ਵਾਰਡ ਨੰ. 3, ਮਾਤਾ ਰਾਣੀ ਮੰਦਿਰ ਰੋਡ, ਬੱਸ ਸਟੈਂਡ, ਜੰਡਿਆਲਾ ਗੁਰੂ, ਮੇਹਰਬਾਨਪੁਰਾ, ਅੰਮ੍ਰਿਤਸਰ, ਪੰਜਾਬ 143115 (v) ਸ਼੍ਰੀ ਸੁਰਜੀਤ ਸਿੰਘ ਪੁੱਤਰ ਸ਼੍ਰੀ ਹਰਭਜਨ ਸਿੰਘ, ਪਤਾ: 6077/29, ਜੋਤੀਸਰ ਕਲੋਨੀ, ਮਾਰਕਿਟ ਕਮੇਟੀ ਦਫਤਰ ਦੇ ਸਾਹਮਣੇ, ਜੀ ਟੀ ਰੋਡ, ਜੰਡਿਆਲਾ ਗੁਰੂ, ਅੰਮ੍ਰਿਤਸਰ ਪੰਜਾਬ 143115, (vi) ਸ੍ਰੀ ਕੰਵਲਬੀਰ ਸਿੰਘ ਸਪੁੱਤਰ ਸ਼੍ਰੀ ਸੁਖਦੇਵ ਸਿੰਘ, ਪਤਾ: ਬੋਰਛੀ ਰਾਜਪੂਤਾਨ, ਭੋਰਛੀ ਰਾਜਪੂਤਾਨਾ, ਅੰਮ੍ਰਿਤਸਰ, ਪੰਜਾਬ 143111 ਅਤੇ ਜ਼ਾਮਨ (i) ਸ਼੍ਰੀ ਨਿਸ਼ਾਨ ਸਿੰਘ ਕੰਗ ਪੁੱਤਰ ਸ਼੍ਰੀ ਬਲਦੇਵ ਸਿੰਘ ਕੰਗ, ਪਤਾ: 2346, ਵਾਰਡ ਨੰ. 10, ਪਿੰਡ ਰਈਆ, ਬਾਬਾ ਬਕਾਲਾ, ਅੰਮ੍ਰਿਤਸਰ, ਪੰਜਾਬ 143112 (ii) ਸ਼੍ਰੀ ਸੰਦੀਪ ਨਈਅਰ ਫਦਵਤ ਸ਼੍ਰੀ ਤਰਸੇਮ ਕੁਮਾਰ ਨਈਅਰ, ਪਤਾ: 1357, ਵਾਰਡ ਨੰ. 5, ਗਲੀ ਮਹਾਲਕਸ਼, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ 143115 (iii) ਸ਼੍ਰੀ ਪਲਵਿੰਦਰ ਸਿੰਘ ਪੁੱਤਰ ਸ਼੍ਰੀ ਬੇਅੰਤ ਸਿੰਘ, ਪਤਾ: ਮਕਾਨ ਨੰ: 62, ਪਿੰਡ ਭੋਰਛੀ ਰਾਜਪੂਤਾਨਾ, ਤਹਿਸੀਲ ਬਾਬਾ ਬਕਾਲਾ, ਜਿਲ੍ਹਾ ਅੰਮ੍ਰਿਤਸਰ, ਪੰਜਾਬ 143111 (iv) ਸ਼੍ਰੀ ਨਰੇਂਦਰ ਸਿੰਘ ਸਪੁੱਤਰ ਸ੍ਰੀ ਦਰਬਾਰਾ ਸਿੰਘ,ਪਤਾ: 5777, ਵਾਰਡ ਨੰ. 3, ਮਾਤਾ ਰਾਣੀ ਮੰਦਿਰ ਰੋਡ, ਬੱਸ ਸਟੈਂਡ, ਜੰਡਿਆਲਾ ਗੁਰੂ, ਮੇਹਰਬਾਨਪੁਰਾ, ਅੰਮ੍ਰਿਤਸਰ, ਪੰਜਾਬ 143115 ਆਪਣੇ ਕਾਨੂੰਨੀ ਵਾਰਸਾਂ ਰਾਹੀਂ: (ੳ) ਸ਼੍ਰੀਮਤੀ ਗਿਆਨ ਕੌਰ ਪਤਨੀ ਸ਼੍ਰੀ ਨਰਿੰਦਰ ਸਿੰਘ, ਪਿੰਡ ਜਹਾਂਗੀਰ, ਜ਼ਿਲ੍ਹਾ। ਤਰਨਤਾਰਨ, ਪੰਜਾਬ 143406 (ਅ) ਸ਼੍ਰੀ ਮਨਜੀਤ ਸਿੰਘ ਪੁੱਤਰ ਸ਼੍ਰੀ ਨਰਿੰਦਰ ਸਿੰਘ, ਪਿੰਡ ਜਹਾਂਗੀਰ, ਜਿਲਾ। ਤਰਨਤਾਰਨ, ਪੰਜਾਬ 143406 (ੲ) ਸ਼੍ਰੀ ਜਸਪਾਲ ਸਿੰਘ ਪੁੱਤਰ ਸ਼੍ਰੀ ਨਰਿੰਦਰ ਸਿੰਘ (ਭਾਈਵਾਲ) ਪਤਾ: 5777, ਵਾਰਡ ਨੰ. 3, ਮਾਤਾ ਰਾਣੀ ਮੰਦਿਰ ਰੋਡ, ਬੱਸ ਸਟੈਂਡ, ਜੰਡਿਆਲਾ ਗੁਰੂ, ਮੇਹਰਬਾਨਪੁਰਾ, ਅੰਮ੍ਰਿਤਸਰ, ਪੰਜਾਬ 143115 (v) ਸ਼੍ਰੀ ਮੁਨੀਸ਼ ਕੁਮਾਰ ਪੁੱਤਰ ਸ਼੍ਰੀ ਨਿਰੰਜਨ ਦਾਸ, ਪਤਾ: ਮਕਾਨ ਨੰ: 1044, ਰਈਆ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ 143202, (vi) ਸ਼੍ਰੀਮਤੀ ਪ੍ਰਵੀਨ ਜਯੋਤੀ ਸੁਪਤਨੀ ਸ਼੍ਰੀ ਬਲਰਾਜ ਕੁਮਾਰ ਪਤਾ : ਮਕਾਨ ਨੰ. ਮਕਾਨ ਨੰ: 836, ਵਾਰਡ ਨੰ. 13, ਗਲੀ ਨਿੱਝਰਾਂ, ਜੰਡਿਆਲਾ ਗੁਰੂ, ਜਿਲਾ. ਅੰਮ੍ਰਿਤਸਰ, ਪੰਜਾਬ 143115 (vii) ਸ਼੍ਰੀਮਤੀ ਸ਼ਮਾ ਰਾਣੀ ਸੁਪਤਨੀ ਸ਼੍ਰੀ ਤਰਸੇਮ ਕੁਮਾਰ ਨਈਅਰ, ਪਤਾ: 1357, ਵਾਰਡ ਨੰ. 5, ਗਲੀ ਮਹਿਲਕਾਸਾ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ 143115 (viii) ਸ਼੍ਰੀਮਾਨ ਜਸਵਿੰਦਰ ਸਿੰਘ ਪੁੱਤਰ: ਸ਼੍ਰੀ ਚੰਨਣ ਸਿੰਘ, ਅੰਮ੍ਰਿਤਸਰ, ਪੰਜਾਬ ਦਾ ਪਤਾ। 143111 (ix) ਸ਼੍ਰੀ ਰਾਮ ਅਵਤਾਰ ਪੁੱਤਰ ਸ਼੍ਰੀ ਬਲਰਾਜ ਕੁਮਾਰ, ਪਤਾ: 1649, ਵਾਰਡ ਨੰ. 1, ਗਲੀ ਸਰਾਫਾ ਵਾਲੀ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ 143115 (x) ਸ਼੍ਰੀ ਲਖਬੀਰ ਸਿੰਘ ਪੁੱਤਰ ਸ਼੍ਰੀ ਸਵਰਨ ਸਿੰਘ ਪੁੱਤਰ ਸ਼੍ਰੀ ਨੱਥਾ ਸਿੰਘ, ਪਤਾ: ਗੰਗਾ ਸਿੰਘ, ਓ. ਹਰਕ੍ਰਿਸ਼ਨ ਪਬਲਿਕ ਸਕੂਲ, ਤਹਿਸੀਲ ਅਤੇ ਜਿਲ੍ਹਾ ਤਰਨਤਾਰਨ (xii) ਸ਼੍ਰੀ ਰਮਨ ਕੁਮਾਰ ਪੁੱਤਰ ਸ਼੍ਰੀ ਗੋਵਰਦਨ ਦਾਸ, ਪਤਾ: ਗਲੀ ਮਹਾਲਕਸ਼, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ 143115 (xii) ਸ਼੍ਰੀ ਸੁਖਦੇਵ ਸਿੰਘ ਪੁੱਤਰ ਸ਼੍ਰੀ ਸੁਦਾਗਰ ਸਿੰਘ (ਮ੍ਰਿਤਕ) ਉਸਦੇ ਕਾਨੂੰਨੀ ਵਾਰਸਾਂ (ੳ) ਸ੍ਰੀ ਤਜਿੰਦਰ ਸਿੰਘ ਜੋਸਨ ਸਪੁੱਤਰ ਸ਼੍ਰੀ ਸੁਖਦੇਵ ਸਿੰਘ, ਬਾਬਾ ਨਾਮਦੇਵ ਰੋਡ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ 143115 (ਅ) ਸ਼੍ਰੀ ਬਲਜਿੰਦਰ ਸਿੰਘ ਪੁੱਤਰ ਸ਼੍ਰੀ ਸੁਖਦੇਵ ਸਿੰਘ, ਬਾਬਾ ਨਾਮਦੇਵ ਰੋਡ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ 143115 (ੲ) ਸ਼੍ਰੀ ਸਰਬਜੀਤ ਸਿੰਘ ਪੁੱਤਰ ਸ਼੍ਰੀ ਸੁਖਦੇਵ ਸਿੰਘ, ਬਾਬਾ ਨਾਮਦੇਵ ਰੋਡ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ 143115 (xiii) ਸ੍ਰੀ ਗੁਰਮੀਤ ਸਿੰਘ ਸਪੁੱਤਰ ਸ੍ਰੀ ਦਰਬਾਰਾ ਸਿੰਘ (ਭਾਈਵਾਲ) ਮੈਸ. ਨਰਿੰਦਰ ਸਿੰਘ ਐਂਡ ਬ੍ਰਦਰਜ਼, ਪਤਾ:- ਨਵੀਂ ਅਨਾਜ ਮੰਡੀ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ 143115

ਸੁਰੱਖਿਅਤ ਸੰਪਤੀਆਂ ਦਾ ਵੇਰਵਾ:

(ੲ) ਪਿੰਡ ਧੀਰੇ ਕੋਟ, ਗਹਿਰੀ ਵਿਖੇ ਸਥਿਤ 7 ਟਾਈਟਲ ਡੀਡਾਂ ਵਾਲੀ 23 ਕਨਾਲ 14 ਮਰਲੇ ਦੀ ਫੈਕਟਰੀ ਜ਼ਮੀਨ ਅਤੇ ਇਮਾਰਤ, ਜੀ.ਟੀ ਰੋਡ, ਜੰਡਿਆਲਾ ਗੁਰੂ ਹੇਠਾਂ ਦਿੱਤੇ ਵੇਰਵੇ ਅਨੁਸਾਰ:-

(1) ਜ਼ਮੀਨ ਦੀ ਮਿਣਤੀ 8 ਕਨਾਲ 6 ਮਰਲੇ, 23 ਕਨਾਲਾਂ ਵਿੱਚੋਂ 166/474 ਹਿੱਸੇ 14 ਮਰਲੇ ਵਾਲੀ ਖਸਰਾ ਨੰ: ਖਾਤਾ ਖਟੋਨੀ ਨੰ. 12/63,64, 125/254 ਜਮਾਂਬੰਦੀ ਸਾਲ 2001-02, ਸ਼੍ਰੀ ਜਸਪਾਲ ਸਿੰਘ ਪੁੱਤਰ ਸ਼੍ਰੀ ਨਰਿੰਦਰ ਸਿੰਘ, ਸ਼੍ਰੀ ਗੁਰਦਿਆਲ ਸਿੰਘ ਪੁੱਤਰ ਸ਼੍ਰੀ ਸ਼ਮਸ਼ੇਰ ਸਿੰਘ, ਸ਼੍ਰੀ ਤੇਜਿੰਦਰ ਸਿੰਘ ਪੁੱਤਰ ਸ਼੍ਰੀ ਸੁਖਦੇਵ ਸਿੰਘ, ਸ਼੍ਰੀ ਰਮਨ ਕੁਮਾਰ ਪੁੱਤਰ ਸ਼੍ਰੀਮਾਨ ਸਿੰਘ ਪੁੱਤਰ ਸ਼੍ਰੀ ਗੋਰਾਈਡ ਨੰ. 1548, ਕਿਤਾਬ ਨੰ. 1, ਖੰਡ ਨੰ. 9708 ਪੰਨਾ 9091 ਮਿਤੀ 18/05/2006 ਨੂੰ ਸਬ ਰਜਿਸਟਰਾਰ, ਅੰਮ੍ਰਿਤਸਰ-1 ਨਾਲ

(2) ਜ਼ਮੀਨ ਦੀ ਮਿਣਤੀ 2 ਕਨਾਲ 11 ਮਰਲੇ 6 ਸਰਸਾਈ, 1/3 ਹਿੱਸਾ 7 ਕਨਾਲ 15 ਮਰਲੇ ਵਾਲਾ ਖਸਰਾ ਨੰ. 35/17/2 (3-8), 17/3 (0-7), 19/2/2 (0-11), 23/2 (6-18), 18/1/1 (6-5), 18/2/1 (1-5) ×ਖਸਰਾ ਨੰ. 35/20/2 (0-6), 24/1(4-14) ਖਤਖਟੋਨੀ ਨੰ. 148/264, 23/62 ਜਮਾਂਬੰਦੀ ਸਾਲ 2006-07 ਤੇਜਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਦੇ ਨਾਂ 'ਤੇ ਵਿਕਰੀ ਡੀਡ ਦਸਤਾਵੇਜ਼ ਨੰਬਰ 4816, ਕਿਤਾਬ ਨੰ. 1, ਜਿਲਦ ਨੰ: 10312 ਪੰਨਾ 1112 ਮਿਤੀ 20/08/2008 ਨੂੰ ਸਬ ਰਜਿਸਟਰਾਰ, ਅੰਮ੍ਰਿਤਸਰ-ਐਲ.

(3) ਜ਼ਮੀਨ ਦੀ ਮਿਣਤੀ 2 ਕਨਾਲ 11 ਮਰਲੇ 6 ਸਰਸਾਈ 1/3 ਹਿੱਸਾ 7 ਕਨਾਲ 15 ਮਰਲੇ ਵਾਲਾ ਖਸਰਾ ਨੰ. 35/17/2 (3-8), 17/3 (0-7)। 19/2/2 (0-11), 23/2 (6-18), 18/1/1 (6-5), 18/2/1 (1-5) ਅਤੇ ਖਸਰਾ ਨੰ. 35/20/2 (0-6), 24/1 (4-14) ਖਤਾ ਖਟੋਨੀ ਨੰ. 148/264, 23/62 ਜਮ੍ਹਾਂਬੰਦੀ ਸਾਲ 2006-07 ਸਵਰਗੀ ਸ਼੍ਰੀ ਬਲਰਾਜ ਕੁਮਾਰ ਸਿੰਘ ਸ਼੍ਰੀ ਮੋਤੀ ਰਾਮ ਦੇ ਕਾਨੂੰਨੀ ਵਾਰਸ ਸ਼੍ਰੀ ਰਾਮ ਅਵਤਾਰ ਦੇ ਨਾਮ 'ਤੇ ਇੰਤਕਾਲ ਕੀਤਾ ਗਿਆ। ਸੇਲ ਡੀਡ ਦਸਤਾਵੇਜ਼ ਨੰਬਰ 3984, ਕਿਤਾਬ ਨੰਬਰ 1, ਵਾਲੀਅਮ ਨੰਬਰ 10290 ਪੰਨਾ 100 'ਤੇ ਮਿਤੀ 24/07/2008 ਨੂੰ ਸਬ ਰਜਿਸਟਰਾਰ ਅੰਮ੍ਰਿਤਸਰ-I ਨਾਲ

(4) 2 ਕਨਾਲ 11 ਮਰਲੇ 6 ਸਰਸਾਈ ਜ਼ਮੀਨ 7 ਕਨਾਲ 15 ਮਰਲੇ ਦਾ 1/3 ਹਿੱਸਾ ਜਿਸ ਵਿੱਚ ਖਸਰਾ ਨੰਬਰ 35/17/2 (3-8), 17/3 (0-7), 19/2/2 (0-11), 23/2 (6-18), 18/1/1 (6-5), 18/2/1 (1-5) ਅਤੇ ਖਸਰਾ ਨੰਬਰ ਹੈ। 35/20/2 (0-6), 24/1(4-14) ਖਾਤਾ ਖਟੋਨੀ ਨੰ. 148/264, 23/62 ਜਮ ?ਹਾਂਬੰਦੀ ਸਾਲ 2006-07 ਸ਼੍ਰੀ ਮੁਨੀਸ਼ ਕੁਮਾਰ ਪੁੱਤਰ ਸ਼੍ਰੀ ਨਿਰੰਜਨ ਦਾਸ ਦੇ ਨਾਮ 'ਤੇ ਵਿਕਰੀ ਡੀਡ ਦਸਤਾਵੇਜ਼ ਨੰ. 3983, ਕਿਤਾਬ ਨੰ. 1, ਭਾਗ ਨੰ. 10290 ਪੰਨਾ 9899 ਮਿਤੀ 24/07/2008 ਨੂੰ ਸਬ ਰਜਿਸਟਰਾਰ, ਅੰਮ੍ਰਿਤਸਰ-I ਨਾਲ ਖਸਰਾ ਨੰਬਰ (5) 7 ਕਨਾਲ 14 ਮਰਲੇ ਦੀ ਜ਼ਮੀਨ, 23 ਕਨਾਲ 3 ਮਰਲੇ ਵਿੱਚੋਂ 1/3 ਹਿੱਸਾ ਜਿਸ ਵਿੱਚ ਖਸਰਾ ਨੰਬਰ ਹੈ। 35/17/2 (3-8), 17/3(0-7), 23/2 (6-8), 18/1/1(6-5), 18/2/1 (1-5), 19/2/2 (0-11), 35/24/1(4-14), 35/20/2(0-5) ਪਲਵਿੰਦਰ ਸਿੰਘ ਪੁੱਤਰ ਬੇਅੰਤ ਸਿੰਘ, ਸੁਰਜੀਤ ਸਿੰਘ ਪੁੱਤਰ ਹਰਭਜਨ ਸਿੰਘ, ਨਿਸ਼ਾਨ ਸਿੰਘ ਪੁੱਤਰ ਬਲਦੇਵ ਸਿੰਘ, ਤੇਜਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ, ਮੇਜਰ ਸਿੰਘ ਪੁੱਤਰ ਜਗੀਰ ਸਿੰਘ ਦੇ ਨਾਮ 'ਤੇ ਤਿੰਨ ਵਿਕਰੀ ਡੀਡਾਂ ਰਾਹੀਂ ਹੇਠਾਂ ਦਿੱਤੇ ਵੇਰਵੇ ਅਨੁਸਾਰ:

(i) ਵਿਕਰੀ ਡੀਡ ਦਸਤਾਵੇਜ਼ ਨੰਬਰ 2287, ਕਿਤਾਬ ਨੰਬਰ 1, ਵਾਲੀਅਮ ਨੰਬਰ 9459 ਪੰਨਾ 100 ਮਿਤੀ 9/6/2005 'ਤੇ।
(ii) ਵਿਕਰੀ ਡੀਡ ਮਿਤੀ 25/08/2006 ਦਸਤਾਵੇਜ਼ ਨੰਬਰ 1 ਰਾਹੀਂ ਰਜਿਸਟਰਡ। 4826, ਕਿਤਾਬ ਨੰ. 1, ਜਿਲਦ ਨੰ. 9786 ਪੰਨਾ 63/64 'ਤੇ
(iii) ਵਿਕਰੀ ਡੀਡ ਮਿਤੀ 25/08/2006 ਦੁਆਰਾ ਦਸਤਾਵੇਜ਼ ਨੰ. 4827, ਕਿਤਾਬ ਨੰ. 1, ਜਿਲਦ ਨੰ. 9786 ਪੰਨਾ 63/64 'ਤੇ ਰਜਿਸਟਰਡ।

(ਬੀ) ਚੱਲ ਜਾਇਦਾਦ / ਪੌਦੇ ਅਤੇ ਮਸ਼ੀਨਰੀ ਜੋ ਕਿ ਮੈਸਰਜ਼ ਐਸ ਜੀ ਐਗਰੋ ਫੂਡਜ਼, ਧੀਰੇ ਕੋਟ, ਗਹਿਰੀ ਮੰਡੀ, ਜੰਡਿਆਲਾ ਗੁਰੂ ਦੇ ਅਹਾਤੇ ਵਿੱਚ ਪਈਆਂ ਹਨ ਅਤੇ ਬੈਂਕ ਦੇ ਕਬਜ਼ੇ ਹੇਠ ਹਨ। ਜਾਇਦਾਦ ਆਈਡੀ: PUNBGBR79367582

ਕੁਝ ਕਾਰਨਾਂ ਕਰਕੇ, ਉਕਤ ਨਿਲਾਮੀ ਰੱਦ ਕਰ ਦਿੱਤੀ ਗਈ ਹੈ ਅਤੇ ਬੈਂਕ ਉਪਰੋਕਤ ਸੁਰੱਖਿਅਤ ਜਾਇਦਾਦਾਂ ਦੀ ਮੁੜ ਨਿਲਾਮੀ ਲਈ ਕਾਰਵਾਈ ਕਰ ਰਿਹਾ ਹੈ।

ਮਿਤੀ : 26.02.2026 ਸਥਾਨ : ਅੰਮ੍ਰਿਤਸਰ ਸਹੀ/- ਅਧਿਕਾਰਤ ਅਧਿਕਾਰੀ

# ਗੁਰਦਾਸਪੁਰ ਵਿਖੇ ਅਗਨੀਵੀਰ ਭਰਤੀ ਰੈਲੀ 5 ਤੋਂ 20 ਮਾਰਚ ਤੱਕ

ਬਟਾਲਾ/ ਸ੍ਰੀ ਹਰਗੋਬਿੰਦਪੁਰ ਸਾਹਿਬ, -26 ਫਰਵਰੀ ( ਡਾਕਟਰ ਨਰਿੰਦਰ ਸਿੰਘ ਘੁਮਾਣ/ ਸੁਖ ਅੰਮ੍ਰਿਤ ਘੁਮਾਣ ) ਭਾਰਤੀ ਫੌਜ ਭਰਤੀ ਦਫ਼ਤਰ, ਅੰਮ੍ਰਿਤਸਰ, ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਸਹਿਯੋਗ ਨਾਲ 05 ਤੋਂ 20 ਮਾਰਚ 2026 ਤੱਕ ਸਰਕਾਰੀ ਕਾਲਜ ਗੁਰਦਾਸਪੁਰ ਦੇ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ ਵਿਖੇ ਅਗਨੀਵੀਰ ਭਰਤੀ ਰੈਲੀ ਦਾ ਕਰਵਾ ਰਿਹਾ ਹੈ।ਇਸ ਭਰਤੀ ਰੈਲੀ ਵਿੱਚ, ਅਗਨੀਵੀਰ ਜਨਰਲ ਡਿਊਟੀ, ਅਗਨੀਵੀਰ ਟੈਕਨੀਕਲ, ਅਗਨੀਵੀਰ ਕਲਰਕ/ਸਟੋਰ ਕੀਪਰ ਅਤੇ ਅਗਨੀਵੀਰ ਟਰੇਡਸਮੈਨ (10ਵੀਂ ਅਤੇ 8ਵੀਂ) ਦੀ ਭਰਤੀ ਕੀਤੀ ਜਾਵੇਗੀ।ਇਸ ਭਰਤੀ ਰੈਲੀ ਸਬੰਧੀ ਜਾਣਕਾਰੀ ਦਿੰਦਿਆਂ ਕਰਨਲ ਜੇਮਜ਼ ਜੈਕਬ, ਡਾਇਰੈਕਟਰ ਭਰਤੀ ਦਫ਼ਤਰ ਨੇ ਦੱਸਿਆ ਕਿ ਇਸ ਗੁਰਦਾਸਪੁਰ ਭਰਤੀ ਰੈਲੀ ਵਿੱਚ, ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਦੇ ਉਮੀਦਵਾਰਾਂ ਦੀ ਸਰੀਰਕ ਤੰਦਰੁਸਤੀ, ਮੈਡੀਕਲ ਤੰਦਰੁਸਤੀ ਦੇ ਨਾਲ-ਨਾਲ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ। ਇਸ ਮੌਕੇ ਸੂਬੇਦਾਰ ਮੇਜਰ ਸੰਜੇ ਅਤੇ ਸੂਬੇਦਾਰ ਪ੍ਰਵੀਨ ਵੀ ਮੌਜੂਦ ਸਨ।

# ਕਸਬਾ ਘੁਮਾਣ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੈਮੀਨਾਰ ਲਗਾਇਆ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ (ਡਾ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ)ਯੁੱਧ ਨਸਿਆ ਵਿਰੁੱਧ ਮੁਹਿੰਮ ਤਹਿਤ ਕਸਬਾ ਘੁਮਾਣ ਵਿਖੇ ਯੁੱਧ ਨਸ਼ਿਆਂ ਵਿਰੁੱਧ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਕੋਆਰਡੀਨੇਟਰ ਰਾਜਵਿੰਦਰ ਸਿੰਘ ਬਬਲੂ ਟੀਵੀ ਐਸ ਘੁਮਾਣ ਅਤੇ ਹਲਕਾ ਵਾਈਸ ਮੀਡੀਆ ਕੋਆਰਡੀਨੇਟਰ ਅੰਮ੍ਰਿਤਪਾਲ ਸਿੰਘ ਸੋਹੀ ਦੀ ਅਗਵਾਈ ਹੇਠ ਸੈਮੀਨਾਰ ਲਗਾਇਆ ਗਿਆ।ਇਸ ਸੈਮੀਨਾਰ ਵਿੱਚ ਜ਼ਿਲ੍ਹਾ ਕੋਆਰਡੀਨੇਟਰ ਡਾ ਅਰਸ਼ਦੀਪ ਸਿੰਘ ਵੱਲੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਗਈ। ਸੈਮੀਨਾਰ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਕੋਆਰਡੀਨੇਟਰ ਡਾ ਅਰਸ਼ਦੀਪ ਸਿੰਘ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਿਆਂ ਨੂੰ ਖਤਮ ਕਰਨ ਲਈ ਵੱਖ ਵੱਖ ਪਿੰਡਾਂ ਵਿਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਅੱਜ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਕਸਬਾ ਘੁਮਾਣ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਦਾ ਮੁੱਖ ਉਦੇਸ਼ ਹੈ ਕਿ ਪੰਜਾਬ ਨਸ਼ਾ ਮੁਕਤ ਕਰਕੇ ਰੰਗਲਾ ਪੰਜਾਬ ਬਣਾਉਣਾ। ਉਨ੍ਹਾਂ ਆਖਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਵੱਡੀ ਪੱਧਰ ਤੇ ਨਸ਼ਿਆਂ ਦੇ ਸੁਦਾਗਰਾਂ ਨੂੰ ਪੁਲਿਸ ਵੱਲੋਂ ਗਿਰਫ਼ਤਾਰ ਕੀਤਾ ਗਿਆ ਹੈ ਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਵੱਡੀ ਪੱਧਰ ਤੇ ਨਸ਼ਿਆਂ ਨੂੰ ਠੱਲ੍ਹ ਪਾਈ ਗਈ ਹੈ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਇਸ ਮੌਕੇ ਪ੍ਰਧਾਨ ਪ੍ਰਲੋਕ ਸਿੰਘ ਘੁਮਾਣ, ਸੀਨੀਅਰ ਆਗੂ ਅਤੇ ਉੱਘੇ ਸਮਾਜ ਸੇਵੀ ਡਾ ਹਰਜਿੰਦਰ ਸਿੰਘ ਜੱਜ, ਬਲਾਕ ਪ੍ਰਧਾਨ ਹਿਊਮਨ ਰਾਇਟਸ ਅਤੇ ਸਾਬਕਾ ਸਰਪੰਚ ਬਲਰਾਮ ਸਿੰਘ ਬਰਿਆਰ,ਹੈਡ ਕਾਂਸਟੇਬਲ ਪ੍ਰਮਜੀਤ ਸਿੰਘ, ਹੈਡ ਕਾਂਸਟੇਬਲ ਰਾਜਨਬੀਰ ਸਿੰਘ, ਰਾਜਵਿੰਦਰ ਸਿੰਘ ਪ੍ਰਧਾਨ ਪ੍ਰਲੋਕ ਸਿੰਘ ਦਲਜੀਤ ਸਿੰਘ ਬਲਰਾਮ ਸਿੰਘ ਬਲਜੀਤ ਸਿੰਘ ਦਇਆ ਸਿੰਘ ਆਦਿ ਹਾਜ਼ਰ ਸਨ।

# ਪਾਣੀ ਦੀ ਬਰਬਾਦੀ ਨੂੰ ਰੋਕਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ : ਪ੍ਰੇਮ ਪਡਵਾਲ, ਡਾ. ਕਰਨ ਸੈਣੀ

ਟਾਂਡਾ ਉੜਮੁੜ 26 ਫਰਵਰੀ (ਅਰਜੁਨ ਜੈਨ) : ਦੁਨੀਆਂ ਦੇ ਹਰ ਜੀਵ ਜੰਤੂ ਤੇ ਇਨਸਾਨੀ ਜ਼ਿੰਦਗੀ ਲਈ ਸਭ ਤੋਂ ਜ਼ਰੂਰੀ ਪਾਣੀ ਹੈ ਅਤੇ ਇਸਦੀ ਬੇਵਜਾਹ ਕੀਤੀ ਜਾ ਰਹੀ ਬਰਬਾਦੀ ਨੂੰ ਰੋਕਣ ਅਤੇ ਇਸਦੇ ਮਾੜੇ ਸਿੱਟਿਆਂ ਸਬੰਧੀ ਆਮ ਜਨਤਾ ਨੂੰ ਜਾਗ੍ਰਿਤ ਕਰਨ ਲਈ ਉੱਘੇ ਸਮਾਜ ਸੇਵੀ ਪ੍ਰੇਮ ਪਡਵਾਲ ਨੇ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਪਾਣੀ ਬਚਾਓ ਮਿਸ਼ਨ ਤਹਿਤ ਅੱਜ ਸਰਕਾਰੀ ਹਸਪਤਾਲ ਟਾਂਡਾ ਵਿਖੇ ਡਾਕਟਰਾਂ, ਸਮੂਹ ਸਟਾਫ ਅਤੇ ਹਾਜਰ ਲੋਕਾਂ ਨੂੰ ਪਾਣੀ ਦੀ ਬਰਬਾਦੀ ਨੂੰ ਰੋਕਣ ਸਬੰਧੀ ਜਾਗ੍ਰਿਤ ਕੀਤਾ। ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਉੱਘੇ ਸਮਾਜ ਸੇਵੀ ਪ੍ਰੇਮ ਪਡਵਾਲ ਨੇ ਕਿਹਾ ਕਿ ਪਾਣੀ ਦੀ ਲਗਾਤਾਰ ਕੀਤੀ ਜਾ ਰਹੀ ਬਰਬਾਦੀ ਕਾਰਨ ਪਾਣੀ ਦਾ ਲੈਵਲ ਜਮੀਨ ਤੋਂ ਕਾਫੀ ਹੇਠਾਂ ਚਲਾ ਗਿਆ ਹੈ ਜਿਸ ਕਾਰਨ ਅੱਜ ਸਾਰੀ ਦੁਨੀਆ ਦੇ ਲੋਕ ਤ੍ਰਾਹੀ ਤ੍ਰਾਹੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਈ ਲੋਕ ਆਪਣੇ ਘਰਾਂ ਦੀਆਂ ਟੂਟੀਆਂ ਖੁੱਲੀਆਂ ਛੱਡ ਦਿੰਦੇ ਹਨ ਜਿਸ ਕਾਰਨ ਪਾਣੀ ਦੀ ਕਾਫੀ ਬਰਬਾਦੀ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਬਰਬਾਦੀ ਨੂੰ ਰੋਕਣ ਦਾ ਸਿਰਫ਼ ਸਰਕਾਰਾਂ ਦਾ ਫਰਜ਼ ਹੀ ਨਹੀਂ ਹੈ ਇਹ ਤਾਂ ਹਰ ਇਨਸਾਨ ਦਾ ਫਰਜ ਬਣਦਾ ਹੈ ਕਿ ਉਹ ਖੁਦ ਵੀ ਪਾਣੀ ਦੀ ਬਰਬਾਦੀ ਨੂੰ ਰੋਕੇ ਅਤੇ ਹੋਰ ਲੋਕਾਂ ਨੂੰ ਵੀ ਜਾਗ੍ਰਿਤ ਕਰੇ।ਐਸ.ਐਮ.ਓ ਟਾਂਡਾ ਡਾ. ਕਰਨ ਸੈਣੀ ਨੇ ਕਿਹਾ ਕਿ ਦੁਨੀਆਂ ਦੇ ਹਰ ਜੀਵ-ਜੰਤੂ ਅਤੇ ਇਨਸਾਨੀ ਜ਼ਿੰਦਗੀ ਲਈ ਪਾਣੀ ਅਤੇ ਹਵਾ ਬਹੁਤ ਜਰੂਰੀ ਹੈ ਇਸ ਲਈ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਜ਼ਰੂਰਤ ਅਨੁਸਾਰ ਹੀ ਪਾਣੀ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਮਾਂ ਰਹਿੰਦੇ ਲੋਕ ਜਾਗ੍ਰਿਤ ਨਹੀਂ ਹੋਏ ਅਤੇ ਪਾਣੀ ਦੀ ਬਰਬਾਦੀ ਨੂੰ ਰੋਕਣ ਦੇ ਹਰ ਸੰਭਵ ਯਤਨ ਨਹੀਂ ਕੀਤੇ ਤਾਂ ਆਉਣ ਵਾਲੀ ਪੀੜੀ ਨੂੰ ਇਸਦੇ ਬਹੁਤ ਮਾੜੇ ਸਿੱਟੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਜੇਕਰ ਹਾਲਾਤ ਤੇ ਜਲਦ ਕਾਬੂ ਨਾ ਪਾਇਆ ਤਾਂ ਪਾਣੀ ਖਰੀਦ ਕੇ ਵੀ ਪੀਣਾ ਮੁਸ਼ਕਿਲ ਹੋ ਜਾਵੇਗਾ। ਡਾ. ਵਿਨੋਦ, ਡਾ. ਸ਼ਗੁਨ, ਡਾ. ਅਵਤਾਰ ਸਿੰਘ, ਡਾ. ਕਰਤਾਰ ਸਿੰਘ, ਡਾ. ਕਰਨ ਵਿਰਕ, ਡਾ. ਹਰਪ੍ਰੀਤ ਸਿੰਘ, ਡਾ. ਬਲਜੀਤ ਕੌਰ, ਡਾ. ਮੀਨਾਕਸ਼ੀ ਸੈਣੀ ਤੇ ਸਮੂਹ ਸਟਾਫ ਨੇ ਪ੍ਰਣ ਕਰਦੇ ਹੋਏ ਕਿਹਾ ਕਿ ਪਾਣੀ ਦੀ ਬਰਬਾਦੀ ਨੂੰ ਰੋਕਣ ਲਈ ਅਸੀਂ ਸਾਰਿਆਂ ਨੂੰ ਜਾਗ੍ਰਿਤ ਕਰਾਂਗੇ ਅਤੇ ਪਾਣੀ ਦਾ ਇਸਤੇਮਾਲ ਕਰਕੇ ਨਲ ਨੂੰ ਬੰਦ ਕਰ ਦੇਣ ਸਬੰਧੀ ਘਰ-ਘਰ ਵਿੱਚ ਇਹ ਸੁਨੇਹਾ ਦੇਵਾਂਗੇ ਤਾਂ ਜੋ ਪਾਣੀ ਨੂੰ ਵਿਅਰਥ ਨਾ ਬਰਬਾਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਾਣੀ ਨੂੰ ਬਚਾਇਆ ਜਾ ਸਕਦਾ ਹੈ ਪਰ ਬਣਾਇਆ ਨਹੀਂ ਜਾ ਸਕਦਾ ਇਸ ਲਈ ਜਲ ਹੈ ਤਾਂ ਜੀਵਨ ਹੈ ਦਾ ਸੰਦੇਸ਼ ਲੋਕਾਂ ਤੱਕ ਜਰੂਰ ਪਹੁੰਚਾਇਆ ਜਾਵੇਗਾ।

# ਯੂਥ ਕਾਂਗਰਸ ਦੇ ਆਗੂਆਂ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਦਿੱਲੀ ਦਫ਼ਤਰ ਅੱਗੇ ਜੋਰਦਾਰ ਧਰਨਾ -ਸਾਹੀ

ਤਲਵਾੜਾ, 26 ਫਰਵਰੀ (ਜਗਮੋਹਨ ਸ਼ਰਮਾ) :ਬੁੱਧਵਾਰ ਨੂੰ ਦਿੱਲੀ ਵਿਖੇ ਇੰਡੀਆ ਯੂਥ ਕਾਂਗਰਸ ਦੇ ਦਫ਼ਤਰ ਅੱਗੇ ਉਸ ਸਮੇਂ ਮਾਹੌਲ ਗਰਮ ਹੋ ਗਿਆ ਜਦੋਂ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਉਦੈ ਬਾਨੂ ਚਿਬ ਅਤੇ ਹੋਰ ਕਈ ਯੂਥ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੇ ਵਿਰੋਧ ਵਿੱਚ ਵੱਡੀ ਗਿਣਤੀ ਵਿੱਚ ਕਾਰਕੁਨਾਂ ਨੇ ਇਕੱਠ ਕਰਕੇ ਧਰਨਾ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਗ੍ਰਿਫ਼ਤਾਰੀਆਂ ਨੂੰ ਲੋਕਤੰਤਰਿਕ ਅਧਿਕਾਰਾਂ ਉੱਤੇ ਹਮਲਾ ਕਰਾਰ ਦਿੰਦਿਆਂ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਤੁਰੰਤ ਰਿਹਾਈ ਦੀ ਮੰਗ ਉਠਾਈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਦਸੂਹਾ ਤੋਂ ਯੂਥ ਕਾਂਗਰਸ ਦੇ ਉਮੀਦਵਾਰ ਸਿਮਰਨਜੀਤ ਸਿੰਘ ਸਾਹੀ ਨੇ ਤਲਵਾੜਾ ਵਿੱਚ ਕੀਤਾ। ਉਹਨਾਂ ਕਿਹਾ ਕਿ ਧਰਨੇ ਦੌਰਾਨ ਵੱਖ-ਵੱਖ ਰਾਜਾਂ ਤੋਂ ਆਏ ਯੂਥ ਕਾਂਗਰਸ ਦੇ ਆਗੂਆਂ ਅਤੇ ਵਰਕਰਾਂ ਨੇ ਆਪਣਾ ਗੁੱਸਾ ਜਾਹਿਰ ਕਰਦਿਆਂ ਕਿਹਾ ਕਿ ਸ਼ਾਂਤੀਪੂਰਵਕ ਢੰਗ ਨਾਲ ਆਪਣੀ ਗੱਲ ਰੱਖਣਾ ਹਰ ਨਾਗਰਿਕ ਦਾ ਸੰਵਿਧਾਨਕ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ ਅਤੇ ਯੂਥ ਕਾਂਗਰਸ ਹਮੇਸ਼ਾਂ ਲੋਕਤੰਤਰ ਦੀ ਰੱਖਿਆ ਲਈ ਅੱਗੇ ਰਹੇਗੀ। ਸਿਮਰਨਜੀਤ ਸਿੰਘ ਸਾਹੀ ਨੇ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਹਲਕਾ ਦਸੂਹਾ ਦਾ ਇਕ ਵਫ਼ਦ ਖ਼ਾਸ ਤੌਰ 'ਤੇ ਧਰਨੇ ਵਿੱਚ ਸ਼ਾਮਲ ਹੋਣ ਲਈ ਦਿੱਲੀ ਪਹੁੰਚਿਆ। ਇਸ ਵਫ਼ਦ ਵਿੱਚ ਯੂਥ ਬਲਾਕ ਪ੍ਰਧਾਨ ਕਾਂਗਰਸ ਦਸੂਹਾ ਦੇ ਉਮੀਦਵਾਰ ਜਗਪਾਲ ਸਿੰਘ ਬਾਜਵਾ, ਕਾਂਗਰਸ ਦੇ ਸੀਨੀਅਰ ਨੇਤਾ ਤਰਲੋਕ ਸਿੰਘ ਸਾਹੀ (ਵਿਧਾਨ ਸਭਾ ਹਲਕਾ ਦਸੂਹਾ), ਸ਼ਮਸ਼ੇਰ ਅਤੇ ਗੁਰਬਾਜ਼ ਸਿੰਘ ਸਮੇਤ ਹੋਰ ਕਈ ਵਰਕਰ ਵੀ ਮੌਜੂਦ ਸਨ।ਦਸੂਹਾ ਤੋਂ ਗਏ ਆਗੂਆਂ ਨੇ ਕਿਹਾ ਕਿ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਹੋਰ ਯੂਥ ਆਗੂਆਂ ਦੀ ਗ੍ਰਿਫ਼ਤਾਰੀ ਅਨੁਚਿਤ ਹੈ ਅਤੇ ਇਹ ਲੋਕਤੰਤਰਕ ਮੂਲਿਆਂ ਦੇ ਖ਼ਿਲਾਫ਼ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਗ੍ਰਿਫ਼ਤਾਰ ਆਗੂਆਂ ਨੂੰ ਜਲਦ ਰਿਹਾਅ ਨਾ ਕੀਤਾ ਗਿਆ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਧਰਨੇ ਦੌਰਾਨ ਸੁਰੱਖਿਆ ਦੇ ਕੜੇ ਪ੍ਰਬੰਧ ਕੀਤੇ ਗਏ ਸਨ ਅਤੇ ਪੁਲਿਸ ਬਲ ਵੀ ਵੱਡੀ ਗਿਣਤੀ ਵਿੱਚ ਤਾਇਨਾਤ ਕੀਤਾ ਗਿਆ ਸੀ। ਇਸ ਦੇ ਬਾਵਜੂਦ ਪ੍ਰਦਰਸ਼ਨ ਸ਼ਾਂਤੀਪੂਰਵਕ ਢੰਗ ਨਾਲ ਸੰਪੰਨ ਹੋਇਆ।

# ਰੰਗਲਾ ਪੰਜਾਬ ਉਤਸਵ ਦੀਆਂ ਤਿਆਰੀਆਂ ਮੁਕੰਮਲ

ਅੰਮ੍ਰਿਤਸਰ, 26 ਫਰਵਰੀ (ਗੁਰਦਿਆਲ ਸਿੰਘ) - ਪੰਜਾਬ ਸਰਕਾਰ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਵੱਲੋਂ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਮੈਦਾਨ ਵਿੱਚ 27 ਫਰਵਰੀ ਤੋਂ ਲਗਾਏ ਜਾਣ ਵਾਲੇ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਸ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ ਦੌਰਾਨ ਪੰਜਾਬ ਦੇ ਸੱਭਿਆਚਾਰਕ ਵਿਰਸੇ, ਰਹਿਣ-ਸਹਿਣ ਅਤੇ ਖਾਣ-ਪੀਣ ਨੂੰ ਵਿਸ਼ਵ ਪੱਧਰ 'ਤੇ ਉਤਸ਼ਾਹਤ ਕੀਤਾ ਜਾਵੇਗਾ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਦੇ ਮੈਦਾਨ ਵਿੱਚ 27 ਫਰਵਰੀ ਨੂੰ ਦੁਪਹਿਰ 12:00 ਵਜੇ ਰੰਗਲਾ ਪੰਜਾਬ ਉਤਸਵ ਸ਼ੁਰੂ ਹੋਵੇਗਾ ਜੋ 1 ਮਾਰਚ 2026 ਤੱਕ ਚੱਲੇਗਾ। ਉਨ੍ਹਾਂ ਦੱਸਿਆ ਕਿ ਤਿੰਨ ਦਿਨਾਂ ਇਹ ਰੰਗਲਾ ਪੰਜਾਬ ਉਤਸਵ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਹੋਵੇਗਾ ਅਤੇ ਇਸ ਵਿੱਚ ਪੰਜਾਬ ਦੇ ਸੱਭਿਆਚਾਰਕ ਵਿਰਸੇ, ਰਹਿਣ-ਸਹਿਣ ਅਤੇ ਖਾਣ-ਪੀਣ ਦੀ ਖ਼ੂਬਸੂਰਤ ਝਲਕ ਦੇਖਣ ਨੂੰ ਮਿਲੇਗੀ। ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਉਤਸਵ ਦੌਰਾਨ ਖ਼ੂਬਸੂਰਤ ਕਰਾਫ਼ਟ ਬਜ਼ਾਰ ਲਗਾਇਆ ਗਿਆ ਹੈ ਜਿਸ ਦੁਕਾਨਦਾਰਾਂ ਵੱਲੋਂ ਸਟਾਲ ਲਗਾ ਕੇ ਰਿਵਾਇਤੀ ਪੰਜਾਬੀ ਅਤੇ ਹੋਰ ਸਮਾਨ ਵੇਚਿਆ ਜਾਵੇਗਾ। ਇਸ ਤੋਂ ਇਲਾਵਾ ਉਤਸਵ ਦੌਰਾਨ ਲਗਾਈ ਜਾਣ ਵਾਲੀ ਫੂਡ ਕੋਰਟ ਵਿੱਚ ਵੱਖ-ਵੱਖ ਪਕਵਾਨਾਂ ਦੇ 30 ਸਟਾਲ ਲਗਾਏ ਗਏ ਹਨ।==-

ਰਜਿਸਟਰੀ ਨੰ. ਡੀ.ਐਲ.-33004/99 REGD.NO. D.L.-33004/99

# ਭਾਰਤ ਦਾ ਰਾਜਪੱਤਰ
# The Gazette of India

ਸੀ.ਜੀ.-ਡੀ.ਐਲ.-ਅ.-19022026-270325
CG-DL-E-19022026-270325
ਅਸਾਧਾਰਨ
EXTRAORDINARY
ਭਾਗ II-ਸੈਕਸ਼ਨ 3-ਉਪ-ਸੈਕਸ਼ਨ (ii)
PART II-Section 3-Sub-section (ii)
ਪ੍ਰਾਧਿਕਾਰ ਤੋਂ ਪ੍ਰਕਾਸ਼ਿਤ
PUBLISHED BY AUTHORITY

ਨੰ. 875] ਨਵੀਂ ਦਿੱਲੀ, ਵੀਰਵਾਰ, ਫਰਵਰੀ 19, 2026/ਮਾਘ 30, 1947
No. 875] NEW DELHI, THRUSDAY, FEBRUARY 19, 2026/MAGHA 30, 1947

ਰੇਲ ਮੰਤਰਾਲਾ
[(ਉਤਰ ਰੇਲਵੇ (ਨਿਰਮਾਣ ਸੰਗਠਨ)]
ਅਧਿਸੂਚਨਾ
ਨਵੀਂ ਦਿੱਲੀ, 19 ਫਰਵਰੀ, 2026

ਕਾ.ਆ. 917 (ਅ).-ਕੇਂਦਰੀ ਸਰਕਾਰ ਨੇ ਰੇਲ ਅਧਿਨਿਯਮ, 1989 (1989 ਦਾ 24) (ਜਿਸ ਨੂੰ ਇਸ ਦੇ ਬਾਅਦ ਉਕਤ ਅਧਿਨਿਯਮ ਕਿਹਾ ਗਿਆ ਹੈ), ਦੀ ਧਾਰਾ 20ਕ ਦੀ ਉਪਧਾਰਾ (1) ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ ਕੇਂਦਰ ਸਰਕਾਰ, ਇਸ ਗਲ ਤੋਂ ਸੰਤੁਸ਼ਟ ਹੋਣ ਦੇ ਬਾਅਦ ਕਿ ਲੋਕ ਪ੍ਰਯੋਜਨ ਲਈ ਉਹ ਜਮੀਨ, ਜਿਸ ਦਾ ਸੰਖੇਪ ਵੇਰਵਾ ਉਪਾਬਧ ਅਨੁਸੂਚੀ ਵਿਚ ਦਿਤਾ ਗਿਆ ਹੈ, ਵਿਸ਼ੇਸ਼ ਰੇਲਪੇ ਪ੍ਰੋਜੈਕਟ ਅਧਿਸੂਚਨਾ ਨੰਬਰ S.O. 4854 (E) ਮਿਤੀ 24 ਅਕਤੂਬਰ 2025, ਯਾਨੀ ਰਾਜਪੁਰਾ-ਮੋਹਾਲੀ ਨਵੀਂ ਰੇਲ ਲਾਈਨ (18.11 ਕਿ.ਮੀ.) (ਉਤਰੀ ਰੇਲਵੇ), ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ, ਪੰਜਾਬ ਰਾਜ ਵਿਚ, ਦੇ ਨਿਪਟਾਰੇ ਲਈ ਜਰੂਰੀ ਹੈ, ਇਸ ਦੁਆਰਾ ਉਕਤ ਜਮੀਨ ਦੇ ਅਕਵਾਇਰ ਦਾ ਆਪਣਾ ਅਭਿਪ੍ਰਾਯ ਐਲਾਨ ਕਰਦੀ ਹੈ।

ਉਕਤ ਜਮੀਨ ਵਿਚ ਰੁਚੀ ਰੱਖਣ ਵਾਲੇ ਕੋਈ ਵੀ ਵਿਅਕਤੀ, ਇਸ ਅਧਿਸੂਚਨਾ ਦੇ ਰਾਜਪੱਤਰ ਵਿਚ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਸਮੇਂ ਦੇ ਅੰਦਰ, ਉਕਤ ਉਦੇਸ਼ ਲਈ ਜਮੀਨ ਦੇ ਅਕਵਾਇਰ ਦੇ ਵਿਰੁਧ, ਉਕਤ ਅਧਿਨਿਯਮ ਦੀ ਧਾਰਾ 20 ਡੀ ਦੇ ਤਹਿਤ ਇਤਰਾਜ ਪੇਸ਼ ਕਰ ਸਕਦਾ ਹੈ।

ਹਰੇਕ ਸ਼ਿਕਾਇਤ ਸਮਰਥ ਪ੍ਰਾਧਿਕਾਰੀ, ਯਾਨੀ ਉਪ-ਮੰਡਲ ਦੰਡਾਧਿਕਾਰੀ, ਜਿਲਾ ਪ੍ਰਸ਼ਾਸਨਿਕ ਪਰਿਸਰ, ਸੈਕਟਰ-76, ਐਸ.ਏ.ਐਸ. ਨਗਰ (ਮੋਹਾਲੀ), ਜਿਲਾ ਐਸ.ਏ.ਐਸ. ਨਗਰ, ਪੰਜਾਬ, ਨੂੰ ਲਿਖਤ ਰੂਪ ਵਿਚ ਪੇਸ਼ ਕੀਤਾ ਜਾਵੇਗਾ ਅਤੇ ਉਸ ਵਿਚ ਇਤਰਾਜ ਦੇ ਆਧਾਰ ਤੇ ਸਪਸ਼ਟ ਰੂਪ ਨਾਲ ਜਿਕਰ ਹੋਣਗੇ। ਸਮਰਥ ਪ੍ਰਾਧਿਕਾਰੀ ਸ਼ਿਕਾਇਤਕਰਤਾ ਨੂੰ, ਵਿਅਕਤੀਗਤ ਰੂਪ ਨਾਲ ਜਾਂ ਕਾਨੂੰਨੀ ਸਲਾਹਕਾਰ ਦੇ ਮਾਧਿਅਮ ਨਾਲ, ਸੁਣਵਾਈ ਦਾ ਮੌਕਾ ਪ੍ਰਦਾਨ ਕਰੇਗਾ ਅਤੇ ਸਾਰੀਆਂ ਸ਼ਿਕਾਇਤਾਂ ਦੀ ਸੁਣਵਾਈ ਕਰਨ ਅਤੇ ਜਰੂਰੀ ਸਮਝੇ ਜਾਣ ਤੇ ਵਾਧੂ ਜਾਂਚ ਕਰਨ ਦੇ ਬਾਅਦ, ਆਦੇਸ਼ ਦੁਆਰਾ ਇਤਰਾਜ ਨੂੰ ਸਵੀਕਾਰ ਜਾਂ ਅਸਵੀਕਾਰ ਕਰ ਸਕੇਗਾ।

ਅਧਿਸੂਚਨਾ ਦੇ ਤਹਿਤ ਆਉਣ ਵਾਲੀ ਜਮੀਨ ਦੇ ਨਕਸ਼ੇ ਅਤੇ ਹੋਰ ਵੇਰਵਾ ਸਮਰਥ ਪ੍ਰਾਧਿਕਾਰੀ ਦੇ ਉਪਰੋਕਤ ਦਫਤਰ ਵਿਚ ਉਪਲਬਧ ਹਨ ਅਤੇ ਇਛੁਕ ਵਿਅਕਤੀ ਦੁਆਰਾ ਨਿਰੀਖਣ ਕੀਤਾ ਜਾ ਸਕਦਾ ਹੈ।

## ਅਨੁਸੂਚੀ

ਪੰਜਾਬ ਰਾਜ ਦੇ ਸਾਹਿਬਜਾਦਾ ਅਜੀਤ ਸਿੰਘ ਨਗਰ ਰਾਜਪੁਰਾ-ਮੋਹਾਲੀ ਨਵੀਂ ਰੇਲਵੇ ਲਾਈਨ (18.11 ਕਿ.ਮੀ.) ਉਤਰ ਰੇਲਵੇ ਦੇ ਲਈ, ਸੰਰਚਨਾ ਦੇ ਨਾਲ ਜਾਂ ਬਿਨਾ ਅਰਜਨ ਕੀਤੀ ਜਾਣ ਵਾਲੀ ਜਮੀਨ ਦਾ ਸੰਖੇਪ ਵੇਰਵਾ

| ਲ. ਨੰ. | ਜਿਲਾ | ਤਹਿਸੀਲ /ਉਪ ਤਹਿਸੀਲ | ਪਿੰਡ | ਖਸਰਾ ਨੰਬਰ | ਜਮੀਨ ਦਾ ਪ੍ਰਕਾਰ | ਜਮੀਨ ਦੀ ਨੇਚਰ | ਅਰਜਨ ਜ਼ਮੀਨ ਦਾ ਖੇਤਰਫਲ | |
|---|---|---|---|---|---|---|---|---|
| | | | | | | | ਮਰਲਾ | ਹੇਕਟੇਅਰ |
| 1 | ਸਾਹਿਬਜਾਦਾ ਅਜੀਤ ਸਿੰਘ ਨਗਰ | ਮਹਾਲੀ | ਗੋਵਿੰਦਗੜ੍ਹ (296) | 33//26 | ਗੈਰਮੁਮਕਿਨ ਚਾਹੀ ਪੁਖਤਾ | ਨਿਜੀ | 1 | 0.0025 |
| 2 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 33//9 | ਚਾਹੀ | ਨਿਜੀ | 29 | 0.0733 |
| 3 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 33//8/2 | ਚਾਹੀ | ਨਿਜੀ | 1 | 0.0025 |
| 4 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 33//2/2 | ਚਾਹੀ | ਨਿਜੀ | 27 | 0.0683 |
| 5 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 33//2/I | ਚਾਹੀ | ਨਿਜੀ | 116 | 0.2934 |
| 6 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 33//3 | ਚਾਹੀ | ਨਿਜੀ | 59 | 0.1492 |
| 7 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 30//23/1 | ਚਾਹੀ | ਨਿਜੀ | 24 | 0.0607 |
| 8 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 30//23/2 | ਚਾਹੀ | ਨਿਜੀ | 38 | 0.0961 |
| 9 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 30//24 | ਚਾਹੀ | ਨਿਜੀ | 27 | 0.0683 |
| 10 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 30//18 | ਚਾਹੀ | ਨਿਜੀ | 1 | 0.0025 |
| 11 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 30//17 | ਚਾਹੀ | ਨਿਜੀ | 83 | 0.2099 |
| 12 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 30//14/2 | ਚਾਹੀ | ਨਿਜੀ | 17 | 0.043 |
| 13 | ਸਾਹਿਬਜਾਦਾ ਅਜੀਤ ਸਿੰਘ ਨਗਰ | ਮਹਾਲੀ | ਗੋਵਿੰਦਗੜ੍ਹ (296) | 30//15 | ਚਾਹੀ | ਨਿਜੀ | 65 | 0.1644 |
| 14 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 30//6 | ਚਾਹੀ | ਨਿਜੀ | 37 | 0.0936 |
| 15 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 31//1 | ਚਾਹੀ | ਨਿਜੀ | 68 | 0.172 |
| 16 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 31//2 | ਚਾਹੀ | ਨਿਜੀ | 22 | 0.0556 |
| 17 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 17//21 | ਚਾਹੀ | ਨਿਜੀ | 1 | 0.0025 |
| 18 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 17//22 | ਚਾਹੀ | ਨਿਜੀ | 84 | 0.2124 |
| 19 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 17//23 | ਚਾਹੀ | ਨਿਜੀ | 5 | 0.0126 |
| 20 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 17//19 | ਚਾਹੀ | ਨਿਜੀ | 22 | 0.0556 |
| 21 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 31//10/1 | ਚਾਹੀ | ਨਿਜੀ | 89 | 0.2251 |
| 22 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 31//10/2 | ਚਾਹੀ | ਨਿਜੀ | 71 | 0.1796 |
| 23 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 30//16/2 | ਚਾਹੀ | ਨਿਜੀ | 55 | 0.1391 |
| 24 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਗੋਵਿੰਦਗੜ੍ਹ (296) | 64 | ਗੈਰ ਮੁਮਕਿਨ | ਸਰਕਾਰੀ | 8 | 0.0202 |
| | | | ਕੁਲ ਖੇਤਰਫਲ | | | | 950 | 2.4026 |
| 1 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//23 | ਚਾਹੀ | ਨਿਜੀ | 64 | 0.1619 |
| 2 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//18 | ਚਾਹੀ | ਨਿਜੀ | 92 | 0.2327 |
| 3 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//17 | ਚਾਹੀ | ਨਿਜੀ | 1 | 0.0025 |
| 4 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//13/2 | ਚਾਹੀ | ਨਿਜੀ | 44 | 0.1113 |
| 5 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//14/2 | ਚਾਹੀ | ਨਿਜੀ | 56 | 0.1416 |
| 6 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//13/1 | ਚਾਹੀ | ਨਿਜੀ | 2 | 0.0051 |
| 7 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//14/1 | ਚਾਹੀ | ਨਿਜੀ | 13 | 0.0329 |
| 8 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//6/2 | ਚਾਹੀ | ਨਿਜੀ | 1 | 0.0025 |
| 9 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//7 | ਚਾਹੀ | ਨਿਜੀ | 49 | 0.1239 |
| 10 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//6/1 | ਚਾਹੀ | ਨਿਜੀ | 31 | 0.0784 |
| 11 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//4 | ਚਾਹੀ | ਨਿਜੀ | 27 | 0.0683 |
| 12 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 284 | ਗੈਰ ਮੁਮਕਿਨ | ਸਰਕਾਰੀ | 7 | 0.0177 |
| 13 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 119 | ਗੈਰ ਮੁਮਕਿਨ | ਸਰਕਾਰੀ | 10 | 0.0253 |
| 14 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 33//5 | ਚਾਹੀ | ਨਿਜੀ | 102 | 0.258 |
| 15 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 34//I | ਚਾਹੀ | ਨਿਜੀ | 8 | 0.0202 |
| 16 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//21 | ਚਾਹੀ | ਨਿਜੀ | 91 | 0.2301 |
| 17 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 32//25/2 | ਚਾਹੀ | ਨਿਜੀ | 6 | 0.0152 |
| 18 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 32//25/3 | ਚਾਹੀ | ਨਿਜੀ | 10 | 0.0253 |
| 19 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//22/1 | ਚਾਹੀ | ਨਿਜੀ | 1 | 0.0025 |
| 20 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//20 | ਚਾਹੀ | ਨਿਜੀ | 53 | 0.134 |
| 21 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//19/3 | ਚਾਹੀ | ਨਿਜੀ | 34 | 0.086 |
| 22 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//19/1 | ਚਾਹੀ | ਨਿਜੀ | 27 | 0.0683 |
| 23 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//12/3 | ਚਾਹੀ | ਨਿਜੀ | 42 | 0.1062 |
| 24 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//12/1 | ਗੈਰ ਮੁਮਕਿਨ ਚਾਹੀ | ਚਾਹੀ | 5 | 0.0126 |
| 25 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//12/2 | ਚਾਹੀ | ਨਿਜੀ | 41 | 0.1037 |
| 26 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//13/1 | ਚਾਹੀ | ਨਿਜੀ | 58 | 0.1467 |
| 27 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//13/2 | ਚਾਹੀ | ਨਿਜੀ | 102 | 0.258 |
| 28 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//9/2 | ਚਾਹੀ | ਨਿਜੀ | 6 | 0.0152 |
| 29 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 38 //8 | ਚਾਹੀ | ਨਿਜੀ | 103 | 0.2605 |
| 30 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//7 | ਚਾਹੀ | ਨਿਜੀ | 6 | 0.0152 |
| 31 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//3 | ਚਾਹੀ | ਨਿਜੀ | 26 | 0.0658 |
| 32 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 31//4 | ਚਾਹੀ | ਨਿਜੀ | 89 | 0.2251 |
| 33 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 20//24 | ਚਾਹੀ | ਨਿਜੀ | 61 | 0.1543 |
| 34 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 20//25 | ਚਾਹੀ | ਨਿਜੀ | 53 | 0.134 |
| 35 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 20//17/2 | ਚਾਹੀ | ਨਿਜੀ | 1 | 0.0025 |
| 36 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 20//27 | ਚਾਹੀ | ਨਿਜੀ | 7 | 0.0177 |
| 37 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 20//16 | ਚਾਹੀ | ਨਿਜੀ | 87 | 0.22 |
| 38 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 21//20/2 | ਚਾਹੀ | ਨਿਜੀ | 21 | 0.0531 |
| 39 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 21//20/1 | ਚਾਹੀ | ਨਿਜੀ | 1 | 0.0025 |
| 40 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 21//12 | ਚਾਹੀ | ਨਿਜੀ | 4 | 0.0101 |
| 41 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 21//11 | ਚਾਹੀ | ਨਿਜੀ | 103 | 0.2605 |
| 42 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 20//15 | ਚਾਹੀ | ਨਿਜੀ | 8 | 0.0202 |
| 43 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 21//10 | ਚਾਹੀ | ਨਿਜੀ | 31 | 0.0784 |
| 44 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 21//9 | ਚਾਹੀ | ਨਿਜੀ | 76 | 0.1922 |
| 45 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 21//2/1 | ਚਾਹੀ | ਨਿਜੀ | 1 | 0.0025 |
| 46 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 21//3 | ਚਾਹੀ | ਨਿਜੀ | 46 | 0.1163 |
| 47 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 21//2/3 | ਚਾਹੀ | ਨਿਜੀ | 66 | 0.1669 |
| 48 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 288 | ਗੈਰ ਮੁਮਕਿਨ | ਸਰਕਾਰੀ | 20 | 0.0506 |
| 49 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 288/1 | ਗੈਰ ਮੁਮਕਿਨ | ਸਰਕਾਰੀ | 4 | 0.0101 |
| 50 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 288/2 | ਗੈਰ ਮੁਮਕਿਨ | ਸਰਕਾਰੀ | 1 | 0.0025 |
| 51 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//22/2 | ਚਾਹੀ | ਨਿਜੀ | 1 | 0.0025 |
| 52 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//23 | ਚਾਹੀ | ਨਿਜੀ | 97 | 0.2453 |
| 53 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//24/I | ਚਾਹੀ | ਨਿਜੀ | 19 | 0.0481 |
| 54 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//24/2 | ਚਾਹੀ | ਨਿਜੀ | 1 | 0.0025 |
| 55 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//17/2 | ਚਾਹੀ | ਨਿਜੀ | 16 | 0.0405 |
| 56 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//18 | ਚਾਹੀ | ਨਿਜੀ | 10 | 0.0253 |
| 57 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//17/3 | ਚਾਹੀ | ਨਿਜੀ | 51 | 0.129 |
| 58 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//17/I | ਚਾਹੀ | ਨਿਜੀ | 50 | 0.1265 |
| 59 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//16/2 | ਚਾਹੀ | ਨਿਜੀ | 15 | 0.0379 |
| 60 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//16/1/1 | ਚਾਹੀ | ਨਿਜੀ | 16 | 0.0405 |
| 61 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//16/1/2 | ਚਾਹੀ | ਨਿਜੀ | 5 | 0.0126 |
| 62 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//16/1/3 | ਚਾਹੀ | ਨਿਜੀ | 0 | 0 |
| 63 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//16/1/4 | ਚਾਹੀ | ਨਿਜੀ | 37 | 0.0936 |
| 64 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//15/1/1 | ਚਾਹੀ | ਨਿਜੀ | 88 | 0.2226 |
| 65 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//15/1/2 | ਬਰਾਨੀ | ਨਿਜੀ | 12 | 0.0303 |
| 66 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//15/1/3 | ਚਾਹੀ | ਨਿਜੀ | 8 | 0.0202 |
| 67 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//15/2 | ਚਾਹੀ | ਨਿਜੀ | 24 | 0.0607 |
| 68 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//11 | ਚਾਹੀ | ਨਿਜੀ | 24 | 0.0607 |
| 69 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//14/2 | ਚਾਹੀ | ਨਿਜੀ | 21 | 0.0531 |
| 70 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//10/3 | ਚਾਹੀ | ਨਿਜੀ | 16 | 0.0405 |
| 71 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//10/2 | ਚਾਹੀ | ਨਿਜੀ | 80 | 0.2023 |
| 72 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//9/2 | ਚਾਹੀ | ਨਿਜੀ | 29 | 0.0733 |
| 73 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//10/1/1 | ਚਾਹੀ | ਨਿਜੀ | 4 | 0.0101 |
| 74 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//10/1/2 | ਚਾਹੀ | ਨਿਜੀ | 40 | 0.1012 |
| 75 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//8/I | ਚਾਹੀ | ਨਿਜੀ | 1 | 0.0025 |
| 76 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//9/3/2 | ਚਾਹੀ | ਨਿਜੀ | 24 | 0.0607 |
| 77 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//9/3/1 | ਚਾਹੀ | ਨਿਜੀ | 3 | 0.0076 |
| 78 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | I5//9/1/1 | ਚਾਹੀ | ਨਿਜੀ | 0 | 0 |
| 79 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//9/1/2 | ਚਾਹੀ | ਨਿਜੀ | 2 | 0.0051 |
| 80 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//9/1/3 | ਚਾਹੀ | ਨਿਜੀ | 7 | 0.0177 |
| 81 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//6/I | ਚਾਹੀ | ਨਿਜੀ | 145 | 0.3667 |
| 82 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 16//6/2 | ਚਾਹੀ | ਨਿਜੀ | 2 | 0.0051 |
| 83 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//1/2 | ਚਾਹੀ | ਨਿਜੀ | 2 | 0.0051 |
| 84 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//5/1 | ਚਾਹੀ | ਨਿਜੀ | 9 | 0.0228 |
| 85 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//5/2 | ਚਾਹੀ | ਨਿਜੀ | 1 | 0.0025 |
| 86 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//3 | ਚਾਹੀ | ਨਿਜੀ | 118 | 0.2984 |
| 87 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//4 | ਚਾਹੀ | ਨਿਜੀ | 62 | 0.1568 |
| 88 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 290 | ਚਾਹੀ | ਨਿਜੀ | 5 | 0.0126 |
| 89 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//2/1 | ਚਾਹੀ | ਨਿਜੀ | 29 | 0.0733 |
| 90 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//2/2/1 | ਚਾਹੀ | ਨਿਜੀ | 56 | 0.1416 |
| 91 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 15//2/2/2 | ਚਾਹੀ | ਨਿਜੀ | 8 | 0.0202 |
| 92 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 8//24/2 | ਗੈਰ ਮੁਮਕਿਨ ਚਾਹੀ | ਨਿਜੀ | 42 | 0.1062 |
| 93 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 9//22/1 | ਚਾਹੀ | ਨਿਜੀ | 137 | 0.3465 |
| 94 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 9//22/2 | ਚਾਹੀ | ਨਿਜੀ | 3 | 0.0076 |
| 95 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 289 | ਗੈਰ ਮੁਮਕਿਨ | ਸਰਕਾਰੀ | 7 | 0.0177 |
| 96 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 10//21/2/2 | ਚਾਹੀ | ਨਿਜੀ | 8 | 0.0202 |
| 97 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 10//21/1/2 | ਚਾਹੀ | ਨਿਜੀ | 10 | 0.0253 |
| 98 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 9//25/1/2 | ਚਾਹੀ | ਨਿਜੀ | 19 | 0.0481 |
| 99 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 9//25/2/2 | ਚਾਹੀ | ਨਿਜੀ | 15 | 0.0379 |
| 100 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 10//23/2/2 | ਚਾਹੀ | ਨਿਜੀ | 44 | 0.1113 |
| 101 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 9//24/2/2 | ਚਾਹੀ | ਨਿਜੀ | 13 | 0.0329 |
| 102 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 9//24/1/2 | ਚਾਹੀ | ਨਿਜੀ | 36 | 0.091 |
| 103 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 117 | ਗੈਰ ਮੁਮਕਿਨ | ਸਰਕਾਰੀ | 3 | 0.0076 |
| 104 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 8//23 | ਚਾਹੀ | ਨਿਜੀ | 6 | 0.0152 |
| 105 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 8//24/1 | ਚਾਹੀ | ਨਿਜੀ | 17 | 0.043 |
| 106 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 8//25 | ਚਾਹੀ | ਨਿਜੀ | 108 | 0.2731 |
| 107 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 9//21 | ਚਾਹੀ | ਨਿਜੀ | 21 | 0.0531 |
| 108 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 9//23/1/2 | ਚਾਹੀ | ਨਿਜੀ | 77 | 0.1947 |
| 109 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 10//22/1/2 | ਗੈਰ ਮੁਮਕਿਨ ਚਾਹੀ | ਨਿਜੀ | 6 | 0.0152 |
| 110 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 10//22/2/2 | ਚਾਹੀ | ਨਿਜੀ | 1 | 0.0025 |
| 111 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 9//20/2 | ਚਾਹੀ | ਨਿਜੀ | 26 | 0.0658 |
| 112 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 9//19/3 | ਚਾਹੀ | ਨਿਜੀ | 18 | 0.0455 |
| 113 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 107 | ਗੈਰ ਮੁਮਕਿਨ | ਸਰਕਾਰੀ | 52 | 0.1315 |
| 114 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 271/1 | ਗੈਰ ਮੁਮਕਿਨ | ਸਰਕਾਰੀ | 1 | 0.0025 |
| 115 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਸਨੇਟਾ (288) | 271/2 | ਗੈਰ ਮੁਮਕਿਨ | ਸਰਕਾਰੀ | 1 | 0.0025 |
| | | | ਕੁਲ ਖੇਤਰਫਲ | | | | 3607 | 9.1221 |
| 1 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 20//4 | ਚਾਹੀ | ਨਿਜੀ | 3 | 0.0076 |
| 2 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 20//5/1 | ਚਾਹੀ | ਨਿਜੀ | 152 | 0.3844 |
| 3 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 20//5/2 | ਚਾਹੀ | ਨਿਜੀ | 8 | 00202 |
| 4 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//21/2 | ਚਾਹੀ | ਨਿਜੀ | 8 | 0.0202 |
| 5 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 18//25 | ਗੈਰ ਮੁਮਕਿਨ ਚਾਹੀ | ਨਿਜੀ | 88 | 02226 |
| 6 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//21/1 | ਚਾਹੀ | ਨਿਜੀ | 42 | 01062 |
| 7 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 18//24 | ਚਾਹੀ | ਨਿਜੀ | 11 | 00278 |
| 8 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//20/2 | ਚਾਹੀ | ਨਿਜੀ | 25 | 0.0632 |
| 9 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//20/3/1 | ਚਾਹੀ | ਨਿਜੀ | 3 | 00076 |
| 10 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//20/3/2 | ਚਾਹੀ | ਨਿਜੀ | 3 | 0.0076 |
| 11 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//20/3/3 | ਚਾਹੀ | ਨਿਜੀ | 34 | 0.086 |
| 12 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//19 | ਗੈਰ ਮੁਮਕਿਨ ਚਾਹੀ | ਨਿਜੀ | 67 | 0.1694 |
| 13 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//18/1 | ਚਾਹੀ | ਨਿਜੀ | 40 | 0.1012 |
| 14 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//18/2 | ਚਾਹੀ | ਨਿਜੀ | 104 | 0.263 |
| 15 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//12 | ਚਾਹੀ | ਨਿਜੀ | 4 | 0.0101 |
| 16 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//13/1 | ਚਾਹੀ | ਨਿਜੀ | 133 | 03364 |
| 17 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//13/2 | ਗੈਰ ਮੁਮਕਿਨ | ਸਰਕਾਰੀ | 11 | 00278 |
| 18 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//14/1 | ਚਾਹੀ | ਨਿਜੀ | 18 | 0.0455 |
| 19 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//14/2 | ਗੈਰ ਮੁਮਕਿਨ | ਸਰਕਾਰੀ | 139 | 0.3515 |
| 20 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//14/3 | ਚਾਹੀ | ਨਿਜੀ | 3 | 0.0076 |
| 21 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//7/1 | ਚਾਹੀ | ਨਿਜੀ | 70 | 0.177 |
| 22 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//7/2 | ਗੈਰ ਮੁਮਕਿਨ | ਸਰਕਾਰੀ | 77 | 0.1947 |
| 23 | ਸਾਹਿਬਜਾਦਾ ਅਜੀਤ ਸਿੰਘ ਨਗਰ<br>ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ<br>ਮੋਹਾਲੀ | ਧੇਲਪੁਰ (286)<br>ਧੇਲਪੁਰ (286) | 16//10 | ਗੈਰ ਮੁਮਕਿਨ ਚਾਹੀ | ਨਿਜੀ | 9 | 0.0228 |
| 24 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//5 | ਚਾਹੀ | ਨਿਜੀ | 4 | 0.0101 |
| 25 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 17//6 | ਚਾਹੀ | ਨਿਜੀ | 68 | 0.172 |
| 26 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 16//1 | ਚਾਹੀ | ਨਿਜੀ | 62 | 0.1568 |
| 27 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 16//2 | ਚਾਹੀ | ਨਿਜੀ | 42 | 0.1062 |
| 28 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 9//22 | ਚਾਹੀ | ਨਿਜੀ | 29 | 0.0733 |
| 29 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 9//23 | ਚਾਹੀ | ਨਿਜੀ | 68 | 0.172 |
| 30 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 9/124 | ਚਾਹੀ | ਨਿਜੀ | 11 | 0.0278 |
| 31 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 56 | ਗੈਰ ਮੁਮਕਿਨ | ਸਰਕਾਰੀ | 13 | 0.0329 |
| 32 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 149 | ਗੈਰ ਮੁਮਕਿਨ | ਸਰਕਾਰੀ | 6 | 0.0152 |
| 33 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 9//18 | ਗੈਰ ਮੁਮਕਿਨ ਚਾਹੀ | ਨਿਜੀ | 3 | 0.0076 |
| 34 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 9//17 | ਚਾਹੀ | ਨਿਜੀ | 65 | 0.1644 |
| 35 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 9//16 | ਗੈਰ ਮੁਮਕਿਨ ਚਾਹੀ | ਨਿਜੀ | 46 | 0.1163 |
| 36 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 9//15 | ਚਾਹੀ | ਨਿਜੀ | 33 | 0.0835 |
| 37 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 10//11 | ਚਾਹੀ | ਨਿਜੀ | 56 | 0.1416 |
| 38 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 10//12 | ਗੈਰ ਮੁਮਕਿਨ ਚਾਹੀ | ਨਿਜੀ | 1 | 0.0025 |
| 39 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 10//8/2 | ਚਾਹੀ | ਨਿਜੀ | 13 | 0.0329 |
| 40 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 10//8/1 | ਚਾਹੀ | ਨਿਜੀ | 1 | 0.0025 |
| 41 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 10//10 | ਚਾਹੀ | ਨਿਜੀ | 10 | 0.0253 |
| 42 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 10//9 | ਚਾਹੀ | ਨਿਜੀ | 70 | 0.177 |
| 43 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 10//2/3 | ਚਾਹੀ | ਨਿਜੀ | 2 | 0.0051 |
| 44 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 10//3/1 | ਚਾਹੀ | ਨਿਜੀ | 15 | 0.0379 |
| 45 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 167 | ਗੈਰ ਮੁਮਕਿਨ | ਸਰਕਾਰੀ | 8 | 0.0202 |
| 46 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 55 | ਗੈਰ ਮੁਮਕਿਨ | ਸਰਕਾਰੀ | 15 | 0.0379 |
| 47 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 10//3/2 | ਚਾਹੀ | ਨਿਜੀ | 57 | 0.1442 |
| 48 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 10//4/1 | ਚਾਹੀ | ਨਿਜੀ | 19 | 0.0481 |
| 49 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 3//25/1 | ਚਾਹੀ | ਨਿਜੀ | 2 | 0.0051 |
| 50 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 3//25/2 | ਚਾਹੀ | ਨਿਜੀ | 19 | 0.0481 |
| 51 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 3//23/3 | ਚਾਹੀ | ਨਿਜੀ | 2 | 0.0051 |
| 52 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 3//24/1 | ਚਾਹੀ | ਨਿਜੀ | 8 | 0.0202 |
| 53 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 3//24/2 | ਚਾਹੀ | ਨਿਜੀ | 62 | 0.1568 |
| 54 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 3//17/2 | ਗੈਰ ਮੁਮਕਿਨ ਚਾਹੀ | ਨਿਜੀ | 40 | 0.1012 |
| 55 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 2//20/2/1 | ਚਾਹੀ | ਨਿਜੀ | 56 | 0.1416 |
| 56 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 2//20/2/2 | ਚਾਹੀ | ਨਿਜੀ | 24 | 0.0607 |
| 57 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 3//16/2 | ਚਾਹੀ | ਨਿਜੀ | 22 | 0.0556 |
| 58 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 150 | ਗੈਰ ਮੁਮਕਿਨ | ਸਰਕਾਰੀ | 5 | 0.0126 |
| 59 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 3//16/1 | ਚਾਹੀ | ਨਿਜੀ | 45 | 0.1138 |
| 60 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 3//15/2 | ਚਾਹੀ | ਨਿਜੀ | 102 | 0.258 |
| 61 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 2//11/1 | ਚਾਹੀ | ਨਿਜੀ | 60 | 0.1517 |
| 62 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 2//11/2 | ਚਾਹੀ | ਨਿਜੀ | 16 | 0.0405 |
| 63 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 2//12/1 | ਚਾਹੀ | ਨਿਜੀ | 20 | 0.0506 |
| 64 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 2//12/2 | ਚਾਹੀ | ਨਿਜੀ | 140 | 0.3541 |
| 65 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 2//10/1 | ਚਾਹੀ | ਨਿਜੀ | 9 | 0.0228 |
| 66 | ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਧੇਲਪੁਰ (286) | 2//9 | ਚਾਹੀ | ਨਿਜੀ | 50 | 0.1265 |
| | | | ਕੁਲ ਖੇਤਰਫਲ | | | | 2451 | 6.1986 |

| ਖੇਤਰ ਵੇਰਵਾ | |
|---|---|
| ਪਿੰਡ | ਖੇਤਰਫਲ (ਹੈਕਟੇਯਰ) |
| ਗੋਵਿੰਦਗੜ੍ਹ | 2.4026 |
| ਸਨੇਟਾ | 9.1221 |
| ਧੇਲਪੁਰ | 6.1986 |
| ਕੁਲ ਖੇਤਰਫਲ | 17.7233 |

[F.No. 190-W/Land/UMB/Rajpura-Mohali]

ਸ਼ੈਲੇਸ਼ ਕੁਮਾਰ ਮਿਸ਼ਰਾ, ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਉਸਾਰੀ

635/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਮੁੰਬਈ ਵਿਖੇ ਹੋ ਰਹੇ ਸ਼ਤਾਬਦੀ ਸਮਾਗਮਾਂ 'ਚ ਮੁੱਖ ਮੰਤਰੀ ਭਜਨ ਲਾਲ ਸ਼ਰਮਾਂ ਕਰਨਗੇ ਸ਼ਮੂਲੀਅਤ

ਮੁੰਬਈ, 26 ਫਰਵਰੀ (ਬਲਰਾਜ ਸਿੰਘ ਰਾਜਾ) : 'ਹਿੰਦ ਦੀ ਚਾਦਰ' ਧੰਨ ਧੰਨ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 28 ਫਰਵਰੀ ਤੇ 1 ਮਾਰਚ ਨੂੰ ਨਵੀਂ ਮੁੰਬਈ ਵਿਖੇ ਖਾਰਘਰ ਦੇ ਉਵੇ ਮੈਦਾਨ 'ਚ ਮਨਾਏ ਜਾ ਰਹੇ ਦੋ ਦਿਨਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਲਈ ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਭਜਨ ਲਾਲ ਸ਼ਰਮਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਪੱਤਰ ਭੇਜਿਆ ਗਿਆ ਹੈ।ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਤੇ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਭੇਜੇ ਗਏ ਵਫਦ ਮੈਂਬਰ ਗਿਆਨੀ ਸਾਹਿਬ ਸਿੰਘ,ਪ੍ਰਿੰ.ਹਰਸ਼ਦੀਪ ਸਿੰਘ ਰੰਧਾਵਾ ਤੇ ਭਾਈ ਜਗਜੀਤ ਸਿੰਘ ਗਿੱਲ ਜੈਪੁਰ ਤੋਂ ਇਹ ਸਨੇਹ ਭਰਿਆ ਸੱਦਾ-ਪੱਤਰ ਸਵੀਕਾਰ ਕਰਨ ਉਪਰੰਤ ਮੁੱਖ ਮੰਤਰੀ ਭਜਨ ਲਾਲ ਸ਼ਰਮਾਂ ਨੇ ਸਮਾਗਮਾਂ 'ਚ ਹਾਜ਼ਰੀ ਭਰਨ ਦੀ ਹਾਮੀ ਭਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਅੰਦਰ ਮਿਸਾਲੀ ਹੈ,ਜਿੰਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਦੀ ਫਰਿਆਦ 'ਤੇ ਜ਼ੁਲਮ ਤੇ ਅਨਿਆਂ ਦੇ ਖਿਲਾਫ ਕੁਰਬਾਨੀ ਦੇ ਕੇ ਇੱਕ ਇਤਿਹਾਸ ਸਿਰਜਿਆ ਸੀ।ਅਜਿਹੇ ਮਹਾਨ ਗੁਰੂ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣਾ ਸਮੁੱਚੀ ਮਨੁੱਖਤਾ ਦਾ ਧਰਮ ਹੈ।ਉਨ੍ਹਾਂ ਕਿਹਾ ਕਿ ਅਜਿਹੇ ਇਤਿਹਾਸਕ ਸਮਾਗਮਾਂ 'ਚ ਸ਼ਾਮਿਲ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰਨ ਦਾ ਸੁਭਾਗ ਮਿਲਣਾ ਬੇਹੱਦ ਮਾਣ ਵਾਲੀ ਗੱਲ ਹੈ। ਜਿਕਰਯੋਗ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਉਨ੍ਹਾਂ ਨਾਲ ਸ਼ਹੀਦ ਹੋਏ ਭਾਈ ਸਤੀ ਦਾਸ,ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਦੀ ਅਦੁੱਤੀ ਸ਼ਹਾਦਤ ਮਹਾਰਾਸ਼ਟਰ 'ਚ ਇਸ ਵਾਰ ਬਹੁਤ ਹੀ ਸ਼ਰਧਾ ਨਾਲ ਯਾਦ ਕੀਤਾ ਜਾ ਰਿਹਾ ਹੈ ਤੇ ਸ਼ਰਧਾਂਜਲੀ ਰੂਪੀ ਬਹੁਤ ਹੀ ਵਿਸ਼ਾਲ ਤੇ ਪ੍ਰਭਾਵਸ਼ਾਲੀ ਧਾਰਮਿਕ ਸਮਾਗਮ ਆਯੋਜਿਤ ਕੀਤੇ ਗਏ ਹਨ,ਜਿਸ ਦੇ ਚੱਲਦੇ ਖਾਰਘਰ ਨਵੀਂ ਮੁੰਬਈ ਵਿਖੇ ਦੋ ਦਿਨਾਂ ਸਮਾਗਮ ਰੱਖੇ ਗਏ ਹਨ,ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨੇਰੇਂਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਤੋਂ ਇਲਾਵਾ 6 ਸੂਬਿਆਂ ਦੇ ਮੁੱਖ ਮੰਤਰੀ ਤੇ ਉਪ ਮੁਖ ਮੰਤਰੀ ਸ਼ਿਰਕਤ ਰਹੇ ਹਨ।

# 75ਵੇਂ ਸਥਾਪਨਾ ਦਿਵਸ ਦੇ ਮੌਕੇ 'ਤੇ ਮੈਸਰਜ਼ ਵੇਰਕਾ ਮਿਲਕ ਪਲਾਂਟ ਵੱਲੋਂ ਵਿਸ਼ੇਸ਼ ਸੈਮੀਨਾਰ

ਚੰਡੀਗੜ੍ਹ, 26 ਫਰਵਰੀ (ਚ.ਨ.ਸ.) : ਕਰਮਚਾਰੀ ਰਾਜ ਬੀਮਾ ਨਿਗਮ (ESIC) ਦੇ 75ਵੇਂ ਸਥਾਪਨਾ ਦਿਵਸ ਦੇ ਮੌਕੇ 'ਤੇ ਮੈਸਰਜ਼ ਵੇਰਕਾ ਮਿਲਕ ਪਲਾਂਟ, ਪਟਿਆਲਾ ਵਿਖੇ ਇੱਕ ਵਿਸ਼ੇਸ਼ ਸੈਮੀਨਾਰ ਅਤੇ ਜਾਗਰੂਕਤਾ ਕੈਂਪ ਲਗਾਇਆ ਗਿਆ। ਪ੍ਰੋਗਰਾਮ ਦਾ ਉਦੇਸ਼ ਕਰਮਚਾਰੀਆਂ ਨੂੰ ESIC ਸਕੀਮਾਂ, ਲਾਭਾਂ ਅਤੇ ਸਮਾਜਿਕ ਸੁਰੱਖਿਆ ਸਹੂਲਤਾਂ ਬਾਰੇ ਜਾਗਰੂਕ ਕਰਨਾ ਸੀ। ESIC ਸਮਾਜਿਕ ਸੁਰੱਖਿਆ ਅਧਿਕਾਰੀ (SSO), ਸ਼੍ਰੀ ਰਾਮ ਰਾਜ ਵਰਮਾ, ਅਤੇ ਸ਼੍ਰੀ ਹਰਵਿੰਦਰ ਸਿੰਘ, ਸ਼ਾਖਾ ਪ੍ਰਬੰਧਕ, ਨੇ ਮੌਜੂਦ ਕਰਮਚਾਰੀਆਂ ਅਤੇ ਕਰਮਚਾਰੀਆਂ ਨੂੰ ਵੱਖ-ਵੱਖ ESIC ਸਕੀਮਾਂ ਬਾਰੇ ਮਾਰਗਦਰਸ਼ਨ ਕੀਤਾ। ਉਨ੍ਹਾਂ ਨੇ ਕਰਮਚਾਰੀਆਂ ਨੂੰ ਡਾਕਟਰੀ ਲਾਭ, ਨਕਦ ਲਾਭ, ਜਣੇਪਾ ਲਾਭ, ਅਪੰਗਤਾ ਲਾਭ, ਅਤੇ ਆਸ਼ਰਿਤਾਂ ਲਈ ਪੈਨਸ਼ਨਾਂ ਵਰਗੇ ਲਾਭਾਂ ਬਾਰੇ ਜਾਣਕਾਰੀ ਦਿੱਤੀ, ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸਰਲ ਸ਼ਬਦਾਂ ਵਿੱਚ ਸਮਝਾਇਆ। ਜਾਗਰੂਕਤਾ ਕੈਂਪ ਦੌਰਾਨ, ਕਰਮਚਾਰੀਆਂ ਨੂੰ ESIC ਕਾਰਡ, ਔਨਲਾਈਨ ਸੇਵਾਵਾਂ ਅਤੇ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ, ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ। ਵੱਡੀ ਗਿਣਤੀ ਵਿੱਚ ਵੇਰਕਾ ਮਿਲਕ ਪਲਾਂਟ ਦੇ ਕਰਮਚਾਰੀਆਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ ESIC ਸਕੀਮਾਂ ਵਿੱਚ ਦਿਲਚਸਪੀ ਦਿਖਾਈ। ਬੁਲਾਰਿਆਂ ਨੇ ਕਿਹਾ ਕਿ ਈਐਸਆਈਸੀ ਪਿਛਲੇ 75 ਸਾਲਾਂ ਤੋਂ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਮਜ਼ਦੂਰਾਂ ਦੀ ਭਲਾਈ ਲਈ ਵਚਨਬੱਧ ਰਹੇਗਾ।

## pnb ਪੰਜਾਬ ਨੈਸ਼ਨਲ ਬੈਂਕ

ਅਸੈਟ ਰਿਕਵਰੀ ਮੈਨੇਜਮੈਂਟ ਸ਼ਾਖਾ (ਏਆਰਐਮਬੀ)

ਐਸਸੀਓ 10-ਬੀ, ਬੀ-ਬਲਾਕ, ਰਣਜੀਤ ਐਵੇਨਿਊ, ਨੇੜੇ ਪਾਸਪੋਰਟ ਦਫਤਰ, ਅੰਮ੍ਰਿਤਸਰ 143001

**ਈ-ਨਿਲਾਮੀ ਵਿਕਰੀ ਸੂਚਨਾ**

**ਮਿਤੀ 27.03.2026 ਨੂੰ ਚੱਲ/ਅਚੱਲ ਜਾਇਦਾਦ/ਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ**
**ਸਰਫਾਇਸੀ ਐਕਟ 2002 ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਗਏ ਨਿਯਮ 6(2) ਅਤੇ 8(6) ਦੇ ਤਹਿਤ ਆਮ ਜਨਤਾ ਨੂੰ 15/30 ਦਿਨਾਂ ਦਾ ਕਾਨੂੰਨੀ ਵਿਕਰੀ ਨੋਟਿਸ**

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਜਾਇਦਾਦ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ/ਚਾਰਜ ਕੀਤੀ ਗਈ ਹੈ, ਜਿਸਦਾ ਸੰਕੇਤਕ/ਭੌਤਿਕ/ਸੰਕੇਤਕ ਕਬਜ਼ਾ ਲਿਆ ਗਿਆ ਹੈ। ਬੈਂਕ/ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ, ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਹੈ ਉੱਥੇ ਹੈ" 'ਤੇ ਵੇਚਿਆ ਜਾਵੇਗਾ, ਤਾਂ ਜੋ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਬਕਾਏ ਦੀ ਵਸੂਲੀ ਕੀਤੀ ਜਾ ਸਕੇ। ਰਾਖਵੀਂ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਸਬੰਧਤ ਜਾਇਦਾਦਾਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੇ ਅਨੁਸਾਰ ਹੋਵੇਗੀ।

ਸੁਰੱਖਿਅਤ ਕਰਜ਼ਦਾਰ ਨੂੰ ਜਾਣੂ ਦੇਣਦਾਰੀਆਂ ਨਹੀਂ ਹਨ/ਜਾਣੂ ਨਹੀਂ ਹਨ।

**ਵਿਕਰੀ 27.03.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ**

**ਇੱਛੁਕ ਖਰੀਦਦਾਰਾਂ ਨੂੰ ਯੂਜ਼ਰ ਆਈਡੀ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਉਨ੍ਹਾਂ ਕੋਲ ਨਿਲਾਮੀ ਵਿਚ ਭਾਗ ਲੈਣ ਲਈ https://baanknet.com 'ਤੇ ਈ-ਵੈਲੇਟ ਵਿਚ ਘੱਟੋ ਘੱਟ ਬਿਆਨਾ ਰਕਮ ਰਾਸ਼ੀ ਹੋਣੀ ਲਾਜ਼ਮੀ ਹੈ।**

**ਨਿਲਾਮੀ ਪ੍ਰਕਿਰਿਆ, ਪੰਜੀਕਰਨ ਸਥਿਤੀ ਆਦਿ 'ਤੇ ਸਹਾਇਤਾ ਲਈ Baanknet Portal Help Desk No. + 91 8291220220, support.baanknet@psballiance.com**

**ਬੈਂਕ ਅਧਿਕਾਰੀਆਂ ਦੇ ਸੰਪਰਕ ਵੇਰਵੇ ਸ੍ਰੀ ਅਨਵਰ ਅਲੀ (ਮੁੱਖ ਪ੍ਰਬੰਧਕ), (ਮੋ.) 97976-16733, ਸ੍ਰੀਮਤੀ ਜੋਤੀ (ਮੁੱਖ ਪ੍ਰਬੰਧਕ) (ਮੋ.) 70421-98890**

**ਸੁਰੱਖਿਅਤ ਅਸਾਸਿਆਂ ਦੀ ਸੂਚੀ**

| ਸ਼ਾਖਾ ਦਾ ਨਾਮ / ਖਾਤੇ ਦਾ ਨਾਮ / ਖਾਤਾ ਕਰਜ਼ਦਾਰ/ਜ਼ਾਮਨਾਂ ਦੇ ਨਾਮ ਅਤੇ ਪਤੇ | ਗਿਰਵੀ ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ/ ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ੳ) ਸਰਫਾਇਸੀ ਐਕਟ, 2002 ਦੀ ਧਾਰਾ 13 (2) ਅਧੀਨ ਮੰਗ ਸੂਚਨਾ ਦੀ ਮਿਤੀ / ਅ) ਬਕਾਇਆ ਰਕਮ ਦੀ ਮਿਤੀ / ੲ) ਸਰਫਾਇਸੀ ਐਕਟ, 2002 ਦੀ ਧਾਰਾ 13 (4) ਅਧੀਨ ਕਬਜ਼ੇ ਦੀ ਮਿਤੀ / ਸ) ਕਬਜ਼ੇ ਦਾ ਸਰੂਪ ਸੰਕੇਤਕ/ਭੌਤਿਕ/ ਉਸਾਰੂ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|
| **ਏ.ਆਰ.ਐਮ.ਬੀ, ਅੰਮ੍ਰਿਤਸਰ**<br>(1) ਮੈਸਰਜ਼ ਸਤਪਾਲ ਸ਼ੰਕਰ ਦਾਸ (ਪ੍ਰੋਪਰਾਈਟਰ ਜਸਵਿੰਦਰ ਮਹਿਤਾ ਰਾਹੀਂ) ਕੋਟ ਕੁਲਜਸ ਰਾਏ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ 143505 ਇਸਦੀ ਕਾਨੂੰਨੀ ਵਾਰਸ ਈਸ਼ਾ ਪਤਨੀ ਜਸਵਿੰਦਰ ਮਹਿਤਾ (ii) ਈਸ਼ਾ ਨਾਲ ਸਵਰਗਵਾਸੀ ਸ਼. ਜਸਵਿੰਦਰ ਮਹਿਤਾ, ਬਸੰਤ ਐਵੀਨਿਊ, ਗਲੀ ਨੰ. 3, ਨੇੜੇ ਓਹਰੀ ਗੇਟ, ਬਟਾਲਾ, ਜਿਲਾ. ਗੁਰਦਾਸਪੁਰ, ਪੰਜਾਬ 143505 (iii) ਸ੍ਰੀਮਤੀ ਸੁਮਨ ਸ਼ਰਮਾ ਵਾਸੀ ਅਸ਼ਵਨੀ ਕੁਮਾਰ, 60, ਨਿਊ ਧਰਮਪੁਰਾ ਕਲੋਨੀ, ਬਟਾਲਾ ਜ਼ਿਲ੍ਹਾ ਗੁਰਦਾਸਪੁਰ, ਪੰਜਾਬ 143505 | ਪਿੰਡ ਫੈਜ਼ਪੁਰਾ, ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਖਸਰਾ ਨੰਬਰ 724/1, 727, 728 ਵਿੱਚੋਂ ਲਗਭਗ 6 ਸਰਸਾਈ ਦੇ ਇੱਕ ਦੁਕਾਨ ਨੂੰ ਕਵਰ ਕਰਨ ਵਾਲੀ ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ, ਮਿਤੀ 10-12-2008 ਨੂੰ ਟਾਈਟਲ ਡੀਡ ਨੰਬਰ 3572 ਦੁਆਰਾ ਰਜਿਸਟਰਡ, ਸ਼੍ਰੀਮਤੀ ਸੁਮਨ ਸ਼ਰਮਾ ਪਤਨੀ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਦੇ ਹੱਕ ਵਿੱਚ। | 09-07-2015<br>ਰ. 18,48,306/- ਮਿਤੀ 08-07-2015 ਨੂੰ + ਵਿਆਜ ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>06-02-2026<br>ਹਕੀਕੀ ਕਬਜਾ | ਰ. 17,10,000/-<br>ਰ. 1,71,000/-<br>ਰ. 20,000/- |
| **ਏ.ਆਰ.ਐਮ.ਬੀ, ਅੰਮ੍ਰਿਤਸਰ**<br>(2)(i) ਮੈਸਰਜ਼ ਰੰਧਾਵਾ ਕਮਿਸ਼ਨ ਏਜੰਟ ਆਪਣੇ ਪ੍ਰੋ. ਰਣਜੀਤ ਸਿੰਘ ਫੋਕਲ ਪੁਆਇੰਟ, ਵਾਰਸੋਲਾ, ਜ਼ਿਲ੍ਹਾ ਗੁਰਦਾਸਪੁਰ ਪਿੰਨ ਕੋਡ 143526 ਰਾਹੀਂ (ii) ਸ੍ਰੀ ਰਣਜੀਤ ਸਿੰਘ ਪੁੱਤਰ ਸ. ਮਹਿੰਦਰ ਸਿੰਘ (ਮੌਤ ਤੋਂ) ਆਪਣੇ ਕਾਨੂੰਨੀ ਵਾਰਸਾਂ ਰਾਹੀਂ (ੲ) ਸ੍ਰੀਮਤੀ ਹਰਦੀਸ਼ ਕੌਰ ਪਤਨੀ ਸ੍ਰੀ ਰਣਜੀਤ ਸਿੰਘ (ਅ) ਸ. ਲਵਪ੍ਰੀਤ ਸਿੰਘ ਪੁੱਤਰ ਰਣਜੀਤ ਸਿੰਘ (c) ਪਵਨਦੀਪ ਕੌਰ ਪੁੱਤਰੀ ਰਣਜੀਤ ਸਿੰਘ (iii) ਸ਼੍ਰੀਮਤੀ ਹਰਦੀਸ਼ ਕੌਰ ਪਤਨੀ ਸ਼੍ਰੀ ਰਣਜੀਤ ਸਿੰਘ (ਰੱਖਣ ਵਾਲੇ ਰਣਜੀਤ ਸਿੰਘ ਦੇ ਜ਼ਾਮਨ / ਕਾਨੂੰਨੀ ਵਾਰਸ) ਪੈਟਰੋਲ ਪੰਪ ਦੇ ਸਾਹਮਣੇ ਵਾਲੀ ਗਲੀ, ਡੇਰਾ ਰੋਡ, ਨਬੀਪੁਰ ਜ਼ਿਲ੍ਹਾ ਗੁਰਦਾਸਪੁਰ ਪਿੰਨ ਕੋਡ 143521 (iv) ਸ਼੍ਰੀ ਲਵਪ੍ਰੀਤ ਸਿੰਘ ਪੁੱਤਰ ਰਣਜੀਤ ਸਿੰਘ (ਰੱਖਣ ਵਾਲੇ ਰਣਜੀਤ ਸਿੰਘ ਦੇ ਕਾਨੂੰਨੀ ਵਾਰਸ) ਪੈਟਰੋਲ ਪੰਪ ਦੇ ਸਾਹਮਣੇ ਵਾਲੀ ਗਲੀ, ਡੇਰਾ ਰੋਡ, ਨਬੀਪੁਰ ਜ਼ਿਲ੍ਹਾ ਗੁਰਦਾਸਪੁਰ ਪਿੰਨ ਕੋਡ 143521 (v) ਪਵਨਦੀਪ ਕੌਰ ਪੁੱਤਰੀ ਰਣਜੀਤ ਸਿੰਘ (ਰੱਖਣ ਵਾਲੇ ਰਣਜੀਤ ਸਿੰਘ ਦੇ ਕਾਨੂੰਨੀ ਵਾਰਸ), ਪੈਟਰੋਲ ਪੰਪ ਦੇ ਸਾਹਮਣੇ ਵਾਲੀ ਗਲੀ, ਡੇਰਾ ਰੋਡ, ਨਬੀਪੁਰ, ਜ਼ਿਲ੍ਹਾ ਗੁਰਦਾਸਪੁਰ ਪਿੰਨ ਕੋਡ 143521 | (i) ਰਿਹਾਇਸ਼ੀ ਘਰ ਦੇ ਸਾਰੇ ਹਿੱਸੇ ਅਤੇ ਪਾਰਸਲ ਜਿਸਦੀ ਮਾਪ 5 ਮਰਲੇ (ਕਰਮ 5.50 ਫੁੱਟ) ਹੈ ਜਿਸ ਵਿੱਚ ਖਸਰਾ ਨੰਬਰ 17, ਖਤੌਨੀ ਨੰਬਰ 19 ਅਤੇ ਖਸਰਾ ਨੰਬਰ 18R/17/2 (3-4) ਕੁੱਲ ਜ਼ਮੀਨ 3 ਕਨਾਲ 4 ਮਰਲੇ ਹੈ ਜਿਸ ਵਿੱਚੋਂ 2/64 ਹਿੱਸੇ ਕੁੱਲ 2 ਮਰਲੇ ਅਤੇ ਖਤੌਨੀ ਨੰਬਰ 20, ਖਸਰਾ ਨੰਬਰ 18R/24/1 (4-16) ਕੁੱਲ ਜ਼ਮੀਨ 4 ਕਨਾਲ 16 ਮਰਲੇ ਜਿਸ ਵਿੱਚੋਂ 3/96 ਹਿੱਸੇ ਵਾਲੀ ਜ਼ਮੀਨ 3 ਮਰਲੇ ਕੁੱਲ ਜ਼ਮੀਨ 5 ਮਰਲੇ ਹੱਦਬਸਤ ਨੰ. 339 ਪਿੰਡ ਨਬੀਪੁਰ, ਡੇਰਾ ਰੋਡ, ਗੁਰਦਾਸਪੁਰ ਵਿਖੇ ਸਥਿਤ ਹੈ। ਸ਼੍ਰੀ ਰਣਜੀਤ ਸਿੰਘ ਪੁੱਤਰ ਸ਼੍ਰੀ ਮਹਿੰਦਰ ਸਿੰਘ ਦੇ ਨਾਮ 'ਤੇ, ਰਜਿਸਟਰ ਵਿਕਰੀ ਡੀਡ ਨੰ. 4115 ਮਿਤੀ 14-02-2008 ਰਾਹੀਂ।<br>(ii) ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ 8 ਮਰਲੇ ਦੇ ਪਲਾਟ ਸ਼ਾਮਲ ਹਨ ਜਿਸ ਵਿੱਚ ਖਾਤਾ ਨੰਬਰ 21, 22, 23, ਖਟੌਨੀ ਨੰਬਰ 27 ਤੋਂ 34 ਅਤੇ ਖਸਰਾ ਨੰਬਰ 9R/5 (4-0), 18 ਮਿੰਟ ਪੱਛਮ (2-4), 18R/2/1 (3-11), 3/1 (3-11), 9R/26 (0-11), 10 (8-0), 13 (8-0), 11 (8-0), 12 (8-0), 24 (8-0), 25 (8-0), 18R/4/1 (3-11), 5/1 (3-11), 9R/6/2 (2-4), 9R/14 (8-0), 19 (8-0), 20 (8-0), 22 (8-0), 23 (8-0), 16 (7-11), 17 (7-11), 18 ਮਿੰਟ ਪੂਰਬ (5-0), 15 (8-0), 6/1 (5-7) ਕੁੱਲ ਜ਼ਮੀਨ 144 ਕਨਾਲ 12 ਮਰਲੇ ਜਿਸ ਵਿੱਚੋਂ 8 ਮਰਲੇ (ਕਰਮ 5.50 ਫੁੱਟ), ਪਿੰਡ ਨਬੀਪੁਰ, ਡੇਰਾ ਰੋਡ, ਗੁਰਦਾਸਪੁਰ ਵਿਖੇ ਸਥਿਤ, ਹੱਡਬਸਤ ਨੰ. 339, ਸ਼੍ਰੀਮਤੀ ਹਰਦੀਸ਼ ਕੌਰ ਪਤਨੀ ਸ਼੍ਰੀ ਰਣਜੀਤ ਸਿੰਘ ਦੇ ਨਾਮ 'ਤੇ, ਵਿਕਰੀ ਡੀਡ ਨੰ. 2262 ਮਿਤੀ 18-09-2014 ਦੁਆਰਾ ਰਜਿਸਟਰਡ। | 06-10-2023<br>ਰ. 50,99,697/04 ਮਿਤੀ 30-09-2017 ਨੂੰ + ਮਿਤੀ 01-10-2017 ਤੋਂ ਵਿਆਜ ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>22-12-2023<br>ਸੰਕੇਤਕ ਕਬਜਾ | (i) ਰ. 19,80,000/-<br>ਰ. 1,98,000/-<br>ਰ. 20,000/-<br>(ii) ਰ. 8,80,000/-<br>ਰ. 88,000/-<br>ਰ. 20,000/- |

**ਸਰਫਾਇਸੀ ਐਕਟ 2002 ਦੇ ਨਿਯਮ 8 (6) ਦੇ ਅਧੀਨ 15/30 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ**

1. ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 2. ਜਾਇਦਾਦਾਂ ਨੂੰ "ਜਿਵੇਂ ਹੈ ਜਿੱਥੇ ਹੈ" ਦੇ ਆਧਾਰ 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ" ਵੇਚਿਆ ਜਾ ਰਿਹਾ ਹੈ। 3. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਜਾਇਦਾਦ/ਜ਼ਿੰਮੇਵਾਰੀਆਂ ਉੱਤੇ ਕੋਈ ਵੀ ਬੋਝ ਬੈਂਕ/ਸੁਰੱਖਿਅਤ ਲੈਣਦਾਰ ਨੂੰ ਨਹੀਂ ਪਤਾ ਹੈ। ਅਧਿਕਾਰਤ ਅਧਿਕਾਰੀ ਜਾਂ ਬੈਂਕ ਨਿਲਾਮ ਕੀਤੀਆਂ ਜਾਇਦਾਦਾਂ ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਅਨ, ਬੋਝ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਬੋਝਾਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ ਦੇ ਬਕਾਏ, ਜਾਇਦਾਦ ਟੈਕਸ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐਨਓਸੀ ਆਦਿ ਸ਼ਾਮਲ ਹਨ। ਬਿਜਲੀ, ਘਰ ਟੈਕਸ ਆਦਿ ਲਈ ਬਕਾਇਆ ਖਰਚੇ/ਬਿੱਲ ਨਿਲਾਮੀ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। 6. ਸੁਰੱਖਿਅਤ ਲੈਣਦਾਰ ਕਿਸੇ ਵੀ ਤਰ੍ਹਾਂ ਵੇਚੀ ਜਾ ਰਹੀ ਜਾਇਦਾਦ/ਵਸਤੂਆਂ ਦੀ ਤੰਦਰੁਸਤੀ ਜਾਂ ਗੁਣਵੱਤਾ ਜਾਂ ਦੇਣਦਾਰੀ ਦੀ ਗਰੰਟੀ ਨਹੀਂ ਦਿੰਦਾ ਹੈ। 7. ਵਿਕਰੀ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 27.03.2026 ਨੂੰ **ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ** ਤੱਕ ਵਿੱਚ ਦਿੱਤੇ ਗਏ ਸਮੇਂ ਅਨੁਸਾਰ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com 'ਤੇ ਵੇਖੋ। 8. ਰਿਜ਼ਰਵ ਕੀਮਤ ਤੋਂ ਵੱਧ, ਘੱਟੋ-ਘੱਟ ਇੱਕ ਬੋਲੀ ਦੀ ਰਕਮ ਲਾਜ਼ਮੀ ਹੈ।

ਮਿਤੀ : 26.02.2026 ਸਥਾਨ : ਅੰਮ੍ਰਿਤਸਰ ਸਹੀ/- ਅਧਿਕਾਰਤ ਅਧਿਕਾਰੀ, (ਪੰਜਾਬ ਨੈਸ਼ਨਲ ਬੈਂਕ)

## SBI ਸਟੇਟ ਬੈਂਕ ਆਫ ਇੰਡੀਆ

**ਈ-ਨਿਲਾਮੀ ਵਿਕਰੀ ਸੂਚਨਾ 19.03.2026 11.00 ਵਜੇ ਤੋਂ 16.00 ਵਜੇ**

ਸਟਰੈਸਡ ਸੰਪੱਤੀ ਵਸੂਲੀ ਸ਼ਾਖਾ, ਜ਼ਮੀਨੀ ਤਲ, ਜ਼ੋਨਲ ਬਿਜਨਸ ਦਫਤਰ ਬਿਲਡਿੰਗ, ਫਾਊਨਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ 141001

**ਈ-ਨਿਲਾਮੀ ਵਿਕਰੀ ਸੂਚਨਾ 19.03.2026 11.00 ਵਜੇ ਤੋਂ 16.00 ਵਜੇ**

**19.03.2026 ਨੂੰ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ 11.00 ਵਜੇ ਤੋਂ 16.00 ਵਜੇ ਤੱਕ,**
**ਈ-ਨਿਲਾਮੀ ਬੰਦ ਹੋਣ 'ਤੇ ਜਾਂ ਇਸ ਤੋਂ ਪਹਿਲਾਂ ਈਐਮਡੀ ਅਤੇ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ,**
**ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਕੋਲ ਆਪਣੀ ਈ-ਨਿਲਾਮੀ ਸਾਈਟ 'ਤੇ ਰਜਿਸਟਰਡ ਆਪਣੇ ਖੁਦ ਦੇ ਵਾਲਿਟ ਰਾਹੀਂ ਬੋਲੀਕਾਰ : https://baanknet.com ਆਰਟੀਜੀਐਸ/ਐਨਈਐਫਟੀ ਦੇ ਜ਼ਰੀਏ**

**ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ** ਕਾਨੂੰਨ, 2002 ਦੇ ਤਹਿਤ ਅਚੱਲ/ਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ, ਜਿਸ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਅਤੇ 9 (1) ਦੇ ਉਪਬੰਧ ਦੇ ਨਾਲ ਪੜ੍ਹਿਆ ਜਾਂਦਾ ਹੈ। ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੇ ਗਏ ਅਚੱਲ ਜਾਇਦਾਦਾਂ ਜੋ **ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ)** ਨੂੰ ਗਿਰਵੀ ਰੱਖੀਆਂ ਗਈਆਂ ਹਨ, ਇਹਨਾਂ ਜਾਇਦਾਦਾਂ ਦਾ ਉਸਾਰੂ/ਭੌਤਿਕ ਕਬਜ਼ਾ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀਆਂ ਦੁਆਰਾ ਲਿਆ ਗਿਆ ਹੈ, 19.03.2026 ਨੂੰ **"ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਵੀ ਉਥੇ ਹੈ"** ਦੇ ਆਧਾਰ 'ਤੇ ਵੇਚਿਆ ਜਾਵੇਗਾ, ਹੇਠਾਂ ਦੱਸੇ ਗਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਬਕਾਇਆ ਬੈਂਕ ਬਕਾਏ + ਵਿਆਜ (ਜਿਵੇਂ ਕਿ ਜਾਇਦਾਦਾਂ ਦੇ ਵਿਰੁੱਧ ਹੇਠਾਂ ਦੱਸਿਆ ਗਿਆ ਹੈ) ਦੀ ਵਸੂਲੀ ਲਈ। ਰਿਜ਼ਰਵ ਕੀਮਤ ਅਤੇ ਜਮ੍ਹਾਂ ਬਿਆਨਾ ਰਕਮ ਜਾਇਦਾਦਾਂ ਦੇ ਵਿਰੁੱਧ ਹੇਠਾਂ ਦੱਸੇ ਅਨੁਸਾਰ ਹੋਵੇਗਾ। ਸਾਰੇ ਕਾਨੂੰਨੀ/ਗੈਰ-ਕਾਨੂੰਨੀ ਬਕਾਏ, ਟੈਕਸ, ਦਰਾਂ, ਮੁਲਾਂਕਣ, ਖਰਚੇ, ਫੀਸ ਆਦਿ ਦਾ ਭੁਗਤਾਨ ਕਿਸੇ ਵੀ ਵਿਅਕਤੀ ਦੇ ਕਾਰਨ ਸਿਰਫ਼ ਸਫਲ ਬੋਲੀਕਾਰ ਦੀ ਜ਼ਿੰਮੇਵਾਰੀ ਹੋਵੇਗੀ। ਸਫਲ ਬੋਲੀਕਾਰ ਦੁਆਰਾ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ 'ਤੇ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਜ਼ਬਤ ਕਰ ਲਈ ਜਾਵੇਗੀ। **ਵਿਕਰੀ ਦੇ ਵੇਰਵੇ ਨਿਯਮ ਅਤੇ ਸ਼ਰਤਾਂ ਹੇਠਾਂ ਦਿੱਤੀਆਂ ਗਈਆਂ ਹਨ/ਵੈਬਸਾਈਟ ਵੇਖੋ: (a) https:sbi.co.in/(b) https://baanknet.com**

**ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ**

| ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਬਕਾਇਆ ਰਕਮ | ਸੰਪੱਤੀ/ਆਂ ਦੇ ਵੇਰਵੇ | ਰਾਖਵੀਂ ਕੀਮਤ / ਜਮ੍ਹਾਂ ਬਿਆਨਾ ਰਕਮ (ਈਐਮਡੀ) / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ/ਸੰਪਰਕ ਨੰ. |
|---|---|---|---|---|---|
| 1. ਮਿਸ ਮਹਾਵੀਰ ਸੇਲਜ਼, ਬੀ-XXXII-ਈ-2/80 (ਪਲਾਟ ਨੰ. 14), ਗੁਰੂ ਵਿਹਾਰ, ਰਾਹੋਂ ਰੋਡ, ਲੁਧਿਆਣਾ ਆਪਣੇ ਭਾਈਵਾਲਾਂ ਰਾਹੀਂ ਸ. ਰਾਜੇਸ਼ ਜੈਨ ਸਿਓ ਸ਼ ਜੋਗਿੰਦਰ ਪਾਲ ਜੈਨ ਐਮਸੀ ਨੰਬਰ ਬੀ-XIX-1387/89-ਐਫ ਕਿਚਲੂ ਨਗਰ, ਜੈਨ ਮੰਦਰ ਦੇ ਸਾਹਮਣੇ, ਲੁਧਿਆਣਾ, ਸ੍ਰੀ ਸੰਜੇ ਜੈਨ ਪੁੱਤਰ ਸ੍ਰੀ ਜੋਗਿੰਦਰ ਪਾਲ ਜੈਨ, ਵਾਸੀ ਐਮਸੀ ਨੰਬਰ ਬੀ-ਐਕਸਆਈਐਕਸ-1387/89-ਐਫ. ਕਿਚਲੂ ਨਗਰ ਜੈਨ ਮੰਦਰ ਦੇ ਸਾਹਮਣੇ, ਲੁਧਿਆਣਾ, ਜ਼ਾਮਨ: ਸ੍ਰੀ ਜੋਗਿੰਦਰ ਪਾਲ ਜੈਨ ਸਿਓ ਸ਼. ਰਿਖਬ ਦਾਸ ਜੈਨ, ਵਾਸੀ ਐਮਸੀ ਨੰਬਰ ਬੀ-XIX-1387/89-ਐਫ, ਕਿਚਲੂ ਨਗਰ, ਜੈਨ ਮੰਦਰ ਦੇ ਸਾਹਮਣੇ, ਲੁਧਿਆਣਾ। | ਰੁ 9,41,23,836. 11(ਰੁ. ਨੌਂ ਕਰੋੜ ਇਕਤਾਲੀ ਲੱਖ ਤੇਈ ਹਜ਼ਾਰ ਅੱਠ ਸੌ ਛੱਤੀ ਕੇਵਲ) ਮਿਤੀ 31.12.2022 ਅਨੁਸਾਰ ਜਮ੍ਹਾਂ ਅਗਲੇਰੇ ਵਿਆਜ ਅਤੇ ਖਰਚੇ | **ਜਾਇਦਾਦ ਆਈਡੀ: SBIN0527100443** ਮੈਸਰਜ਼ ਮਹਾਵੀਰ ਸੇਲਜ਼ ਦੇ ਨਾਮ 'ਤੇ ਟਾਈਟਲ ਡੀਡ ਵਸੀਕਾ ਨੰਬਰ 23291 ਮਿਤੀ 05.02.1998 ਅਨੁਸਾਰ ਪਲਾਟ ਨੰਬਰ 14 'ਤੇ ਸਥਿਤ 500 ਵਰਗ ਗਜ਼ ਦੀ ਫੈਕਟਰੀ ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ, ਜਿਸ ਵਿੱਚ ਐਮਸੀ ਨੰਬਰ B-XXXII-E-2/80 ਹੈ, ਜੋ ਕਿ ਸਾਲ 1993-94 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 1564/269/1, ਖਾਤਾ ਨੰਬਰ 556/616 ਵਿੱਚ ਸ਼ਾਮਲ ਹੈ, ਪਿੰਡ ਤਰਫ ਗਹਿਲੇਵਾਲ, ਗੁਰੂ ਵਿਹਾਰ, ਰਾਹੋਂ ਰੋਡ, ਲੁਧਿਆਣਾ ਵਿਖੇ ਸਥਿਤ ਹੈ, ਜੋ ਕਿ। **(ਭੌਤਿਕ ਕਬਜ਼ੇ ਦੀ ਮਿਤੀ: 29.10.2025)** | ਰੁ. 1,86,00,000/-<br>ਰੁ. 18,60,000/-<br>ਰੁ. 1,00,000/- | 10.03.2026 11.00 ਵਜੇ ਤੋਂ 15.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋ. ਨੰ. 97790 75339 ਹਰਦੀਪ ਕੌਰ (ਸੀਸੀਓ) ਮੋ. ਨੰ. 80545 98007 |
| 2. ਮੈਸਰਜ਼ ਅਮਰ ਇੰਟਰਪ੍ਰਾਈਜ਼ਜ਼, ਪ੍ਰੋ. ਸਤਪਾਲ ਗੁਪਤਾ ਪੁੱਤਰ ਸ. ਓਮ ਪ੍ਰਕਾਸ਼, ਹਸਪਤਾਲ ਰੋਡ, ਸਿਵਲ ਹਸਪਤਾਲ, ਰਾਮਪੁਰਾ ਫੂਲ ਤਹਿ: ਫੂਲ ਜ਼ਿਲ੍ਹਾ ਬਠਿੰਡਾ, ਪ੍ਰੋਪਰਾਈਟਰ: ਸ. ਸਤਪਾਲ ਗੁਪਤਾ ਪੁੱਤਰ ਸ. ਓਮ ਪ੍ਰਕਾਸ਼, ਰਿਹਾਇਸ਼ੀ ਮਕਾਨ ਨੰ.5, ਫਰੈਂਡਜ਼ ਐਨਕਲੇਵ, ਬਾਈਪਾਸ ਰੋਡ, ਰਾਮਪੁਰਾ ਫੂਲ, ਬਠਿੰਡਾ- 151103, ਜ਼ਾਮਨ : ਸ੍ਰੀਮਤੀ ਨਰੇਸ਼ ਰਾਣੀ ਪਤਨੀ ਸ੍ਰੀ ਸਤਪਾਲ ਗੁਪਤਾ ਵਾਸੀ ਮਕਾਨ ਨੰਬਰ 5, ਫਰੈਂਡਜ਼ ਐਨਕਲੇਵ, ਬਾਈਪਾਸ ਰੋਡ, ਰਾਮਪੁਰਾ ਫੂਲ, ਬਠਿੰਡਾ-151103 | 07.02.2020 ਨੂੰ 33,54,845/- ਰੁਪਏ (ਤੇਤੀ ਲੱਖ ਚੁਰੰਜਾ ਹਜ਼ਾਰ ਅੱਠ ਸੌ ਪੰਤਾਲੀ ਕੇਵਲ), ਭਵਿੱਖ ਦੇ ਵਿਆਜ ਅਤੇ ਉਸ 'ਤੇ ਖਰਚੇ ਸਮੇਤ। | ਜਾਇਦਾਦ ਆਈਡੀ: SBIN0527100293: 25' x 75' (208.33 ਵਰਗ ਗਜ਼) ਦੀ ਗੋਦਾਮ ਇਮਾਰਤ ਵਾਲੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ ਜਿਸ ਵਿੱਚ ਲਾਇਨਜ਼ ਕਲੱਬ ਵਾਲੀ ਗਲੀ ਦੇ ਸਾਹਮਣੇ, ਗੌਇਲ ਚਿਲਡਰਨ ਹਸਪਤਾਲ ਦੇ ਨੇੜੇ, ਰਾਮਪੁਰਾ ਫੂਲ, ਤਹਿਸੀਲ ਫੂਲ, ਜ਼ਿਲ੍ਹਾ ਬਠਿੰਡਾ, ਰਾਮਪੁਰਾ ਫੂਲ ਦੀ ਐਮ.ਸੀ. ਸੀਮਾ ਵਿੱਚ ਸ੍ਰੀਮਤੀ ਨਰੇਸ਼ ਰਾਣੀ ਪਤਨੀ ਸ੍ਰੀ ਸਤਪਾਲ ਗੁਪਤਾ ਦੇ ਨਾਮ 'ਤੇ ਸੇਲ ਡੀਡ ਨੰਬਰ 778 ਮਿਤੀ 09.02.2005 ਰਾਹੀਂ। (ਭੌਤਿਕ ਕਬਜ਼ੇ ਦੀ ਮਿਤੀ: 29.01.2025) | ਰੁ. 26,50,000/-<br>ਰੁ. 2,65,000/-<br>ਰੁ. 25,000/- | 10.03.2026 11.00 ਵਜੇ ਤੋਂ 15.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋ. ਨੰ. 97790 75339 ਹਰਦੀਪ ਕੌਰ (ਸੀਸੀਓ) ਮੋ. ਨੰ. 80545 98007 |
| 3. ਮੈਸਰਜ਼ ਸਾਧੂ ਰਾਮ ਤਰਸੇਮ ਲਾਲ, ਗਊਸ਼ਾਲਾ ਮਾਰਕੀਟ, ਰਾਮਪੁਰਾ ਫੂਲ-151103 ਪ੍ਰੋਪਰਾਈਟਰ: ਸ੍ਰੀ ਹਰਪਿੰਦਰ ਕੁਮਾਰ ਪੁੱਤਰ ਸ੍ਰੀ ਤਰਸੇਮ ਲਾਲ ਵਾਸੀ #1, ਗਾਂਧੀ ਨਗਰ, ਗਲੀ ਨੰਬਰ 3, ਰਾਮਪੁਰਾ ਫੂਲ-151103 | ਰੁ 60,80,822.00 (ਰੁ. ਸੱਠ ਲੱਖ ਅੱਸੀ ਹਜ਼ਾਰ ਅੱਠ ਸੌ ਬਾਈ ਕੇਵਲ) 31.08.2021 ਨੂੰ + ਇਸ 'ਤੇ ਵਿਆਜ ਅਤੇ ਖਰਚੇ | ਜਾਇਦਾਦ ਆਈਡੀ :- SBIN0527100311: ਸ੍ਰੀ ਹਰਪਿੰਦਰ ਕੁਮਾਰ ਪੁੱਤਰ ਸ੍ਰੀ ਤਰਸੇਮ ਲਾਲ ਦੇ ਨਾਮ 'ਤੇ 45.22 ਵਰਗ ਗਜ਼ ਦੀ ਅਚੱਲ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਮਾਲਕੀ ਡੀਡ ਨੰਬਰ 2031 ਮਿਤੀ 29.09.17 ਰਾਹੀਂ ਪਾਲਿਕਾ ਗਲੀ, ਐਕਸਿਸ ਬੈਂਕ ਦੇ ਸਾਹਮਣੇ, ਬੈਂਕ ਬਾਜ਼ਾਰ, ਰਾਮਪੁਰਾ ਫੂਲ ਦੇ ਵਪਾਰਕ ਦੁਕਾਨਾਂ (ਜਾਇਦਾਦ ਦਾ ਭੌਤਿਕ ਕਬਜ਼ਾ 05.12.2025 ਨੂੰ ਲਿਆ ਗਿਆ ਸੀ।) | ਰੁ. 9,80,000/-<br>ਰੁ. 98,000/-<br>ਰੁ. 20,000/- | 10.03.2026 11.00 ਵਜੇ ਤੋਂ 15.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋ. ਨੰ. 97790 75339 ਹਰਦੀਪ ਕੌਰ (ਸੀਸੀਓ) ਮੋ. ਨੰ. 80545 98007 |
| 4. ਸ੍ਰੀ ਸੁਨੀਲ ਕੁਮਾਰ ਪੁੱਤਰ ਜੈਕਬ ਪਾਲ, ਵਾਸੀ ਗਲੀ ਨੰ. 3, ਸ਼ਾਹਬਾਜ਼ ਨਗਰ, ਸਾਹਮਣੇ ਕੇਂਦਰੀ ਵਿਦਿਆਲਿਆ, ਫਰੀਦਕੋਟ-151203, ਸ੍ਰੀਮਤੀ ਮਨਜੀਤ ਕੌਰ ਪਤਨੀ ਜੈਕਬ ਪਾਲ, ਵਾਸੀ ਗਲੀ ਨੰ. 3, ਸ਼ਾਹਬਾਜ਼ ਨਗਰ, ਬਾਜ਼ੀਗਰ ਬਸਤੀ, ਸਾਹਮਣੇ ਕੇਂਦਰੀ ਵਿਦਿਆਲਿਆ, ਫਰੀਦਕੋਟ-151203, ਜ਼ਾਮਨ: ਸ੍ਰੀ ਅਮਿਤ ਕੁਮਾਰ ਪੁੱਤਰ ਸ੍ਰੀ ਜੈਕਬ ਪਾਲ ਵਾਸੀ ਗਲੀ ਨੰ. 2, ਬਾਜ਼ੀਗਰ ਬਸਤੀ, ਸਾਹਮਣੇ ਕੇਂਦਰੀ ਵਿਦਿਆਲਿਆ, ਫਰੀਦਕੋਟ-151203 | ਰੁ 21,27,676.00 (ਰੁ ਇੱਕੀ ਲੱਖ ਸਤਾਈ ਹਜ਼ਾਰ ਛੇ ਸੌ ਛਿਹੱਤਰ ਕੇਵਲ) 12.02.2020 ਨੂੰ + ਇਸ 'ਤੇ ਵਿਆਜ ਅਤੇ ਖਰਚੇ | ਜਾਇਦਾਦ ਆਈਡੀ :- SBIN0527100323: ਸ੍ਰੀ ਸੁਨੀਲ ਕੁਮਾਰ ਪੁੱਤਰ ਸ੍ਰੀ ਜੈਕਬ ਪਾਲ ਦੇ ਨਾਮ 'ਤੇ ਬਾਜ਼ੀਗਰ ਬਸਤੀ, ਫਰੀਦਕੋਟ ਦੇ ਪਿੱਛੇ, ਸ਼ਾਹਬਾਜ਼ ਨਗਰ ਵਿਖੇ ਸਥਿਤ ਟ੍ਰਾਂਸਫਰ ਡੀਡ ਨੰਬਰ 164 ਮਿਤੀ 19.04.2017 ਰਾਹੀਂ 150 ਵਰਗ ਗਜ਼ ਦੇ ਰਿਹਾਇਸ਼ੀ ਮਕਾਨ ਦਾ ਬਰਾਬਰ ਗਿਰਵੀਨਾਮਾ। (ਜਾਇਦਾਦ ਦਾ ਭੌਤਿਕ ਕਬਜ਼ਾ 17.11.2025 ਨੂੰ ਲਿਆ ਗਿਆ ਸੀ) | ਰੁ. 24,83,000/-<br>ਰੁ. 2,48,300/-<br>ਰੁ. 20,000/- | 10.03.2026 11.00 ਵਜੇ ਤੋਂ 15.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋ. ਨੰ. 97790 75339 ਹਰਦੀਪ ਕੌਰ (ਸੀਸੀਓ) ਮੋ. ਨੰ. 80545 98007 |
| 5. ਕਰਜ਼ਦਾਰ: ਮੈਸ. ਸੁਰਵਿਨ ਮਾਰਕੀਟਿੰਗ ਪ੍ਰਾਈਵੇਟ. ਲਿਮਟਿਡ ਪਿੰਡ ਨੌਰਾ, ਤਹਿਸੀਲ ਬੰਗਾ, ਜ਼ਿਲ੍ਹਾ ਐੱਸ.ਬੀ.ਐੱਸ. ਨਗਰ-144508. ਜ਼ਾਮਨ: 1) ਸ੍ਰੀ ਵਿਨੋਤ ਬੇਦੀ, 2) ਸ੍ਰੀਮਤੀ ਸੁਰਭੀ ਬੇਦੀ, 3) ਸ੍ਰੀ ਰਾਜਪਾਲ ਸਿੰਘ ਗਾਂਧੀ | ਰੁ 4,19,45,992/- (ਰੁ.ਚਾਰ ਕਰੋੜ ਉਨੀ ਲੱਖ ਪੰਤਾਲੀ ਹਜ਼ਾਰ ਨੌਂ ਸੌ ਬਾਨਵੇਂ ਕੇਵਲ) 11.03.2019 ਨੂੰ ਜਮ੍ਹਾਂ ਇਸ 'ਤੇ ਭਾਵੀ ਵਿਆਜ ਅਤੇ ਸਾਰੀਆਂ ਲਾਗਤਾਂ ਅਤੇ ਖਰਚੇ। | ਜਾਇਦਾਦ ਆਈਡੀ 1: SBIN200030218020 54.5 ਮਰਲੇ ਮਾਪ (ਕੁੱਲ ਰਕਬੇ ਵਿੱਚੋਂ 109 ਮਰਲੇ) ਵਾਲੇ ਵਪਾਰਕ ਗੋਦਾਮ ਦੀ ਜ਼ਮੀਨ ਅਤੇ ਇਮਾਰਤ ਜਿਸ ਵਿੱਚ ਖਾਤਾ ਨੰਬਰ 493/545, ਖਸਰਾ ਨੰਬਰ 14//18/2(3-4), 18/3(1-12), 19/1(6-7), 23/1(2-4), 23/2(2-0), 23/3 (3-16), ਐਚ.ਬੀ. ਨੰਬਰ 105 ਸ਼ਾਮਲ ਹੈ ਜੋ ਕਿ ਪਿੰਡ ਨੌਰਾ ਵਿਖੇ ਐਚ.ਪੀ. ਪੈਟਰੋਲ ਪੰਪ ਦੇ ਨਾਲ ਲੱਗਦੇ ਸ੍ਰੀ ਵਿਨੋਤ ਬੇਦੀ ਦੇ ਨਾਮ 'ਤੇ ਕ੍ਰਮਵਾਰ ਵਿਕਰੀ ਡੀਡ ਨੰਬਰ 4103 ਅਤੇ 3993 ਮਿਤੀ 10.02.2004 ਅਤੇ 31.12.2004 ਦੁਆਰਾ ਰਜਿਸਟਰਡ ਹੈ। ਸਾਈਟ ਦੇ ਅਨੁਸਾਰ, ਉੱਤਰ: ਬੰਗਾ ਗੜ੍ਹਸ਼ੰਕਰ ਰੋਡ, ਐਚਪੀ ਪੈਟਰੋਲ ਪੰਪ, ਪੂਰਬ: ਖੇਤੀਬਾੜੀ ਜ਼ਮੀਨ, ਪੱਛਮ: ਐਚਪੀ ਪੈਟਰੋਲ ਪੰਪ ਅਤੇ ਖੇਤੀਬਾੜੀ ਜ਼ਮੀਨ, ਦੱਖਣ: ਖੇਤੀਬਾੜੀ ਜ਼ਮੀਨ (ਭੌਤਿਕ ਕਬਜ਼ਾ: 22-09-2022) ਨੋਟ: ਸਾਈਟ ਦੇ ਅਨੁਸਾਰ ਕੁੱਲ ਰਕਬਾ 2.725 ਕਨਾਲ ਦੇ ਮੁਕਾਬਲੇ 2.676 ਕਨਾਲ ਹੈ ਅਤੇ ਸਾਈਟ ਦੇ ਅਨੁਸਾਰ ਅਸਲ ਖੇਤਰ ਲਈ ਮੁੱਲ ਨੂੰ ਵਿਚਾਰਿਆ ਗਿਆ ਹੈ, SARFAESI ਐਕਟ 2002/RDBFI ਐਕਟ 1993 ਦੇ ਉਪਬੰਧਾਂ ਦੇ ਤਹਿਤ, ਕੁੱਲ 109 ਮਰਲੇ ਜ਼ਮੀਨ ਵਿੱਚੋਂ, 54.5 ਮਰਲੇ ਜ਼ਮੀਨ HPCL ਕੋਲ ਲੀਜ਼ 'ਤੇ ਹੈ ਅਤੇ ਬਾਕੀ 54.5 ਮਰਲੇ ਫਰੀਹੋਲਡ ਹੈ।<br>ਜਾਇਦਾਦ ਆਈਡੀ 2: SBIN200030203494 10 ਮਰਲੇ ਦੇ ਪਸ਼ੂਆਂ ਦੇ ਸ਼ੈੱਡ ਵਾਲਾ ਪਲਾਟ ਭਾਵ 5K-00M ਦਾ 90/900 ਹਿੱਸਾ, ਜੋ ਕਿ ਖਾਤਾ ਨੰਬਰ 476/557, ਖਸਰਾ ਨੰਬਰ 7//17(5-0), ਪਿੰਡ ਜਿੰਦੋਵਾਲ (ਗੁਰਦਿਤ ਨਗਰ, ਗੜ੍ਹਸ਼ੰਕਰ ਰੋਡ) ਬੰਗਾ ਵਿਖੇ ਸ੍ਰੀਮਤੀ ਸੁਰਭੀ ਬੇਦੀ ਦੇ ਨਾਮ 'ਤੇ 16.11.2009 ਦੀ ਵਿਕਰੀ ਡੀਡ ਨੰਬਰ 1663 ਦੁਆਰਾ ਰਜਿਸਟਰਡ ਹੈ। (ਜਾਇਦਾਦ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ ਹੈ), ਸਾਈਟ ਦੇ ਅਨੁਸਾਰ, ਉੱਤਰ: ਖੁੱਲ੍ਹਾ ਪਲਾਟ ਅਤੇ ਕੱਚਾ ਰਸਤਾ, ਦੱਖਣ: ਗਲੀ 16' 3' ਚੌੜੀ, ਪੂਰਬ: ਪਲਾਟ ਦਾ ਹਿੱਸਾ, ਕੋਈ ਸੀਮਾ ਦੀਵਾਰ ਨਹੀਂ, ਪੱਛਮ: ਮਕਾਨ। (ਜਾਇਦਾਦ ਗੈਰ-ਨਿਸ਼ਾਨਬੱਧ ਹੈ, ਭੌਤਿਕ ਕਬਜ਼ਾ: 22-09-2022) ਨੋਟ: ਸਾਈਟ ਦੇ ਅਨੁਸਾਰ, ਪਲਾਟ ਦਾ ਕੁੱਲ ਖੇਤਰਫਲ 20.94 ਮਰਲਾ ਹੈ (ਜੋ ਕਿ ਗੈਰ-ਨਿਸ਼ਾਨਬੱਧ ਹੈ) ਅਤੇ ਸਰਫੇਸੀ ਐਕਟ 2002/ਆਰਡੀਬੀਐਫਆਈ ਐਕਟ 1993 ਦੇ ਉਪਬੰਧਾਂ ਦੇ ਤਹਿਤ ਰਜਿਸਟਰਡ ਡੀਡ ਭਾਵ 10 ਮਰਲਾ ਦੇ ਅਨੁਸਾਰ ਖੇਤਰ ਲਈ ਮੁੱਲ ਮੰਨਿਆ ਗਿਆ ਹੈ। | Property 1:<br>ਰੁ. 49,00,000/-<br>ਰੁ. 4,90,000/-<br>ਰੁ. 20,000/-<br>Property 2:<br>ਰੁ. 17,00,000/-<br>ਰੁ. 1,70,000/-<br>ਰੁ. 20,000/- | 12.03.2026 11.00 ਵਜੇ ਤੋਂ 15.00 ਵਜੇ ਤੱਕ<br>12.03.2026 11.00 ਵਜੇ ਤੋਂ 15.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋ. ਨੰ. 97790 75339 ਸਪਨਾ ਕੇ. ਸ਼ਰਮਾ (ਸੀਸੀਓ) ਮੋ. ਨੰ. 82646 56640 |
| 6. ਮੈਸਰਜ਼ ਨੀਲੂ ਕਮਿਸ਼ਨ ਏਜੰਟ, ਨਵੀਂ ਅਨਾਜ ਮੰਡੀ, ਕੋਟਿਸ ਖਾਂ ਜ਼ਿਲ੍ਹਾ-ਮੋਗਾ ਪੰਜਾਬ, ਪਿੰਨ 142001, (ਪ੍ਰੋ. ਸ੍ਰੀ ਅਮਨਦੀਪ ਸਿੰਘ ਪੁੱਤਰ ਅਮਨ ਸਿੰਘ) ਪਿੰਡ ਅਤੇ ਡਾਕਖਾਨਾ ਬਹਿਰਾਮਕੇ ਡਾਕਖਾਨਾ-ਧਰਮਕੋਟ ਜ਼ਿਲ੍ਹਾ-ਮੋਗਾ-142001, 1. ਜ਼ਾਮਨ: ਤਰਸੇਮ ਸਿੰਘ ਪੁੱਤਰ ਸ੍ਰੀ ਰੁੜ ਸਿੰਘ। (ਜ਼ਾਮਨ) ਪਿੰਡ ਅਤੇ ਡਾਕਖਾਨਾ ਬਹਿਰਾਮਕੇ ਡਾਕਖਾਨਾ-ਧਰਮਕੋਟ-ਜ਼ਿਲ੍ਹਾ-ਮੋਗਾ-142001, 2. (ਜ਼ਾਮਨ) ਗੁਰਜੰਟ ਸਿੰਘ ਪੁੱਤਰ ਵੱਸਣ ਸਿੰਘ ਪਿੰਡ ਅਤੇ ਡਾਕਖਾਨਾ ਬਹਿਰਾਮਕੇ ਡਾਕਖਾਨਾ-ਧਰਮਕੋਟ ਜ਼ਿਲ੍ਹਾ-ਮੋਗਾ-142001, 3. (ਜ਼ਾਮਨ) ਚੰਨਣ ਸਿੰਘ ਪੁੱਤਰ ਵੱਸਣ ਸਿੰਘ, ਪਿੰਡ ਅਤੇ ਡਾਕਖਾਨਾ ਬਹਿਰਾਮਕੇ ਡਾਕਖਾਨਾ-ਧਰਮਕੋਟ ਜ਼ਿਲ੍ਹਾ-ਮੋਗਾ-142001 | ਰੁ 99,88,043/- (ਰੁ. ਨੜਿਨਵੇਂ ਲੱਖ ਅਠਾਸੀ ਹਜ਼ਾਰ ਤਰਤਾਲੀ ਕੇਵਲ) 12.09.2025 ਨੂੰ ਬਕਾਏ ਜਮ੍ਹਾਂ 12.09.2025 ਤੋਂ ਪ੍ਰਭਾਵੀ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। | ਜਾਇਦਾਦ ਆਈਡੀ: SBIN052710000085: ਸ੍ਰੀ ਗੁਰਜੰਟ ਸਿੰਘ ਪੁੱਤਰ ਸ੍ਰੀ ਵਾਸਨ ਸਿੰਘ ਦੇ ਨਾਮ 'ਤੇ 7 ਕਨਾਲ ਦੀ ਜਾਇਦਾਦ ਦਾ ਰਜਿਸਟਰਡ ਗਿਰਵੀਨਾਮਾ ਹੇਠ ਲਿਖੇ ਅਨੁਸਾਰ ਹੈ: 6 ਕਨਾਲ 13 ਮਰਲੇ ਦੀ ਜਾਇਦਾਦ 51 ਕਨਾਲ 5 ਮਰਲੇ ਦੇ 133/1025 ਹਿੱਸੇ ਵਜੋਂ ਖਸਰਾ ਨੰਬਰ 104/21(8-0), 118/1 (8-0), 120//4/7(7-12)5(8-0), 174//24/2(2-1) 25(8-0), 177/11/2(1-12), 173//21 (8-0) ਖੇਵਟ ਨੰਬਰ 71, ਖਤੌਨੀ ਨੰਬਰ 145-146 ਵਿੱਚ ਸ਼ਾਮਲ ਸਿੰਘਵਾਲਾ, ਮੋਗਾ ਵਿਖੇ ਸਥਿਤ 7 ਮਰਲੇ ਦੀ ਜਾਇਦਾਦ 22 ਕਨਾਲ 18 ਮਰਲੇ ਦੇ 7/458 ਹਿੱਸੇ ਵਜੋਂ ਗੁਰਜੰਟ ਸਿੰਘ ਸਪੁੱਤਰ ਸ੍ਰੀ ਵਾਸਨ ਸਿੰਘ ਦੇ ਨਾਮ 'ਤੇ ਦਰਜ ਅਤੇ ਸ੍ਰੀ ਗੁਰਜੰਟ ਸਿੰਘ ਪੁੱਤਰ ਸ੍ਰੀ ਵਾਸਨ ਸਿੰਘ ਦੇ ਨਾਮ 'ਤੇ, ਵਿਕਰੀ ਡੀਡ ਵਸੀਕਾ ਨੰਬਰ 2859 ਅਤੇ 2860 ਮਿਤੀ 28.06.2006 ਅਤੇ 4490 ਮਿਤੀ 05.09.2007 ਅਤੇ 1693 ਮਿਤੀ 29.05.2006 ਅਨੁਸਾਰ ਦਰਜ ਹੈ। ਨੋਟ: (ਉਪਰੋਕਤ ਜਾਇਦਾਦਾਂ ਸਨੇਹ ਐਚਪੀ ਪੈਟਰੋਲ ਹੱਟ ਦੇ ਨਾਮ 'ਤੇ 20.31 ਲੱਖ ਰੁਪਏ ਦੀ ਸੀਸੀ ਨੂੰ ਵੀ ਕਵਰ ਕਰਦੀਆਂ ਹਨ:-ਮੋਗਾ ਬਾਗ ਪੁਰਾਣਾ ਰੋਡ, ਸਿੰਘਵਾਲਾ, ਜ਼ਿਲ੍ਹਾ ਮੋਗਾ, ਪਿੰਨ 142001) (ਸੰਭਾਵਿਤ ਖਰੀਦਦਾਰ ਨੂੰ ਮੌਕੇ 'ਤੇ ਜਾਇਦਾਦ ਦੀ ਪਛਾਣ ਬਾਰੇ ਉਚਿਤ ਜਾਂਚ ਕਰਨੀ ਚਾਹੀਦੀ ਹੈ) (ਭੌਤਿਕ ਕਬਜ਼ੇ ਦੀ ਮਿਤੀ: 23.12.2015) | ਰੁ. 1,15,00,000/-<br>ਰੁ. 11,50,000/-<br>ਰੁ. 1,00,000/- | 10.03.2026 11.00 ਵਜੇ ਤੋਂ 15.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋ. ਨੰ. 97790 75339 ਅਮਿਤ ਕੁਮਾਰ (ਸੀਸੀਓ) ਮੋ. ਨੰ. 9463484224 |
| 7. ਕਰਜ਼ਦਾਰ: ਸ੍ਰੀ ਕਿਰਪਾਲ ਸਿੰਘ ਪੁੱਤਰ ਅਜੀਤ ਸਿੰਘ ਗਲੀ ਟੀਚਰ ਕਲੋਨੀ, ਗਲੀ ਨੰਬਰ 61, ਫਰੀਦਕੋਟ-151203। ਬਦਲਵਾਂ ਪਤਾ ਸ੍ਰੀ ਕਿਰਪਾਲ ਸਿੰਘ ਸਪੁੱਤਰ ਸ: ਅਜੀਤ ਸਿੰਘ, ਪਿੰਡ ਮੱਡ ਵਾਲਾ, ਡਾਕ: ਧੂਰਕੋਟ, ਫਰੀਦਕੋਟ-151203 ਜ਼ਾਮਨ: ਸ਼. ਪਾਲ ਸਿੰਘ ਸਪੁੱਤਰ ਸ. ਮੁਖਤਿਆਰ ਸਿੰਘ ਪਿੰਡ ਅਤੇ ਡਾਕਖਾਨਾ ਮਚਾਕੀ ਮੱਲ ਸਿੰਘ, ਫਰੀਦਕੋਟ-151203 | **04.03.2019 ਨੂੰ 31,58,875.21 ਰੁਪਏ (ਇਕਵੰਜਾ ਲੱਖ ਅੱਠ ਸੌ ਸੱਤਰ ਅਤੇ ਇੱਕੀ ਪੈਸੇ ਸਿਰਫ਼) ਦੇ ਬਕਾਏ, 04.03.2019 ਨੂੰ ਹੋਰ ਵਿਆਜ ਦੇ ਹੋਰ ਖਰਚੇ ਅਤੇ ਖਰਚੇ** | ਜਾਇਦਾਦ ਆਈਡੀ: SBIN0527100362: 0 ਕਿੱਲੋ 15ਮਰਲੇ, 15/28 ਹਿੱਸੇ ਵਾਲੀ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ ਜਿਸਦੀ 1 ਕਿੱਲੋ 08 ਮੀਟਰ ਦੀ ਜ਼ਮੀਨ ਹੈ, ਜਿਸਦੀ ਖਸਰਾ ਨੰਬਰ 10321/7711/0-6, 10322/7711/0-7, 10326/7711/0-7, 10327/7711/0-8 ਖੇਵਟ ਨੰਬਰ 326 ਖਤੌਣੀ ਨੰਬਰ 518 ਜਮ੍ਹਾਂਬੰਦੀ ਸਾਲ 2009-10 ਟੀਚਰ ਕਲੋਨੀ, ਫਰੀਦਕੋਟ ਵਿਖੇ, ਟਾਈਟਲ ਡੀਡ ਜਿਸਦੀ ਵਸੀਕਾ ਨੰਬਰ 2360 ਮਿਤੀ 19.09.2014 ਸ੍ਰੀ ਕਿਰਪਾਲ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਦੇ ਨਾਮ 'ਤੇ ਹੈ ਅਤੇ ਇਸਦੀ ਹੱਦ ਇਸ ਤਰ੍ਹਾਂ ਹੈ: ਉੱਤਰ- ਮਨਿਤ ਕੌਰ - ਪਾਸੇ 94 ਫੁੱਟ, ਦੱਖਣ- ਜੋਗਿੰਦਰ ਸਿੰਘ - ਪਾਸੇ 94 ਫੁੱਟ ਪੂਰਬ-ਗਲੀ- ਪਾਸੇ 42 ਫੁੱਟ, ਪੱਛਮ-ਛਿੰਦਰਪਾਲ ਕੌਰ- ਪਾਸੇ 42 ਫੁੱਟ (ਭੌਤਿਕ ਕਬਜ਼ੇ ਦੀ ਮਿਤੀ: 06.12.2022) | ਰੁ. 22,41,000/-<br>ਰੁ. 2,24,100/-<br>ਰੁ. 25,000/- | 10.03.2026 11.00 ਵਜੇ ਤੋਂ 15.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋ. ਨੰ. 97790 75339 ਅਮਿਤ ਕੁਮਾਰ (ਸੀਸੀਓ) ਮੋ. ਨੰ. 9463484224 |
| 8. 1. ਮੈਸਰਜ਼ ਭਾਗਵਤੀ ਕੋਲਾ ਫੈਕਟਰੀ ਨੇ ਆਪਣੇ ਪ੍ਰੋ. ਅੰਕੁਸ਼ ਸੇਠੀ ਪੁੱਤਰ ਸ. ਸੁਰਿੰਦਰ ਕੁਮਾਰ # ਪਿੰਡ ਕੋਟਲੀ ਦੀਵਾਨ, ਜ਼ਿਲਾ ਮੁਕਤਸਰ-152026, 2. ਸ਼. ਅੰਕੁਸ਼ ਸੇਠੀ ਪੁੱਤਰ ਸ. ਸੁਰਿੰਦਰ ਕੁਮਾਰ ਹਾਊਸ ਲੋਨ (ਕਰਜ਼ਦਾਰ/ਗਿਰਵੀਕਾਰ) # 8 ਨੰਬਰ 3105, ਖੇੜਾ ਰਾਮ ਸਟਰੀਟ, ਮੁਕਤਸਰ-152026, ਜ਼ਾਮਨ: ਸ਼ ਵਿਨੋਦ ਕੁਮਾਰ ਪੁੱਤਰ ਸ਼. ਪਿੰਡੀ ਦਾਸ ਨੰ. 712, ਬੜ੍ਹਾ ਗੁੱਜਰ ਰੋਡ, ਮੁਕਤਸਰ-152026, ਜ਼ਾਮਨ: ਸ਼ ਛਿੰਦਰ ਪਾਲ ਪੁੱਤਰ ਚਿਮਨ ਲਾਲ ਨੰ. 1863, ਗਊਸ਼ਾਲਾ ਵਾਲੀ ਗਲੀ, ਤਾਜਾ ਵਾਲੀ ਬਸਤੀ, ਮੁਕਤਸਰ-152026 | **1. ਭਗਵਤੀ ਕੋਲਾ ਫੈਕਟਰੀ ਸੀਸੀ ਖਾਤਾ 31.08.2025 ਨੂੰ 41,48,000/- ਰੁਪਏ (ਇਕਤਾਲੀ ਲੱਖ ਅਠਤਾਲੀ ਹਜ਼ਾਰ ਰੁਪਏ ਸਿਰਫ਼) ਬਕਾਇਆ, 2. ਅੰਕੁਸ਼ ਸੇਠੀ ਪੁੱਤਰ ਸੁਰਿੰਦਰ ਕੁਮਾਰ ਮਕਾਨ ਖਾਤਾ 31.08.2025 ਨੂੰ 41,48,000/- ਰੁਪਏ। 31.08.2025 ਨੂੰ 31,56,000/- (ਇਕੱਤੀ ਲੱਖ ਛਪੰਜ ਹਜ਼ਾਰ ਰੁਪਏ ਸਿਰਫ਼) ਬਕਾਇਆ ਅਤੇ 31.08.2025 ਤੋਂ ਬਾਅਦ ਹੋਰ ਵਿਆਜ ਅਤੇ ਖਰਚੇ** | ਜਾਇਦਾਦ ਆਈਡੀ: SBIN0527100384-5$ 170 ਵਰਗ ਗਜ਼ ਦੀ ਜ਼ਮੀਨ 'ਤੇ ਰਿਹਾਇਸ਼ੀ ਮਕਾਨ ਭਾਵ 11738 ਵਰਗ ਗਜ਼ 6 ਵਰਗ ਫੁੱਟ ਵਿੱਚੋਂ 170/1138 ਹਿੱਸਾ ਜਿਸ ਵਿੱਚ ਖੇਵਟ ਨੰਬਰ 317 ਖਤੌਨੀ ਨੰਬਰ 654 ਤੋਂ 658, ਖਸਰਾ ਨੰਬਰ 152 (1138-6) ਸ਼ਾਮਲ ਹੈ, ਜੋ ਕਿ ਆਬਾਦੀ ਜਾਦੀਦ ਮੁਕਤਸਰ-1, ਤਹਿਸੀਲ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਖੇਤਰ ਵਿੱਚ ਸਥਿਤ ਹੈ, 1946-47 ਦੇ ਸਾਲ ਲਈ ਜਮ੍ਹਾਂਬੰਦੀ ਅਨੁਸਾਰ ਹੱਦਬਸਤ ਨੰਬਰ 54, ਮਿਤੀ 27.02.2017 ਨੂੰ ਟਰਾਂਸਫਰ ਡੀਡ ਨੰਬਰ 4303 ਦੁਆਰਾ ਰਜਿਸਟਰ ਕੀਤਾ ਗਿਆ ਹੈ। (ਡੀਡ ਅਨੁਸਾਰ ਖੇਤਰਫਲ 170 ਵਰਗ ਗਜ਼ ਹੈ, ਜਦੋਂ ਕਿ ਭੌਤਿਕ ਖੇਤਰਫਲ 150 ਵਰਗ ਗਜ਼ ਹੈ ਜਿਸਨੂੰ ਮੁਲਾਂਕਣ ਲਈ ਮੰਨਿਆ ਜਾਂਦਾ ਹੈ।) (ਭੌਤਿਕ ਕਬਜ਼ੇ ਦੀ ਮਿਤੀ: 26.05.2023) | ਰੁ. 35,30,000/-<br>ਰੁ. 3,53,000/-<br>ਰੁ. 25,000/- | 10.03.2026 11.00 ਵਜੇ ਤੋਂ 15.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋ. ਨੰ. 97790 75339 ਅਮਿਤ ਕੁਮਾਰ (ਸੀਸੀਓ) ਮੋ. ਨੰ. 9463484224 |
| 9. ਮੈਸਰਜ਼ ਮਹਾਜਨ ਫੈਬਰਿਕਸ, ਜ਼ਾਮਨ: 1. ਨਿਖਿਲ ਮਹਾਜਨ ਪੁੱਤਰ ਭਾਰਤ ਭੂਸ਼ਣ, 2. ਚਿਰਾਗ ਮਹਾਜਨ ਪੁੱਤਰ ਰਾਜੇਸ਼ ਮਹਾਜਨ, 3. ਅੰਜੂ ਬਾਲਾ ਪਤਨੀ ਰਾਜੇਸ਼ ਮਹਾਜਨ, 4. ਵਿਜੇ ਲਕਸ਼ਮੀ ਪਤਨੀ ਭਾਰਤ ਭੂਸ਼ਣ। | ਰੁ 10,88,16,691.88/- (ਰੁ. ਦਸ ਕਰੋੜ ਅਠਾਸੀ ਲੱਖ ਸੋਲਾਂ ਹਜ਼ਾਰ ਛੇ ਸੌ ਇਕਾਨਵੇਂ ਅਤੇ ਅਠਾਸੀ ਪੈਸੇ ਕੇਵਲ) 09.01.2024 ਨੂੰ ਜਮ੍ਹਾਂ ਇਸ 'ਤੇ ਭਾਵੀ ਵਿਆਜ ਅਤੇ ਖਰਚੇ। | ਜਾਇਦਾਦ ਆਈਡੀ- SBIN200040037998: ਫੈਕਟਰੀ ਦੀ ਜ਼ਮੀਨ ਅਤੇ ਇਮਾਰਤ ਜੋ ਕਿ ਕੁੱਲ ਖੇਤਰਫਲ 2660 ਵਰਗ ਗਜ਼ ਹੈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ a) ਫੈਕਟਰੀ ਦੀ ਜ਼ਮੀਨ ਅਤੇ ਇਮਾਰਤ 2560 ਵਰਗ ਗਜ਼ (4 ਕਨਾਲ 4-2/3 ਮਰਲਾ) ਹੈ ਜੋ ਕਿ ਖਸਰਾ ਨੰਬਰ 14//7/1/2, 18//3/2/2, 18//6, ਖਾਤਾ ਨੰਬਰ 409/427, 410/428, 419/437 ਵਿੱਚ ਸ਼ਾਮਲ ਸਾਲ 2005-06 ਲਈ ਪ੍ਰਤੀ ਜਮ੍ਹਾਂਬੰਦੀ ਪਿੰਡ ਕਾਕੋਵਾਲ, ਹੱਦਬਸਤ ਨੰਬਰ 80 ਇਲਾਕਾ ਜਸਪਾਲ ਨਗਰ ਵਜੋਂ ਜਾਣਿਆ ਜਾਂਦਾ ਹੈ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਵਿਖੇ ਸਥਿਤ ਹੈ, ਜਿਸਦੀ ਹੱਦਬੰਦੀ ਇਸ ਪ੍ਰਕਾਰ ਹੈ: ਪੂਰਬ: ਗਲੀ, 192 ਫੁੱਟ ਮਾਪਦੀ ਹੈ, ਪੱਛਮ: ਗਲੀ, 192 ਫੁੱਟ ਮਾਪ, ਉੱਤਰ: ਗਲੀ, 120 ਫੁੱਟ ਮਾਪ, ਦੱਖਣ: 120 ਫੁੱਟ ਦੇ ਆਸਪਾਸ ਵਾਲਾ ਗੁਆਂਢ, ਅ) ਖਸਰਾ ਨੰਬਰ 18//4/2,7,8/1, ਖਾਤਾ ਨੰਬਰ 411/429 ਵਿੱਚ ਸ਼ਾਮਲ 100 ਵਰਗ ਗਜ਼ ਦੀ ਜਾਇਦਾਦ ਸਾਲ 2005-06 ਲਈ ਪ੍ਰਤੀ ਜਮ੍ਹਾਂਬੰਦੀ ਪਿੰਡ ਕਾਕੋਵਾਲ, ਹੱਦਬਸਤ ਨੰਬਰ 80 ਇਲਾਕੇ, ਇਲਾਕਾ ਜਿਸਨੂੰ ਜਸਪਾਲ ਨਗਰ ਵਜੋਂ ਜਾਣਿਆ ਜਾਂਦਾ ਹੈ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ, ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਪੂਰਬ: ਗੁਆਂਢ 15 ਫੁੱਟ ਮਾਪ, ਪੱਛਮ: ਗਲੀ 20 ਫੁੱਟ ਚੌੜੀ, 15 ਫੁੱਟ ਮਾਪ, ਉੱਤਰ: ਗੋਪਾਲ ਕਿਸ਼ਨ ਮਾਰਜ਼ਾਰਾ, 60 ਫੁੱਟ ਮਾਪ, ਦੱਖਣ: ਸੁਧੀਰ ਜੈਨ, 60 ਫੁੱਟ ਮਾਪ। ਕੁੱਲ (a+b): 2660 ਵਰਗ ਗਜ਼ ਵਿਕਰੀ ਡੀਡ ਵਾਸਿਕਾ ਨੰਬਰ 11168 ਮਿਤੀ 24.08.2011, ਮੈਸਰਜ਼ ਮਹਾਜਨ ਫੈਬਰਿਕਸ ਪ੍ਰਾਈਵੇਟ ਲਿਮਟਿਡ (ਭੌਤਿਕ ਜਾਇਦਾਦ) ਦੇ ਨਾਮ 'ਤੇ। | ਰੁ. 5,65,00,000/-<br>ਰੁ. 56,50,000/-<br>ਰੁ. 1,00,000/- | 10.03.2026 11.00 ਵਜੇ ਤੋਂ 15.00 ਵਜੇ ਤੱਕ | ਸ੍ਰੀ ਸੁਸ਼ੀਲ ਸ੍ਰੀਵਾਸਤਵ (ਸੀਐਲਓ) ਸੰਪਰਕ ਨੰਬਰ 8219239766 ਸ੍ਰੀ ਅੰਮ੍ਰਿਤਪਾਲ ਸਿੰਘ (ਸੀਸੀਓ) ਸੰਪਰਕ ਨੰਬਰ : 9779733480 |
| 10. ਕਰਜ਼ਦਾਰ: ਸ਼੍ਰੀਮਤੀ ਸ਼ਰਨਦੀਪ ਕੌਰ ਪਤਨੀ ਸ਼ ਗੌਰਵ ਭੱਟੀ, ਜ਼ਾਮਨ: ਸ਼ ਚਮਨ ਲਾਲ ਭੱਟੀ (ਹੁਣ ਮ੍ਰਿਤਕ) | 10.04.2025 ਨੂੰ 26,37,748/- ਰੁਪਏ (ਛੱਬੀ ਲੱਖ ਸੈਂਤੀ ਹਜ਼ਾਰ ਸੱਤ ਸੌ ਅਠਤਾਲੀ) ਅਤੇ ਭਵਿੱਖੀ ਵਿਆਜ ਅਤੇ ਉਸ 'ਤੇ ਖਰਚੇ। | ਜਾਇਦਾਦ ਆਈਡੀ-SBIN200058319681: 13 ਮਰਲੇ ਦੀ ਜਾਇਦਾਦ ਯਾਨੀ 14 ਕਨਾਲ 14 ਮਰਲੇ ਦੀ ਜਾਇਦਾਦ ਵਿੱਚੋਂ 13/294 ਹਿੱਸਾ, ਜੋ ਕਿ ਖਸਰਾ ਨੰਬਰ 2717 (14-14) ਵਿੱਚ ਫਗਵਾੜਾ ਸ਼ਰਕੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਸਥਿਤ ਹੈ, ਟਾਈਟਲ ਡੀਡ ਨੰਬਰ 1722 ਮਿਤੀ 21.11.1988 ਦੇ ਅਨੁਸਾਰ, ਸ੍ਰੀ ਚਮਨ ਲਾਲ ਭੱਟੀ ਦੇ ਨਾਮ 'ਤੇ ਹੈ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ: ਕਰਨੈਲ ਸਿੰਘ, ਪੱਛਮ: ਗਲੀ 10 ਫੁੱਟ ਚੌੜੀ, ਉੱਤਰ: ਗੁਰਦਿਆਲ ਸਿੰਘ, ਦੱਖਣ: ਗੁਰਮੀਤ<br>**ਭੌਤਿਕ ਕਬਜ਼ਾ** | ਰੁ. 37,95,000/-<br>ਰੁ. 3,79,500/-<br>ਰੁ. 25,000/- | 10.03.2026 11.00 ਵਜੇ ਤੋਂ 15.00 ਵਜੇ ਤੱਕ | ਸ੍ਰੀ ਸੁਸ਼ੀਲ ਸ੍ਰੀਵਾਸਤਵ (ਸੀਐਲਓ) ਸੰਪਰਕ ਨੰਬਰ 8219239766 ਸ੍ਰੀ ਅੰਮ੍ਰਿਤਪਾਲ ਸਿੰਘ (ਸੀਸੀਓ) ਸੰਪਰਕ ਨੰਬਰ : 9779733480 |
| 11. ਕਰਜ਼ਦਾਰ: ਐਸ.ਐਸ. ਵਰਧਮਾਨ ਨਿਟਵੀਅਰਸ ਪ੍ਰਾਈਵੇਟ ਲਿਮਟਿਡ, ਜ਼ਾਮਨ 1. ਸ੍ਰੀਮਤੀ ਸੁਸ਼ਮਾ ਜੈਨ ਪਤਨੀ ਸ੍ਰੀ ਸਤੀਸ਼ ਕੁਮਾਰ ਜੈਨ, 2. ਸ੍ਰੀ ਕੁਨਾਲ ਜੈਨ ਪੁੱਤਰ ਸ੍ਰੀ ਸਤੀਸ਼ ਕੁਮਾਰ ਜੈਨ, 3. ਸ੍ਰੀ ਗਗਨ ਜੈਨ ਪੁੱਤਰ ਸ੍ਰੀ ਸਤੀਸ਼ ਕੁਮਾਰ ਜੈਨ | 08.09.2023 ਨੂੰ 8,26,96,418.82 ਰੁਪਏ (ਅੱਠ ਕਰੋੜ ਛੱਬੀ ਲੱਖ ਛਿਆਨਵੇਂ ਹਜ਼ਾਰ ਚਾਰ ਸੌ ਅਠਾਰਾਂ ਅਤੇ ਬਿਆਸੀ ਪੈਸੇ ਕੇਵਲ) ਅਤੇ ਭਵਿੱਖੀ ਵਿਆਜ ਅਤੇ ਉਸ 'ਤੇ ਖਰਚੇ। | ਸੰਪੱਤੀ 1 : ਸੰਪੱਤੀ ਆਈਡੀ: SBIN200051165005: ਤਬਾਦਲਾ ਡੀਡ ਨੰਬਰ 2020-21/106/1/2780 ਦੇ ਅਧੀਨ ਸ੍ਰੀ ਗਗਨ ਜੈਨ ਸਪੁੱਤਰ ਸ੍ਰੀ ਸਤੀਸ਼ ਕੁਮਾਰ ਜੈਨ ਅਤੇ ਸ੍ਰੀ ਕੁਨਾਲ ਜੈਨ ਸਪੁੱਤਰ ਸ੍ਰੀ ਸਤੀਸ਼ ਕੁਮਾਰ ਜੈਨ ਦੇ ਨਾਮ 'ਤੇ ਵਾਕਿਆ ਤਰਫ ਸੈਦਾਂ (ਸੁੰਦਰ ਨਗਰ) ਦੀ ਸਾਲ 2007-08 ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 2485/190-207-208, ਖਾਤਾ ਨੰਬਰ 1778/1949 ਦੇ ਅਧੀਨ 250 ਵਰਗ ਗਜ਼ ਮਾਪ ਵਾਲੀ ਦੋ ਮੰਜ਼ਿਲਾ ਸੰਪੱਤੀ। ਹੱਦਬੰਦੀ : ਪੂਰਬ : ਅਸ਼ਵਨੀ ਕੁਮਾਰ, ਪੱਛਮ : ਕਰਤਾਰ ਸਿੰਘ, ਉਤਰ : ਗਲੀ 20 ਫੁੱਟ, ਦੱਖਣ : ਜਗਦੀਸ਼। (ਭੌਤਿਕ ਕਬਜ਼ੇ ਦੀ ਮਿਤੀ : 12.06.2025) | ਰੁ. 1,15,52,000/-<br>ਰੁ. 11,55,200/-<br>ਰੁ. 1,00,000/- | 10.03.2026 11.00 ਵਜੇ ਤੋਂ 15.00 ਵਜੇ ਤੱਕ | ਸ੍ਰੀ ਸੁਸ਼ੀਲ ਸ੍ਰੀਵਾਸਤਵ (ਸੀਐਲਓ) ਸੰਪਰਕ ਨੰਬਰ 8219239766 ਸ੍ਰੀ ਅੰਮ੍ਰਿਤਪਾਲ ਸਿੰਘ (ਸੀਸੀਓ) ਸੰਪਰਕ ਨੰਬਰ : 9779733480 |
| 12. ਮੈਸ. ਜੇ ਬੀ ਕੋਟਫੈਬ ਪ੍ਰੋਪ. 1. ਸ਼. ਮਨੀਸ਼ ਕੁਮਾਰ ਪੁੱਤਰ ਸ੍ਰੀ ਸੁਰਿੰਦਰ ਕੁਮਾਰ, 2. ਮਨੁਜ ਦਿਓੜਾ ਪੁੱਤਰ ਸ੍ਰੀ ਅਰੁਣ ਕੁਮਾਰ, 3. ਸ੍ਰੀ ਅਸ਼ੋਕ ਕੁਮਾਰ ਪੁੱਤਰ ਹਰੀ ਚੰਦ × ਜ਼ਾਮਨਾਂ: 1. ਸ੍ਰੀ ਵਰੁਣ ਦਿਓੜਾ ਪੁੱਤਰ ਸ੍ਰੀ ਮਦਨ ਲਾਲ, 2. ਸ੍ਰੀ ਅਸ਼ੋਕ ਦਿਓੜਾ ਪੁੱਤਰ ਸ੍ਰੀ ਹਰੀ ਚੰਦ, 3. ਸ੍ਰੀ ਮਨੁਜ ਦਿਓੜਾ ਪੁੱਤਰ ਸ੍ਰੀ ਅਰੁਣ ਕੁਮਾਰ ਦਿਓੜਾ, 4. ਸ੍ਰੀ ਅਰੁਣ ਦਿਓੜਾ ਪੁੱਤਰ ਸ੍ਰੀ ਮਦਨ ਲਾਲ, 5. ਸ੍ਰੀ ਸੁਰਿੰਦਰ ਕੁਮਾਰ ਪੁੱਤਰ ਸ੍ਰੀ ਹਰੀ ਚੰਦ, 6. ਸ੍ਰੀ ਮਨੀਸ਼ ਕੁਮਾਰ ਪੁੱਤਰ ਸੁਰਿੰਦਰ ਕੁਮਾਰ, 7. ਸ੍ਰੀ ਰਜ਼ਾ ਦਿਓੜਾ ਪੁੱਤਰ ਸ੍ਰੀ ਵਰੁਣ ਦੇਵੜਾ, 8. ਸ੍ਰੀ ਵਨੀਤਾ ਦਿਓੜਾ ਪਤਨੀ ਸ੍ਰੀ ਵਰੁਣ ਦੇਵੜਾ, 9. ਸ੍ਰੀ ਸਾਹਿਲ ਦਿਓੜਾ ਪੁੱਤਰ ਅਸ਼ੋਕ ਕੁਮਾਰ | ਰੁ 3,14,36,093.89/- (ਰੁ. ਤਿੰਨ ਕਰੋੜ ਚੌਦਾਂ ਲੱਖ ਛੱਤੀ ਹਜ਼ਾਰ ਤਰਾਨਵੇਂ ਅਤੇ ਉਣਾਨਵੇਂ ਪੈਸੇ ਕੇਵਲ) 31.07.2021 ਨੂੰ ਜਮ੍ਹਾਂ ਇਸ 'ਤੇ ਭਾਵੀ ਵਿਆਜ ਅਤੇ ਖਰਚੇ। | ਜਾਇਦਾਦ ਆਈਡੀ 1: SBIN200041376563: ਫੈਕਟਰੀ ਰੋਡ ਕੋਟਕਪੂਰਾ ਵਿਖੇ ਸਥਿਤ 456 ਵਰਗ ਗਜ਼ ਦੇ ਰਿਹਾਇਸ਼ੀ ਮਕਾਨ ਦਾ ਬਰਾਬਰੀ ਵਾਲੀ ਗਿਰਵੀਨਾਮਾ, ਜੋ ਕਿ ਡੀਡ ਨੰਬਰ 2379 ਮਿਤੀ 22.11.2008 ਅਨੁਸਾਰ ਸ੍ਰੀ ਮਨੀਸ਼ ਕੁਮਾਰ ਪੁੱਤਰ ਸ੍ਰੀ ਸੁਰਿੰਦਰ ਕੁਮਾਰ ਦੇ ਨਾਮ 'ਤੇ ਦਰਜ ਹੈ, ਹੱਦਬੰਦੀ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ: ਪੂਰਬ: ਨਰੇਸ਼ ਕੁਮਾਰ, ਪੱਛਮ: ਰਾਜੀਵ ਕੁਮਾਰ, ਉੱਤਰ: ਬੂਟਾ ਸਿੰਘ, ਦੱਖਣ: ਸੜਕ (ਸੰਕੇਤਕ ਕਬਜ਼ਾ)<br>ਜਾਇਦਾਦ ਆਈਡੀ 2: SBIN200041376191: ਨਵੀਂ ਅਨਾਜ ਮੰਡੀ, ਕੋਟਕਪੂਰਾ ਵਿਖੇ ਦੁਕਾਨ ਅਤੇ ਫਲੈਟ ਨੰਬਰ 42 ਦਾ ਬਰਾਬਰੀ ਵਾਲੀ ਗਿਰਵੀਨਾਮਾ, ਜੋ ਕਿ 177.77 ਵਰਗ ਗਜ਼ ਦੀ ਵਿਕਰੀ ਡੀਡ ਨੰਬਰ 1772 ਮਿਤੀ 22.10.2003 ਅਨੁਸਾਰ ਸ੍ਰੀ ਅਸ਼ੋਕ ਕੁਮਾਰ ਪੁੱਤਰ ਹਰੀ ਚੰਦ ਦੇ ਨਾਮ 'ਤੇ ਦਰਜ ਹੈ, ਹੱਦਬੰਦੀ ਹੇਠਾਂ ਦਿੱਤੀ ਗਈ ਹੈ: ਪੂਰਬ: ਐਸ.ਸੀ.ਐਫ. 41, ਪੱਛਮ: ਐਸ.ਸੀ.ਐਫ.-43, ਉੱਤਰ: ਸੜਕ, ਦੱਖਣ: ਸਰਕਾਰੀ ਸੇਵਾ ਲਾਈਨ। (ਸੰਕੇਤਕ ਕਬਜ਼ਾ) | Property 1:<br>ਰੁ. 83,33,400/-<br>ਰੁ. 8,33,340/-<br>ਰੁ. 50,000/-<br>Property 2:<br>ਰੁ. 34,75,410/-<br>ਰੁ. 3,47,541/-<br>ਰੁ. 25,000/- | 10.03.2026 11.00 ਵਜੇ ਤੋਂ 15.00 ਵਜੇ ਤੱਕ<br>10.03.2026 11.00 ਵਜੇ ਤੋਂ 15.00 ਵਜੇ ਤੱਕ | ਸ੍ਰੀ ਸੁਸ਼ੀਲ ਸ੍ਰੀਵਾਸਤਵ (ਸੀਐਲਓ) ਸੰਪਰਕ ਨੰਬਰ 8219239766 ਸ੍ਰੀ ਅੰਮ੍ਰਿਤਪਾਲ ਸਿੰਘ (ਸੀਸੀਓ) ਸੰਪਰਕ ਨੰਬਰ : 9779733480 |

**ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9 (1) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ 15 ਦਿਨਾਂ ਦਾ ਨੋਟਿਸ ਵੀ ਹੈ।**

**ਸਰਫਾਇਸੀ ਐਕਟ 2, 2002 ਦੇ ਉਪਬੰਧਾਂ ਦੇ ਅਨੁਸਾਰ, ਹੁਣ ਬੈਂਕ ਦੇ ਕਬਜ਼ੇ ਵਿੱਚ ਅਚੱਲ ਸੰਪੱਤੀਆਂ ਨੂੰ ਜਨਤਕ ਈ-ਨਿਲਾਮੀ ਰਾਹੀਂ ਵੇਚਣ ਦਾ ਪ੍ਰਸਤਾਵ ਹੈ ਜੋ https://baanknet.com ਰਾਹੀਂ ਹੋਵੇਗੀ। ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਵੈੱਬਸਾਈਟਾਂ ਵੇਖੋ: https://baanknet.com**

ਮਿਤੀ : 26.02.2026 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ, ਸਟੇਟ ਬੈਂਕ ਆਫ ਇੰਡੀਆ

# ਗੁਰਦਾਸਪੁਰ ਵਿਖੇ ਅਗਨੀਵੀਰ ਭਰਤੀ ਰੈਲੀ 5 ਤੋਂ 20 ਮਾਰਚ ਤੱਕ

ਬਟਾਲਾ/ ਸ੍ਰੀ ਹਰਗੋਬਿੰਦਪੁਰ ਸਾਹਿਬ, –26 ਫਰਵਰੀ ( ਡਾਕਟਰ ਨਰਿੰਦਰ ਸਿੰਘ ਘੁਮਾਣ/ ਸੁਖ ਅੰਮ੍ਰਿਤ ਘੁਮਾਣ ) ਭਾਰਤੀ ਫੌਜ ਭਰਤੀ ਦਫ਼ਤਰ, ਅੰਮ੍ਰਿਤਸਰ, ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਸਹਿਯੋਗ ਨਾਲ 05 ਤੋਂ 20 ਮਾਰਚ 2026 ਤੱਕ ਸਰਕਾਰੀ ਕਾਲਜ ਗੁਰਦਾਸਪੁਰ ਦੇ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ ਵਿਖੇ ਅਗਨੀਵੀਰ ਭਰਤੀ ਰੈਲੀ ਦਾ ਕਰਵਾ ਰਿਹਾ ਹੈ।ਇਸ ਭਰਤੀ ਰੈਲੀ ਵਿੱਚ, ਅਗਨੀਵੀਰ ਜਨਰਲ ਡਿਊਟੀ, ਅਗਨੀਵੀਰ ਟੈਕਨੀਕਲ, ਅਗਨੀਵੀਰ ਕਲਰਕ/ਸਟੋਰ ਕੀਪਰ ਅਤੇ ਅਗਨੀਵੀਰ ਟਰੇਡਸਮੈਨ (10ਵੀਂ ਅਤੇ 8ਵੀਂ) ਦੀ ਭਰਤੀ ਕੀਤੀ ਜਾਵੇਗੀ।ਇਸ ਭਰਤੀ ਰੈਲੀ ਸਬੰਧੀ ਜਾਣਕਾਰੀ ਦਿੰਦਿਆਂ ਕਰਨਲ ਜੇਮਜ਼ ਜੈਕਬ, ਡਾਇਰੈਕਟਰ ਭਰਤੀ ਦਫ਼ਤਰ ਨੇ ਦੱਸਿਆ ਕਿ ਇਸ ਗੁਰਦਾਸਪੁਰ ਭਰਤੀ ਰੈਲੀ ਵਿੱਚ, ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਦੇ ਉਮੀਦਵਾਰਾਂ ਦੀ ਸਰੀਰਕ ਤੰਦਰੁਸਤੀ, ਮੈਡੀਕਲ ਤੰਦਰੁਸਤੀ ਦੇ ਨਾਲ-ਨਾਲ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ। ਇਸ ਮੌਕੇ ਸੂਬੇਦਾਰ ਮੇਜਰ ਸੰਜੇ ਅਤੇ ਸੂਬੇਦਾਰ ਪ੍ਰਵੀਨ ਵੀ ਮੌਜੂਦ ਸਨ।

# ਕਸਬਾ ਘੁਮਾਣ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੈਮੀਨਾਰ ਲਗਾਇਆ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ (ਡਾ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ)ਯੁੱਧ ਨਸਿਆ ਵਿਰੁੱਧ ਮੁਹਿੰਮ ਤਹਿਤ ਕਸਬਾ ਘੁਮਾਣ ਵਿਖੇ ਯੁੱਧ ਨਸ਼ਿਆਂ ਵਿਰੁੱਧ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਕੋਆਰਡੀਨੇਟਰ ਰਾਜਵਿੰਦਰ ਸਿੰਘ ਬਬਲੂ ਟੀਵੀ ਐਸ ਘੁਮਾਣ ਅਤੇ ਹਲਕਾ ਵਾਈਸ ਮੀਡੀਆ ਕੋਆਰਡੀਨੇਟਰ ਅੰਮ੍ਰਿਤਪਾਲ ਸਿੰਘ ਸੋਹੀ ਦੀ ਅਗਵਾਈ ਹੇਠ ਸੈਮੀਨਾਰ ਲਗਾਇਆ ਗਿਆ।ਇਸ ਸੈਮੀਨਾਰ ਵਿੱਚ ਜ਼ਿਲ੍ਹਾ ਕੋਆਰਡੀਨੇਟਰ ਡਾ ਅਰਸ਼ਦੀਪ ਸਿੰਘ ਵੱਲੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਗਈ। ਸੈਮੀਨਾਰ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਕੋਆਰਡੀਨੇਟਰ ਡਾ ਅਰਸ਼ਦੀਪ ਸਿੰਘ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਿਆਂ ਨੂੰ ਖਤਮ ਕਰਨ ਲਈ ਵੱਖ ਵੱਖ ਪਿੰਡਾਂ ਵਿਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਅੱਜ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਕਸਬਾ ਘੁਮਾਣ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਦਾ ਮੁੱਖ ਉਦੇਸ਼ ਹੈ ਕਿ ਪੰਜਾਬ ਨਸ਼ਾ ਮੁਕਤ ਕਰਕੇ ਰੰਗਲਾ ਪੰਜਾਬ ਬਣਾਉਣਾ। ਉਨ੍ਹਾਂ ਆਖਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਵੱਡੀ ਪੱਧਰ ਤੇ ਨਸ਼ਿਆਂ ਦੇ ਸੁਦਾਗਰਾਂ ਨੂੰ ਪੁਲਿਸ ਵੱਲੋਂ ਗਿਰਫ਼ਤਾਰ ਕੀਤਾ ਗਿਆ ਹੈ ਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਵੱਡੀ ਪੱਧਰ ਤੇ ਨਸ਼ਿਆਂ ਨੂੰ ਠੱਲ੍ਹ ਪਾਈ ਗਈ ਹੈ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਇਸ ਮੌਕੇ ਪ੍ਰਧਾਨ ਪ੍ਰਲੋਕ ਸਿੰਘ ਘੁਮਾਣ, ਸੀਨੀਅਰ ਆਗੂ ਅਤੇ ਉੱਘੇ ਸਮਾਜ ਸੇਵੀ ਡਾ ਹਰਜਿੰਦਰ ਸਿੰਘ ਜੱਜ, ਬਲਾਕ ਪ੍ਰਧਾਨ ਹਿਊਮਨ ਰਾਇਟਸ ਅਤੇ ਸਾਬਕਾ ਸਰਪੰਚ ਬਲਰਾਮ ਸਿੰਘ ਬਰਿਆਰ,ਹੈਡ ਕਾਂਸਟੇਬਲ ਪ੍ਰਮਜੀਤ ਸਿੰਘ, ਹੈਡ ਕਾਂਸਟੇਬਲ ਰਾਜਨਬੀਰ ਸਿੰਘ, ਰਾਜਵਿੰਦਰ ਸਿੰਘ ਪ੍ਰਧਾਨ ਪ੍ਰਲੋਕ ਸਿੰਘ ਦਲਜੀਤ ਸਿੰਘ ਬਲਰਾਮ ਸਿੰਘ ਬਲਜੀਤ ਸਿੰਘ ਦਇਆ ਸਿੰਘ ਆਦਿ ਹਾਜ਼ਰ ਸਨ।

# ਪਾਣੀ ਦੀ ਬਰਬਾਦੀ ਨੂੰ ਰੋਕਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ : ਪ੍ਰੇਮ ਪਡਵਾਲ, ਡਾ. ਕਰਨ ਸੈਣੀ

ਟਾਂਡਾ ਉੜਮੁੜ 26 ਫਰਵਰੀ (ਅਰਜੁਨ ਜੈਨ) : ਦੁਨੀਆਂ ਦੇ ਹਰ ਜੀਵ ਜੰਤੂ ਤੇ ਇਨਸਾਨੀ ਜ਼ਿੰਦਗੀ ਲਈ ਸਭ ਤੋਂ ਜਰੂਰੀ ਪਾਣੀ ਹੈ ਅਤੇ ਇਸਦੀ ਬੇਵਜਾਹ ਕੀਤੀ ਜਾ ਰਹੀ ਬਰਬਾਦੀ ਨੂੰ ਰੋਕਣ ਅਤੇ ਇਸਦੇ ਮਾੜੇ ਸਿੱਟਿਆਂ ਸਬੰਧੀ ਆਮ ਜਨਤਾ ਨੂੰ ਜਾਗ੍ਰਿਤ ਕਰਨ ਲਈ ਉੱਘੇ ਸਮਾਜ ਸੇਵੀ ਪ੍ਰੇਮ ਪਡਵਾਲ ਨੇ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਪਾਣੀ ਬਚਾਓ ਮਿਸ਼ਨ ਤਹਿਤ ਅੱਜ ਸਰਕਾਰੀ ਹਸਪਤਾਲ ਟਾਂਡਾ ਵਿਖੇ ਡਾਕਟਰਾਂ, ਸਮੂਹ ਸਟਾਫ ਅਤੇ ਹਾਜਰ ਲੋਕਾਂ ਨੂੰ ਪਾਣੀ ਦੀ ਬਰਬਾਦੀ ਨੂੰ ਰੋਕਣ ਸਬੰਧੀ ਜਾਗ੍ਰਿਤ ਕੀਤਾ। ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਉੱਘੇ ਸਮਾਜ ਸੇਵੀ ਪ੍ਰੇਮ ਪਡਵਾਲ ਨੇ ਕਿਹਾ ਕਿ ਪਾਣੀ ਦੀ ਲਗਾਤਾਰ ਕੀਤੀ ਜਾ ਰਹੀ ਬਰਬਾਦੀ ਕਾਰਨ ਪਾਣੀ ਦਾ ਲੈਵਲ ਜਮੀਨ ਤੋਂ ਕਾਫੀ ਹੇਠਾਂ ਚਲਾ ਗਿਆ ਹੈ ਜਿਸ ਕਾਰਨ ਅੱਜ ਸਾਰੀ ਦੁਨੀਆ ਦੇ ਲੋਕ ਤ੍ਰਾਹੀ ਤ੍ਰਾਹੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਈ ਲੋਕ ਆਪਣੇ ਘਰਾਂ ਦੀਆਂ ਟੂਟੀਆਂ ਖੁੱਲੀਆਂ ਛੱਡ ਦਿੰਦੇ ਹਨ ਜਿਸ ਕਾਰਨ ਪਾਣੀ ਦੀ ਕਾਫੀ ਬਰਬਾਦੀ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਬਰਬਾਦੀ ਨੂੰ ਰੋਕਣ ਦਾ ਸਿਰਫ਼ ਸਰਕਾਰਾਂ ਦਾ ਫਰਜ਼ ਹੀ ਨਹੀਂ ਹੈ ਇਹ ਤਾਂ ਹਰ ਇਨਸਾਨ ਦਾ ਫਰਜ ਬਣਦਾ ਹੈ ਕਿ ਉਹ ਖੁਦ ਵੀ ਪਾਣੀ ਦੀ ਬਰਬਾਦੀ ਨੂੰ ਰੋਕੇ ਅਤੇ ਹੋਰ ਲੋਕਾਂ ਨੂੰ ਵੀ ਜਾਗ੍ਰਿਤ ਕਰੇ।ਐਸ.ਐਮ.ਓ ਟਾਂਡਾ ਡਾ. ਕਰਨ ਸੈਣੀ ਨੇ ਕਿਹਾ ਕਿ ਦੁਨੀਆਂ ਦੇ ਹਰ ਜੀਵ-ਜੰਤੂ ਅਤੇ ਇਨਸਾਨੀ ਜ਼ਿੰਦਗੀ ਲਈ ਪਾਣੀ ਅਤੇ ਹਵਾ ਬਹੁਤ ਜਰੂਰੀ ਹੈ ਇਸ ਲਈ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਜ਼ਰੂਰਤ ਅਨੁਸਾਰ ਹੀ ਪਾਣੀ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਮਾਂ ਰਹਿੰਦੇ ਲੋਕ ਜਾਗ੍ਰਿਤ ਨਹੀਂ ਹੋਏ ਅਤੇ ਪਾਣੀ ਦੀ ਬਰਬਾਦੀ ਨੂੰ ਰੋਕਣ ਦੇ ਹਰ ਸੰਭਵ ਯਤਨ ਨਹੀਂ ਕੀਤੇ ਤਾਂ ਆਉਣ ਵਾਲੀ ਪੀੜੀ ਨੂੰ ਇਸਦੇ ਬਹੁਤ ਮਾੜੇ ਸਿੱਟੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਜੇਕਰ ਹਾਲਾਤ ਤੇ ਜਲਦ ਕਾਬੂ ਨਾ ਪਾਇਆ ਤਾਂ ਪਾਣੀ ਖਰੀਦ ਕੇ ਵੀ ਪੀਣਾ ਮੁਸ਼ਕਿਲ ਹੋ ਜਾਵੇਗਾ। ਡਾ. ਵਿਨੋਦ, ਡਾ. ਸ਼ਗੁਨ, ਡਾ. ਅਵਤਾਰ ਸਿੰਘ, ਡਾ. ਕਰਤਾਰ ਸਿੰਘ, ਡਾ. ਕਰਨ ਵਿਰਕ, ਡਾ. ਹਰਪ੍ਰੀਤ ਸਿੰਘ, ਡਾ. ਬਲਜੀਤ ਕੌਰ, ਡਾ. ਮੀਨਾਕਸ਼ੀ ਸੈਣੀ ਤੇ ਸਮੂਹ ਸਟਾਫ ਨੇ ਪ੍ਰਣ ਕਰਦੇ ਹੋਏ ਕਿਹਾ ਕਿ ਪਾਣੀ ਦੀ ਬਰਬਾਦੀ ਨੂੰ ਰੋਕਣ ਲਈ ਅਸੀਂ ਸਾਰਿਆਂ ਨੂੰ ਜਾਗ੍ਰਿਤ ਕਰਾਂਗੇ ਅਤੇ ਪਾਣੀ ਦਾ ਇਸਤੇਮਾਲ ਕਰਕੇ ਨਲ ਨੂੰ ਬੰਦ ਕਰ ਦੇਣ ਸਬੰਧੀ ਘਰ-ਘਰ ਵਿੱਚ ਇਹ ਸੁਨੇਹਾ ਦੇਵਾਂਗੇ ਤਾਂ ਜੋ ਪਾਣੀ ਨੂੰ ਵਿਅਰਥ ਨਾ ਬਰਬਾਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਾਣੀ ਨੂੰ ਬਚਾਇਆ ਜਾ ਸਕਦਾ ਹੈ ਪਰ ਬਣਾਇਆ ਨਹੀਂ ਜਾ ਸਕਦਾ ਇਸ ਲਈ ਜਲ ਹੈ ਤਾਂ ਜੀਵਨ ਹੈ ਦਾ ਸੰਦੇਸ਼ ਲੋਕਾਂ ਤੱਕ ਜਰੂਰ ਪਹੁੰਚਾਇਆ ਜਾਵੇਗਾ।

# ਯੂਥ ਕਾਂਗਰਸ ਦੇ ਆਗੂਆਂ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਦਿੱਲੀ ਦਫ਼ਤਰ ਅੱਗੇ ਜੋਰਦਾਰ ਧਰਨਾ -ਸਾਹੀ

ਤਲਵਾੜਾ, 26 ਫਰਵਰੀ (ਜਗਮੋਹਨ ਸ਼ਰਮਾ) :ਬੁੱਧਵਾਰ ਨੂੰ ਦਿੱਲੀ ਵਿਖੇ ਇੰਡੀਆ ਯੂਥ ਕਾਂਗਰਸ ਦੇ ਦਫ਼ਤਰ ਅੱਗੇ ਉਸ ਸਮੇਂ ਮਾਹੌਲ ਗਰਮ ਹੋ ਗਿਆ ਜਦੋਂ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਉਦੈ ਬਾਨੂ ਚਿਬ ਅਤੇ ਹੋਰ ਕਈ ਯੂਥ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੇ ਵਿਰੋਧ ਵਿੱਚ ਵੱਡੀ ਗਿਣਤੀ ਵਿੱਚ ਕਾਰਕੁਨਾਂ ਨੇ ਇਕੱਠ ਕਰਕੇ ਧਰਨਾ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਗ੍ਰਿਫ਼ਤਾਰੀਆਂ ਨੂੰ ਲੋਕਤੰਤਰਿਕ ਅਧਿਕਾਰਾਂ ਉੱਤੇ ਹਮਲਾ ਕਰਾਰ ਦਿੰਦਿਆਂ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਤੁਰੰਤ ਰਿਹਾਈ ਦੀ ਮੰਗ ਉਠਾਈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਦਸੂਹਾ ਤੋਂ ਯੂਥ ਕਾਂਗਰਸ ਦੇ ਉਮੀਦਵਾਰ ਸਿਮਰਨਜੀਤ ਸਿੰਘ ਸਾਹੀ ਨੇ ਤਲਵਾੜਾ ਵਿੱਚ ਕੀਤਾ। ਉਹਨਾਂ ਕਿਹਾ ਕਿ ਧਰਨੇ ਦੌਰਾਨ ਵੱਖ-ਵੱਖ ਰਾਜਾਂ ਤੋਂ ਆਏ ਯੂਥ ਕਾਂਗਰਸ ਦੇ ਆਗੂਆਂ ਅਤੇ ਵਰਕਰਾਂ ਨੇ ਆਪਣਾ ਗੁੱਸਾ ਜਾਹਿਰ ਕਰਦਿਆਂ ਕਿਹਾ ਕਿ ਸ਼ਾਂਤੀਪੂਰਵਕ ਢੰਗ ਨਾਲ ਆਪਣੀ ਗੱਲ ਰੱਖਣਾ ਹਰ ਨਾਗਰਿਕ ਦਾ ਸੰਵਿਧਾਨਕ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ ਅਤੇ ਯੂਥ ਕਾਂਗਰਸ ਹਮੇਸ਼ਾਂ ਲੋਕਤੰਤਰ ਦੀ ਰੱਖਿਆ ਲਈ ਅੱਗੇ ਰਹੇਗੀ। ਸਿਮਰਨਜੀਤ ਸਿੰਘ ਸਾਹੀ ਨੇ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਹਲਕਾ ਦਸੂਹਾ ਦਾ ਇਕ ਵਫ਼ਦ ਖ਼ਾਸ ਤੌਰ ‘ਤੇ ਧਰਨੇ ਵਿੱਚ ਸ਼ਾਮਲ ਹੋਣ ਲਈ ਦਿੱਲੀ ਪਹੁੰਚਿਆ। ਇਸ ਵਫ਼ਦ ਵਿੱਚ ਯੂਥ ਬਲਾਕ ਪ੍ਰਧਾਨ ਕਾਂਗਰਸ ਦਸੂਹਾ ਦੇ ਉਮੀਦਵਾਰ ਜਗਪਾਲ ਸਿੰਘ ਬਾਜਵਾ, ਕਾਂਗਰਸ ਦੇ ਸੀਨੀਅਰ ਨੇਤਾ ਤਰਲੋਕ ਸਿੰਘ ਸਾਹੀ (ਵਿਧਾਨ ਸਭਾ ਹਲਕਾ ਦਸੂਹਾ), ਸ਼ਮਸ਼ੇਰ ਅਤੇ ਗੁਰਬਾਜ਼ ਸਿੰਘ ਸਮੇਤ ਹੋਰ ਕਈ ਵਰਕਰ ਵੀ ਮੌਜੂਦ ਸਨ।ਦਸੂਹਾ ਤੋਂ ਗਏ ਆਗੂਆਂ ਨੇ ਕਿਹਾ ਕਿ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਹੋਰ ਯੂਥ ਆਗੂਆਂ ਦੀ ਗ੍ਰਿਫ਼ਤਾਰੀ ਅਨੁਚਿਤ ਹੈ ਅਤੇ ਇਹ ਲੋਕਤੰਤਰਕ ਮੂਲਿਆਂ ਦੇ ਖ਼ਿਲਾਫ਼ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਗ੍ਰਿਫ਼ਤਾਰ ਆਗੂਆਂ ਨੂੰ ਜਲਦ ਰਿਹਾਅ ਨਾ ਕੀਤਾ ਗਿਆ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਧਰਨੇ ਦੌਰਾਨ ਸੁਰੱਖਿਆ ਦੇ ਕੜੇ ਪ੍ਰਬੰਧ ਕੀਤੇ ਗਏ ਸਨ ਅਤੇ ਪੁਲਿਸ ਬਲ ਵੀ ਵੱਡੀ ਗਿਣਤੀ ਵਿੱਚ ਤਾਇਨਾਤ ਕੀਤਾ ਗਿਆ ਸੀ। ਇਸ ਦੇ ਬਾਵਜੂਦ ਪ੍ਰਦਰਸ਼ਨ ਸ਼ਾਂਤੀਪੂਰਵਕ ਢੰਗ ਨਾਲ ਸੰਪੰਨ ਹੋਇਆ।

# ਰੰਗਲਾ ਪੰਜਾਬ ਉਤਸਵ ਦੀਆਂ ਤਿਆਰੀਆਂ ਮੁਕੰਮਲ

## ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਮੈਦਾਨ ਵਿੱਚ 27 ਫਰਵਰੀ ਤੋਂ ਲੱਗੇਗਾ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ

ਅੰਮ੍ਰਿਤਸਰ, 26 ਫਰਵਰੀ (ਗੁਰਦਿਆਲ ਸਿੰਘ) - ਪੰਜਾਬ ਸਰਕਾਰ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਵੱਲੋਂ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਮੈਦਾਨ ਵਿੱਚ 27 ਫਰਵਰੀ ਤੋਂ ਲਗਾਏ ਜਾਣ ਵਾਲੇ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਸ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ ਦੌਰਾਨ ਪੰਜਾਬ ਦੇ ਸੱਭਿਆਚਾਰਕ ਵਿਰਸੇ, ਰਹਿਣ-ਸਹਿਣ ਅਤੇ ਖਾਣ-ਪੀਣ ਨੂੰ ਵਿਸ਼ਵ ਪੱਧਰ ’ਤੇ ਉਤਸ਼ਾਹਤ ਕੀਤਾ ਜਾਵੇਗਾ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਦੇ ਮੈਦਾਨ ਵਿੱਚ 27 ਫਰਵਰੀ ਨੂੰ ਦੁਪਹਿਰ 12:00 ਵਜੇ ਰੰਗਲਾ ਪੰਜਾਬ ਉਤਸਵ ਸ਼ੁਰੂ ਹੋਵੇਗਾ ਜੋ 1 ਮਾਰਚ 2026 ਤੱਕ ਚੱਲੇਗਾ। ਉਨ੍ਹਾਂ ਦੱਸਿਆ ਕਿ ਤਿੰਨ ਦਿਨਾਂ ਇਹ ਰੰਗਲਾ ਪੰਜਾਬ ਉਤਸਵ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਹੋਵੇਗਾ ਅਤੇ ਇਸ ਵਿੱਚ ਪੰਜਾਬ ਦੇ ਸੱਭਿਆਚਾਰਕ ਵਿਰਸੇ, ਰਹਿਣ-ਸਹਿਣ ਅਤੇ ਖਾਣ-ਪੀਣ ਦੀ ਖ਼ੂਬਸੂਰਤ ਝਲਕ ਦੇਖਣ ਨੂੰ ਮਿਲੇਗੀ। ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਉਤਸਵ ਦੌਰਾਨ ਖ਼ੂਬਸੂਰਤ ਕਰਾਫ਼ਟ ਬਜ਼ਾਰ ਲਗਾਇਆ ਗਿਆ ਹੈ ਜਿਸ ਦੁਕਾਨਦਾਰਾਂ ਵੱਲੋਂ ਸਟਾਲ ਲਗਾ ਕੇ ਰਿਵਾਇਤੀ ਪੰਜਾਬੀ ਅਤੇ ਹੋਰ ਸਮਾਨ ਵੇਚਿਆ ਜਾਵੇਗਾ। ਇਸ ਤੋਂ ਇਲਾਵਾ ਉਤਸਵ ਦੌਰਾਨ ਲਗਾਈ ਜਾਣ ਵਾਲੀ ਫੂਡ ਕੋਰਟ ਵਿੱਚ ਵੱਖ-ਵੱਖ ਪਕਵਾਨਾਂ ਦੇ 30 ਸਟਾਲ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਉਤਸਵ ਦੌਰਾਨ ਬੱਚਿਆਂ ਦੇ ਮੰਨੋਰੰਜ਼ਨ ਲਈ ਵਿਸ਼ੇਸ਼ ਝੂਲੇ ਲਗਾਏ ਗਏ ਹਨ। ਇਸ ਤੋਂ ਇਲਾਵਾ ਰੰਗਲਾ ਪੰਜਾਬ ਉਤਸਵ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਵੀ ਆਪਣੇ ਸਟਾਲ ਲਗਾ ਕੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਰੰਗਲਾ ਪੰਜਾਬ ਉਤਸਵ ਦੇ ਤਿੰਨੇ ਦਿਨ ਸ਼ਾਮ ਨੂੰ ਪੰਜਾਬ ਦੇ ਨਾਮੀਂ ਗਾਇਕ ਕਲਾਕਾਰਾਂ ਵੱਲੋਂ ਗਾਇਕੀ ਦੇ ਅਖ਼ਾੜੇ ਲਗਾ ਕੇ ਦਰਸ਼ਕਾਂ ਦਾ ਮੰਨੋਰੰਜ਼ਨ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੰਜਾਬੀ ਸੱਭਿਆਚਾਰ ਦੀਆਂ ਹੋਰ ਵੰਨਗੀਆਂ ਗਿੱਧਾ-ਭੰਗੜਾ ਦੀ ਪੇਸ਼ਕਾਰੀ ਵੀ ਦੇਖਣ ਨੂੰ ਮਿਲੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 27 ਫਰਵਰੀ ਨੂੰ ਰੰਗਲਾ ਪੰਜਾਬ ਉਤਸਵ ਦੇ ਪਹਿਲੇ ਦਿਨ ਦੀ ਸ਼ਾਮ ਨੂੰ ਵਿਸ਼ਵ ਪ੍ਰਸਿੱਧ ਲੋਕ ਗਾਇਕ ਵਿਰਾਸਤ ਸੰਧੂ, ਜਸਪਿੰਦਰ ਨਰੂਲਾ ਅਤੇ ਜੈਜੀ ਬੀ ਵੱਲੋਂ ਖੁੱਲ੍ਹੇ ਅਖਾੜੇ ਦੌਰਾਨ ਆਪਣੀ ਗਾਇਕੀ ਦੀ ਪੇਸ਼ਕਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਖੁੱਲ੍ਹੇ ਅਖਾੜੇ ਵਿੱਚ ਦਰਸ਼ਕਾਂ ਦੇ ਬੈਠਣ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਉਤਸਵ ਦੇ ਦੂਸਰੇ ਦਿਨ ਦੀ ਸ਼ਾਮ ਨੂੰ ਗਾਇਕਾ ਮੀਤ ਕੌਰ, ਕੌਰ ਬੀ ਅਤੇ ਗਾਇਕ ਕੁਲਵਿੰਦਰ ਬਿੱਲਾ ਵੱਲੋਂ ਪੇਸ਼ਕਾਰੀ ਕੀਤੀ ਜਾਵੇਗੀ। ਰੰਗਲਾ ਪੰਜਾਬ ਉਤਸਵ ਦੇ ਤੀਸਰੇ ਤੇ ਆਖਰੀ ਦਿਨ ਦੀ ਸ਼ਾਮ ਨੂੰ ਗਾਇਕ ਹਰਜੀਤ ਹਰਮਨ, ਬਾਣੀ ਸੰਧੂ ਅਤੇ ਮਨਮੋਹਨ ਵਾਰਿਸ ਵੱਲੋਂ ਆਪਣੀ ਗਾਇਕੀ ਰਾਹੀਂ ਰੰਗ ਬੰਨਿਆ ਜਾਵੇਗਾ।ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਰੰਗਲਾ ਪੰਜਾਬ ਉਤਸਵ ਦੌਰਾਨ ਆਮ ਲੋਕਾਂ ਦੀ ਐਂਟਰੀ ਬਿਲਕੁੱਲ ਮੁਫ਼ਤ ਹੋਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਦੇ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਮੈਦਾਨ ਵਿੱਚ 27, 28 ਫਰਵਰੀ ਅਤੇ 1 ਮਾਰਚ ਨੂੰ ਲੱਗ ਰਹੇ ਰੰਗਲਾ ਪੰਜਾਬ ਉਤਸਵ ਵਿੱਚ ਪਹੁੰਚ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਖ਼ੂਬਸੂਰਤ ਝਲਕ ਨੂੰ ਦੇਖਣ ਅਤੇ ਇਸ ਦਾ ਅਨੰਦ ਮਾਨਣ।

# ਵਾਈਸ ਚੇਅਰਮੈਨ ਬੰਦੇਸ਼ਾ ਨੇ ਮੇਰੀ ਰਸੋਈ ਯੋਜਨਾ ਸ਼ੁਰੂ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ



ਅੰਮ੍ਰਿਤਸਰ, 26 ਫਰਵਰੀ ( ਗੁਰਦਿਆਲ ਸਿੰਘ ) - ਕੌਮੀ ਖੁਰਾਕ ਸੁਰੱਖਿਆ ਐਕਟ (ਐਨ.ਐਫ.ਐਸ.ਏ.), 2013 ਦੇ ਰਜਿਸਟਰਡ ਲਾਭਪਾਤਰੀਆਂ ਲਈ ਸਹੂਲਤਾਂ ਦੇ ਵਿਸਥਾਰ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਵੱਲੋਂ ‘ਮੇਰੀ ਰਸੋਈ’ ਯੋਜਨਾ ਸ਼ੁਰੂ ਕਰਨ ਦੇ ਐਲਾਨ ਦਾ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਵਾਈਸ ਚੇਅਰਮੈਨ ਸ੍ਰੀ ਜਸਕਰਨ ਸਿੰਘ ਬੰਦੇਸ਼ਾ ਨੇ ਸਵਾਗਤ ਕੀਤਾ ਹੈ।ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਇਸ ਫੈਸਲੇ ਨੂੰ ਇਤਿਹਾਸਕ ਦੱਸਦਿਆਂ ਵਾਈਸ ਚੇਅਰਮੈਨ ਸ੍ਰੀ ਜਸਕਰਨ ਸਿੰਘ ਬੰਦੇਸ਼ਾ ਨੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਦੇ ਹਰ ਲੋੜਵੰਦ ਪਰਿਵਾਰ ਲਈ ਖੁਰਾਕ ਤੇ ਪੋਸ਼ਣ ਸੁਰੱਖਿਆ ਨੂੰ ਯਕੀਨੀ ਬਣਾਉਣ ਸਬੰਧੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਲਾਭਪਾਤਰੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਉਸਾਰੂ ਪਹਿਲ ਕੀਤੀ ਹੈ। ਉਨ੍ਹਾਂ ਦੱਸਿਆ ਕਿਹਾ ਕਿ ਸੂਬੇ ਵਿੱਚ ਐਨ.ਐਫ.ਐਸ.ਏ. ਅਧੀਨ 40 ਲੱਖ ਲਾਭਪਾਤਰੀ ਹਨ ਅਤੇ ਹੁਣ ਤੱਕ ਨੀਲੇ ਕਾਰਡ ਧਾਰਕ ਲਾਭਪਾਤਰੀਆਂ ਨੂੰ ਕਣਕ ਹੀ ਦਿੱਤੀ ਜਾਂਦੀ ਰਹੀ ਹੈ, ਪਰ ਮਾਨ ਸਰਕਾਰ ਵੱਲੋਂ ਮਨਜ਼ੂਰ ਕੀਤੀ ਗਈ 1 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੀ ਇਸ ਯੋਜਨਾ ਤਹਿਤ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਹਰ ਤਿੰਨ ਮਹੀਨਿਆਂ ਬਾਅਦ ਲਾਭਪਾਤਰੀਆਂ ਨੂੰ ਵਿਸ਼ੇਸ਼ ਰਾਸ਼ਨ ਕਿੱਟਾਂ ਪ੍ਰਦਾਨ ਕੀਤੀਆਂ ਜਾਣਗੀਆਂ।ਇਸ ਯੋਜਨਾ ਬਾਰੇ ਵਿਸਥਾਰ ਵਿੱਚ ਦੱਸਦਿਆਂ ਵਾਈਸ ਚੇਅਰਮੈਨ ਸ੍ਰੀ ਜਸਕਰਨ ਸਿੰਘ ਬੰਦੇਸ਼ਾ ਨੇ ਕਿਹਾ ਕਿ ਇਸ ਯੋਜਨਾ ਤਹਿਤ ਸੂਬਾ ਸਰਕਾਰ 40 ਲੱਖ ਪਰਿਵਾਰਾਂ ਨੂੰ ਫੂਡ ਕਿੱਟਾਂ ਪ੍ਰਦਾਨ ਕਰੇਗੀ। ਹਰੇਕ ਕਿੱਟ ਵਿੱਚ ਮਹੀਨਾਵਾਰ ਖਪਤ ਲਈ ਦੋ ਕਿਲੋ ਦਾਲ, ਦੋ ਕਿਲੋ ਖੰਡ, ਇੱਕ ਕਿਲੋ ਆਇਓਡੀਨ ਯੁਕਤ ਨਮਕ, 200 ਗ੍ਰਾਮ ਹਲਦੀ ਪਾਊਡਰ ਅਤੇ ਇੱਕ ਲੀਟਰ ਸਰ੍ਹੋਂ ਦਾ ਤੇਲ ਹੋਵੇਗਾ। ਇਹ ਫੂਡ ਕਿੱਟਾਂ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਤਹਿਤ ਯੋਗ ਲਾਭਪਾਤਰੀਆਂ ਨੂੰ ਪਹਿਲਾਂ ਵੰਡੀ ਜਾ ਰਹੀ ਕਣਕ ਤੋਂ ਵੱਖਰੇ ਤੌਰ ‘ਤੇ ਪ੍ਰਦਾਨ ਕੀਤੀਆਂ ਜਾਣਗੀਆਂ।ਉਨ੍ਹਾਂ ਅੱਗੇ ਦੱਸਿਆ ਕਿ ਮਾਰਕਫੈੱਡ ਇਸ ਪਹਿਲਕਦਮੀ ਲਈ ਨੋਡਲ ਏਜੰਸੀ ਵਜੋਂ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਮਾਰਕਫੈੱਡ ਇਨ੍ਹਾਂ ਕਿੱਟਾਂ ਦੀ ਵੰਡ ਲਈ ਨੋਡਲ ਏਜੰਸੀ ਹੋਵੇਗੀ ਅਤੇ ਇਹ ਕਿੱਟਾਂ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੁਆਰਾ ਮੁਫਤ ‘ਚ ਸਪਲਾਈ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਸੁਚਾਰੂ ਵੰਡ ਨੂੰ ਯਕੀਨੀ ਬਣਾਉਣ ਲਈ ਇੱਕ ਮਜਬੂਤ ਵਿਧੀ ਬਣਾਈ ਹੈ।

# ਸੰਯੁਕਤ ਮੁੱਖ ਚੋਣ ਅਫ਼ਸਰ ਨੇ ਈ.ਵੀ.ਐਮ. ਵੇਅਰ ਹਾਊਸ ਦੀ ਕੀਤੀ ਜਾਂਚ

ਫਤਹਿਗੜ੍ਹ ਸਾਹਿਬ, 26 ਫਰਵਰੀ (ਹਰਪ੍ਰੀਤ ਕੌਰ ਟਿਵਾਣਾ)ਭਾਰਤ ਦੇ ਚੋਣ ਕਮਿਸ਼ਨ ਦੇ ਆਦੇਸ਼ਾਂ ਅਨੁਸਾਰ ਸੰਯੁਕਤ ਮੁੱਖ ਚੋਣ ਅਫ਼ਸਰ, ਪੰਜਾਬ, ਸ੍ਰੀ ਸਕੱਤਰ ਸਿੰਘ ਬੱਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬਣਾਏ ਗਏ ਵੇਅਰ ਹਾਊਸ ਦੀ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਜਾਂਚ ਕੀਤੀ।ਸੰਯੁਕਤ ਮੁੱਖ ਚੋਣ ਅਫ਼ਸਰ ਵੱਲੋਂ ਈ.ਵੀ.ਐਮ ਵੇਅਰਹਾਊਸ ਵਿਖੇ ਸਕਿਊਰਟੀ, ਸੀ.ਸੀ.ਟੀ.ਵੀ. ਕੈਮਰਿਆਂ, ਸਾਫ-ਸਫਾਈ ਆਦਿ ਦੀ ਨਿਗਰਾਨੀ ਕੀਤੀ ਗਈ । ਚੈਕਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜਿਲ੍ਹਾ ਚੋਣ ਅਫ਼ਸਰ ਸ਼੍ਰੀਮਤੀ ਪੂਜਾ ਸਿਆਲ ਗਰੇਵਾਲ, ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ, ਚੋਣ ਕਾਨੂੰਗੋ ਸ੍ਰੀਮਤੀ ਕੁਲਵਿੰਦਰ ਕੌਰ ਅਤੇ ਜ਼ਿਲ੍ਹਾ ਚੋਣ ਦਫ਼ਤਰ ਫਤਹਿਗੜ੍ਹ ਸਾਹਿਬ ਦਾ ਸਮੂਹ ਸਟਾਫ ਹਾਜ਼ਰ ਸੀ।ਇਸ ਉਪਰੰਤ ਚੋਣ ਕਾਨੂੰਗੋ ਵੱਲੋਂ ਜਿਲ੍ਹਾ ਫਤਿਹਗੜ੍ਹ ਸਾਹਿਬ ਦੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਬੂਥ ਲੈਵਲ ਏਜੰਟ ਨਿਯੁਕਤ ਕਰਨ ਸਬੰਧੀ ਮੀਟਿੰਗ ਵੀ ਕੀਤੀ ਗਈ। ਮੀਟਿੰਗ ਦੌਰਾਨ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਕਿਹਾ ਗਿਆ ਕਿ ਉਹ ਆਪਣੀ-ਆਪਣੀ ਪਾਰਟੀ ਦੇ ਬੂਥ ਲੈਵਲ ਏਜੰਟ ਨਿਯੁਕਤ ਕਰਕੇ ਲਿਸਟਾਂ ਜਿਲ੍ਹਾ ਚੋਣ ਦਫ਼ਤਰ/ ਦਫਤਰ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਵਿਖੇ ਮੁਹੱਇਆ ਕਰਵਾਉਣ ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਵਿਗਿਆਨ, ਇੰਜੀਨੀਅਰਿੰਗ ਅਤੇ ਟੈਕਨਾਲੋਜੀ ਲਈ ਟਿਕਾਊ ਭਵਿੱਖ ਤੇ ਰਾਸ਼ਟਰੀ ਕਾਨਫਰੰਸ ਦਾ ਉਦਘਾਟਨ

ਫਤਿਹਗੜ੍ਹ ਸਾਹਿਬ, 26 ਫਰਵਰੀ (ਹਰਪ੍ਰੀਤ ਕੌਰ ਟਿਵਾਣਾ)ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਵਿਖੇ ਅੱਜ ਹਾਈਬ੍ਰਿਡ ਰੂਪ ਵਿੱਚ ਦੋ ਦਿਨਾਂ ਦੀ ਰਾਸ਼ਟਰੀ ਕਾਨਫਰੰਸ ਸਾਇੰਸ, ਇੰਜੀਨੀਅਰਿੰਗ ਐਂਡ ਟੈਕਨਾਲੋਜੀ ਫਾਰ ਅ ਸਸਟੇਨੇਬਲ ਫਿਊਚਰ (ਐਸ.ਈ.ਟੀ.ਐਸ.ਐਫ.-2026) ਦਾ ਉਦਘਾਟਨ ਕੀਤਾ ਗਿਆ, ਜਿਸ ਵਿੱਚ ਦੇਸ਼ ਭਰ ਦੀਆਂ ਵੱਖ-ਵੱਖ ਸੰਸਥਾਵਾਂ ਤੋਂ ਅਕਾਦਮਿਕ ਵਿਦਵਾਨਾਂ, ਖੋਜਕਰਤਾਵਾਂ ਅਤੇ ਵਿਦਿਆਰਥੀਆਂ ਨੇ ਬਹੁਤ ਉਤਸਾਹ ਨਾਲ ਹਿੱਸਾ ਲਿਆ। ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਪ੍ਰੋ. (ਡਾ.) ਪਰਿਤ ਪਾਲ ਸਿੰਘ, ਵਾਈਸ ਚਾਂਸਲਰ ਵੱਲੋਂ ਕੀਤੀ ਗਈ, ਜਿਨ੍ਹਾਂ ਨੇ ਯੂਨੀਵਰਸਿਟੀ ਦੀ ਉੱਚ-ਪ੍ਰਭਾਵ ਵਾਲੀ ਖੋਜ ਅਤੇ ਨਵੀਨਤਾਕਾਰੀ ਵਿਚਾਰਾਂ ਨੂੰ ਉਤਸ਼ਾਹਿਤ ਕਰਕੇ ਸਮਾਜਿਕ ਤਰੱਕੀ ਵਿੱਚ ਯੋਗਦਾਨ ਪਾਉਣ ਦੀ ਅਟੱਲ ਵਚਨਬੱਧਤਾ ਤੇ ਜ਼ੋਰ ਦਿੱਤਾ। ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਸਵਾਗਤ ਭਾਸ਼ਣ ਦਿੱਤਾ ਅਤੇ ਅੰਤਰ-ਅਨੁਸ਼ਾਸਨੀ ਖੋਜ ਤੇ ਟਿਕਾਊ ਤਕਨੀਕੀ ਨਵੀਨਤਾਵਾਂ ਦੀ ਵਿਸ਼ਵਵਿਆਪੀ ਚੁਣੌਤੀਆਂ ਨਾਲ ਨਜਿੱਠਣ ਵਿੱਚ ਅਹਿਮ ਭੂਮਿਕਾ ਤੇ ਰੌਸ਼ਨੀ ਪਾਈ, ਨਾਲ ਹੀ ਆਯੋਜਕ ਕਮੇਟੀ ਦੇ ਅਥਕ ਯਤਨਾਂ ਦੀ ਸ਼ਲਾਘਾ ਕੀਤੀ। ਉਦਘਾਟਨੀ ਸਮਾਰੋਹ ਦੇ ਹਿੱਸੇ ਵਜੋਂ ਕਾਨਫਰੰਸ ਦੌਰਾਨ ਪੇਸ਼ ਕੀਤੇ ਜਾਣ ਵਾਲੇ ਖੋਜ ਪੱਤਰਾਂ ਦੇ ਰੂਪਰੇਖਾ ਦੀ ਸੀ.ਡੀ. ਵੀ ਜਾਰੀ ਕੀਤੀ ਗਈ। ਆਯੋਜਕ ਕਮੇਟੀ ਵਿੱਚ ਕਨਵੀਨਰ ਡਾ. ਰੁਪਿੰਦਰ ਕੌਰ ਅਤੇ ਡਾ. ਰਿਚਾ ਬਰਾੜ ਸ਼ਾਮਲ ਹਨ, ਜਦਕਿ ਆਯੋਜਕ ਸਕੱਤਰ ਵਜੋਂ ਡਾ. ਪ੍ਰੀਤ ਕੌਰ, ਡਾ. ਬ੍ਰਿਹਮਤ ਕੌਰ, ਡਾ. ਰਾਹੁਲ ਬਦਰੂ, ਡਾ. ਚਰਨਕਮਲ ਸੇਖੋਂ, ਡਾ. ਜਸਪ੍ਰੀਤ ਕੌਰ ਢਿੱਲੋਂ, ਡਾ. ਸ਼ੀਨਮ ਮਲਹੋਤਰਾ, ਡਾ. ਰੁਪਿੰਦਰਪਾਲ ਸਿੰਘ ਅਤੇ ਡਾ. ਨਵਦੀਪ ਕੌਰ ਸੇਵਾਵਾਂ ਨਿਭਾ ਰਹੇ ਹਨ। ਦਿਨ ਦੀ ਸਭ ਤੋਂ ਵਿਸ਼ੇਸ਼ ਗੱਲ ਸੀ ਡਾ. ਵਿਸ਼ਵਜੀਤ ਮਹਿੰਦੀਆ, ਐਸੋਸੀਏਟ ਪ੍ਰੋਫੈਸਰ, ਡਿਪਾਰਟਮੈਂਟ ਆਫ ਕੈਮੀਕਲ ਇੰਜੀਨੀਅਰਿੰਗ ਅਤੇ ਸੈਂਟਰ ਆਫ ਰਿਸਰਚ ਫਾਰ ਐਨਰਜੀ ਐਂਡ ਡੀਕਾਰਬਨਾਈਜ਼ੇਸ਼ਨ (ਸੀ.ਆਰ.ਈ.ਈ.ਡੀ (ਕ੍ਰੀਡ)), ਆਈ.ਆਈ.ਟੀ. ਰੋਪੜ ਵੱਲੋਂ ਦਿੱਤਾ ਗਿਆ ਪ੍ਰੇਰਣਾਦਾਇਕ ਕੀਨੋਟ ਭਾਸ਼ਣ, ਜਿਸ ਵਿੱਚ ਐਡਵਾਂਸਡ ਮੈਟੀਰੀਅਲਜ਼, ਕਲੀਨ ਐਨਰਜੀ ਟੈਕਨਾਲੋਜੀਆਂ ਅਤੇ ਡੀਕਾਰਬਨਾਈਜ਼ੇਸ਼ਨ ਰਣਨੀਤੀਆਂ ਦੀ ਲੰਬੇ ਸਮੇਂ ਦੀ ਵਾਤਾਵਰਣੀ ਤੇ ਸਮਾਜਿਕ ਟਿਕਾਊਤਾ ਵਿੱਚ ਅਨਿੱਖੜਵੀਂ ਭੂਮਿਕਾ ਤੇ ਜ਼ੋਰ ਦਿੱਤਾ ਗਿਆ। ਸੈਸ਼ਨ ਦਾ ਅੰਤ ਡਾ. ਰੁਪਿੰਦਰ ਕੌਰ ਵੱਲੋਂ ਪ੍ਰਸਤਾਵਿਤ ਧੰਨਵਾਦ ਨਾਲ ਹੋਇਆ, ਜਿਨ੍ਹਾਂ ਨੇ ਵਿਸ਼ੇਸ਼ ਬੁਲਾਰਿਆਂ, ਯੂਨੀਵਰਸਿਟੀ ਪ੍ਰਬੰਧਨ, ਆਯੋਜਕ ਟੀਮ ਅਤੇ ਸਾਰੇ ਸਹਿਭਾਗੀਆਂ ਨੂੰ ਇਸ ਸਫਲਤਾ ਵਿੱਚ ਯੋਗਦਾਨ ਲਈ ਦਿਲੋਂ ਧੰਨਵਾਦ ਕੀਤਾ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

ਫਤਹਿਗੜ੍ਹ ਸਾਹਿਬ, 26 ਫਰਵਰੀ (ਹਰਪ੍ਰੀਤ ਕੌਰ ਟਿਵਾਣਾ)ਜ਼ਿਲ੍ਹਾ ਰੋਜਗਾਰ ਅਫਸਰ ਸ੍ਰੀ ਹਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਵਿਸ਼ੇਸ਼ ਪਲੇਸਮੈਂਟ ਕੈਂਪ ਕੱਲ ਮਿਤੀ 27 ਫਰਵਰੀ ਨੂੰ ਸਵੇਰੇ 10.30 ਵਜੇ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਸ੍ਰੀ ਰਾਮ ਫਾਇਨਾਂਸ ਕੰਪਨੀ ਵੱਲੋਂ ਸ਼ਿਰਕਤ ਕੀਤੀ ਜਾਵੇਗੀ। ਇਸ ਭਰਤੀ ਲਈ ਵਿਸ਼ੇਸ਼ ਤੌਰ ਤੇ ਕੇਵਲ ਲੜਕਿਆਂ ਦੀ ਚੋਣ ਕੀਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਚੋਣ ਲਈ ਵਿਦਿਅਕ ਯੋਗਤਾ ਕਿਸੇ ਵੀ ਵਿਸ਼ੇ ਵਿੱਚ ਗ੍ਰੈਜੂਏਸ਼ਨ ਪਾਸ ਹੋਣਾ ਲਾਜ਼ਮੀ ਹੈ। ਚਾਹਵਾਨ ਉਮੀਦਵਾਰ ਆਪਣੇ ਨਾਲ ਆਪਣਾ ਬਾਇਓ-ਡਾਟਾ, ਵਿਦਿਅਕ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ ਅਤੇ ਆਧਾਰ ਕਾਰਡ ਲੈ ਕੇ ਨਿਸ਼ਚਿਤ ਸਮੇਂ ਤੇ ਪਹੁੰਚਣ। ਇਹ ਸੁਨਹਿਰੀ ਮੌਕਾ ਗ੍ਰੈਜੂਏਟ ਪਾਸ ਨੌਜਵਾਨਾਂ ਲਈ ਰੋਜ਼ਗਾਰ ਪ੍ਰਾਪਤ ਕਰਨ ਦਾ ਇੱਕ ਚੰਗਾ ਜ਼ਰੀਆ ਸਾਬਤ ਹੋਵੇਗਾ।

# ਉਸਾਰੀ ਕਿਰਤੀਆਂ ਨੂੰ ਸਮੇਂ ਸਿਰ ਲਾਭ ਨਾ ਮਿਲਣ ਅਤੇ ਮਨਮਰਜ਼ੀ ਨਾਲ ਸਕੀਮਾਂ ਵਿੱਚ ਬਦਲਾਅ ਕਰਨ ਖ਼ਿਲਾਫ ਰੋਸ ਪ੍ਰਦਰਸ਼ਨ

ਫਾਜ਼ਿਲਕਾ,26 ਫ਼ਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ (ਰਜਿ:) ਏਟਕ ਵੱਲੋਂ ਉਸਾਰੀ ਕਿਰਤੀ ਲਾਭਪਾਤਰੀਆਂ ਦੇ ਹੱਕਾਂ ਦੀ ਪ੍ਰਾਪਤੀ ਨੂੰ ਸਮੇਂ ਸਿਰ ਸਕੀਮਾਂ ਦਾ ਲਾਭ ਨਾ ਮਿਲਣ,ਦਫਤਰਾਂ ਵਿੱਚ ਹੁੰਦੀ ਲਗਾਤਾਰ ਖੱਜਲ ਖੁਆਰੀ, ਨਜਾਇਜ਼ ਤੌਰ ਤੇ ਲਗਾਏ ਜਾਂਦੇ ਗੈਰ ਵਾਜਿਬ ਇਤਰਾਜ਼ਾਂ ਅਤੇ ਕਈ ਸਾਲਾਂ ਤੋਂ ਲੰਬਿਤ ਪਏ ਮਾਮਲਿਆਂ ਨੂੰ ਹੱਲ ਕਰਵਾਉਣ ਲਈ ਅੱਜ ਡੀਸੀ ਦਫ਼ਤਰ ਸਾਹਮਣੇ ਉਸਾਰੀ ਕਿਰਤੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਰਜਿਸਟਰਰੇਟਕ ਦੇ ਜ਼ਿਲ੍ਹਾ ਪ੍ਰਧਾਨ ਜੰਮੂ ਰਾਮ ਬਨਵਾਲਾ, ਜ਼ਿਲ੍ਹਾ ਸਕੱਤਰ ਸੋਨਾ ਧੁੰਨਕੀਆਂ,ਜ਼ਿਲ੍ਹਾ ਕੌਂਸਲ ਮੈਂਬਰ ਹਰਚਰਨ ਪਾਲੀ ਵਾਲਾ,ਪਰਮਜੀਤ ਸੋਹਨਾ ਸਾਂਦੜ ਅਤੇ ਕਰਨੈਲ ਬੱਗੇ ਕੇ ਨੇ ਕੀਤੀ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਡਿਪਟੀ ਜਨਰਲ ਸਕੱਤਰ ਐਡਵੋਕੇਟ ਪਰਮਜੀਤ ਢਾਬਾਂ ਅਤੇ ਜੰਮੂ ਰਾਮ ਬਨਵਾਲਾ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਬੋਰਡ ਦੀ ਮੀਟਿੰਗ ਨਾ ਹੋਣ ਕਾਰਨ ਕਿਰਤ ਵਿਭਾਗ ਵੱਲੋਂ ਗਲਤ ਤਰੀਕੇ ਨਾਲ ਸਕੀਮਾਂ ਵਿੱਚ ਬਦਲਾਓ ਕੀਤਾ ਜਾ ਰਿਹਾ ਹੈ, ਜਿਵੇਂ ਕਿ ਲਾਭਪਾਤਰੀਆਂ ਲਈ ਵਾਰ-ਵਾਰ ਪੈਨਸ਼ਨ ਸਕੀਮ ਵਿੱਚ ਬਦਲਾਓ ਕਰਨਾ,ਗਰੇਸ ਮਿਤੀ ਦੇ ਅੰਦਰ ਮਿਲਣ ਵਾਲੇ ਐਕਸਗਰੇਸੀਆਂ ਵਿੱਚ ਬਦਲਾਓ ਕਰਨਾ,ਐਕਸੀਡੈਂਟਲ ਐਕਸਗਰੇਸ਼ੀਆ ਲਾਭਪਾਤਰੀ ਦੇ ਵਾਰਸਾਂ ਨੂੰ ਨਾ ਮਿਲਣਾ, 27 ਨੰਬਰ ਫਾਰਮ ਦਾ ਆਟੋਪੈਚ ਨਾ ਹੋਣ ਕਾਰਨ ਲਾਭਪਾਤਰੀ ਖੱਜਲ ਖੁਆਰ ਹੋ ਰਹੇ ਹਨ। ਇਸ ਸਬੰਧੀ ਯੂਨੀਅਨ ਵੱਲੋਂ ਮਹਿਕਮਾਂ ਲੇਬਰ ਖ਼ਿਲਾਫ਼ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ। ਇਸ ਤਹਿਤ ਅੱਜ ਅਸਿਸਟੈਂਟ ਲੇਬਰ ਕਮਿਸ਼ਨਰ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਕੇ ਸਥਾਨਕ ਡੀਸੀ ਦਫ਼ਤਰ ਸਾਹਮਣੇ ਧਰਨਾ ਦਿੱਤਾ ਗਿਆ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸੀਪੀਆਈ ਜ਼ਿਲ੍ਹਾ ਫਾਜ਼ਿਲਕਾ ਦੇ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ ਅਤੇ ਸਾਬਕਾ ਸਕੱਤਰ ਕਾਮਰੇਡ ਹੰਸਰਾਜ ਗੋਲਡਨ ਨੇ ਕਿਹਾ ਕਿ ਲੋਕਾਂ ਦੇ ਹੱਕਾਂ ਦੇ ਕਾਨੂੰਨ ਲਾਲ ਝੰਡੇ ਦੀ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਵੱਲੋਂ ਪਹਿਲ ਦੇ ਆਧਾਰ ਤੇ ਬਣਾਏ ਗਏ ਹਨ। ਇਹਨਾਂ ਕਾਨੂੰਨਾਂ ਨੂੰ ਲਾਗੂ ਕਰਵਾਉਣਾ ਵੀ ਸਾਡੀ ਪਹਿਲ ਕਦਮੀ ਹੋਣੀ ਚਾਹੀਦੀ ਹੈ। ਆਗੂਆਂ ਨੇ ਹੋਰ ਮੰਗਾਂ ਸਬੰਧੀ ਵੇਰਵੇ ਸਾਂਝੇ ਕਰਦਿਆਂ ਆਗੂਆਂ ਨੇ ਦੱਸਿਆ ਕਿ ਪੁਰਾਣੇ ਕੇਸ ਜੋ ਪਾਸ ਹੋਣ ਉਪਰੰਤ ਬੈਂਕ ਵਿੱਚ ਛੋਟਾ ਖਾਤਾ ਹੋਣ ਕਾਰਨ ਜਾਂ ਕਿਸੇ ਹੋਰ ਕਾਰਨ ਕਰਕੇ ਅਦਾਇਗੀ ਨਹੀਂ ਹੁੰਦੀ। ਉਸ ਬਾਰੇ ਲਾਭਪਾਤਰੀ ਜਾਂ ਵਾਰਸ ਵੱਲੋਂ ਅਰਜੀ ਦੇ ਕੇ ਇੰਸਪੈਕਟਰ ਤੋਂ ਕਰਾਕੇ ਏਐਲਸੀ ਰਾਹੀਂ ਸਕੱਤਰ ਨੂੰ ਭੇਜੀਆਂ ਜਾਂਦੀਆਂ ਹਨ। ਉਹਨਾਂ ਦੀ ਪੇਮੈਂਟ ਲਗਭਗ ਪੰਜ-ਪੰਜ ਸਾਲ ਤੱਕ ਲਟਕਦੀ ਰਹਿੰਦੀ ਹੈ ਤੇ ਲਾਭਪਾਤਰੀ ਜਾਂ ਵਾਰਸ਼ ਨੂੰ ਕੋਈ ਸੂਚਨਾ ਨਹੀਂ ਦਿੱਤੀ ਜਾਂਦੀ। ਪੈਨਸ਼ਨ ਦੇ ਕੇਸ ਜੋ 2016 ਤੋਂ ਲੈ ਕੇ ਲਟਕ ਰਹੇ ਹਨ, ਲੇਬਰ ਕਮਿਸ਼ਨਰ ਤੋਂ ਪਾਸ ਵੀ ਹੋ ਗਏ ਹਨ ਪਰ ਲਾਈਫ ਸਰਟੀਫਿਕੇਟ ਨਾ ਤਾਂ ਭੇਜੇ ਜਾ ਰਹੇ ਹਨ ਨਾ ਹੀ ਪ੍ਰਵਾਨ ਕੀਤੇ ਜਾ ਰਹੇ ਹਨ, ਇਸ ਸਿਸਟਮ ਨੂੰ ਸੁਧਾਰ ਕੇ ਬੈਂਕਾਂ ਰਾਹੀਂ ਪੈਨਸ਼ਨ ਦਿੱਤੀ ਜਾਵੇ। ਲਾਭਪਾਤਰੀ ਤੋਂ ਲਾਈਫ ਸਾਰਟੀਫਿਕੇਟ ਬੈਂਕਾਂ ਵਿੱਚ ਹੀ ਲਿਆ ਜਾਵੇ। ਨਵੀਂ ਪੈਨਸ਼ਨ ਨੀਤੀ ਤੁਰੰਤ ਰੱਦ ਕੀਤੀ ਜਾਵੇ ਅਤੇ ਜਾਂ ਫਿਰ ਪੈਨਸ਼ਨ ਵਿੱਚ ਵਜੀਫੇ ਵਾਂਗ ਦੋਹਰਾ ਲਾਭ(ਬੁਢਾਪਾ ਪੈਨਸ਼ਨ) ਲੈਣ ਦਾ ਹੱਕ ਦਿੱਤਾ ਜਾਵੇ।

# ਹੋਲੇ ਮਹੱਲੇ ਮੌਕੇ ਨਗਰ ਚੇਤਨਪੁਰਾ ਵਿੱਖੇ ਲੰਗਰਾਂ ਦੀ ਸ਼ੁਰੂਆਤ

ਅਜਨਾਲਾ/ਚੇਤਨਪੁਰਾ 26ਫਰਵਰੀ (ਸੁਖਦੇਵ ਸਿੰਘ ਖਾਲਸਾ)ਖਾਲਸਾ ਜਾਹੋ ਜਲੋਲ ਦਾ ਪ੍ਰਤੀਕ ਹੋਲਾ ਮਹੱਲਾ ਦੇ ਮੌਕੇ ਅੱਜ ਚੇਤਨਪੁਰਾ ਵਿਖੇ ਗੁਰੂ ਕੇ ਲੰਗਰਾਂ ਦੀ ਸ਼ੁਰੂਆਤ ਗ੍ਰੰਥੀ ਸਿੰਘ ਵਲੋਂ ਅਰਦਾਸ ਉਪਰੰਤ ਕੀਤੀ ਗਈ ਜੋ 26ਫਰਵਰੀ ਤੋਂ 05ਫਰਵਰੀ ਤੱਕ ਦਿਨ ਰਾਤ ਅਟੁੱਟ ਵਰਤੇਗਾ ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਲੰਗਰ ਕਮੇਟੀ ਦੇ ਪ੍ਰਧਾਨ ਅਰਜਨ ਸਿੰਘ ਵਲੋਂ ਕਿਹਾ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਇਲਾਕੇ ਦੀਆਂ ਸੰਗਤਾਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਲੰਗਰਾਂ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਵਿਚ ਭਿਨ ਭਿਨ ਪ੍ਰਕਾਰ ਦੇ ਲੰਗਰ ਵਰਤਾਏ ਜਾਣਗੇ ਇਸ ਮੌਕੇ ਪ੍ਰਧਾਨ ਅਰਜਨ ਸਿੰਘ ਤੋਂ ਇਲਾਵਾ ਮਾਰਕੀਟ ਕਮੇਟੀ ਅਜਨਾਲਾ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ,ਜਸਬੀਰ ਸਿੰਘ ਰਾਜਾ ਸਰਪੰਚ, ਗੁਰਜੀਤ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ,ਜਸਵੰਤ ਸਿੰਘ,ਬੱਬੀ ਡਰਾਈਵਰ,ਨਵਪ੍ਰੀਤ ਸਿੰਘ,ਤਰਸੇਮ ਸਿੰਘ,ਬੱਬਲੂ,ਦਲਜੀਤ ਸਿੰਘ ਸਾਬਕਾ ਸਰਪੰਚ,ਨਵਦੀਪ ਸਿੰਘ,ਭੁਪਿੰਦਰ ਸਿੰਘ ਮੈਂਬਰ,ਅਮਰੀਕ ਸਿੰਘ,ਗੁਰਜੀਤ ਸਿੰਘ ਇੰਸਪੈਕਟਰ,ਬਲਵਿੰਦਰ ਸਿੰਘ ਸਾਬਕਾ ਮੈਂਬਰ,ਸੁਖਮੀਤ ਸਿੰਘ ਬਲਾਕ ਸੰਮਤੀ ਮੈਂਬਰ,ਸੁਖਵੰਤ ਚੇਤਨਪੁਰੀ,ਬਲਬੀਰ ਸਿੰਘ ਬਾਬਾ ਜੀ,ਲਖਬੀਰ ਸਿੰਘ ਸਾਬਕਾ ਮੈਂਬਰ,ਡਾ ਹੁਸ਼ਿਆਰ ਸਿੰਘ,ਰਣਜੀਤ ਸਿੰਘ ਕਰਿਆਨਾ ਸਟੋਰ,ਸਤਿੰਦਰਜੀਤ ਸਿੰਘ ਹਨੀ ਆਦਿ ਹਾਜਰ ਸਨ

# ਸ੍ਰੀ ਕੀਰਤਪੁਰ ਸਾਹਿਬ ਵਿੱਚ ਕੌਮੀ ਤਿਉਹਾਰ ਹੋਲਾ ਮਹੱਲਾ ਅੱਜ ਤੋਂ ਸ਼ੁਰੂ

ਸ੍ਰੀ ਕੀਰਤਪੁਰ ਸਾਹਿਬ 26 ਫਰਵਰੀ (ਬੀ ਐਸ ਰਾਣਾ) :ਖਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਸਿੱਖ ਜਾਹੋ-ਜਲਾਲ ਦਾ ਪ੍ਰਤੀਕ ਸਲਾਨਾ ਛੇ ਰੋਜ਼ਾ ਕੌਮੀ ਤਿਉਹਾਰ ਹੋਲਾ ਮੁਹੱਲਾ ਜੋੜ ਮੇਲੇ ਦਾ ਪਹਿਲਾ ਪੜਾਅ 27 ਫਰਵਰੀ ਤੋਂ ਪੁਰਾਤਨ ਸਿੱਖ ਰਿਤੀ ਰਵਾਇਤਾਂ ਅਨੁਸਾਰ ਇਤਿਹਾਸਕ ਨਗਰੀ ਸ਼੍ਰੀ ਕੀਰਤਪੁਰ ਸਾਹਿਬ ਤੋਂ ਸ਼ੁਰੂ ਹੋ ਰਿਹਾ ਹੈ। ਖਾਲਸਾਈ ਰਵਾਇਤਾਂ ਅਨੁਸਾਰ ਅੱਜ ਅੱਧੀ ਰਾਤ 12 ਵਜੇ ਕਿਲਾ ਆਨੰਦਗੜ੍ਹ ਸਾਹਿਬ ਵਿੱਚ ਸਥਾਪਿਤ ਪੰਜ ਪ੍ਰਾਚੀਨ ਨਗਾਰਿਆਂ ਨੂੰ ਵਜਾ ਕੇ ਸਮਾਗਮ ਦੀ ਸ਼ੁਰੂਆਤ ਹੋਵੇਗੀ ਅਤੇ ਕੱਲ੍ਹ ਸਵੇਰੇ ਗੁਰਦੁਆਰਾ ਪਾਤਾਲਪੁਰੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਨਾਲ ਮੇਲੇ ਦਾ ਪਹਿਲਾ ਤਿੰਨ ਰੋਜ਼ਾ ਪੜਾਅ ਸ਼ੁਰੂ ਹੋਵੇਗਾ, ਜੋ ਕਿ 1 ਮਾਰਚ ਤੱਕ ਜਾਰੀ ਰਹੇਗਾ। ਇਸ ਤੋਂ ਬਾਅਦ 2 ਮਾਰਚ ਤੋਂ 4 ਮਾਰਚ ਤੱਕ ਧਾਰਮਿਕ ਨਗਰੀ ਸ਼੍ਰੀ ਆਨੰਦਪੁਰ ਸਾਹਿਬ ਵਿੱਚ ਹੋਲਾ ਮੁਹੱਲਾ ਮਨਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਪਾਤਾਲਪੁਰੀ ਸਾਹਿਬ ਦੇ ਮੈਨੇਜਰ ਭਾਈ ਅਮਰਜੀਤ ਸਿੰਘ ਜਿੰਦਬੜੀ ਅਤੇ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਦੇ ਮੀਤ ਮੈਨੇਜਰ ਭਾਈ ਸੁਖਬੀਰ ਸਿੰਘ ਨੇ ਦੱਸਿਆ ਕਿ 27 ਫਰਵਰੀ ਨੂੰ ਮੇਲੇ ਦਾ ਪਹਿਲਾ ਪੜਾਅ ਸ੍ਰੀ ਕੀਰਤਪੁਰ ਸਾਹਿਬ ਵਿਖੇ ਸ਼ੁਰੂ ਹੋਵੇਗਾ, ਇਸ ਮੌਕੇ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਕਾਰਜਕਾਰੀ ਜਥੇਦਾਰ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸਿੱਖ ਪੰਥ ਦੀਆਂ ਮਹਾਨ ਸਖਸ਼ੀਅਤਾਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਪੁੱਜਣਗੀਆਂ, ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 1 ਮਾਰਚ ਨੂੰ ਪਾਏ ਜਾਣਗੇ, 2 ਮਾਰਚ ਨੂੰ ਆਨੰਦਪੁਰ ਸਾਹਿਬ ਵਿੱਚ ਦੂਜਾ ਪੜਾਅ ਸ਼ੁਰੂ ਹੋਵੇਗਾ ਅਤੇ 4 ਮਾਰਚ ਨੂੰ ਅੰਤਿਮ ਦਿਨ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ ਚਰਨ ਗੰਗਾ ਸਟੇਡੀਅਮ ਵਿੱਚ ਮੁਹੱਲਾ ਖੇਡਿਆ ਜਾਵੇਗਾ।ਛੇ ਰੋਜ਼ਾ ਕੌਮੀ ਤਿਉਹਾਰ ਹੋਲਾ ਮਹੱਲਾ ਜੋੜ ਮੇਲੇ ਦੌਰਾਨ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ ਤੇ ਪ੍ਰਬੰਧ ਕਰਨ ਦਾ ਦਾਅਵਾ ਕੀਤਾ ਗਿਆ ਹੈ। ਲੰਗਰ, ਪਾਣੀ, ਪਾਰਕਿੰਗ, ਰਹਾਇਸ਼, ਜੋੜੇ-ਘਰ ਅਤੇ ਗਠੜੀ ਘਰ ਸਮੇਤ ਸਫਾਈ ਦੇ ਪ੍ਰਬੰਧ ਕੀਤੇ ਗਏ ਹਨ। ਗੁਰਦੁਆਰਾ ਪਾਤਾਲਪੁਰੀ ਸਾਹਿਬ ਨੇੜੇ ਵਾਟਰ-ਪਰੂਫ ਟੈਂਟ ਸਿਟੀ ਸਥਾਪਿਤ ਕੀਤੀ ਗਈ ਹੈ, ਜਿੱਥੇ ਲਗਭਗ 10,000 ਸ਼ਰਧਾਲੂ ਠਹਿਰ ਸਕਣਗੇ। 100 ਤੋਂ ਵੱਧ ਸੀਸੀਟੀਵੀ ਕੈਮਰੇ ਲਗਾਏ ਗਏ ਹਨ ਅਤੇ 20 ਕਿਲੋਮੀਟਰ ਖੇਤਰ ਵਿੱਚ ਆਉਣ ਵਾਲੀ ਸੰਗਤ ਦਾ ਬੀਮਾ ਵੀ ਕਰਵਾਇਆ ਗਿਆ ਹੈ।

# ਛੇਵਾਂ ਪੇਂਡੂ ਖੇਡ ਮੇਲਾ 14 ਮਾਰਚ ਨੂੰ, ਤਿਆਰੀਆਂ ਸ਼ੁਰੂ

ਦੁਸੜਕਾ 26 ਫਰਵਰੀ (ਗੌਰਵ) ਬਰਾਓ ਜਿਮ ਦੁਸੜਕਾ ਦੇ ਆਨਰ ਸੰਜੀਵ ਠਾਕੁਰ ਅਤੇ ਸੀਰਤ ਫਿਟ ਵੱਲੋਂ ਛੇਵਾਂ ਪੇਂਡੂ ਖੇਡ ਮੇਲਾ ਬੜੀ ਧੂਮਧਾਮ ਨਾਲ 14 ਮਾਰਚ ਨੂੰ ਰੋਬਿਨ ਪੈਲਸ ਦੁਸੜਕਾ ਵਿਖੇ ਕਰਵਾਇਆ ਜਾ ਰਿਹਾ ਜਿਸ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ॥ ਇਸ ਮੌਕੇ ਤੇ ਜਾਣਕਾਰੀ ਦਿੰਦੇ ਹੋਏ ਸੰਜੀਵ ਠਾਕੁਰ ਨੇ ਦੱਸਿਆ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਅਤੇ ਸਿਹਤ ਨੂੰ ਸੰਭਾਲਣ ਦੇ ਲਈ ਖੇਡ ਮੇਲੇ ਇੱਕ ਅਹਿਮ ਰੋਲ ਅਦਾ ਕਰਦੇ ਹਨ ਜਿਸ ਦੇ ਤਹਿਤ ਛੋਟਾ ਜਿਹਾ ਉਪਰਾਲਾ ਬਰਾਓ ਜਿਸ ਅਤੇ ਉੱਥੋਂ ਦੇ ਸਾਰੇ ਸਹਿਯੋਗੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ। ਇਸ ਵਿੱਚ ਪੁਸ਼ਅਪ, ਛਪਾਟੇ, ਓਪਨ ਪਲੈਂਕ ਪੁਜੀਸ਼ਨ ਮੁੰਡੇ ਕੁੜੀਆਂ ਦੇ ਮੁਕਾਬਲੇ ਕਰਵਾਏ ਜਾਣਗੇ। ਇਹਨਾਂ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਮੁੰਡੇ ਕੁੜੀਆਂ ਨੂੰ ਸਾਡੇ ਕਲੱਬ ਵੱਲੋਂ ਸਨਮਾਨ ਚਿੰਨ ਅਤੇ ਸਨਮਾਨ ਰਾਹੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

# ਸ੍ਰੀ ਕੀਰਤਪੁਰ ਸਾਹਿਬ ਵਿੱਚ 400 ਪੁਲਿਸ ਕਰਮੀ ਅਤੇ 100 ਸੀਸੀਟੀਵੀ ਕੈਮਰੇ ਰੱਖਣਗੇ ਮੇਲਾ ਖੇਤਰ ’ਤੇ ਨਜ਼ਰ

ਸ੍ਰੀ ਕੀਰਤਪੁਰ ਸਾਹਿਬ 26 ਫਰਵਰੀ (ਬਾਲੀ)ਖਾਲਸਾ ਪੰਥ ਦੇ ਇਸ ਛੇ ਦਿਵਸੀਏ ਮੇਲੇ ਦੌਰਾਨ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੀ ਸੰਗਤ ਦੀ ਸੁਰੱਖਿਆ ਲਈ ਜ਼ਿਲ੍ਹਾ ਪੁਲਿਸ ਮੁਖੀ ਰੂਪਨਗਰ ਡਾ. ਮਨਿੰਦਰ ਸਿੰਘ ਆਈਪੀਐਸ ਦੀ ਅਗਵਾਈ ਹੇਠ ਵਿਸ਼ਾਲ ਪ੍ਰਬੰਧ ਕੀਤੇ ਗਏ ਹਨ।

ਥਾਣਾ ਮੁਖੀ ਕੀਰਤਪੁਰ ਸਾਹਿਬ ਇੰਸਪੈਕਟਰ ਜਤਿਨ ਕਪੂਰ ਨੇ ਦੱਸਿਆ ਕਿ ਸੰਵੇਦਨਸ਼ੀਲ ਥਾਵਾਂ, ਪਾਰਕਿੰਗ ਸਥਾਨਾਂ ਅਤੇ ਭੀੜ ਵਾਲੇ ਖੇਤਰਾਂ ਵਿੱਚ ਕਰੀਬ 100 ਹਾਈ ਡੈਫਿਨੀਸ਼ਨ ਸੀਸੀਟੀਵੀ ਕੈਮਰੇ ਲਗਾਏ ਗਏ ਹਨ। ਹੋਰ ਜ਼ਿਲ੍ਹਿਆਂ ਤੋਂ ਆਏ 400 ਤੋਂ ਵੱਧ ਪੁਲਿਸ ਅਧਿਕਾਰੀ ਅਤੇ ਕਰਮਚਾਰੀ ਤਾਇਨਾਤ ਰਹਿਣਗੇ। ਭੀੜ ਵਾਲੀਆਂ ਥਾਵਾਂ ’ਤੇ ਸਾਦਾ ਕੱਪੜਿਆਂ ਵਿੱਚ ਪੁਲਿਸ ਕਰਮੀ ਤਾਇਨਾਤ ਕੀਤੇ ਜਾਣਗੇ ਅਤੇ ਇੱਕ ਦਰਜਨ ਥਾਵਾਂ ’ਤੇ ਵਿਸ਼ੇਸ਼ ਨਾਕਾਬੰਦੀ ਕੀਤੀ ਜਾਵੇਗੀ। ਬੁਲੇਟ ਮੋਟਰਸਾਈਕਲਾਂ ਦੇ ਸਾਇਲੈਂਸਰ ਖੋਲ੍ਹ ਕੇ ਪਟਾਕੇ ਬਜਾਉਣ ਅਤੇ ਟ੍ਰੈਕਟਰਾਂ ਨਾਲ ਹੁੜਦੰਗ ਮਚਾਉਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਆਨੰਦਪੁਰ ਸਾਹਿਬ ਵਿੱਚ 24 ਘੰਟੇ ਚੱਲਣ ਵਾਲਾ ਕੰਟਰੋਲ ਰੂਮ ਬਣਾਇਆ ਗਿਆ ਹੈ। ਗੁਰਦੁਆਰਾ ਪਾਤਾਲਪੁਰੀ ਸਾਹਿਬ ਨੇੜੇ ਵਾਚ ਟਾਵਰ ਲਗਾਇਆ ਜਾਵੇਗਾ। ਐਮਰਜੈਂਸੀ ਸਥਿਤੀ ਨਾਲ ਨਿਪਟਣ ਲਈ ਭਾਖੜਾ ਨਹਿਰ ਅਤੇ ਸ਼੍ਰੀ ਆਨੰਦਪੁਰ ਸਾਹਿਬ ਹਾਈਡਲ ਚੈਨਲ ਨੇੜੇ ਗੋਤਾਖੋਰਾਂ ਦੀਆਂ ਟੀਮਾਂ ਤਾਇਨਾਤ ਰਹਿਣਗੀਆਂ। ਟ੍ਰੈਫਿਕ ਪ੍ਰਬੰਧ ਲਈ ਪਿੰਡ ਦੇਹਣੀ, ਬੁੰਗਾ ਸਾਹਿਬ ਅਤੇ ਭਰਤਗੜ੍ਹ ਰਾਹੀਂ ਡਾਈਵਰਜ਼ਨ ਪਲਾਨ ਜਾਰੀ ਕੀਤਾ ਗਿਆ ਹੈ। ਵੱਖ-ਵੱਖ ਥਾਵਾਂ ’ਤੇ ਵਾਹਨ ਪਾਰਕਿੰਗ ਦੀ ਵਿਵਸਥਾ ਵੀ ਕੀਤੀ ਗਈ ਹੈ।ਥਾਣਾ ਮੁਖੀ ਜਤਿਨ ਕਪੂਰ ਨੇ ਦੱਸਿਆ ਕਿ ਦਰਗਾਹ ਪੀਰ ਬਾਬਾ ਬੁੱਢਣ ਸ਼ਾਹ ਲਿੰਕ ਸੜਕ ਦੇ ਨਾਲ ਠੇਕੇਦਾਰ ਵੱਲੋਂ ਡੰਗਾ ਲਗਾਉਣ ਲਈ ਲਿੰਕ ਸੜਕ ਉੱਪਰ ਰੇਤਾ, ਬਜਰੀ,ਗਟਕਾ ਸੁੱਟਿਆ ਗਿਆ ਹੈ। ਜਿਸ ਕਾਰਨ ਇਸ ਲਿੰਕ ਸੜਕ ਉੱਪਰੋਂ ਸਿਰਫ ਇੱਕ ਵਾਹਨ ਲੰਘ ਰਿਹਾ ਹੈ। ਜਿਸ ਨਾਲ ਸੜਕੀ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ ਅਤੇ ਸ਼ਰਧਾਲੂਆਂ ਨੂੰ ਕਾਫੀ ਮੁਸ਼ਕਿਲ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਇਸ ਲਈ ਸੰਬੰਧਿਤ ਠੇਕੇਦਾਰ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਲਿੰਕ ਸੜਕ ਨੂੰ ਜਲਦ ਤੋਂ ਜਲਦ ਖਾਲੀ ਕਰ ਦੇਵੇ ਅਤੇ ਹੋਲਾ ਮਹੱਲਾ ਦੀ ਸਮਾਪਤੀ ਤੋਂ ਬਾਅਦ ਆਪਣਾ ਕੰਮ ਕਰੇ।

# ਕੋਟ ਮੁੰਹਮਦ ਖਾਂ ਵਿਖੇ ਲਗਾਇਆ ਅੱਖਾਂ ਦਾ ਜਾਂਚ ਕੈਂਪ

ਖਡੂਰ ਸਾਹਿਬ, 26 ਫਰਵਰੀ ੯ਸਰਬਜੀਤ ਸਿੰਘ ਮੀਆਂ ਵਿੰਡ੦: ਸ੍ਰ ਪ੍ਰੀਤਮ ਸਿੰਘ ਸੂਬੇਦਾਰ ਦੇ ਯਤਨਾਂ ਸਦਕਾ ਹਰ ਸਾਲ ਪਿੰਡ ਕੋਟ ਮੁੰਹਮਦ ਖਾਂ ਵਿਖੇ ਅੱਖਾਂ ਦਾ ਕੈਂਪ ਲਗਾਇਆ ਗਿਆ। ਕੈਂਪ ਜਲੰਧਰ ਦੇ ਮਾਹਰ ਡਾਕਟਰਾਂ ਦੀ ਟੀਮ ਡਾ ਸੰਗਮਾ, ਡਾ ਜੋਏ,ਡਾ ਅੰਧਰਾ ਦੀ ਟੀਮ ਵੱਲੋਂ ਲਗਭਗ 200 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਲਗਭਗ 70 ਦੇ ਕਰੀਬ ਮਰੀਜ਼ਾਂ ਦਾ ਅਪ੍ਰੇਸ਼ਨ ਕਰਨ ਲਈ ਜਲੰਧਰ ਭੇਜਿਆ ਗਿਆ। ਇਸ ਮੌਕੇ ਪ੍ਰੋ ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਹਰ ਸਾਲ ਇਲਾਕੇ ਦੇ ਲਗਭਗ 20/25 ਪਿੰਡਾਂ ਦੇ ਮਰੀਜ਼ ਲਾਭ ਲੈਂਦੇ ਹਨ। ਇਹੋ ਜਿਹੇ ਉਪਰਾਲੇ ਹੋਰ ਹੋਣੇ ਚਾਹੀਦੇ ਹਨ। ਸ੍ਰ ਪ੍ਰੀਤਮ ਸਿੰਘ ਵਲੋਂ ਹਰ ਸਾਲ ਇਹ ਉਪਰਾਲਾ ਕੀਤਾ ਜਾਂਦਾ ਹੈ , ਸਾਰੀ ਸੰਗਤ ਦੇ ਲੰਗਰ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ, ਸੰਗਤਾਂ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕੀਤਾ ਜਾਂਦਾ ਹੈ। ਹਰੇਕ ਮਰੀਜ਼ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਂਦੀ ਹੈ। ਖੂਨਦਾਨ ਸੇਵਾ ਸੁਸਾਇਟੀ ਦੇ ਪੰਜਾਬ ਪ੍ਰਧਾਨ ਮੇਜਰ ਸਿੰਘ ਅਤੇ ਵਾਈਸ ਪ੍ਰਧਾਨ ਸੇਵਕ ਸਿੰਘ ਦੀ ਟੀਮ ਵੱਲੋਂ ਸਾਰੀ ਸੇਵਾ ਦਾ ਪ੍ਰਬੰਧ ਸੰਭਾਲਿਆ ਗਿਆ । ਹਰੇਕ ਪਿੰਡ ਦੇ ਮਰੀਜ਼ਾਂ ਨੂੰ ਮੌਕੇ ਤੇ ਹੀ ਦਿਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੂਬੇਦਾਰ ਬਲਵਿੰਦਰ ਸਿੰਘ, ਗੁਰਵਿੰਦਰ ਸਿੰਘ ਚੀਮਾ, ਦਿਲਬਾਗ ਸਿੰਘ ਮੈਂਬਰ ਪੰਚਾਇਤ, ਗੁਰਮੁੱਖ ਸਿੰਘ, ਮੇਜਰ ਸਿੰਘ,ਸੇਵਕ ਸਿੰਘ, ਆਦਿ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਨੇ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਏ ਭੋਗ

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਭਰੀ ਹਾਜ਼ਰੀ

ਅੰਮ੍ਰਿਤਸਰ, 26 ਫ਼ਰਵਰੀ(ਗੁਰਦਿਆਲ ਸਿੰਘ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੋ ਬੀਤੇ ਸਮੇਂ ਕੈਨੇਡਾ ਵਿਖੇ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦੀ ਯਾਦ 'ਚ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ, ਸੀਨੀਅਰ ਅਕਾਲੀ ਆਗੂ ਸ. ਮਹੇਸ਼ਇੰਦਰ ਸਿੰਘ ਗਰੇਵਾਲ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਪਰਿਵਾਰਕ ਮੈਂਬਰ ਮੌਜੂਦ ਸਨ।ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਕੁਹਾੜਕਾ ਦੇ ਜਥੇ ਨੇ ਗੁਰਬਾਨੀ ਕੀਰਤਨ ਕੀਤਾ। ਅਰਦਾਸ ਗਿਆਨੀ ਬਲਜੀਤ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੰਮਾ ਸਮਾਂ ਸੇਵਾ ਨਿਭਾਉਂਦਿਆਂ ਸੰਗਤਾਂ ਨੂੰ ਗੁਰਬਾਨੀ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਦੀ ਰਹਿਣੀ ਤੇ ਕਥਨੀ ਇਕ ਹੋ ਜਾਵੇ ਇਹ ਗੁਰੂ ਦੀ ਬਖ਼ਸ਼ਿਸ਼ ਹੁੰਦੀ ਹੈ। ਗਿਆਨੀ ਮੋਹਣ ਸਿੰਘ ਦੇ ਜੀਵਨ ਵਿੱਚੋਂ ਇਸ ਦੀ ਝਲਕ ਹਮੇਸ਼ਾ ਝਲਕਦੀ ਰਹੀ। ਉਨ੍ਹਾਂ ਨੇ ਆਪਣੀ ਰਿਹਾਇਸ਼ ਵੀ ਗੁਰੂ ਘਰ ਦੇ ਨਾਂ ਲਗਵਾ ਕੇ ਸੰਗਤ ਲਈ ਵੱਡੀ ਪ੍ਰੇਰਨਾ ਬਣੇ। ਐਡਵੋਕੇਟ ਧਾਮੀ ਨੇ ਜਿਥੇ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਏ ਜਾਣ ਬਾਰੇ ਆਖਿਆ, ਉਥੇ ਹੀ ਉਨ੍ਹਾਂ ਦੇ ਜੀਵਨ ਬਾਰੇ ਇਕ ਕਿਤਾਬਚਾ ਵੀ ਛਾਪੇ ਦੀ ਗੱਲ ਕਹੀ। ਐਡਵੋਕੇਟ ਧਾਮੀ ਵੱਲੋਂ ਇਹ ਕਿਤਾਬਚਾ ਲਿਖਣ ਦੀ ਸੇਵਾ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਨੂੰ ਨਿਭਾਉਣ ਲਈ ਆਖਿਆ।ਇਸ ਮੌਕੇ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਜੂਨ 1984 ਦੇ ਘੱਲੂਘਾਰੇ ਸਮੇਂ ਗੁਰੂ ਘਰ ਦੀ ਮਰਯਾਦਾ ਨੂੰ ਕਾਇਮ ਰੱਖਣ ਲਈ ਗਿਆਨੀ ਜੀ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਪੰਥ ਹਮੇਸ਼ਾ ਯਾਦ ਰੱਖੇਗਾ। ਇਸ ਮੌਕੇ ਗਿਆਨੀ ਮੋਹਨ ਸਿੰਘ ਦੀ ਧਰਮਪਤਨੀ ਬੀਬੀ ਸੁਰਜੀਤ ਕੌਰ ਅਤੇ ਉਨ੍ਹਾਂ ਦੇ ਸਪੁੱਤਰ ਸ. ਤਰਲੋਚਨ ਸਿੰਘ ਨੇ ਗਿਆਨੀ ਮੋਹਣ ਸਿੰਘ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਨਾਂ ਕੀਤੀ ਰਿਹਾਇਸ਼ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਨੂੰ ਸੌਂਪੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਸਿੰਘ ਸਾਹਿਬਾਨ ਵੱਲੋਂ ਗਿਆਨੀ ਮੋਹਣ ਸਿੰਘ ਜੀ ਦੇ ਪਰਿਵਾਰਕ ਮੈਂਬਰਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ, ਗਿਆਨੀ ਬਲਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਭੁਮਣ ਸਿੰਘ, ਭਾਈ ਅਜੈਬ ਸਿੰਘ ਅਭਿਆਸੀ, ਸ਼੍ਰੋਮਣੀ ਰਾਗੀ ਭਾਈ ਜਸਵੰਤ ਸਿੰਘ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਵਧੀਕ ਸਕੱਤਰ ਸ. ਬਿਜੈ ਸਿੰਘ, ਸ. ਪ੍ਰੀਤਪਾਲ ਸਿੰਘ, ਮੀਤ ਸਕੱਤਰ ਸ. ਸੁਖਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸਾਬਕਾ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਗਿਆਨੀ ਮੋਹਨ ਸਿੰਘ ਦੇ ਪਰਿਵਾਰਕ ਮੈਂਬਰ ਬੀਬੀ ਸੁਰਜੀਤ ਕੌਰ, ਗਿਆਨੀ ਤਰਲੋਚਨ ਸਿੰਘ,. ਵੀ ਮੌਜੂਦ ਸਨ।

# ਪ੍ਰੈਸ ਸੰਘਰਸ਼ ਜਰਨਲਿਸਟ ਐਸੋਸੀਏਸ਼ਨ ਦੀ ਗੋਇੰਦਵਾਲ ਸਾਹਿਬ ਵਿਖੇ ਅਹਿਮ ਮੀਟਿੰਗ

ਖਡੂਰ ਸਾਹਿਬ, 26 ਫਰਵਰੀ ( ਸਰਬਜੀਤ ਸਿੰਘ ਮੀਆਂ ਵਿੰਡ ):ਪ੍ਰੈਸ ਸੰਘਰਸ਼ ਜਰਨਲਿਸਟ ਐਸੋਸੀਏਸ਼ਨ ਤਹਿਸੀਲ ਖਡੂਰ ਸਾਹਿਬ ਦੀ ਇੱਕ ਵਿਸ਼ੇਸ਼ ਮੀਟਿੰਗ ਗੋਇੰਦਵਾਲ ਸਾਹਿਬ ਵਿਖੇ ਹੋਈ, ਜਿਸ ਵਿੱਚ ਯੂਨੀਅਨ ਦੇ ਸਰਪ੍ਰਸਤ ਸ੍ਰ. ਤਰਸੇਮ ਸਿੰਘ ਭੂਪਾਲ ਅਤੇ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਸਿੰਘ ਬੰਟੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਮਨਦੀਪ ਸਿੰਘ ਰਾਜਨ ਅਤੇ ਸਾਹਿਬ ਸਿੰਘ ਸਮੇਤ ਹੋਰ ਅਹੁਦੇਦਾਰ ਵੀ ਹਾਜ਼ਰ ਸਨ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰ. ਤਰਸੇਮ ਸਿੰਘ ਭੂਪਾਲ ਅਤੇ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਸਿੰਘ ਬੰਟੀ ਨੇ ਕਿਹਾ ਕਿ ਐਸੋਸੀਏਸ਼ਨ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆ ਕੇ ਉਨ੍ਹਾਂ ਨੂੰ ਹੱਲ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਯੂਨੀਅਨ ਵੱਲੋਂ ਸਮਾਜਿਕ ਮੁੱਦਿਆਂ ਅਤੇ ਲੋਕ ਹਿੱਤਾਂ ਦੀ ਆਵਾਜ਼ ਬੁਲੰਦ ਕਰਨ ਵਿੱਚ ਹਮੇਸ਼ਾ ਅਹਿਮ ਰੋਲ ਅਦਾ ਕੀਤਾ ਜਾ ਰਿਹਾ ਹੈ।ਪੱਤਰਕਾਰਾਂ ਲਈ ਟੋਲ ਟੈਕਸ ਫ੍ਰੀ ਕਰਨ ਦੀ ਮੰਗ:ਆਗੂਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਫੀਲਡ ਵਿੱਚ ਦਿਨ-ਰਾਤ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਪਹਿਲ ਦੇ ਆਧਾਰ ਤੇ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਵਿਸ਼ੇਸ਼ ਤੌਰ ਤੇ ਮੰਗ ਕੀਤੀ ਕਿ ਡਿਊਟੀ ਦੌਰਾਨ ਪੱਤਰਕਾਰਾਂ ਲਈ ਟੋਲ ਟੈਕਸ ਮੁਕੰਮਲ ਤੌਰ ਤੇ ਫ੍ਰੀ ਕੀਤਾ ਜਾਵੇ, ਤਾਂ ਜੋ ਉਹ ਬਿਨਾਂ ਕਿਸੇ ਰੁਕਾਵਟ ਦੇ ਆਪਣੀ ਪੱਤਰਕਾਰੀ ਦੀ ਜ਼ਿੰਮੇਵਾਰੀ ਨਿਭਾ ਸਕਣ। ਉਨ੍ਹਾਂ ਕਿਹਾ ਕਿ ਲੋਕਤੰਤਰ ਦੇ ਚੌਥੇ ਪਿੱਲਰ ਦੀ ਸੁਰੱਖਿਆ ਅਤੇ ਸਹੂਲਤਾਂ ਵੱਲ ਸਰਕਾਰ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ।ਇਸ ਮੌਕੇ ਨਵੇਂ ਮੈਂਬਰ ਵਜੋਂ ਸ਼ਾਮਿਲ ਹੋਏ ਪੱਤਰਕਾਰ ਰਾਜਵਿੰਦਰ ਸਿੰਘ ਮਿੱਠਾ ਨੂੰ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਤਹਿਸੀਲ ਪ੍ਰਧਾਨ ਸੁਖਵਿੰਦਰ ਸਿੰਘ ਸਹੋਤਾ ਨੇ ਸਮੂਹ ਮੈਂਬਰਾਂ ਨੂੰ ਨਿਯਮਾਂ ਦੀ ਪਾਲਣਾ ਕਰਦਿਆਂ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਪ੍ਰਮੁੱਖਤਾ ਨਾਲ ਉਭਾਰਨ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬਜੋਤ ਸਿੰਘ ਸੰਧਾ, ਰਣਜੀਤ ਸਿੰਘ ਦਿਉਲ, ਪ੍ਰਦੀਪ ਸਿੰਘ ਵਿੱਕੀ, ਸੁਖਦੇਵ ਰਾਜ ਸੁੱਖ, ਕਰਨੈਲ ਸਿੰਘ ਰਿੰਕੂ, ਸਰਬਜੀਤ ਸਿੰਘ ਮੀਆਵਿੰਡ, ਸ਼ੀਤਲ ਬਾਵਾ, ਅਜੇ ਬਾਵਾ, ਦਿਲਬਾਗ ਸਿੰਘ, ਗੁਰਦੀਪ ਵੀਰ ਆਦਿ ਵੀ ਹਾਜ਼ਰ ਸਨ।

# ਵਿਧਾਇਕ ਡਾ. ਗੁਪਤਾ ਨੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ

ਅੰਮ੍ਰਿਤਸਰ, 26 ਫਰਵਰੀ (ਬਬਲੂ ਮਹਾਜਨ) : ਵਿਧਾਇਕ ਡਾ. ਅਜੇ ਗੁਪਤਾ ਨੇ ਨਗਰ ਨਿਗਮ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਨਗਰ ਨਿਗਮ ਅਧਿਕਾਰੀਆਂ ਨਾਲ ਮਿਲ ਕੇ ਫਤਿਹ ਸਿੰਘ ਕਲੋਨੀ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ। ਵਸਨੀਕਾਂ ਨੇ ਵਿਧਾਇਕ ਅਤੇ ਅਧਿਕਾਰੀਆਂ ਨੂੰ ਸੀਵਰੇਜ਼ ਸਿਸਟਮ, ਸਟਰੀਟ ਲਾਈਟਾਂ ਅਤੇ ਸੜਕ ਨਿਰਮਾਣ ਬਾਰੇ ਜਾਣਕਾਰੀ ਦਿੱਤੀ। ਮੌਕੇ ਤੇ, ਨਗਰ ਨਿਗਮ ਕਮਿਸ਼ਨਰ ਸ਼ੇਰਗਿੱਲ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਸੀਵਰੇਜ਼ ਸਿਸਟਮ ਨੂੰ ਸਾਫ਼ ਕਰਨ ਲਈ ਮਸ਼ੀਨਾਂ ਲਿਆਉਣ ਦੇ ਆਦੇਸ਼ ਦਿੱਤੇ ਤਾਂ ਜੋ ਸੀਵਰੇਜ਼ ਸਮੱਸਿਆ ਨੂੰ ਹੱਲ ਕੀਤਾ ਜਾ ਸਕੇ। ਵਿਧਾਇਕ ਡਾ. ਗੁਪਤਾ ਨੇ ਅਧਿਕਾਰੀਆਂ ਨੂੰ ਉਨ੍ਹਾਂ ਇਲਾਕਿਆਂ ਵਿੱਚ ਸਟਰੀਟ ਲਾਈਟਾਂ ਲਗਾਉਣ ਦੇ ਨਿਰਦੇਸ਼ ਦਿੱਤੇ ਜਿੱਥੇ ਲੋਕਾਂ ਨੇ ਸਟਰੀਟ ਲਾਈਟਾਂ ਦੀ ਬੇਨਤੀ ਕੀਤੀ ਸੀ।ਵਿਧਾਇਕ ਡਾ. ਗੁਪਤਾ ਨੇ ਦੱਸਿਆ ਕਿ ਮੂਲੇਚਕ ਤੋਂ ਸਤਨਾਮ ਨਗਰ ਤੱਕ ਸੜਕ ਅਜੇ ਵੀ ਕੱਚੀ ਹੈ। ਇਹ ਕੱਚੀ ਸੜਕ ਵਸਨੀਕਾਂ ਨੂੰ ਕਾਫ਼ੀ ਅਸੁਵਿਧਾ ਦਾ ਕਾਰਨ ਬਣ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਕੱਚੀ ਸੜਕ ਤੇ ਹਾਦਸੇ ਵੀ ਆਮ ਹਨ। ਉਨ੍ਹਾਂ ਅਪੀਲ ਕੀਤੀ ਕਿ ਸੜਕ ਨੂੰ ਪ੍ਰੀਮਿਕਸ ਦੀ ਵਰਤੋਂ ਕਰਕੇ ਬਣਾਇਆ ਜਾਵੇ। ਨਗਰ ਨਿਗਮ ਕਮਿਸ਼ਨਰ ਸ਼ੇਰਗਿੱਲ ਨੇ ਦੱਸਿਆ ਕਿ ਇਸ ਸੜਕ ਦੀ ਨਿਸ਼ਾਨਦੇਹੀ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਪਹਿਲਾਂ ਹੀ ਇੱਕ ਪੱਤਰ ਜਾਰੀ ਕੀਤਾ ਜਾ ਚੁੱਕਾ ਹੈ। ਨਿਸ਼ਾਨਦੇਹੀ ਪੂਰੀ ਹੋਣ ਤੋਂ ਬਾਅਦ, ਸੜਕ ਬਣਾਈ ਜਾਵੇਗੀ।ਵਿਧਾਇਕ ਡਾ. ਅਜੇ ਗੁਪਤਾ ਨੇ ਦੱਸਿਆ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਅਧਿਕਾਰੀਆਂ ਦੇ ਨਾਲ ਲੋਕਾਂ ਤੱਕ ਪਹੁੰਚ ਕਰ ਰਹੀ ਹੈ ਤਾਂ ਜੋ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜਨਤਾ ਨਾਲ ਜੁੜ ਕੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ, ਮੌਕੇ ਤੇ ਹੀ ਹੱਲ ਲੱਭੇ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਫਤਿਹ ਸਿੰਘ ਕਲੋਨੀ ਵਿੱਚ ਸਾਰੀਆਂ ਗਲੀਆਂ ਦੀ ਉਸਾਰੀ ਦਾ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ। ਨਗਰ ਨਿਗਮ ਦੇ ਸੁਪਰਡੈਂਟ ਇੰਜੀਨੀਅਰ ਸੰਦੀਪ ਸਿੰਘ, ਐਸਡੀਓ ਅਸ਼ੋਕ ਕੁਮਾਰ ਅਤੇ ਨਗਰ ਨਿਗਮ ਦੇ ਹੋਰ ਅਧਿਕਾਰੀ ਵੀ ਇਸ ਮੌਕੇ ਤੇ ਮੌਜੂਦ ਸਨ।

# ਮੰਗਾਂ ਨੂੰ ਲੈ ਕੇ 1 ਮਾਰਚ ਨੂੰ ਡਾ. ਬਲਜੀਤ ਕੌਰ ਦਾ ਘਿਰਾਓ: ਜਥੇਬੰਦੀ ਵੱਲੋਂ ਮਲੋਟ ਵਿਖੇ ਵਿਰੋਧ ਪ੍ਰਦਰਸ਼ਨ ਦਾ ਐਲਾਨ

ਮਜੀਠਾ, 26 ਫਰਵਰੀ (ਅਸ਼ਵਨੀ ਨਈਅਰ) : ਪੰਜਾਬ ਵਿੱਚ ਆਂਗਨਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਆਪਣੀਆਂ ਲੰਮੇ ਸਮੇਂ ਤੋਂ ਲੰਬਿਤ ਮੰਗਾਂ ਨੂੰ ਲੈ ਕੇ ਸਰਕਾਰ ਵਿਰੁੱਧ ਮੋਰਚਾ ਖੋਲ੍ਹਦਿਆਂ 1 ਮਾਰਚ ਨੂੰ ਮਲੋਟ ਵਿਖੇ ਵਿਭਾਗੀ ਮੰਤਰੀ ਬਲਜੀਤ ਕੌਰ ਦੇ ਗ੍ਰਹਿ ਦਾ ਘਰਾਓ ਕਰਨ ਦਾ ਫੈਸਲਾ ਲਿਆ ਹੈ। ਇਸ ਦੀ ਜਾਣਕਾਰੀ ਦਿੰਦਿਆਂ ਗੁਰਮਿੰਦਰ ਕੌਰ ਹਰੀਆਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੂੰ ਪੰਜਾਬ ਵਿੱਚ ਸੱਤਾ ਸੰਭਾਲੇ ਚਾਰ ਸਾਲ ਪੂਰੇ ਹੋ ਚੁੱਕੇ ਹਨ, ਸੱਤਾ ਵਿੱਚ ਆਉਣ ਤੋਂ ਪਹਿਲਾਂ ਆਪ ਨੇ ਵੱਖ-ਵੱਖ ਗਰੰਟੀਆਂ ਜਾਰੀ ਕੀਤੀਆਂ ਸਨ, ਜਿਨ੍ਹਾਂ ਵਿੱਚ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਅਤੇ ਉਨ੍ਹਾਂ ਦੇ ਮਾਣਭੱਤੇ ਵਿੱਚ ਦੁੱਗਣਾ ਵਾਧਾ ਕਰਨਾ ਵੀ ਸ਼ਾਮਲ ਸੀ। ਇਸ ਤੋਂ ਇਲਾਵਾ, ਵੱਖ-ਵੱਖ ਮੀਟਿੰਗਾਂ ਵਿੱਚ ਵੀ ਸਰਕਾਰ ਨੇ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਅੱਜ ਤੱਕ ਉਨ੍ਹਾਂ ਵਿੱਚੋਂ ਕੋਈ ਵੀ ਪੂਰਾ ਨਹੀਂ ਹੋਇਆ। ਗੁਰਮਿੰਦਰ ਕੌਰ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਫੇਸ ਰਿਕੋਗਨਾਈਜੇਸ਼ਨ ਸਿਸਟਮ (ਐਫ.ਆਰ.ਐਸ.) ਤਹਿਤ ਲਾਭਪਾਤਰੀਆਂ ਦੀ ਸ਼ਨਾਖਤ ਲਈ ਆਂਗਨਵਾੜੀ ਕੇਂਦਰਾਂ ਨੂੰ ਮੋਬਾਈਲ ਫੋਨ ਖਰੀਦ ਕੇ ਦੇਣੇ ਸਨ ਪਰ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਵੀ ਇਹ ਮੋਬਾਈਲ ਨਹੀਂ ਮਿਲੇ ਹਨ। ਨਤੀਜੇ ਵਜੋਂ, ਵਰਕਰਾਂ ਨੂੰ ਆਪਣੇ ਨਿੱਜੀ ਮੋਬਾਈਲ ਫੋਨਾਂ ਨਾਲ ਕੰਮ ਚਲਾਉਣਾ ਪੈ ਰਿਹਾ ਹੈ, ਜੋ ਉਨ੍ਹਾਂ ਲਈ ਵਿੱਤੀ ਬੋਝ ਹੈ। ਉਨ੍ਹਾਂ ਨੇ ਇੱਕ ਵਿਸ਼ੇਸ਼ ਮਾਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜਨਾਲਾ ਤੋਂ ਇੱਕ ਵਰਕਰ ਜਸਵਿੰਦਰ ਕੌਰ ਦੀਆਂ ਸੇਵਾਵਾਂ ਨੂੰ ਐਫ.ਆਰ.ਐਸ. ਨੂੰ ਬਹਾਨਾ ਬਣਾ ਕੇ ਖਤਮ ਕਰ ਦਿੱਤੀਆਂ ਗਈਆਂ ਹਨ, ਜੋ ਕਿ ਇੱਕ ਵੱਡਾ ਅਨਿਆਂ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਜਸਵਿੰਦਰ ਕੌਰ ਦੀਆਂ ਸੇਵਾਵਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ। ਇਸ ਤੋਂ ਇਲਾਵਾ, ਨਵੀਂ ਭਰਤੀ ਪ੍ਰਕਿਰਿਆ ਵਿੱਚ ਇੰਟਰਵਿਊ ਲਈ 5 ਨੰਬਰਾਂ ਦੀ ਵਿਵਸਥਾ ਨੂੰ ਭ੍ਰਿਸ਼ਟਾਚਾਰ ਨੂੰ ਵਧਾਉਣ ਵਾਲੀ ਕਰਾਰ ਦਿੱਤਾ ਗਿਆ। ਗੁਰਮਿੰਦਰ ਕੌਰ ਨੇ ਕਿਹਾ ਕਿ ਇਹ ਨੰਬਰ ਸਿੱਧੇ ਤੌਰ ਤੇ ਨਿਯੁਕਤੀਆਂ ਵਿੱਚ ਪੱਖਪਾਤ ਅਤੇ ਰਿਸ਼ਵਤ ਨੂੰ ਉਤਸ਼ਾਹਿਤ ਕਰਦੇ ਹਨ, ਜਿਸ ਨੂੰ ਤੁਰੰਤ ਖਤਮ ਕੀਤਾ ਜਾਣਾ ਚਾਹੀਦਾ ਹੈ। ਬੱਚਿਆਂ ਲਈ ਦਿੱਤੀ ਜਾ ਰਹੀ ਸਪਲੀਮੈਂਟਰੀ ਨਿਊਟ੍ਰੀਸ਼ਨ ਵਿੱਚ ਸ਼ਾਮਲ ਖਿਚੜੀ, ਨਮਕੀਨ ਦਲੀਆ ਅਤੇ ਮਿੱਠਾ ਦਲੀਆ ਨੂੰ ਲਾਭਪਾਤਰੀ ਪਸੰਦ ਨਹੀਂ ਕਰ ਰਹੇ ਹਨ। ਯੂਨੀਅਨ ਨੇ ਕਈ ਵਾਰ ਇਸ ਵਿੱਚ ਸੁਧਾਰ ਦੀ ਮੰਗ ਕੀਤੀ ਹੈ, ਪਰ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾਂ ਨੇ ਮੰਗ ਕੀਤੀ ਕਿ ਐਨ.ਜੀ.ਓ. ਨੂੰ ਦਿੱਤੀ ਗਈ ਫੀਡ ਨੂੰ ਵਾਪਸ ਵਿਭਾਗ ਵਿੱਚ ਸ਼ਾਮਲ ਕੀਤਾ ਜਾਵੇ ਅਤੇ ਵਰਕਰਾਂ ਲਈ ਪੈਨਸ਼ਨ ਅਤੇ ਗਰੈਜੂਟੀ ਨੂੰ ਲਾਗੂ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੰਗਾਂ ਨੂੰ ਲੈ ਕੇ ਯੂਨੀਅਨ ਵੱਲੋਂ 1 ਮਾਰਚ 2026 ਨੂੰ ਮਲੋਟ ਵਿਖੇ ਵਿਭਾਗੀ ਮੰਤਰੀ ਡਾ. ਬਲਜੀਤ ਕੌਰ ਦਾ ਘਿਰਾਓ ਕੀਤਾ ਜਾਵੇਗਾ। ਗੁਰਮਿੰਦਰ ਕੌਰ ਨੇ ਸਮੂਹ ਵਰਕਰਾਂ ਨੂੰ ਇਸ ਮੌਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

# ਪੰਜਾਬ ਸਰਕਾਰ ਵੱਲੋਂ 6110 ਆਂਗਨਵਾੜੀ ਅਸਾਮੀਆਂ ਦੀ ਭਰਤੀ ਕੀਤੀ ਜਾਵੇਗੀ : ਵਿਧਾਇਕਾ ਜੀਵਨ ਜੋਤ ਕੌਰ



ਅੰਮ੍ਰਿਤਸਰ,26 ਫਰਵਰੀ (ਬਬਲੂ ਮਹਾਜਨ)) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ 0 ਤੋਂ 6 ਸਾਲ ਦੇ ਬੱਚਿਆਂ ਦੇ ਸਰਵਪੱਖੀ ਵਿਕਾਸ ਅਤੇ ਮੁੱਢਲੀ ਸਿੱਖਿਆ ਨੂੰ ਮਜ਼ਬੂਤ ਕਰਨ ਲਈ ਢੁਕਵੇਂ ਅਤੇ ਦੂਰਗਾਮੀ ਕਦਮ ਚੁੱਕ ਰਹੀ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਪੰਜਾਬ ਸਰਕਾਰ ਵੱਲੋਂ ਆਂਗਨਵਾੜੀ ਵਰਕਰਾਂ ਅਤੇ ਆਂਗਨਵਾੜੀ ਹੈਲਪਰਾਂ ਦੀਆਂ ਕੁੱਲ 6110 ਅਸਾਮੀਆਂ ਭਰਨ ਲਈ ਆਨਲਾਈਨ ਅਰਜ਼ੀਆਂ ਮੰਗੀਆਂ ਗਈਆਂ ਹਨ।ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੂਰਬੀ ਦੀ ਵਿਧਾਇਕਾ ਜੀਵਨ ਜੋਤ ਕੌਰ ਨੇ ਦੱਸਿਆ ਕਿ ਕੁੱਲ 6110 ਅਸਾਮੀਆਂ ਵਿੱਚੋਂ 1316 ਅਸਾਮੀਆਂ ਆਂਗਨਵਾੜੀ ਵਰਕਰਾਂ ਅਤੇ 4794 ਅਸਾਮੀਆਂ ਆਂਗਨਵਾੜੀ ਹੈਲਪਰਾਂ ਦੀਆਂ ਹਨ। ਉਨ੍ਹਾਂ ਕਿਹਾ ਕਿ ਯੋਗ ਉਮੀਦਵਾਰ 11 ਮਾਰਚ 2026 ਰਾਤ 11.59 ਵਜੇ ਤੱਕ ਆਪਣੀਆਂ ਅਰਜ਼ੀਆਂ ਆਨਲਾਈਨ ਜਮ੍ਹਾਂ ਕਰਵਾ ਸਕਦੇ ਹਨ।ਵਿਧਾਇਕ ਜੀਵਨ ਜੋਤ ਕੌਰ ਨੇ ਦੱਸਿਆ ਕਿ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਪਹਿਲਾਂ ਇਨ੍ਹਾਂ ਅਸਾਮੀਆਂ ਲਈ ਅਰਜ਼ੀਆਂ ਦੇਣ ਦੀ ਆਖਰੀ ਮਿਤੀ 10 ਦਸੰਬਰ 2025 ਨਿਰਧਾਰਤ ਕੀਤੀ ਗਈ ਸੀ, ਜਿਸ ਵਿੱਚ ਹੁਣ ਵਾਧਾ ਕੀਤਾ ਗਿਆ ਹੈ। ਇਸ ਅਨੁਸਾਰ ਹੁਣ ਪੰਜਾਬ ਰਾਜ ਦੀਆਂ ਯੋਗ (ਕੇਵਲ ਇਸਤਰੀਆਂ) ਉਮੀਦਵਾਰਾਂ 25 ਫਰਵਰੀ ਤੋਂ 11 ਮਾਰਚ 2026 ਰਾਤ 11.59 ਵਜੇ ਤੱਕ ਆਨਲਾਈਨ ਅਪਲਾਈ ਕਰ ਸਕਦੀਆਂ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਅਰਜ਼ੀਆਂ ਲਿੰਕ ਰਾਹੀਂ, ਨਿਰਧਾਰਿਤ ਫਾਰਮੈਟ ਅਤੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਕੇਵਲ ਆਨਲਾਈਨ ਮੋਡ ਰਾਹੀਂ ਹੀ ਸਵੀਕਾਰ ਕੀਤੀਆਂ ਜਾਣਗੀਆਂ। ਹੋਰ ਕਿਸੇ ਵੀ ਮੋਡ ਰਾਹੀਂ ਅਰਜ਼ੀਆਂ ਮਨਜ਼ੂਰ ਨਹੀਂ ਕੀਤੀਆਂ ਜਾਣਗੀਆਂ।ਵਿਧਾਇਕਾ ਜੀਵਨ ਜੋਤ ਕੌਰ ਨੇ ਕਿਹਾ ਕਿ ਜਿਨ੍ਹਾਂ ਉਮੀਦਵਾਰਾਂ ਵੱਲੋਂ ਇਨ੍ਹਾਂ ਅਸਾਮੀਆਂ ਲਈ ਪਹਿਲਾਂ ਹੀ ਅਪਲਾਈ ਕੀਤਾ ਗਿਆ ਹੈ, ਉਨ੍ਹਾਂ ਨੂੰ ਮੁੜ ਤੋਂ ਅਰਜ਼ੀ ਦੇਣ ਦੀ ਲੋੜ ਨਹੀਂ। ਹਾਲਾਂਕਿ ਜਿਨ੍ਹਾਂ ਉਮੀਦਵਾਰਾਂ ਦੀਆਂ ਅਰਜ਼ੀਆਂ ਪਹਿਲਾਂ ਦਸਤਾਵੇਜ਼ਾਂ ਦੀ ਘਾਟ ਕਾਰਨ ਰੱਦ ਹੋਈਆਂ ਸਨ, ਉਹ ਉਮੀਦਵਾਰ ਮੁੜ ਤੋਂ ਅਪਲਾਈ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ 0 ਤੋਂ 6 ਸਾਲ ਦੀ ਉਮਰ ਬੱਚੇ ਦੀ ਜ਼ਿੰਦਗੀ ਦਾ ਸਭ ਤੋਂ ਨਾਜ਼ੁਕ ਅਤੇ ਮਹੱਤਵਪੂਰਨ ਦੌਰ ਹੁੰਦਾ ਹੈ, ਜਿਸ ਦੌਰਾਨ ਮਿਲਣ ਵਾਲੀ ਸਿੱਖਿਆ, ਦੇਖਭਾਲ ਅਤੇ ਪੋਸ਼ਣ ਬੱਚੇ ਦੇ ਪੂਰੇ ਜੀਵਨ ਦੀ ਮਜ਼ਬੂਤ ਨੀਂਹ ਬਣਦੇ ਹਨ। ਉਨ੍ਹਾਂ ਕਿਹਾ ਕਿ ਹਰ ਬੱਚਾ, ਚਾਹੇ ਉਹ ਸ਼ਹਿਰ ਵਿੱਚ ਰਹਿੰਦਾ ਹੋਵੇ ਜਾਂ ਪਿੰਡ ਵਿੱਚ, ਇੱਕ ਸੁਰੱਖਿਅਤ ਅਤੇ ਉਤਸ਼ਾਹ ਭਰਪੂਰ ਮਾਹੌਲ ਦਾ ਹੱਕਦਾਰ ਹੈ ਅਤੇ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਕੋਈ ਵੀ ਬੱਚਾ ਸਿਰਫ਼ ਸਾਧਨਾਂ ਦੀ ਘਾਟ ਕਾਰਨ ਆਪਣੇ ਸੁਪਨਿਆਂ ਤੋਂ ਵਾਂਚਿਤ ਨਾ ਰਹੇ।ਵਿਧਾਇਕਾ ਜੀਵਨ ਜੋਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹਰ ਆਂਗਨਵਾੜੀ ਸੈਂਟਰ ਵਿੱਚ ਯੋਗ ਅਤੇ ਕਾਬਿਲ ਸਟਾਫ ਦੀ ਉਪਲਬਧਤਾ ਯਕੀਨੀ ਬਣਾਉਣਾ ਹੈ, ਤਾਂ ਜੋ ਬੱਚਿਆਂ ਨੂੰ ਉੱਚ ਮਿਆਰੀ ਸਿੱਖਿਆ, ਸੰਤੁਲਿਤ ਪੋਸ਼ਣ ਅਤੇ ਸੰਵੇਦਨਸ਼ੀਲ ਦੇਖਭਾਲ ਦੀਆਂ ਸੇਵਾਵਾਂ ਸੁਚਾਰੂ ਢੰਗ ਨਾਲ ਮੁਹੱਈਆ ਕਰਵਾਈਆਂ ਜਾ ਸਕਣ। ਇਸ ਭਰਤੀ ਪ੍ਰਕਿਰਿਆ ਨਾਲ ਇੱਕ ਪਾਸੇ ਰੋਜ਼ਗਾਰ ਦੇ ਨਵੇਂ ਮੌਕੇ ਉਪਲਬਧ ਹੋਣਗੇ, ਦੂਜੇ ਪਾਸੇ ਬੱਚਿਆਂ ਦੇ ਸਰਵਪੱਖੀ ਵਿਕਾਸ ਦੇ ਟੀਚੇ ਨੂੰ ਹੋਰ ਮਜ਼ਬੂਤੀ ਮਿਲੇਗੀ।

# ਨਸ਼ੇ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਪੁਲਿਸ ਵਿਭਾਗ ਪੂਰੀ ਤਰ੍ਹਾਂ ਵਚਨਬੱਧ

ਅੰਮ੍ਰਿਤਸਰ, 26 ਫਰਵਰੀ (ਗੁਰਦਿਆਲ ਸਿੰਘ ) : ਪੁਲਿਸ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਅੱਜ ਆਪਣੇ ਦਫ਼ਤਰ ਵਿਖੇ ਪੁਲਿਸ ਅਧਿਕਾਰੀਆਂ ਅਤੇ ਨਸ਼ਾ ਮੁਕਤੀ ਮੋਰਚਾ ਦੇ ਵਲੰਟੀਅਰਜ਼ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪੁਲਿਸ ਕਮਿਸ਼ਨਰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤਹਿਤ ਪੁਲਿਸ ਵਿਭਾਗ ਨਸ਼ੇ ਨੂੰ ਜੜ੍ਹ ਤੋਂ ਖਤਮ ਕਰਨ ਲਈ ਵਚਨਬੱਧ ਹੈ ਅਤੇ ਪੁਲਿਸ ਵਿਭਾਗ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਤਸਕਰਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਵੱਲੋਂ ਨਸ਼ੇ ਵੇਚ ਕੇ ਬਣਾਈਆਂ ਗਈਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਪੁਲਿਸ ਵਿਭਾਗ ਵੱਲੋਂ ਸੀਲ ਵੀ ਕੀਤਾ ਗਿਆ ਹੈ ਅਤੇ ਵੱਡੀ ਗਿਣਤੀ ਵਿੱਚ ਨਸ਼ਾ ਤਸਕਰ ਫੜ੍ਹ ਕੇ ਕਾਨੂੰਨ ਦੇ ਹਵਾਲੇ ਕੀਤੇ ਹਨ। ਪੁਲਿਸ ਕਮਿਸ਼ਨਰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਪੁਲਿਸ ਵਿਭਾਗ ਜਿੱਥੇ ਨਸ਼ਾ ਤਸਕਰਾਂ ਖਿਲਾਫ ਕਾਨੂੰਨੀ ਕਰਵਾਈ ਕਰ ਰਿਹਾ ਹੈ ਓਥੇ ਨਸ਼ੇ ਦੀ ਦਲ-ਦਲ ਵਿੱਚ ਫਸੇ ਨੌਜਵਾਨਾਂ ਨੂੰ ਬਾਹਰ ਕੱਢਣ ਲਈ ਵੀ ਯਤਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ੇ ਤੋਂ ਪੀੜ੍ਹਤ ਨੌਜਵਾਨਾਂ ਨੂੰ ਪ੍ਰੇਰਿਤ ਕਰਕੇ ਇਲਾਜ ਲਈ ਸਰਕਾਰ ਨਸ਼ਾ ਛੁਡਾਊ ਕੇਂਦਰਾਂ ਵਿੱਚ ਭਰਤੀ ਕਰਵਾਇਆ ਜਾ ਰਿਹਾ ਹੈ ਜਿਸ ਦੇ ਹਾਂ-ਪੱਖੀ ਨਤੀਜੇ ਸਾਹਮਣੇ ਆਏ ਹਨ। ਉਨ੍ਹਾਂ ਮੀਟਿੰਗ ਦੌਰਾਨ ਨਸ਼ਾ ਮੁਕਤੀ ਮੋਰਚਾ ਦੇ ਵਲੰਟੀਅਰਜ਼ ਨੂੰ ਕਿਹਾ ਕਿ ਉਹ ਨਸ਼ਾ ਮੁਕਤੀ ਮੁਹਿੰਮ ਵਿੱਚ ਹੋਰ ਵੀ ਸਰਗਰਮ ਭੂਮਿਕਾ ਨਿਭਾਉਂਦੇ ਹੋਏ ਨਸ਼ਿਆਂ ਵਿਰੁੱਧ ਲੋਕਾਂ ਨੂੰ ਲਾਮਬੱਧ ਕਰਨ।ਮੀਟਿੰਗ ਦੌਰਾਨ ਗੱਲ ਕਰਦਿਆਂ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਦੀਕਸ਼ਤ ਧਵਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਦੇ ਦੂਜੇ ਪੜਾਅ ਤਹਿਤ ਹਰ ਪਿੰਡ-ਸ਼ਹਿਰ ਪੈਦਲ ਯਾਤਰਾਵਾਂ ਕੱਢ ਕੇ ਨਸ਼ੇ ਰੂਪੀ ਕੋਹੜ ਦੇ ਖਿਲਾਫ਼ ਇਕ ਲੋਕ ਲਹਿਰ ਪੈਦਾ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਪਿੰਡਾਂ ਦੇ ਪਹਿਰੇਦਾਰ ਦੇ ਨਾਂ 'ਤੇ ਇਹ ਕੈਂਪੇਅਨ ਲਾਂਚ ਕੀਤੀ ਗਈ ਹੈ, ਜਿਸਦੇ ਨਾਲ ਇਕ ਫੋਨ ਨੰਬਰ 98991-00002, ਜਿਸਦੇ ਉੱਪਰ ਲੋਕ ਮਿਸ ਕਾਲ ਦੇ ਕੇ ਪਿੰਡ ਦੇ ਪਹਿਰੇਦਾਰ ਵਜੋਂ ਆਪਣੀ ਭੂਮਿਕਾ ਨਿਭਾ ਸਕਣਗੇ। ਸ੍ਰੀ ਧਵਨ ਨੇ ਕਿਹਾ ਕਿ ਸਰਕਾਰ ਵਲੋਂ ਲਾਂਚ ਕੀਤੀ ਗਈ ਐਪ ਰਾਹੀਂ ਲੋਕ ਆਪਣੇ ਇਲਾਕੇ ਵਿੱਚ ਨਸ਼ਾ ਤਸਕਰ ਦੀ ਜਾਣਕਾਰੀ ਵੀ ਸਾਂਝੀ ਕਰ ਸਕਦੇ ਹਨ ਅਤੇ ਇਸ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਸ੍ਰੀ ਧਵਨ ਨੇ ਕਿਹਾ ਕਿ ਨਸ਼ਾ ਮੁਕਤੀ ਮੋਰਚਾ ਦੇ ਮੈਂਬਰਾਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਇਸ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ।ਸ੍ਰੀ ਧਵਨ ਨੇ ਕਿਹਾ ਕਿ ਸਰਕਾਰ ਵਲੋਂ ਲਾਂਚ ਕੀਤੀ ਗਈ ਐਪ ਰਾਹੀਂ ਲੋਕ ਆਪਣੇ ਇਲਾਕੇ ਵਿੱਚ ਨਸ਼ਾ ਤਸਕਰ ਦੀ ਜਾਣਕਾਰੀ ਵੀ ਸਾਂਝੀ ਕਰ ਸਕਦੇ ਹਨ ਅਤੇ ਇਸ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਸ੍ਰੀ ਧਵਨ ਨੇ ਕਿਹਾ ਕਿ ਨਸ਼ਾ ਮੁਕਤੀ ਮੋਰਚਾ ਦੇ ਮੈਂਬਰਾਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਇਸ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ।

==-

# ਖ਼ਾਲਸਾ ਕਾਲਜ ਵੈਟਰਨਰੀ ਵਿਖੇ ਵਾਈਟ ਕੋਟ ਸਮਾਰੋਹ ਕਰਵਾਇਆ

ਅੰਮ੍ਰਿਤਸਰ, 26 ਫਰਵਰੀ (ਗੁਰਦਿਆਲ ਸਿੰਘ/ਬਬਲੂ ਮਹਜਨ ) :ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਵਿਖੇ ਵੈਟਰਨਰੀ ਪੇਸ਼ੇ 'ਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਦੇ ਰਸਮੀ ਪ੍ਰਵੇਸ਼ ਸਬੰਧੀ 'ਵਾਈਟ ਕੋਟ ਸਮਾਰੋਹ' ਕਰਵਾਇਆ ਗਿਆ। ਇਸ ਸਮਾਰੋਹ 'ਚ ਕਾਲਜ ਪ੍ਰਿੰਸੀਪਲ ਡਾ. ਐੱਚ. ਕੇ. ਵਰਮਾ ਵੱਲੋਂ ਪਹਿਲੇ ਸਾਲ ਬੀ. ਵੀ. ਐੱਸ. ਸੀ. ਅਤੇ ਏ. ਐੱਚ. ਡਿਗਰੀ ਕੋਰਸ ਦੇ 100 ਵਿਦਿਆਰਥੀਆਂ ਨੂੰ ਚਿੱਟੇ ਕੋਟ (ਵਾਈਟ ਕੋਟ) ਭੇਟ ਕੀਤੇ ਗਏ।ਇਸ ਮੌਕੇ ਪ੍ਰਿੰ: ਡਾ. ਵਰਮਾ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਚਿੱਟਾ ਕੋਟ ਪਹਿਨਣ ਵਾਲੇ ਨੂੰ ਇਕ ਸਿਖਲਾਈ ਪ੍ਰਾਪਤ ਵੈਟਰਨਰੀ ਵਜੋਂ ਪਛਾਣ ਦਿੰਦਾ ਹੈ। ਉਨ੍ਹਾਂ ਕਿਹਾ ਕਿ ਜਿਵੇਂ ਕਿ ਤੁਸੀਂ ਪਹਿਨਦੇ ਹੋ, ਇਹ ਕੋਟ ਤੁਹਾਡੇ ਮੋਢਿਆਂ 'ਤੇ ਇਸ ਚਿੱਟੇ ਕੋਟ ਦੀ ਸ਼ਾਨ, ਸਨਮਾਨ ਅਤੇ ਮਹੱਤਤਾ ਨੂੰ ਬਣਾਈ ਰੱਖਣ ਲਈ ਜ਼ਿੰਮੇਵਾਰੀਆਂ ਲਿਆਉਂਦਾ ਹੈ। ਉਨ੍ਹਾਂ ਨੇ ਇਸ ਨਾਲ ਜੁੜੀਆਂ ਜ਼ਿੰਮੇਵਾਰੀਆਂ 'ਤੇ ਜ਼ੋਰ ਦਿੰਦਿਆਂ ਪਸ਼ੂਆਂ ਦੇ ਡਾਕਟਰਾਂ ਨੂੰ ਜਾਨਵਰਾਂ ਦੀ ਸਿਹਤ ਅਤੇ ਭਲਾਈ ਦੇ ਰੱਖਿਅਕ ਵਜੋਂ ਫਰਜ਼ਾਂ ਸਬੰਧੀ ਵਿਸਥਾਰਪੂਰਵਕ ਚਾਨਣਾ ਪਾਇਆ। ਇਸ ਮੌਕੇ ਡਾ. ਵਰਮਾ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਹਾਸੀਏ 'ਤੇ ਰਹਿੰਦੇ, ਬੇਜ਼ਮੀਨ ਅਤੇ ਛੋਟੇ ਕਿਸਾਨਾਂ ਦੀ ਸੇਵਾ ਕਰਨ ਤੋਂ ਕਦੇ ਵੀ ਪਿਛਾਂਹ ਨਾ ਹੱਟਣ, ਕਿਉਂਕਿ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਮੁੱਖ ਸਰੋਤ ਪਸ਼ੂ-ਧਨ ਹੀ ਹੁੰਦਾ ਹੈ।ਇਸ ਵਿਸ਼ੇਸ਼ ਸਮਾਗਮ ਦੀ ਪ੍ਰਧਾਨਗੀ ਪ੍ਰਿੰ: ਡਾ. ਵਰਮਾ ਨੇ ਐਨਾਟੋਮੀ ਮੁਖੀ ਡਾ. ਏ. ਡੀ. ਪਾਟਿਲ, ਫਿਜ਼ੀਓਲੋਜੀ ਮੁਖੀ ਡਾ. ਨਰੇਸ਼ ਕੁਮਾਰ, ਐਲ. ਪੀ. ਐਮ. ਮੁਖੀ ਡਾ. ਐਸ.ਐਸ. ਚੋਪਾਡੇ ਅਤੇ ਪਹਿਲੇ ਸਾਲ ਦੇ ਹੋਰ ਫੈਕਲਟੀ ਮੈਂਬਰਾਂ ਦੀ ਮੌਜੂਦਗੀ 'ਚ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਸਮਾਜ ਦੀਆਂ ਉਮੀਦਾਂ ਅਤੇ ਪਸ਼ੂਆਂ ਦੇ ਪੇਸ਼ਿਆਂ ਲਈ ਢੁਕਵੀਆਂ ਜ਼ਿੰਮੇਵਾਰੀਆਂ ਸਬੰਧੀ ਸਲਾਹ ਦਿੰਦਿਆਂ ਕਿਹਾ ਕਿ ਚਿੱਟਾ ਕੋਟ ਸਿਰਫ਼ ਇਕ ਪਹਿਰਾਵਾ ਨਹੀਂ, ਸਗੋਂ ਵੈਟਰਨਰੀ ਅਤੇ ਪਸ਼ੂ ਪਾਲਣ ਖੇਤਰ 'ਚ ਉਤਕ੍ਰਿਸ਼ਟਤਾ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਹ ਮਾਰਗ ਕੇਵਲ ਗਿਆਨ ਪ੍ਰਾਪਤ ਕਰਨ ਦਾ ਨਹੀਂ, ਬਲਕਿ ਦਇਆ, ਸਮਰਪਣ ਅਤੇ ਸੇਵਾ ਭਾਵਨਾ ਨੂੰ ਅਪਨਾਉਣ ਦਾ ਹੈ।ਡਾ. ਵਰਮਾ ਨੇ ਕਿਹਾ ਕਿ ਇਸ ਮੌਕੇ ਵਿਦਿਆਰਥੀਆਂ ਨੂੰ ਪਸ਼ੂਆਂ, ਪੋਲਟਰੀ ਦੀ ਸਿਹਤ, ਭਲਾਈ, ਰੱਖਿਆ ਕਰਨ ਅਤੇ ਉਨ੍ਹਾਂ ਨੂੰ ਪੀੜਾ ਤੋਂ ਮੁਕਤ ਕਰਨ ਸਬੰਧੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਮੈਨੇਜਿੰਗ ਡਾਇਰੈਕਟਰ ਡਾ. ਐਸ. ਕੇ. ਨਾਗਪਾਲ ਨੇ ਵਿਦਿਆਰਥੀਆਂ ਨੂੰ ਚਿੱਟਾ ਕੋਟ ਪ੍ਰਾਪਤ ਕਰਨ 'ਤੇ ਵਧਾਈ ਦਿੰਦਿਆਂ ਇਸਦੀ ਸ਼ਾਨ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਪਾਟਿਲ ਨੇ ਪ੍ਰਿੰ: ਡਾ. ਵਰਮਾ ਦਾ ਸਵਾਗਤ ਕੀਤਾ, ਜਦੋਂ ਕਿ ਡਾ. ਅਨੁਸ਼੍ਰੀ ਪਾਂਡੇ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।

# ਵਿਧਾਇਕ ਡਾ. ਨਿੱਝਰ ਨੇ ਨਵੀਂ ਸੀਵਰੇਜ਼ ਪਾਈਪ ਲਾਈਨ ਦੇ ਨਿਰਮਾਣ ਦਾ ਉਦਘਾਟਨ ਕੀਤਾ

ਅੰਮ੍ਰਿਤਸਰ, 26 ਫਰਵਰੀ (ਬਬਲੂ ਮਹਾਜਨ) : ਵਿਧਾਨ ਸਭਾ ਹਲਕਾ ਅੰਮ੍ਰਿਤਸਰ (ਦੱਖਣੀ) ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਵੱਲੋਂ ਅੰਮ੍ਰਿਤਸਰ ਸ਼ਹਿਰ ਦੇ ਵਾਰਡ ਨੰਬਰ 45 ਅਤੇ 50 ਸ਼ਰਮਾ ਕਲੋਨੀ ਵਿਖੇ ਨਵੀਂ ਸੀਵਰੇਜ਼ ਪਾਈਪ ਲਾਈਨ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ ਗਿਆ। ਇਸ ਵਿਕਾਸ ਕਾਰਜ ਦਾ ਉਦਘਾਟਨ ਕਰਦਿਆਂ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਨੇ ਕਿਹਾ ਕਿ ਇਹ ਪ੍ਰੋਜੈਕਟ ਇਲਾਕੇ ਵਿੱਚ ਸਫ਼ਾਈ ਪ੍ਰਬੰਧ ਨੂੰ ਮਜ਼ਬੂਤ ਕਰੇਗਾ ਅਤੇ ਇਹ ਨਿਵਾਸੀਆਂ ਨੂੰ ਬਿਹਤਰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗਾ। ਇਸ ਮੌਕੇ ਹਾਜ਼ਰ ਇਲਾਕਾ ਨਿਵਾਸੀਆਂ ਨਾਲ ਗੱਲ ਕਰਦਿਆਂ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਅਮ੍ਰਿਤਸਰ ਦੱਖਣੀ ਦੇ ਵਿਕਾਸ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਇਸ ਨੂੰ ਵਿਕਾਸ ਵਰ੍ਹੇ ਵਜੋਂ ਮਨਾਉਂਦਿਆਂ ਹਲਕੇ ਵਿੱਚ ਵਿਕਾਸ ਦੇ ਨਵੇਂ ਅਯਾਮ ਕਾਇਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਗੁਰੂ ਨਗਰੀ ਅੰਮ੍ਰਿਤਸਰ ਪੂਰੀ ਦੁਨੀਆਂ ਵਿੱਚ ਆਪਣੀ ਖਾਸ ਥਾਂ ਰੱਖਦੀ ਹੈ ਅਤੇ ਦੁਨੀਆਂ ਭਰ ਵਿੱਚੋਂ ਸ਼ਰਧਾਲੂ ਏਥੇ ਆਪਣੀ ਅਕੀਦਤ ਭੇਟ ਕਰਨ ਆਉਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਏਥੇ ਦੇ ਵਸਨੀਕਾਂ ਲਈ ਸਾਰੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ ਓਥੇ ਇਹ ਯਤਨ ਵੀ ਕੀਤੇ ਜਾ ਰਹੇ ਹਨ ਕਿ ਇਸ ਸ਼ਹਿਰ ਵਿੱਚ ਆਉਣ ਵਾਲੇ ਸ਼ਰਧਾਲੂਆਂ ਨੂੰ ਵੀ ਕੋਈ ਪਰੇਸ਼ਾਨੀ ਨਾ ਹੋਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਫ਼ਾਈ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ ਅਤੇ ਨਗਰ ਨਿਗਮ ਦੀਆਂ ਟੀਮਾਂ ਇਸ ਕੰਮ ਉੱਪਰ ਲੱਗੀਆਂ ਹੋਈਆਂ ਹਨ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਸ਼ਹਿਰ ਦੀ ਸਫ਼ਾਈ ਰੱਖਣ ਵਿੱਚ ਆਪਣਾ ਮੋਹਰੀ ਯੋਗਦਾਨ ਪਾਉਣ।ਇਸੇ ਦੌਰਾਨ ਵਾਰਡ ਨੰਬਰ 45 ਅਤੇ 50 ਸ਼ਰਮਾ ਕਲੋਨੀ ਦੇ ਨਿਵਾਸੀਆਂ ਨੇ ਨਵੀਂ ਸੀਵਰੇਜ ਪਾਈਪ ਲਾਈਨ ਦੇ ਪ੍ਰੋਜੈਕਟ ਲਈ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਦਾ ਧੰਨਵਾਦ ਕੀਤਾ।

# ਸ਼੍ਰੋਮਣੀ ਕਮੇਟੀ ਦੇ ਸਕੂਲਾਂ ਵਿੱਚ ਨਰਸਰੀ ਵਿੰਗ ਲਈ ਬਚਪਨ ਪ੍ਰੋਜੈਕਟ ਖੇਡ ਪ੍ਰਣਾਲੀ ਲਾਗੂ

## ਸਕੱਤਰ ਵਿੱਦਿਆ ਵੱਲੋਂ ਸਕੂਲ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ

ਅੰਮ੍ਰਿਤਸਰ, 26 ਫ਼ਰਵਰੀ:(ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਰਾਮਸਰ ਰੋਡ ਵਿਖੇ ਸਕੱਤਰ ਵਿੱਦਿਆ ਸ੍ਰ. ਸੁਖਮਿੰਦਰ ਸਿੰਘ ਨੇ ਸਕੂਲ ਵਿੱਚ ਚੱਲ ਰਹੇ ਸਿੱਖਿਆ ਅਤੇ ਵਿਕਾਸ ਕਾਰਜਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ। ਇਸ ਦੌਰੇ ਦਾ ਮਕਸਦ ਸਕੂਲ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਹੋਰ ਉੱਚਾ ਚੁੱਕਣਾ ਅਤੇ ਵਿਦਿਆਰਥੀਆਂ ਨੂੰ ਆਧੁਨਿਕ ਪੱਧਰ ਦੀ ਪੜ੍ਹਾਈ ਪ੍ਰਦਾਨ ਕਰਨਾ ਸੀ।ਇਸ ਮੌਕੇ ਪ੍ਰਿੰਸੀਪਲ ਮਮਤਾ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖੀ ਅਤੇ ਸਿੱਖਿਆ ਦੇ ਪ੍ਰਚਾਰ-ਪਸਾਰ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਸੀ.ਆਈ.ਸੀ.ਐਸ.ਈ ਪੱਧਰ ਦੀ ਪੜ੍ਹਾਈ ਸ਼ੁਰੂ ਕਰਨ ਲਈ ਪ੍ਰਬੰਧ ਕੀਤੇ ਜਾ ਰਹੇ ਹਨ, ਤਾਂ ਜੋ ਵਿਦਿਆਰਥੀਆਂ ਨੂੰ ਮਿਆਰੀ ਅਤੇ ਮੁਕਾਬਲਾਤਮਕ ਸਿੱਖਿਆ ਪ੍ਰਾਪਤ ਹੋ ਸਕੇ। ਇਸ ਮੌਕੇ ਪੁਰ ਸਕੱਤਰ ਵਿੱਦਿਆ ਸ੍ਰ. ਸੁਖਮਿੰਦਰ ਸਿੰਘ ਵੱਲੋਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਕੂਲਾਂ ਵਿੱਚ ਨਰਸਰੀ ਵਿੰਗ ਲਈ ਬਚਪਨ ਪ੍ਰੋਜੈਕਟ ਖੇਡ ਪ੍ਰਣਾਲੀ ਲਾਗੂ ਕਰਨ ਹਿੱਤ ਲਗਭਗ 50 ਲੱਖ ਰੁਪਏ ਦਾ ਸਮਾਨ ਜਾਰੀ ਗਿਆ,ਜੋ ਛੋਟੇ ਬੱਚਿਆਂ ਨੂੰ ਖੇਡ-ਖੇਡ ਵਿੱਚ ਸਿੱਖਿਆ ਦਿੰਦਾ ਹੈ, ਜੋ ਕਿ ਸਿਰਫ਼ ਕਿਤਾਬਾਂ ਨਹੀਂ, ਸਗੋਂ ਵਿਗਿਆਨ, ਕਲਾ, ਕਹਾਣੀਆਂ, ਗਾਣਿਆਂ ਅਤੇ ਖੇਡਾਂ ਰਾਹੀਂ ਸਿਖਾਇਆ ਜਾਂਦਾ ਹੈ।ਜਿਸ ਨਾਲ ਬੱਚੇ ਦਾ ਸਰੀਰਕ ਪੱਖ ਤੋਂ ਵਿਕਾਸ ਤਾਂ ਹੁੰਦਾ ਹੀ ਹੈ ਪ੍ਰੰਤੂ ਬਚਾ ਮਾਨਸਿਕ ਰੂਪ ਵਿੱਚ ਵੀ ਪੂਰਾ ਵਿਕਸਤ ਹੁੰਦਾ ਹੈ।ਇਸ ਪ੍ਰੋਜੈਕਟ ਦਾ ਮੁੱਖ ਮਕਸਦ ਬੱਚਿਆਂ ਦੀ ਸੋਚਣ ਸ਼ਕਤੀ, ਬੋਲਣ ਦੀ ਕਲਾ ਅਤੇ ਜ਼ਿੰਦਗੀ ਦੇ ਹੁਨਰਾਂ ਨੂੰ ਨਿਖਾਰਨਾ ਤਾਂ ਜੋ ਉਹਨਾਂ ਦਾ ਭਵਿੱਖ ਵਧੀਆ ਹੋ ਸਕੇ.ਸਕੱਤਰ ਵਿੱਦਿਆ ਸ੍ਰ. ਸੁਖਮਿੰਦਰ ਸਿੰਘ ਦੀ ਅਗਵਾਈ ਹੇਠ ਸਕੂਲ ਦੀ ਬਿਲਡਿੰਗ ਦੀ ਰੈਨੋਵੇਸ਼ਨ ਸਬੰਧੀ ਵੀ ਚਰਚਾ ਕੀਤੀ ਗਈ। ਇਸ ਲਈ ਬਿਲਡਿੰਗ ਵਿਭਾਗ ਦੇ ਐਕਸੀਅਨ ਸ੍ਰ. ਜਤਿੰਦਰਪਾਲ ਸਿੰਘ, ਸੁਖਵਿੰਦਰ ਸਿੰਘ, ਐਸ.ਡੀ.ਓ. ਸ੍ਰ. ਸੁਖਬੀਰ ਸਿੰਘ ਅਤੇ ਜੇ.ਈ. ਸਿਮਰਨਜੀਤ ਸਿੰਘ ਨਾਲ ਵਿਸਥਾਰਪੂਰਵਕ ਗੱਲਬਾਤ ਹੋਈ। ਉਨ੍ਹਾਂ ਨੇ ਇਮਾਰਤ ਦੀ ਮਜ਼ਬੂਤੀ, ਸੁੰਦਰਤਾ ਅਤੇ ਆਧੁਨਿਕ ਸਹੂਲਤਾਂ ਦੇ ਵਿਸਤਾਰ 'ਤੇ ਜ਼ੋਰ ਦਿੱਤਾ।ਇਸ ਮੌਕੇ ਆਈ ਏ ਵਿਦਿਆ ਸ੍ਰ. ਮਨਿੰਦਰ ਮੋਹਨ ਸਿੰਘ, ਪ੍ਰਭਜੋਤ ਕੌਰ ਅਧਿਆਪਕਾ, ਸੰਦੀਪ ਕੌਰ ਅਧਿਆਪਕਾ ਅਤੇ ਜੈਪਾਲ ਸਿੰਘ ਅਕਾਊਂਟੈਂਟ ਵੀ ਮੌਜੂਦ ਸਨ। ਸ਼੍ਰੋਮਣੀ ਕਮੇਟੀ ਦੇ ਇਸ ਉਪਰਾਲੇ ਨੂੰ ਸਕੂਲ ਦੀ ਤਰੱਕੀ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ।ਉਨ੍ਹਾਂ ਨੇ ਇਮਾਰਤ ਦੀ ਮਜ਼ਬੂਤੀ, ਸੁੰਦਰਤਾ ਅਤੇ ਆਧੁਨਿਕ ਸਹੂਲਤਾਂ ਦੇ ਵਿਸਤਾਰ 'ਤੇ ਜ਼ੋਰ ਦਿੱਤਾ।ਇਸ ਮੌਕੇ ਆਈ ਏ ਵਿਦਿਆ ਸ੍ਰ. ਮਨਿੰਦਰ ਮੋਹਨ ਸਿੰਘ, ਪ੍ਰਭਜੋਤ ਕੌਰ ਅਧਿਆਪਕਾ, ਸੰਦੀਪ ਕੌਰ ਅਧਿਆਪਕਾ ਅਤੇ ਜੈਪਾਲ ਸਿੰਘ ਅਕਾਊਂਟੈਂਟ ਵੀ ਮੌਜੂਦ ਸਨ। ਸ਼੍ਰੋਮਣੀ ਕਮੇਟੀ ਦੇ ਇਸ ਉਪਰਾਲੇ ਨੂੰ ਸਕੂਲ ਦੀ ਤਰੱਕੀ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

# ਪੰਜਾਬ ਸਰਕਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਸਬੰਧੀ ਰਜਿਸਟਰੇਸ਼ਨ ਨੂੰ ਹੋਰ ਸੌਖਾ ਬਣਾਇਆ : ਚੇਅਰਮੈਨ ਛੀਨਾ

ਅੰਮ੍ਰਿਤਸਰ, 26 ਫਰਵਰੀ (ਗੁਰਦਿਆਲ ਸਿੰਘ ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਨੇ ਆਪਣੀ ਪ੍ਰਮੁੱਖ ਮੁੱਖ ਮੰਤਰੀ ਸਿਹਤ ਯੋਜਨਾ (ਐਮਐਮਐਸਵਾਈ) ਸਬੰਧੀ ਰੁਕਾਵਟਾਂ ਨੂੰ ਦੂਰ ਕਰਦਿਆਂ ਐਲਾਨ ਕੀਤਾ ਕਿ ਲੋਕ ਹੁਣ ਸੂਬੇ ਭਰ ਦੇ ਕਾਮਨ ਸਰਵਿਸ ਸੈਂਟਰਾਂ (ਸੀਐਸਸੀ) ਵਿੱਚ ਸਿਰਫ਼ ਆਧਾਰ ਅਤੇ ਵੋਟਰ ਆਈਡੀ ਨਾਲ ਤੁਰੰਤ ਮੌਕੇ 'ਤੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ. ਗੁਰਸ਼ਰਨ ਸਿੰਘ ਛੀਨਾ ਨੇ ਦੱਸਿਆ ਕਿ ਹੁਣ ਕੋਈ ਵੀ ਪੰਜਾਬ ਨਿਵਾਸੀ, ਜਿਸ ਕੋਲ ਆਧਾਰ ਕਾਰਡ ਅਤੇ ਪੰਜਾਬ ਵੋਟਰ ਆਈਡੀ ਹੈ, ਉਹ ਇਸ ਯੋਜਨਾ ਵਿੱਚ ਨਾਮ ਦਰਜ ਕਰਵਾਉਣ ਲਈ ਕਿਸੇ ਵੀ ਕਾਮਨ ਸਰਵਿਸ ਸੈਂਟਰ (ਸੀਐਸਸੀ) ਜਾਂ ਨਿਰਧਾਰਤ ਰਜਿਸਟ੍ਰੇਸ਼ਨ ਕੈਂਪ ਵਿੱਚ ਜਾ ਸਕਦਾ ਹੈ।ਚੇਅਰਮੈਨ ਸ. ਗੁਰਸ਼ਰਨ ਸਿੰਘ ਛੀਨਾ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾਂ ਯੋਜਨਾ ਤਹਿਤ ਵੱਡੀਆਂ ਅਤੇ ਛੋਟੀਆਂ ਬਿਮਾਰੀਆਂ ਲਈ 10 ਲੱਖ ਰੁਪਏ ਤੱਕ ਦੀਆਂ ਸਾਰੀਆਂ ਦਵਾਈਆਂ ਅਤੇ ਟੈਸਟ ਮੁਫ਼ਤ ਹੋਣਗੇ। ਜਿਵੇਂ ਹੀ ਮਰੀਜ਼ ਹਸਪਤਾਲ ਵਿੱਚ ਦਾਖਲ ਹੁੰਦਾ ਹੈ, ਸਭ ਕੁਝ ਮੁਫ਼ਤ ਹੋਵੇਗਾ।

# 'ਆਪ' ਨੂੰ ਮਿਲਿਆ ਵੱਡਾ ਹੁੰਗਾਰਾ

ਬਾਜਾਖਾਨਾ, 26 ਫ਼ਰਵਰੀ (ਅਵਤਾਰ ਸਿੰਘ ਮੱਲਾ): ਬੀਤੇ ਦਿਨ ਆਮ ਆਦਮੀ ਪਾਰਟੀ ਹਲਕਾ ਜੈਤੋ ਦੇ ਪਿੰਡ ਮੱਲਾ ਦੀ ਰਾਜਨੀਤੀ ਵਿੱਚ ਵੱਡਾ ਧਮਾਕਾ ਹੋਇਆ ਜਿਸ ਵਿੱਚ ਕਾਂਗਰਸ ਨੂੰ ਛੱਡਕੇ ਐਮਐਲਏ

ਅਮੋਲਕ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ। ਇਸ ਦੌਰਾਨ ਹਲਕਾ ਵਿਧਾਇਕ ਅਮੋਲਕ ਸਿੰਘ ਨੇ ਸਰਪੰਚ ਅਮਰਜੀਤ ਕੌਰ ਅਤੇ ਉਨ੍ਹਾਂ ਦੇ ਮੈਂਬਰ ਸਾਥੀਆਂ ਦਾ ਆਮ ਆਦਮੀ ਪਾਰਟੀ ਵਿੱਚ ਸੁਆਗਤ ਕੀਤਾ। ਪਿੰਡ ਦੀ ਪੰਚਾਇਤ ਅਮਰਜੀਤ ਕੌਰ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਤੇ ਆਪ ਸਰਕਾਰ ਦੀਆਂ ਨੀਤੀਆਂ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਗਰੀਬਾਂ ਦੀ ਭਲਾਈ ਲਈ ਬਿਜਲੀ ਦੀਆਂ 600 ਯੂਨਿਟਾਂ ਮੁਆਫ ਕੀਤੀਆਂ, 63000 ਤੋਂ ਜ਼ਿਆਦਾ ਬਿਨਾਂ ਸਿਫਾਰਸ਼ ਤੋਂ ਸਰਕਾਰੀ ਨੌਕਰੀਆਂ ਦਿੱਤੀਆਂ, ਆਧੁਨਿਕ ਸਕੂਲ ਬਣਵਾਏ, ਨਸ਼ਿਆਂ ਦੇ ਖਾਤਮੇ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਅਤੇ ਹੁਣ ਲੋਕਾਂ ਦੀ ਭਲਾਈ ਲਈ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ 10 ਲੱਖ ਤੱਕ ਦਾ ਮੁਫ਼ਤ ਇਲਾਜ ਮੁਹੱਇਆ ਕਰਵਾਇਆ ਜਾ ਰਿਹਾ ਹੈ ਜਿਸ ਨਾਲ ਕਿਸੇ ਵੀ ਆਮ ਘਰ ਦੇ ਵਿਅਕਤੀ ਨੂੰ ਬਿਮਾਰੀ ਦੌਰਾਨ ਪੈਸੇ ਪੱਖੋਂ ਕੋਈ ਤੰਗੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਸਰਪੰਚ ਅਮਰਜੀਤ ਕੌਰ ਅਤੇ ਉਸਦੇ ਮੈਂਬਰ ਸਾਥੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ, ਐਮਐਲਏ ਅਮੋਲਕ ਸਿੰਘ ਤੇ ਸਮੁੱਚੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਧੰਨਵਾਦ ਕੀਤਾ ਕਿ ਸਰਕਾਰ ਦੇ ਕਾਰਜਕਾਲ ਵਿੱਚ ਬਹੁਤ ਸਾਰੇ ਲੋਕ ਪੱਖੀ ਫੈਸਲੇ ਕੀਤੇ ਜਾ ਰਹੇ ਹਨ। ਇਸ ਸਮੇਂ ਐਮਐਲਏ ਅਮੋਲਕ ਸਿੰਘ ਨੇ ਕਿਹਾ ਕਿ ਪਿੰਡ ਮੱਲਾ ਦੀ ਪੰਚਾਇਤ ਨੂੰ ਪਿੰਡ ਦੇ ਵਿਕਾਸ ਲਈ ਗ੍ਰਾਂਟਾਂ ਪੱਖੋਂ ਕੋਈ ਵੀ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਪਰਵਿੰਦਰ ਸਿੰਘ ਮੱਲਾ ਜ਼ਿਲ੍ਹਾ ਪ੍ਰਧਾਨ ਸੋਸ਼ਲ ਮੀਡੀਆ ਵਿੰਗ ਫਰੀਦਕੋਟ ਅਤੇ ਵਿਧਾਨ ਸਭਾ ਕਮੇਟੀ ਮੈਂਬਰ ਕਾਨੂੰਨੀ ਵਿੰਗ ਜੈਤੋ, ਹਲਕਾ ਸੰਗਠਨ ਇੰਚਾਰਜ ਗੋਬਿੰਦਰ ਸਿੰਘ ਵਾਲੀਆ, ਚੇਅਰਮੈਨ ਡਾ. ਲਛਮਣ ਸ਼ਰਮਾ ਮਾਰਕਿਟ ਕਮੇਟੀ ਜੈਤੋ, ਇਕਬਾਲ ਸਿੰਘ ਡੋਡ ਟਰੱਕ ਯੂਨੀਅਨ ਪ੍ਰਧਾਨ ਬਾਜਾਖਾਨਾ, ਸਰਪੰਚ ਅਮਰਜੀਤ ਕੌਰ ਮੱਲਾ, ਸਰਪੰਚ ਗੁਰਦੀਪ ਸਿੰਘ ਕੋਠੇ ਹਰੀ ਸਿੰਘ ਮੱਲਾ, ਸਰਪੰਚ ਜਸਪਾਲ ਸਿੰਘ ਭੁੱਲਰ ਮੱਲਾ ਖੁਰਦ, ਰਵਿੰਦਰ ਸਿੰਘ ਮੱਲਾ ਜ਼ਿਲ੍ਹਾ ਸਕੱਤਰ ਯੂਥ ਵਿੰਗ ਫਰੀਦਕੋਟ, ਪੰਚਾਇਤ ਮੈਂਬਰ ਗੱਗੀ ਸਿੰਗਲਾ, ਚਰਨਜੀਤ ਸਿੰਘ ਚਰਨੀ, ਚਮਕੌਰ ਸਿੰਘ ਕੌਰੀ, ਕੇਵਲ ਸਿੰਘ, ਸੁਖਦੀਪ ਸਿੰਘ ਸੀਪਾ, ਜਸਕਰਨ ਸਿੰਘ ਕਰਨਾ, ਅਮਰਜੀਤ ਸਿੰਘ ਮੱਲਾ, ਡਾਕਟਰ ਜਸਵੀਰ ਸਿੰਘ, ਗੁਰਮੀਤ ਸਿੰਘ ਮੁੰਡੀ, ਜਗਪਾਲ ਸਿੰਘ, ਅੰਗਰੇਜ਼ ਸਿੰਘ, ਅਰਸ਼ਦੀਪ ਸਿੰਘ, ਕੁਲਵਿੰਦਰ ਕੌਰ, ਮੈਂਬਰ ਸਰਬਜੀਤ ਕੌਰ, ਸੁਖਵਿੰਦਰ ਕੌਰ, ਬਿੱਲੂ ਮੈਂਬਰ, ਇਕਬਾਲ ਸਿੰਘ ਨਹਿਰੂ, ਬਘੇਰਾ ਸਿੰਘ, ਮਲਕੀਤ ਸਿੰਘ, ਸ਼ਮਸ਼ੇਰ ਸਿੰਘ ਸੇਰੀ, ਅਤੇ ਰਾਜੂ ਸਿੰਘ ਹਾਜ਼ਰ ਰਹੇ।

# ਸੰਗਰੂਰ ਪੁਲਿਸ ਨੇ ਗੁੰਝਲਦਾਰ ਕਤਲ ਦੀ ਗੁੱਥੀ ਸੁਲਝਾਈ; 1 ਦੋਸ਼ੀ ਕਾਬੂ

ਸੰਗਰੂਰ, 26 ਫ਼ਰਵਰੀ (ਹਰਕੰਵਲ ਸਿੰਘ ਹੈਪੀ): ਐਸ.ਐਸ.ਪੀ ਸੰਗਰੂਰ ਸਰਤਾਜ ਸਿੰਘ ਚਾਹਲ (ਆਈ.ਪੀ.ਐਸ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਗਰੂਰ ਪੁਲਿਸ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਥਾਣਾ ਖਨੌਰੀ ਦੇ ਖ਼ੇਤਰ ਵਿੱਚ ਕਰੀਬ ਢਾਈ ਮਹੀਨੇ ਪਹਿਲਾਂ ਹੋਏ ਕਤਲ ਦੀ ਗੁੱਥੀ ਨੂੰ ਸੁਲਝਾਉਂਦੇ ਹੋਏ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਐਸ.ਐਸ.ਪੀ ਨੇ ਦੱਸਿਆ ਕਿ ਮਿਤੀ 25 ਨਵੰਬਰ 2025 ਨੂੰ ਕ੍ਰਿਸ਼ਨ ਸਿੰਘ ਪੁੱਤਰ ਪ੍ਰਿਥੀ ਸਿੰਘ ਵਾਸੀ ਰਾਮਗੜ੍ਹ ਗੁਜਰਾਂ, ਥਾਣਾ ਖਨੌਰੀ ਦੀ ਪਿੰਡ ਦੇ ਖੇਤ ਵਿੱਚ ਬਣੀ ਪਾਣੀ ਵਾਲੀ ਖੇਲ ਵਿੱਚੋਂ ਲਾਸ਼ ਮਿਲੀ ਸੀ, ਜਿਸਦੀ ਮੌਤ ਉਸ ਸਮੇਂ ਕੁਦਰਤੀ ਅਤੇ ਅਚਾਨਕ ਪਾਣੀ ਵਿਚ ਡੁੱਬਣ ਕਾਰਨ ਜਾਪਣ ਕਰਕੇ ਉਸਦਾ ਸੰਸਕਾਰ ਕਰ ਦਿੱਤਾ ਗਿਆ ਸੀ । ਫਿਰ ਕਰੀਬ ਡੇਢ ਮਹੀਨੇ ਬਾਅਦ ਟਾਟਾ ਏਆਈਏ ਲਾਈਫ ਇੰਸ਼ੋਰੈਂਸ ਕੰਪਨੀ ਵੱਲੋਂ ਇੱਕ ਬੀਮੇ ਦੀ ਪਾਲਿਸੀ ਡਾਕ ਰਾਹੀਂ ਮ੍ਰਿਤਕ ਦੇ ਘਰ ਦੇ ਪਤੇ 'ਤੇ ਆਈ ਜੋ ਮ੍ਰਿਤਕ ਕ੍ਰਿਸ਼ਨ ਦੇ ਨਾਮ 'ਤੇ ਸੀ ਤੇ ਮਿਤੀ 19 ਨਵੰਬਰ 2025 ਨੂੰ ਇਹ ਪਾਲਿਸੀ ਕਰਵਾਈ ਗਈ ਸੀ, ਜਿਸ ਵਿੱਚ ਨੌਮਿਨੀ ਸੋਨੂੰ ਲਿਖਿਆ ਹੋਇਆ ਸੀ ਤੇ ਉਸਦੀ ਪਹਿਲੀ ਕਿਸ਼ਤ ਵੀ ਭਰੀ ਹੋਈ ਸੀ। ਜਿਸ ਤੋਂ ਕੁਝ ਸਮੇਂ ਬਾਅਦ ਹੀਰੋ ਫਾਇਨਾਂਸ ਕੰਪਨੀ ਭਵਾਨੀਗੜ੍ਹ ਤੋਂ ਕੁਝ ਮੁਲਾਜਮ ਮ੍ਰਿਤਕ ਦੇ ਘਰ ਆਏ ਤੇ ਉਨਾਂ ਦੱਸਿਆ ਕਿ ਕ੍ਰਿਸ਼ਨ ਉਕਤ ਨੇ ਉਨਾਂ ਪਾਸੋਂ ਇੱਕ ਸਕਾਰਪੀਓ ਗੱਡੀ 'ਤੇ ਲੋਨ ਕਰਵਾਇਆ ਹੈ, ਜਿਸਦੀ ਕ੍ਰਿਸ਼ਨ ਨੇ ਅਜੇ ਤੱਕ ਕਿਸ਼ਤ ਨਹੀ ਭਰੀ ਹੈ ਤੇ ਇਸ

ਲੋਨ 'ਤੇ ਵੀ ਇੱਕ ਬੀਮਾ ਕ੍ਰਿਸ਼ਨ ਉਕਤ ਦੇ ਨਾਮ 'ਤੇ ਕਰਵਾਇਆ ਹੋਇਆ ਹੈ ਜਿਸ ਵਿੱਚ ਵੀ ਨੌਮਿਨੀ ਸੋਨੂੰ ਉਕਤ ਹੈ ਤੇ ਇਹ ਲੋਨ ਸੋਨੂੰ ਪੁੱਤਰ ਮਦਨ ਲਾਲ ਤੇ ਉਸਦੇ ਦੋਸਤ ਗੁਰਪ੍ਰੀਤ ਸਿੰਘ ਉਰਫ ਸੋਨੀ ਪੁੱਤਰ ਸਹੇਲਾ ਰਾਮ ਵਾਸੀ ਰਾਮਗੜ੍ਹ ਗੁੱਜਰਾਂ ਨੇ ਹਮਸਵਰਾ ਹੋ ਕੇ ਕਰਵਾਇਆ ਗਿਆ ਸੀ। ਜਿਸ ਕਰਕੇ ਮ੍ਰਿਤਕ ਕ੍ਰਿਸ਼ਨ ਉਕਤ ਦੀ ਮੌਤ ਸਬੰਧੀ ਸ਼ੱਕ ਹੋਣ 'ਤੇ ਮੁਕੱਦਮਾ ਨੰਬਰ 18 ਮਿਤੀ 22.02.2026 ਅ/ਧ 103, 3(5) BNS ਥਾਣਾ ਖਨੌਰੀ ਬਰਖਿਲਾਫ ਸੋਨੂੰ ਅਤੇ ਗੁਰਪ੍ਰੀਤ ਸਿੰਘ ਉਰਫ ਸੋਨੀ ਉਕਤ ਵਾਸੀ ਰਾਮਗੜ੍ਹ ਗੁੱਜਰਾਂ, ਥਾਣਾ ਖਨੌਰੀ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਮੁਕੱਦਮਾ ਦੀ ਡੂੰਘਾਈ ਨਾਲ ਤਫਤੀਸ਼ ਅਮਲ ਵਿੱਚ ਲਿਆਉਣ ਸਬੰਧੀ ਦਵਿੰਦਰ ਅੱਤਰੀ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਯੋਗ ਅਗਵਾਈ ਹੇਠ ਦਲਜੀਤ ਸਿੰਘ ਵਿਰਕ ਉਪ ਕਪਤਾਨ ਪੁਲਿਸ (ਡਿਟੈਕਟਿਵ) ਸੰਗਰੂਰ ਅਤੇ ਸ੍ਰੀ ਜਸਕਰਨ ਸਿੰਘ, ਉਪ ਕਪਤਾਨ ਪੁਲਿਸ ਸਬ ਡਵੀਜਨ ਮੂਨਕ ਦੀ ਨਿਗਰਾਨੀ ਹੇਠ ਇੰਸਪੈਕਟਰ ਸੰਦੀਪ ਸਿੰਘ, ਇੰਚਾਰਜ ਸੀ.ਆਈ.ਏ ਸੰਗਰੂਰ ਤੇ ਥਾਣੇਦਾਰ ਬਾਬੂ ਸਿੰਘ, ਮੁੱਖ ਅਫਸਰ ਥਾਣਾ ਖਨੌਰੀ ਦੀਆਂ ਟੀਮਾਂ ਬਣਾ ਕੇ ਟੈਕਨੀਕਲ ਢੰਗ ਨਾਲ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

ਤਫਤੀਸ਼ ਦੌਰਾਨ 22 ਫਰਵਰੀ ਨੂੰ ਦੋਸ਼ੀ ਸੋਨੂੰ ਉਕਤ ਨੂੰ ਗ੍ਰਿਫਤਾਰ ਕਰਕੇ ਪੁੱਛ-ਗਿੱਛ ਕੀਤੀ ਗਈ। ਪੁੱਛ-ਗਿੱਛ ਦੌਰਾਨ ਦੋਸ਼ੀ ਸੋਨੂੰ ਨੇ ਮੰਨਿਆ ਕਿ ਕ੍ਰਿਸ਼ਨ ਉਕਤ ਦਾ ਵਿਆਹ ਨਹੀ ਹੋਇਆ ਸੀ, ਜੋ ਸ਼ਰਾਬ ਪੀਣ ਦਾ ਆਦੀ ਸੀ। ਸੋਨੂੰ ਤੇ ਉਸਦੇ ਦੋਸਤ ਗੁਰਪ੍ਰੀਤ ਸਿੰਘ ਉਰਫ ਸੋਨੀ ਨੇ ਸ਼ਾਜਿਸ ਤਹਿਤ ਕ੍ਰਿਸ਼ਨ ਉਕਤ ਦੇ ਨਾਮ 'ਤੇ 01.08.2025 ਨੂੰ ਯੈੱਸ ਬੈਂਕ ਟੋਹਾਣਾ ਵਿਖੇ ਖਾਤਾ ਖੁਲਵਾਇਆ ਸੀ, ਫਿਰ ਉਨ੍ਹਾਂ ਨੇ ਇੱਕ ਸਕਾਰਪੀਓ ਗੱਡੀ ਨੰਬਰ ਐਚ.ਆਰ 27-ਜੀ-8794 ਪੁਰਾਣੀ ਖਰੀਦ ਕੀਤੀ, ਜਿਸ 'ਤੇ ਹੀਰੋ ਫਿੰਕਰੋਪ ਲਿਮ. ਤੋਂ ਕ੍ਰਿਸ਼ਨ ਉਕਤ ਦੇ ਨਾਮ 'ਤੇ 8,12,538/- ਰੁਪਏ ਦਾ ਲੋਨ ਕਰਵਾਇਆ ਅਤੇ ਉਸ ਲੋਨ 'ਤੇ ਐਚਡੀਐੱਫਸੀ ਲਾਈਫ ਇਨਸ਼ੋਰੈਂਸ ਕੰਪਨੀ ਲਿਮ. ਤੋਂ ਮ੍ਰਿਤਕ ਕ੍ਰਿਸ਼ਨ ਦੇ ਨਾਮ 'ਤੇ ਬੀਮਾ ਕਰਾਇਆ, ਜਿਸਦਾ ਨੋਮਿਨੀ ਸੋਨੂੰ ਖੁੱਦ ਬਣ ਗਿਆ ਸੀ। ਫਿਰ ਉਨ੍ਹਾਂ ਨੇ ਕ੍ਰਿਸ਼ਨ ਉਕਤ ਦੇ ਨਾਮ 'ਤੇ 19.11.2025 ਨੂੰ ਟਾਟਾ ਏਆਈਏ ਲਾਈਫ ਇੰਸ਼ੋਰੈਂਸ ਕੰਪਨੀ ਤੋਂ 15 ਲੱਖ ਰੁਪਏ ਦਾ ਬੀਮਾ ਕਰਵਾਇਆ ਤੇ ਬੀਮੇ ਦੀ ਸਲਾਨਾ ਕਿਸ਼ਤ 1,35,223/- ਰੁਪਏ ਉਸਨੇ ਖੁਦ ਭਰੀ ਸੀ ਅਤੇ ਉਸਦਾ ਵੀ ਉਹ ਖੁਦ ਨੋਮਿਨੀ ਬਣ ਗਿਆ ਸੀ। ਫਿਰ ਉਹ ਤੇ ਉਸਦਾ ਦੋਸਤ ਗੁਰਪ੍ਰੀਤ ਸਿੰਘ ਉਰਫ ਸੋਨੀ ਉਕਤ ਮਿਤੀ 24.11.2025 ਦੀ ਸ਼ਾਮ ਨੂੰ ਕ੍ਰਿਸ਼ਨ ਨਾਲ ਇੱਕ ਮੋਟਰ ਤੇ ਬੈਠ ਕੇ ਤਿੰਨਾਂ ਨੇ ਪਹਿਲਾਂ ਇਕੱਠੇ ਸ਼ਰਾਬ ਪੀਤੀ ਤੇ ਜਦੋਂ ਕ੍ਰਿਸ਼ਨ ਸ਼ਰਾਬੀ ਹੋ ਗਿਆ ਤਾਂ ਦੋਵਾਂ ਨੇ ਕ੍ਰਿਸ਼ਨ ਨੂੰ ਪਾਣੀ ਵਾਲੀ ਖੇਲ ਵਿੱਚ ਮੂੰਹ ਡਬੋ ਕੇ ਉਸਦਾ ਕਤਲ ਕਰ ਦਿੱਤਾ ਤੇ ਮੌਕੇ ਤੋਂ ਭੱਜ ਗਏ। ਦੋਸ਼ੀ ਸੋਨੂੰ ਉਕਤ ਦਾ ਰਿਮਾਂਡ ਹਾਸਲ ਕਰਕੇ ਪੁੱਛ-ਗਿੱਛ ਕੀਤੀ ਗਈ, ਹੋਰ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਪ੍ਰੈਸ ਕਲੱਬ ਨੇ ਡਾਕਟਰੀ ਕੈਂਪ ਲਗਾਇਆ

ਮੂਨਕ, 26 ਫਰਵਰੀ (ਸਮਸ਼ੇਰ ਸਿੰਘ ਭੁਟਾਲ): ਸਥਾਨਕ ਅਗਰਵਾਲ ਧਰਮਸ਼ਾਲਾ ਵਿਖੇ ਪਬਲਿਕ ਯੂਨੀਸਨ ਫਾਰ ਸੋਸ਼ਲ ਹੈਲਪ (ਪੁਸ) ਨੇ ਪ੍ਰੈਸ ਕਲੱਬ ਮੂਨਕ ਦੇ ਸਹਿਯੋਗ ਨਾਲ ਅੱਖਾਂ, ਹੱਡੀਆਂ,ਜਰਨਲ ਰੋਗਾਂ ਦਾ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰੈਸ ਕਲੱਬ ਦੇ ਚੇਅਰਮੈਨ ਸੁਰਿੰਦਰ ਗਰਗ ਅਤੇ ਪ੍ਰਧਾਨ ਨਰੇਸ਼ ਤਨੇਜਾ ਨੇ ਦੱਸਿਆ ਕਿ ਕੈਂਪ ਦੌਰਾਨ ਵਿਸ਼ੇਸ਼ ਤੌਰ ਤੇ ਪਟਿਆਲਾ ਅਤੇ ਪੰਚਕੂਲਾ ਤੋਂ ਡਾਕਟਰਾਂ ਦੀ ਟੀਮ ਨੇ ਪਹੁੰਚ ਕੇ ਚੈੱਕ ਅੱਪ ਕੀਤਾ ਅਤੇ ਅੱਖਾਂ ਦੇ ਅਪਰੇਸ਼ਨ ਲਈ ਕਰੀਬ 40 ਮਰੀਜ਼ਾਂ ਨੂੰ ਚੁਣਿਆ ਗਿਆ। ਜਿੰਨਾ ਦੇ ਅਪਰੇਸ਼ਨ ਪਟਿਆਲਾ ਵਿਖੇ ਹਾਡਾ ਹਸਪਤਾਲ ਵਿੱਚ ਮੁਫਤ ਕੀਤੇ ਜਾਣਗੇ ਤੇ ਪ੍ਰੈਸ ਕਲੱਬ ਮੂਨਕ ਵੱਲੋਂ ਮਰੀਜ਼ਾਂ ਲਈ ਬੱਸ ਸੁਵਿਧ ਫ੍ਰੀ ਕੀਤੀ ਗਈ ਹੈ ਜੋਂ ਕਿ ਮੂਨਕ ਤੋਂ ਅਪਰੇਸ਼ਨ ਵਾਲੇ ਮਰੀਜ਼ਾਂ ਨੂੰ ਲੈ ਕੇ ਜਾਵੇਗੀ ਤੇ ਅਪਰੇਸ਼ਨ ਤੋਂ ਬਾਅਦ ਵਾਪਸ ਲੈਣ ਕੇ ਆਵੇਗੀ। ਕੈਂਪ ਦੌਰਾਨ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਪਹੁੰਚੇ ਐਸ ਡੀ ਐਮ ਮੂਨਕ ਰਾਕੇਸ਼ ਪ੍ਰਕਾਸ਼ ਗਰਗ, ਤਹਿਸੀਲਦਾਰ ਤਰਲੋਚਨ ਸਿੰਘ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦੀ ਭਰਜਾਈ ਸ੍ਰੀ ਕਾਂਤਾ ਗੋਇਲ ਪ੍ਰਧਾਨ ਨਗਰ ਕੌਂਸਲ ਲਹਿਰਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਗਗਨਦੀਪ ਸਿੰਘ ਖੰਡੇਬਾਦ, ਜਥੇਦਾਰ ਪ੍ਰਗਟ ਸਿੰਘ ਗਾਗਾ, ਜੰਗਲਾਤ ਵਿਭਾਗ ਦੇ ਬਲਾਕ ਅਫਸਰ ਗੁਰਪ੍ਰੀਤ ਕੌਰ, ਨੈਬ ਸਿੰਘ ਚੇਅਰ ਜ਼ਿਲ੍ਹਾ ਪਰਿਸ਼ਦ ਮੈਂਬਰ ਅਮੀਸ਼ਾ ਨੈਨ ਦੇ ਭਰਾ ਨਿਤੇਸ਼ ਨੈਨ ਨੇ ਸ਼ਿਰਕਤ ਕੀਤੀ ਸਾਰੇ ਮਹਿਮਾਨਾਂ ਨੇ ਪ੍ਰੈਸ ਕਲੱਬ ਵੱਲੋਂ ਲਗਾਏ ਗਏ ਕੈਂਪ ਦੀ ਪ੍ਰਸ਼ੰਸਾ ਕੀਤੀ ਕਿ ਲੋੜਵੰਦਾਂ ਲਈ ਮੈਡੀਕਲ ਸਹੂਲਤਾਂ ਲਈ ਕੈਂਪ ਲਗਾਉਣਾ ਬਹੁਤ ਹੀ ਵਧੀਆ ਤੇ ਸਮਾਜ ਭਲਾਈ ਦਾ ਕੰਮ ਹੈ। ਇਸ ਮੌਕੇ ਨੈਬ ਸਿੰਘ ਸਰਾਓ ਚੇਅਰਮੈਨ ਪੁਸ ਐਨ ਜੀ ਓ,ਸਮੂਹ ਪੱਤਰਕਾਰ ਭਾਈਚਾਰਾ, ਸ਼ਹਿਰ ਦੇ ਪਤਵੰਤੇ ਸੱਜਣ ਆਦਿ ਮੌਜੂਦ ਸਨ।

# ਰਾਹੁਲ ਗਾਂਧੀ ਦੀ ਬਰਨਾਲਾ ਰੈਲੀ ਹੋਵੇਗੀ ਇਤਿਹਾਸਕ : ਕੁਲਵੰਤ ਸਿੰਗਲਾ

ਝੁਨੀਰ, 26 ਫਰਵਰੀ (ਲਛਮਣ ਸਿੱਧੂ): ਕੇਂਦਰ ਦੀ ਭਾਜਪਾ ਸਰਕਾਰ ਤੋਂ ਅੱਜ ਹਰ ਵਰਗ ਦੁਖੀ ਹੈ, ਜਦੋਂ ਕਿ ਪੰਜਾਬ ਵਿਚ ਭਗਵੰਤ ਮਾਨ ਸਰਕਾਰ ਦੇ ਰਾਜ ਵਿਚ ਹਰ ਵਿਅਕਤੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ ਕਿਉਂਕਿ ਪੰਜਾਬ ਵਿਚ ਦਿਨ ਦਿਹਾੜੇ ਲੋਕਾਂ ਦੇ ਕਤਲ ਕੀਤੇ ਜਾ ਰਹੇ ਹਨ। ਇਸ ਗੱਲ ਦਾ ਪ੍ਰਗਟਾਵਾ ਰਾਹੁਲ ਗਾਂਧੀ ਦੀ 28 ਫਰਵਰੀ ਨੂੰ ਬਰਨਾਲਾ ਵਿਖੇ ਹੋਣ ਵਾਲੀ ਰੈਲੀ ਵਿਚ ਵਰਕਰਾਂ ਨੂੰ ਲਾਮਬੰਦ ਕਰਨ ਲਈ ਪਹੁੰਚੇ ਸਾਬਕਾ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਬੋਹਾ ਵਿਚ ਨਵੀਨ ਕਾਲਾ ਦੇ ਘਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮਨਰੇਗਾ ਨੂੰ ਬੰਦ ਕਰਕੇ ਮਜਦੂਰਾਂ ਦੇ ਪੇਟ ਵਿਚ ਲੱਤ ਮਾਰਨਾ ਚਾਹੁੰਦੀ ਹੈ ਪਰ ਕਾਂਗਰਸ ਇਸ ਨੂੰ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਸਮੇਂ ਜੰਗਲ ਦਾ ਰਾਜ ਚੱਲ ਰਿਹਾ ਹੈ। ਉਨ੍ਹਾਂ

ਵਰਕਰਾਂ ਤੇ ਮਜਦੂਰਾਂ ਨੂੰ ਸੱਦਾ ਦਿੱਤਾ ਕਿ ਉਹ ਰੈਲੀ ਵਿਚ ਵੱਡੇ ਪੱਧਰ ਤੇ ਭਾਗ ਲੈਣ ਤਾਂ ਕਿ ਕੇਂਦਰ ਸਰਕਾਰ ਨੂੰ ਸਬਕ ਸਿਖਾਇਆ ਜਾ ਸਕੇ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਨੇ ਕਿਹਾ ਕਿ ਇਹ ਰੈਲੀ ਇਕ ਇਤਿਹਾਸਕ ਸਾਬਿਤ ਹੋਵੇਗੀ। ਜਿਸ ਲਈ ਹਰ ਇਕ ਵਰਕਰ ਅਤੇ ਮਨਰੇਗਾ ਸਕੀਮ ਨਾਲ ਜੁੜਿਆ ਮਜਦੂਰ ਇਸ ਰੈਲੀ ਵਿਚ ਭਾਗ ਲੈਣ ਲਈ ਪੱਬਾਂ ਭਾਰ ਹੈ। ਉਨ੍ਹਾਂ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਪੱਧਰ ਤੇ ਹੀ ਹੁਣ ਲਾਮਬੰਦ ਕਰਨਾ ਸ਼ੁਰੂ ਕਰ ਦੇਣ ਤਾਂ ਕਿ ਰੈਲੀ ਨੂੰ ਹਰ ਪੱਖੋਂ ਕਾਮਯਾਬ ਕੀਤਾ ਜਾ ਸਕੇ। ਇਸ ਮੌਕੇ ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਆਉਣ ਵਾਲੀ ਸਰਕਾਰ ਕਾਂਗਰਸ ਪਾਰਟੀ ਦੀ ਹੋਵੇਗੀ।

ਇਸ ਮੌਕੇ ਐਡਵੋਕੇਟ ਯਸ਼ ਕੁਆਰਡੀਨੇਟਰ, ਮਾਈਕਲ ਗਾਗੋਵਾਲ, ਸੱਤਪਾਲ ਮੂਲੇਵਾਲਾ, ਹਰਬੰਸ ਖਿੱਪਲ, ਗੁਰਪ੍ਰੀਤ ਪਿਆਰੀ, ਪ੍ਰਦੀਪ ਬਿੱਟੂ, ਹਰਵਿੰਦਰ ਸਵੀਟੀ, ਨਵੀਨ ਕਾਲਾ, ਲਛਮਣ ਸਿੰਘ ਗੰਢੂਆ, ਜੀਵਨ ਬਰ੍ਹੇ, ਸ਼ਿੰਗਾਰਾ ਸਿੰਘ, ਵਿਸ਼ਾਲ ਗੋਇਲ, ਜੁੰਮਾ ਸਿੰਘ, ਪ੍ਰਦੀਪ, ਗੁਰਮੀਤ ਬਾਵਾ, ਭੋਲਾ ਸਿੰਘ, ਹਮੀਰ ਸਿੰਘ, ਵਿਜੇ ਗੋਇਲ ਆਦਿ ਵੀ ਹਾਜ਼ਰ ਸਨ।

# ਅਮਿਤ ਸ਼ਾਹ ਦੀ 14 ਮਾਰਚ ਦੀ ਮੋਗਾ ਰੈਲੀ ਨੂੰ ਲੈ ਕੇ ਪੰਜਾਬੀਆਂ 'ਚ ਵੱਡਾ ਉਤਸ਼ਾਹ : ਦਿਆਲ ਸੋਢੀ

ਸੰਗਰੂਰ, 26 ਫ਼ਰਵਰੀ (ਹਰਕੰਵਲ ਸਿੰਘ ਹੈਪੀ): ਭਾਰਤੀਯ ਜਨਤਾ ਪਾਰਟੀ ਦੇ ਸੂਬਾ ਜਨਰਲ ਸਕੱਤਰ ਅਤੇ ਜੋਨਲ ਪ੍ਰਭਾਰੀ ਦਿਆਲ ਸਿੰਘ ਸੋਢੀ ਨੇ ਵਿਧਾਨ ਸਭਾ ਹਲਕਾ ਸੰਗਰੂਰ ਦੇ 14 ਮਾਰਚ ਦੀ ਮੋਗਾ ਰੈਲੀ ਦੇ ਪ੍ਰਭਾਰੀ ਸਰਜੀਵਨ ਜਿੰਦਲ ਦੀ ਅਗਵਾਈ ਹੇਠ ਹੋਈ ਵਰਕਰਾਂ ਦੀ ਮੀਟਿੰਗ 'ਚ ਸ਼ਿਰਕਤ ਕਰਨ ਤੋਂ ਬਾਅਦ ਭਾਜਪਾ ਦੇ ਸੰਗਰੂਰ ਦਫ਼ਤਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਦੇਸ਼ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਮੋਗਾ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਨੂੰ ਲੈ ਕੇ ਪੰਜਾਬੀਆ 'ਚ ਵੱਡਾ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਇਸ ਰੈਲੀ 'ਚ ਲੋਕ ਵਹੀਰਾਂ ਘੱਤ 'ਕੇ ਸ਼ਿਰਕਤ ਕਰਨਗੇ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਜੀਵਨ ਗਰਗ, ਜਤਿੰਦਰ ਕਾਲੜਾ, ਉਂਕਾਰ ਸਿੰਘ ਸਿੱਧੂ, ਅਮਨ ਪੂਨੀਆਂ, ਵਿਕਰਮ ਪਾਲੀ ਤੇ ਗੁਰਤੇਜ ਸਿੰਘ ਝਨੇੜੀ ਨੇ ਵੀ ਵਿਸ਼ੇਸ ਤੌਰ 'ਤੇ ਸ਼ਿਰਕਤ ਕੀਤੀ। ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਦੀਪ ਗਰਗ ਨੇ

ਦੱਸਿਆ ਕਿ ਰੈਲੀ ਦੀਆਂ ਤਿਆਰੀਆਂ ਦੇ ਮੱਦੇਨਜਰ ਜ਼ਿਲ੍ਹਾ ਸੰਗਰੂਰ ਦੇ ਵਰਕਰਾਂ ਦੀਆਂ ਡਿਊਟੀਆ ਲਗਾ ਦਿੱਤੀਆ ਗਈਆਂ ਹਨ ਅਤੇ ਲੋਕਾਂ 'ਚ ਇਸ ਰੈਲੀ ਨੂੰ ਲੈ ਕੇ ਵੱਡਾ ਉਤਸ਼ਾਹ ਹੈ।

ਉਨ੍ਹਾ ਕਿਹਾ ਕਿ ਪੰਜਾਬ 'ਚ ਆਪ ਸਰਕਾਰ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਪੂਰੀਆਂ ਭਲਾਈ ਸਕੀਮਾਂ ਨੂੰ ਲਾਗੂ ਨਹੀਂ ਕਰ ਰਹੀ, ਜਿਸਦਾ ਖ਼ਮਿਆਜਾ ਪੰਜਾਬ ਦੇ ਲੋਕ ਭੁਗਤ ਰਹੇ ਹਨ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਲਈ ਬਹੁਤ ਵੱਡੀਆਂ ਭਲਾਈ ਸਕੀਮਾਂ ਚਲਾਈਆਂ ਜਾ ਰਹੀਆ ਹਨ। ਇਸ ਮੌਕੇ ਐਡਵੋਕੇਟ ਅੰਕੁਰ ਜਿੰਦਲ, ਗਮੀ ਕਲਿਆਣ, ਭੂਪੇਸ਼ ਜਿੰਦਲ, ਜਗਦੇਵ ਜਿੰਦਲ, ਸੰਜੀਵ ਲੱਕੀ, ਨਵਦੀਪ ਸ਼ਰਮਾ, ਅਰੁਣ ਆਰੀਆ, ਸਚਿਨ ਭਾਰਦਵਾਜ, ਐਡਵੋਕੇਟ ਰੰਧਾਵਾ, ਸੁਰੇਸ਼ ਬੇਦੀ, ਸਤਨਾਮ ਸਿੰਘ, ਨੀਲੂ ਮਿੱਤਲ, ਅਮਰਜੀਤ ਸਿੰਘ ਲਾਲਕਾ, ਕਮਲਜੀਤ ਗਰਗ, ਚਰਨਜੀਤ ਲੱਕੀ, ਨਿਰਭੈ ਸਿੰਘ, ਪੂਨਮ ਰਾਣੀ, ਜੀਤੀ, ਰੀਨਾ ਪਰੋਚਾ ਆਦਿ ਵੀ ਹਾਜਰ ਸਨ।

# ਡਿੱਪੂ ਹੋਲਡਰਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਮੋਰਚਾ ਖੋਲ੍ਹਣ ਦਾ ਐਲਾਨ

ਧੂਰੀ, 26 ਫ਼ਰਵਰੀ (ਰਾਜੇਸ਼ਵਰ ਪਿੰਟੂ): ਰਾਸ਼ਨ ਡਿੱਪੂ ਹੋਲਡਰ ਫੈਡਰੇਸ਼ਨ ਪੰਜਾਬ ਨੇ ਸੂਬਾ ਸਰਕਾਰ ਦੀਆਂ ਕਥਿਤ ਮਾਰੂ ਨੀਤੀਆਂ ਤੇ ਡਿੱਪੂ ਹੋਲਡਰਾਂ ਦੇ ਰੁਜ਼ਗਾਰ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਫੈਸਲਿਆਂ ਵਿਰੁੱਧ ਆਰ-ਪਾਰ ਦੀ ਲੜਾਈ ਦਾ ਐਲਾਨ ਕਰ ਦਿੱਤਾ ਹੈ। ਅੱਜ ਜੱਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਦੀ ਪ੍ਰਧਾਨਗੀ ਹੇਠ ਹੋਈ ਇੱਕ ਅਹਿਮ ਮੀਟਿੰਗ ਵਿੱਚ ਸਰਕਾਰ ਦੀ ਬੇਰੁਖ਼ੀ ਵਿਰੁੱਧ ਸਖ਼ਤ ਰੋਸ ਜਤਾਇਆ ਗਿਆ। ਇਸ ਦੌਰਾਨ ਫੈਸਲਾ ਲਿਆ ਗਿਆ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਚਿਰਕੌਣੀ ਮੰਗਾਂ ਵੱਲ ਧਿਆਨ ਨਾ ਦਿੱਤਾ, ਤਾਂ 6 ਅਪਰੈਲ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਸਥਿਤ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਰਸੋਈ ਸਕੀਮ' ਤਹਿਤ ਰਾਸ਼ਨ ਦਾ ਸਾਮਾਨ ਮਾਰਕਫੈੱਡ ਰਾਹੀਂ ਵੰਡਾਉਣ ਦਾ ਫੈਸਲਾ ਡਿੱਪੂ ਹੋਲਡਰਾਂ ਦੇ ਹਿੱਤਾਂ 'ਤੇ ਵੱਡਾ ਡਾਕਾ ਹੈ। ਉਨ੍ਹਾਂ ਕਿਹਾ ਕਿ ਡਿੱਪੂ ਹੋਲਡਰ ਦਹਾਕਿਆਂ ਤੋਂ ਜਨਤਕ ਵੰਡ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਰਹੇ ਹਨ, ਪਰ ਸਰਕਾਰ ਹੁਣ ਉਨ੍ਹਾਂ ਨੂੰ ਇਸ

ਪ੍ਰਣਾਲੀ ਵਿੱਚੋਂ ਬਾਹਰ ਕਰਕੇ ਮਾਰਕਫੈੱਡ ਵਰਗੇ ਅਦਾਰਿਆਂ ਨੂੰ ਅੱਗੇ ਵਧਾ ਰਹੀ ਹੈ। ਜੱਥੇਬੰਦੀ ਨੇ ਮੰਗ ਕੀਤੀ ਕਿ ਰਸੋਈ ਸਕੀਮ ਸਮੇਤ ਸਾਰਾ ਰਾਸ਼ਨ ਸਿਰਫ਼ ਰਜਿਸਟਰਡ ਡਿੱਪੂ ਹੋਲਡਰਾਂ ਰਾਹੀਂ ਹੀ ਵੰਡਿਆ ਜਾਵੇ।

ਫੈਡਰੇਸ਼ਨ ਨੇ ਸਰਕਾਰ ਅੱਗੇ ਮੰਗ ਰੱਖੀ ਕਿ ਲੰਮੇ ਸਮੇਂ ਤੋਂ ਬੰਦ ਪਈਆਂ ਸਪਲਾਈਆਂ ਨੂੰ ਤੁਰੰਤ ਬਹਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇੱਕ ਡਿੱਪੂ ਹੋਲਡਰ ਦੀ ਆਰਥਿਕ ਹਾਲਤ ਸੁਧਾਰਨ ਲਈ ਘੱਟੋ-ਘੱਟ 500 ਰਾਸ਼ਨ ਕਾਰਡ ਅਲਾਟ ਕੀਤੇ ਜਾਣੇ ਚਾਹੀਦੇ ਹਨ। ਇਸ ਦੇ ਨਾਲ ਹੀ ਮਾਰਕਫੈੱਡ ਦੇ ਡਿੱਪੂਆਂ ਦੀ ਤਰਜ਼ 'ਤੇ ਆਮ ਡਿੱਪੂ ਹੋਲਡਰਾਂ ਨੂੰ ਵੀ 68,000 ਰੁਪਏ ਮਾਣ-ਭੱਤਾ ਦੇਣ ਦੀ ਵਕਾਲਤ ਕੀਤੀ ਗਈ। ਆਗੂਆਂ ਨੇ ਦੋਸ਼ ਲਾਇਆ ਕਿ ਡਿੱਪੂਆਂ ਦੇ ਕੰਮਕਾਜ ਵਿੱਚ ਗੈਰ-ਅਧਿਕਾਰਤ ਵਿਅਕਤੀਆਂ ਦੀ ਦਖਲਅੰਦਾਜ਼ੀ ਵੱਧ ਗਈ ਹੈ, ਜਿਸ ਨੂੰ ਤੁਰੰਤ ਨੱਥ ਪਾਈ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹਿੰਦਰ ਸਿੰਘ ਰਣੀਕੇ, ਜਸਵੀਰ ਸਿੰਘ, ਪਰਮਜੀਤ ਸਿੰਘ ਹਾਂਡਾ, ਬਲਵਿੰਦਰ ਸਿੰਘ, ਬਿੱਟੂ ਬਾਠ, ਭਰਪੂਰ ਸਿੰਘ ਬੇਨੜਾ ਅਤੇ ਸਰਬਜੀਤ ਸਿੰਘ ਧੂਰੀ ਸਮੇਤ ਵੱਡੀ ਗਿਣਤੀ ਵਿੱਚ ਡਿੱਪੂ ਹੋਲਡਰ ਹਾਜ਼ਰ ਸਨ।

# ਹਰਪ੍ਰੀਤ ਹੈਪੀ 'ਆਪ' ਦੇ ਹਲਕਾ ਸਿੱਖਿਆ ਕੋ-ਆਰਡੀਨੇਟਰ ਨਿਯੁਕਤ

ਰਾਮਪੁਰਾ ਫੂਲ, 26 ਫਰਵਰੀ (ਮਨਪ੍ਰੀਤ ਮਿੰਟੂ): ਪ੍ਰੋਫੈਸਰ ਤੇ ਪੱਤਰਕਾਰ ਹਰਪ੍ਰੀਤ ਸ਼ਰਮਾ ( ਹੈਪੀ) ਨੂੰ ਆਮ ਆਦਮੀ ਪਾਰਟੀ ਵਲੋਂ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਦਾ ਸਿੱਖਿਆ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।ਇਸ ਬਾਬਤ ਪਾਰਟੀ ਪ੍ਰਧਾਨ ਅਮਨ ਅਰੋੜਾ ਤੇ ਸੂਬਾ ਪ੍ਰਭਾਰੀ ਮਨੀਸ਼ ਸਿਸੋਦੀਆ ਦੇ ਦਸਤਖ਼ਤਾਂ ਹੇਠ ਹਾਲ ਹੀ ਵਿਚ ਹੁਕਮ ਜਾਰੀ ਕੀਤੇ ਗਏ ਹਨ। ਹਰਪ੍ਰੀਤ ਹੈਪੀ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਵਿਖੇ ਜਰਨਲਿਜ਼ਮ ਦੇ ਪ੍ਰੋਫੈਸਰ ਅਤੇ ਕਾਲਜ ਮੈਨੇਜਮੈਂਟ ਕਮੇਟੀ ਦੇ ਸਹਾਇਕ ਡਾਇਰੈਕਟਰ ਹਨ। ਉਹ ਦੇਸ਼ ਅਖ਼ਬਾਰ ਦੇ ਜ਼ਿਲਾ ਇੰਚਾਰਜ ਅਤੇ ਰਾਮਪੁਰਾ ਫੂਲ ਤੋਂ ਰਿਪੋਰਟਰ ਵੀ ਹਨ। ਸ਼੍ਰੀ ਹੈਪੀ ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਬਤੌਰ ਡਾਇਰੈਕਟਰ ਪਬਲਿਕ ਰਿਲੇਸ਼ਨ ਆਪਣੀਆਂ ਸੇਵਾਵਾਂ ਵੀ ਦੇ ਚੁੱਕੇ ਹਨ। ਜਿੰਨਾਂ ਨੂੰ ਸਿੱਖਿਆ ਖੇਤਰ ਦੇ ਪ੍ਰਬੰਧਾਂ ,ਪੜਾਉਣ ਤੇ ਪਬਲਿਕ ਰਿਲੇਸ਼ਨ ਦਾ ਦਾ ਲਗਭਗ 13 ਸਾਲਾਂ ਦਾ ਤਜਰਬਾ ਹਾਸਲ ਹੈ ਨੂੰ ਜ਼ਿੰਮੇਵਾਰੀ ਸੰਭਾਲਣ ਤੇ ਸਿੱਖਿਆ ਖੇਤਰ ਦੇ ਵੱਡੇ ਤੇ ਬੇਹਤਰੀਨ

ਲਈ ਇੱਥੋਂ ਦੇ ਪੈਂਥਰਜ਼ ਕਲੱਬ ਵਿਖੇ ਇੱਕ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗਮ ਹੋਇਆ,ਜਿਸ ਵਿਚ ਵਿਸ਼ੇਸ਼ ਤੌਰ ਤੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਪਧਾਰੇ। ਉਹਨਾਂ ਆਪਣੇ ਸੰਬੋਧਨ ਵਿਚ ਦੱਸਿਆ ਕਿ ਹੈਪੀ ਦੀ ਇਹ ਨਿਯੁਕਤੀ ਉਹਨਾਂ ਦੀ ਕਾਬਲੀਅਤ ਅਤੇ ਪੇਸ਼ੇਵਾਰਾਨਾ ਯੋਗਤਾ ਸੇਵਾਵਾਂ ਨੂੰ ਦੇਖਦਿਆਂ ਕੀਤੀ ਗਈ ਹੈ। ਵਿਧਾਇਕ ਨੇ ਇਹ ਵੀ ਸਪੱਸ਼ਟ ਕੀਤਾ ਕਿ ਪਾਰਟੀ ,ਸਰਕਾਰ ਅਤੇ ਜ਼ਮੀਨੀ ਪੱਧਰ ਤੇ ਸਹੀ ਤਾਲਮੇਲ ਬੈਠਾਉਣ ਲਈ ਵੱਖ ਵੱਖ ਵਿੰਗਾਂ ਸਮੇਤ ਸਿੱਖਿਆ ਵਿਭਾਗ ਅੰਦਰ ਵੀ ਹਲਕਾ- ਕੋ ਆਰਡੀਨੇਟਰ ਲਗਾਏ ਗਏ ਹਨ। ਸਮਾਗਮ ਚ ਹੈਪੀ ਦੇ ਪਿਤਾ ਦਰਸ਼ਨ ਸ਼ਰਮਾ , ਪੱਤਰਕਾਰਾਂ ਰਜਨੀਸ਼ ਕਰਕਰਾ, ਜੀਵਨ ਜਿੰਦਲ , ਮਨਪ੍ਰੀਤ ਸ਼ਰਮਾ, ਉਮੇਸ਼ ਕੁਮਾਰ, ਦਲਜੀਤ ਸਿਧਾਣਾ, ਜਸਪਾਲ ਪਾਲੀ, ਰਜਨੀਸ਼ ਗੋਇਲ, ਕੁਲਜੀਤ ਢੀਂਗਰਾ, ਜਸਵੰਤ ਦਰਦ ਪ੍ਰੀਤ, ਰਾਣਾ ਸ਼ਰਮਾ, ਹੇਮੰਤ ਸ਼ਰਮਾ, ਜਸਵਿੰਦਰ ਸ਼ਰਮਾ ਤੋਂ ਇਲਾਵਾ ਵਿਧਾਇਕ ਦੇ ਨਿਜੀ ਸਹਾਇਕਾਂ।,ਸੁੱਖੀ ਸਿੱਧੂ, ਜਸਪ੍ਰੀਤ ਭੁੱਲਰ, ਪਾਰਟੀ ਆਗੂ ਗੁਰਭਜਨ ਢਿੱਲੋਂ, ਟਰੱਕ ਯੂਨੀਅਨ ਪ੍ਰਧਾਨ ਸ਼ੇਰ ਬਹਾਦਰ ਧਾਲੀਵਾਲ, ਨਗਰ ਕੌਂਸਲ ਮੀਤ ਪ੍ਰਧਾਨ ਰਵਿੰਦਰ ਨਿੱਕਾ,ਡਾ. ਅਜੀਤ ਅੱਗਰਵਾਲ,ਲੱਖਾਂ ਮਹਿਰਾਜ, ਲੱਖਾਂ ਪਿੱਪਲੀ ਸਰਪੰਚ,ਖ਼ੂਨਦਾਨੀ ਪ੍ਰੀਤਮ ਆਰਟਿਸਟ ਤੇ ਪਵਨ ਮਹਿਤਾ, ਮਨੋਹਰ ਸਿੰਘ, ਡਾ ਭਰਥਰੀ ਮੰਡੀਕਲਾਂ, ਠਾਕੁਰ ਸ਼ਰਮਾ ,ਮਿੰਟੂ ਸ਼ਰਮਾ, ਮਾਸਟਰ ਜਗਦੀਪ ਸ਼ਰਮਾ ਤੇ ਯਸ਼ਪਾਲ ਬਾਹੀਆ, ਡਾ ਜਗਰਾਜ ਮਾਨ, ਪ੍ਰੋ ਸਮੀਰ ਕੁਮਾਰ,ਸਹਾਰਾ ਜਨ ਸੇਵਾ ਦੇ ਪ੍ਰਧਾਨ ਸੰਦੀਪ ਵਰਮਾ ਤੇ ਉਨਾਂ ਦੀ ਟੀਮ , ਮਾਸਟਰ ਗੁਰਵਿੰਦਰ ਸਿੱਧੂ ਨੇ ਵੀ ਸ਼ਮੂਲੀਅਤ ਕੀਤੀ। ਹਰਪ੍ਰੀਤ ਸ਼ਰਮਾ ਨੇ ਆਪਣੇ ਸੰਬੋਧਨ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ, ਸਿੱਖਿਆ ਮੰਤਰੀ ਹਰਜੋਤ ਬੈਂਸ, ਸਮੇਤ ਹਲਕਾ ਵਿਧਾਇਕ ਬਲਕਾਰ ਸਿੱਧੂ, ਸੀਨੀਅਰ ਆਗੂ ਹਰਮੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਵੈਸਟ, ਸਾਬਕਾ ਜਿਲਾ ਸਿੱਖਿਆ ਅਫਸਰ ਮਹਿੰਦਰਪਾਲ ਸਿੰਘ ਜ਼ਿਲਾ ਕੋਆਰਡੀਨੇਟਰ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਵਾਇਆ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨਾ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਅਧਿਆਪਕ ਦੇ ਅਹੁਦੇ ਨੂੰ ਸਭ ਤੋਂ ਉੱਤਮ ਦੱਸਦਿਆ ਕਿਹਾ ਕਿ ਪੰਜਾਬ ਸਰਕਾਰ ਸਿਹਤ ਤੇ ਸਿੱਖਿਆ ਸਹੂਲਤਾਂ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਰਹੀ।

# ਗੁਰੂ ਕਾਸ਼ੀ ਯੂਨੀਵਰਸਿਟੀ ਨੇ ਮਨਾਇਆ "ਰਾਸ਼ਟਰੀ ਸਾਇੰਸ ਦਿਹਾੜਾ"

ਤਲਵੰਡੀ ਸਾਬੋ, 26 ਫਰਵਰੀ (ਜਗਸੀਰ ਭੁੱਲਰ): ਸੰਦੀਪ ਜੋਸੀ ਗੁਰੂ

ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ ਹਿਊਮੈਨਟੀਜ਼ ਐਂਡ ਲੈਂਗੁਏਜ਼ਸ ਦੇ ਸਾਇੰਸ ਵਿਭਾਗ ਵੱਲੋਂ "ਰਾਸ਼ਟਰੀ ਸਾਇੰਸ ਦਿਹਾੜਾ" ਸੈਮੀਨਾਰ ਦਾ ਆਯੋਜਨ ਕਰਕੇ ਮਨਾਇਆ ਗਿਆ। ਇਸ ਮੌਕੇ ਨੈਸ਼ਨਲ ਅਵਾਰਡੀ ਸਿੱਖਿਆ ਰਤਨ ਡਾ. ਜਸਵਿੰਦਰ ਸਿੰਘ ਚੀਫ ਸੈਕਟਰੀ ਨੇ ਮੁੱਖ ਮਹਿਮਾਨ ਤੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸੈਮੀਨਾਰ ਵਿੱਚ ਡੀਨ ਡਾ. ਅਮਿਤ ਟੁਟੇਜਾ, ਫੈਕਲਟੀ ਮੈਂਬਰ ਤੇ 150 ਤੋਂ ਵੱਧ ਵਿਦਿਆਰਥੀ ਹਾਜ਼ਰ ਹੋਏ। ਇਸ ਮੌਕੇ ਮੁੱਖ ਬੁਲਾਰੇ ਡਾ. ਸਿੰਘ ਨੇ ਕਿਹਾ ਕਿ ਸਾਡੇ ਆਲੇ ਦੁਆਲੇ ਦਾ ਸਾਡੇ ਜੀਵਨ ਤੇ ਬਹੁਤ ਪ੍ਰਭਾਵ ਪੈਂਦਾ ਹੈ। ਉਨ੍ਹਾਂ ਗੁਰਬਾਣੀ ਵਿੱਚ ਦਿੱਤੇ ਗਏ ਵਿਗਿਆਨਿਕ ਤੱਥਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਤੇ ਗੁਰੂਆਂ ਦੀ ਮਹਾਨਤਾ ਪ੍ਰਤੀ ਸਿਜਦਾ ਕਰਦੇ ਹੋਏ ਦੱਸਿਆ ਕਿ ਬਾਣੀ ਵਿੱਚ ਆਧੁਨਿਕ ਵਿਗਿਆਨ ਕਾਢਾਂ ਬਾਰੇ ਬਹੁਤ ਪਹਿਲਾਂ ਹੀ ਲਿਖਿਆ ਜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਵਿਗਿਆਨ ਤੇ ਮੈਥ ਦਾ ਸਾਡੇ ਜੀਵਨ ਵਿੱਚ ਭੌਤਿਕ ਤੇ ਆਤਮਿਕ ਤੌਰ 'ਤੇ ਬਹੁਤ ਮਹੱਤਵ ਹੈ। ਵਿਸ਼ੇਸ਼ਕਰ ਉਨ੍ਹਾਂ ਇਕ ਓਅੰਕਾਰ(ੴ) ਤੇ 108 ਦੇ ਫਲਸਫੇ ਦਾ ਮੂਲ ਦਰਸ਼ਨ ਵਿਦਿਆਰਥੀਆਂ ਨੂੰ ਸਮਝਾਇਆ। ਇਸ ਮੌਕੇ ਡਾ. ਟੁਟੇਜਾ ਨੇ ਡਾ. ਸੀ.ਵੀ. ਰਮਨ ਤੇ ਮੁੱਖ ਬੁਲਾਰੇ ਦੀ ਜੀਵਨ ਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਵਿਗਿਆਨਿਕ ਜਾਣਕਾਰੀ ਰਾਹੀ ਅਸੀਂ ਅੰਧ ਵਿਸ਼ਵਾਸ ਤੋਂ ਪਰੇ ਜਾ ਸਕਦੇ ਹਾਂ। ਉਨ੍ਹਾਂ ਮੁੱਖ ਬੁਲਾਰੇ ਵੱਲੋਂ ਮੰਚ ਤੇ ਪੇਸ਼ ਕੀਤੀਆਂ ਗਈਆਂ ਵਿਗਿਆਨਿਕ ਟ੍ਰਿਕਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਜਦੋਂ ਸਾਨੂੰ ਕਿਸੇ ਚੀਜ਼ ਦੀ ਜਾਣਕਾਰੀ ਨਹੀਂ ਹੁੰਦੀ ਤਾਂ ਸਾਨੂੰ ਇਹ ਜਾਦੂ ਜਾਪਦਾ ਹੈ। ਜਦਕਿ ਇਹ ਸਭ ਵਿਗਿਆਨਿਕਤੱਥਾਂ ਦੇ ਆਧਾਰਿਤ ਹੁੰਦਾ ਹੈ। ਆਯੋਜਕਾਂ ਵੱਲੋਂ ਮੁੱਖ ਮਹਿਮਾਨ ਨੂੰ ਸਮ੍ਰਿਤੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।

# ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫ਼ੈਡਰੇਸ਼ਨ ਨੇ ਕੌਮੀ ਮੰਗ ਦਿਵਸ ਮਨਾਇਆ

ਭਗਤਾ ਭਾਈ ਕਾ, 26 ਫਰਵਰੀ (ਸਵਰਨ ਸਿੰਘ ਭਗਤਾ): ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਮੀਟਿੰਗ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਹਰਨੇਕ ਸਿੰਘ ਗਹਿਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਨੂੰ ਜਨਰਲ ਸਕੱਤਰ ਦਰਸ਼ਨ ਸ਼ਰਮਾ ਤੇ ਸੁਖਚੈਨ ਸਿੰਘ ਨੇ ਚਲਾਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਭੋਡੀਪੁਰਾ ਨੇ ਦੱਸਿਆ ਕਿ 23 ਤੇ 26 ਜਨਵਰੀ ਤੱਕ ਸ਼ਿਰਡੀ (ਮਹਾਂਰਾਸ਼ਟਰ) ਵਿਖੇ ਹੋਈ 18ਵੀਂ ਕੌਮੀ ਕਾਨਫਰੰਸ ਵਲੋਂ 26 ਫਰਵਰੀ ਨੂੰ ਕੌਮੀ ਮੰਗ ਦਿਵਸ ਮਨਾਉਣ ਦੇ ਕੀਤੇ ਗਏ ਐਲਾਨ ਅਨੁਸਾਰ ਪ.ਸ.ਸ.ਫ ਜ਼ਿਲ੍ਹਾ ਬਠਿੰਡਾ ਵਲੋਂ ਕੌਮੀ ਮੰਗ ਦਿਵਸ ਮਨਾਇਆ ਗਿਆ ਕੌਮੀ ਮੰਗ ਦਿਵਸ ਮਨਾਉਣ ਸਮੇਂ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫਤਰ ਰਾਹੀਂ ਮੁੱਖ ਸਕੱਤਰ ਨੂੰ ਮੰਗ ਪੱਤਰ ਭੇਜੇ ਗਏ। ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ ਯੂਨੀਅਨ ਦੇ ਸੂਬਾਈ ਆਗੂ ਬਲਰਾਜ ਸਿੰਘ ਮੌੜ ਪੀ,ਐਸ,ਐਸ,ਐਫ ਦੇ ਸੂਬਾਈ ਆਗੂ ਕਿਸ਼ੋਰ ਚੰਦ ਗਾਜ, ਹੰਸਰਾਜ ਬੀਜਵਾ ਨੇ ਮੰਗ ਪੱਤਰ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਵੱਖ ਵੱਖ ਸਕੀਮਾਂ ਅਧੀਨ ਵੱਖ ਵੱਖ ਵਿਭਾਗਾਂ ਵਿੱਚ ਸਮੂਹ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਸਮੂਹ ਵਿਭਾਗਾਂ ਵਿੱਚ ਖਾਲੀ ਪੋਸਟਾਂ ਨੂੰ ਪੂਰੇ ਪੂਰੇ ਗ੍ਰੇਡਾਂ ਤੇ ਤੁਰੰਤ

ਭਰਨ ਲਈ, ਫਾਈਨਾਂਸ ਬਿੱਲ 2025 ਵਿੱਚ ਪੈਨਸ਼ਨ ਅਧਿਨਿਯਮ ਨੂੰ ਰੱਦ ਕਰਨ,ਪੀ ਐੱਫ ਆਰ ਡੀ ਏ ਬਿੱਲ ਰੱਦ ਕਰਨ,ਐੱਨ ਪੀ ਐੱਸ/ ਯੂ ਪੀ ਐੱਸ ਨੂੰ ਤੁਰੰਤ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਚਾਰ ਕਿਰਤ ਕੋਡਾਂ ਨੂੰ ਰੱਦ ਕਰਨ, ਅੱਠਵਾਂ ਪੇ ਕਮਿਸ਼ਨ ਨੂੰ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਤੇ ਇੱਕ ਸਾਰ ਲਾਗੂ ਕਰਨ ਵੱਖ-ਵੱਖ ਰਾਜਾਂ ਵਿੱਚ ਡੀ ਏ/ਡੀ ਆਰ ਦੀ ਕਿਸ਼ਤਾਂ ਦਾ ਬਕਾਇਆ ਤੁਰੰਤ ਦੇਣ, ਸੰਵਿਧਾਨ ਦੀ ਧਾਰਾ 310, 311(2) (ਏ,ਬੀ,ਸੀ) ਨੂੰ ਰੱਦ ਕਰਨ, ਨਵੀਂ ਸਿੱਖਿਆ ਨੀਤੀ ਤੇ ਟੈੱਟ ਪਾਸ ਕਰਨ ਦੀ ਜ਼ਬਰੀ ਠੋਸੀ ਸ਼ਰਤ ਨੂੰ ਰੱਦ ਕਰਨ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਕੈਸ਼ ਲੈਸ ਹੈੱਲਥ ਸਕੀਮ ਲਾਗੂ ਕਰਨ, ਸੰਵਿਧਾਨ ਅਨੁਸਾਰ ਧਰਮ ਨਿਰਪੱਖਤਾ ਬਣਾ ਕੇ ਰੱਖਣ ਅਤੇ ਫਿਰਕਾਪ੍ਰਸਤੀ ਦੇ ਵਿਰੁੱਧ ਸੰਘਰਸ਼ ਕਰਨੇ ਆਦਿ ਮੰਗਾਂ ਦੇ ਮੰਗ ਪੱਤਰ ਰਾਜਾਂ ਦੇ ਮੁੱਖ ਸਕੱਤਰਾਂ ਨੂੰ ਭੇਜੇ ਅਤੇ ਕੌਮੀ ਮੰਗ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਜਲ ਸਪਲਾਈ ਸੈਨੀਟੇਸ਼ਨ ਬੀ ਐਂਡ ਆਰ ਜਲ ਸਰੋਤ ਸੀਵਰੇਜ ਬੋਰਡ ਟੀਚਰ ਯੂਨੀਅਨ ਜੰਗਲਾਤ ਵਰਕਰ ਯੂਨੀਅਨ ਦੇ ਆਗੂਆਂ ਲਖਬੀਰ ਸਿੰਘ ਭਾਗੀ ਬਾਂਦਰ, ਰਾਜਪਾਲ ਜਗਲਾਤ, ਅੰਮ੍ਰਿਤਪਾਲ ਸਿੰਘ, ਸੁਰੇਸ਼ ਕੁਮਾਰ ਗੋਨਿਆਨਾ, ਅੰਗਰੇਜ਼ ਮੌੜ,ਪਰਮ ਚੰਦ ਬਠਿੰਡਾ,ਗੁਰਜੰਟ ਸਿੰਘ ਮਾਨ, ਪੂਰਨ ਸਿੰਘ, ਹਰਮਨਪ੍ਰੀਤ ਸਿੰਘ ਸੁਖਮੰਦਰ ਸਿੰਘ, ਸੁਨੀਲ ਕੁਮਾਰ, ਅਮਨਦੀਪ ਸਿੰਘ, ਸੁਖਰਾਜ ਸਿੰਘ,ਬਲਜਿੰਦਰ ਸਿੰਘ, ਗੁਰਬੇਜ ਭੇਜੀ ਆਦਿ ਆਗੂਆਂ ਨੇ ਕਿਹਾ ਕਿ ਸੂਬਾ ਕਮੇਟੀ ਤੇ ਫੈਸਲੇ ਅਨੁਸਾਰ 6 ਮਾਰਚ ਨੂੰ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਖਿਲਾਫ ਸੀਵਰੇਜ ਬੋਰਡ ਦੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਸੀਵਰੇਜ ਬੋਰਡ ਵਿੱਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨਾ ਮੰਡੀਆਂ ਦੇ ਕਰਮਚਾਰੀਆਂ ਨੂੰ ਰੁਕੀਆਂ ਤਨਖਾਹਾਂ ਰਿਲੀਜ਼ ਕਰਾਉਣਾ ਮੰਗ ਪੱਤਰ ਅਨੁਸਾਰ ਮੰਗਾਂ ਨੂੰ ਲੈ ਕੇ ਸੈਕਟਰ 35 ਏ ਚੰਡੀਗੜ੍ਹ ਵਿਖੇ ਕੀਤੀ ਜਾਣ ਵਾਲੀ ਰੋਸ ਰੈਲੀ ਵਿੱਚ ਬਠਿੰਡਾ ਤੋਂ ਮੁਲਾਜ਼ਮ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਉਸ ਤੋਂ ਪਹਿਲਾਂ ਸੂਬਾਈ ਆਗੂ ਬਲਰਾਜ ਸਿੰਘ ਮੌੜ ਨੇ ਦੱਸਿਆ ਕਿ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਦੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਐਚਓਡੀ ਮੁਹਾਲੀ ਦੇ ਖਿਲਾਫ 18 ਮਾਰਚ ਨੂੰ ਜੋ ਰੈਲੀ ਕਰਨੀ ਹੈ ਉਹਦੇ ਸੰਬੰਧ ਵਿੱਚ ਮੰਡਲ ਦਫਤਰਾਂ ਅੱਗੇ ਰੋਸ ਰੈਲੀਆਂ ਕਰਨੀਆਂ ਹਨ 3 ਮਾਰਚ ਨੂੰ ਮੰਡਲ ਦਫਤਰ ਜਲ ਸਪਲਾਈ ਸੈਨੀਟੇਸ਼ਨ ਤੇ ਸੀਵਰੇਜ ਬੋਰਡ ਮੰਡਲ ਦਫਤਰ ਬਠਿੰਡਾ ਵਿਖੇ ਜ਼ਿਲਾ ਪੱਧਰੀ ਰੋਸ ਰੈਲੀ ਕੀਤੀ ਜਾਵੇਗੀ।

# ਨਕਲ ਰਹਿਤ ਕਰਵਾਈ ਜਾਵੇਗੀ ਬੋਰਡ ਪ੍ਰੀਖਿਆ : ਕੇਂਦਰ ਸੁਪਰਡੈਂਟ

ਬਠਿੰਡਾ, 26 ਫਰਵਰੀ (ਇੰਦਰਪਾਲ ਬਾਂਸਲ): ਪੰਜਾਬ ਸਕੂਲ ਬੋਰਡ ਪ੍ਰੀਖਿਆ ਵਿੱਚ ਜ਼ਿਲੇ ਬਠਿੰਡੇ ਦੇ ਸਾਰੇ ਪ੍ਰੀਖਿਆ ਕੇਂਦਰਾਂ ਵਿੱਚ ਅਤੇ ਸੰਵੇਦਨਸ਼ੀਲ ਸੈਂਟਰਾਂ ਵਿੱਚ ਜ਼ਿਲੇ ਸਿੱਖਿਆ ਅਫ਼ਸਰ ਸੈਕੰਡਰੀ ਮਾਮਤਾ ਖੁਰਾਣਾ ਸੇਠੀ ਤੇ ਉਨ੍ਹਾਂ ਦੀ ਫਲਾਇੰਗ ਟੀਮ ਵੱਲੋਂ ਲਗਾਤਾਰ ਸਖ਼ਤੀ ਨਾਲ ਚੈਕਿੰਗ ਕੀਤੀ ਜਾ ਰਹੀ ਹੈ ਉਨ੍ਹਾਂ ਕੇਂਦਰ ਸੁਪਰਡੈਂਟ, ਕੰਟਰੋਲਾ ਨੂੰ ਅੱਠਵੀਂ, ਦੱਸਵੀਂ, ਬਾਰਵੀਂ ਬੋਰਡ ਪ੍ਰੀਖਿਆ ਨਕਲ ਰਹਿਤ ਕਰਵਾਉਣ ਲਈ ਦਿੱਤੇ ਸਖ਼ਤ ਨਿਰਦੇਸ਼ ਦਿੱਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਮਾਮਤਾ ਖੁਰਾਣਾ ਸੇਠੀ ਨੇ ਕਿਹਾ ਕਿ ਬਠਿੰਡੇ ਜ਼ਿਲ੍ਹੇ ਦੇ ਸੰਵੇਦਨਸ਼ੀਲ ਸੈਂਟਰਾਂ ਵਿੱਚ ਬੜੀ ਸਖ਼ਤੀ ਨਾਲ ਚੈਕਿੰਗ ਕੀਤੀ ਜਾ ਰਹੀ ਹੈ ਤੇ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਹਨ ਜੇਕਰ ਕਿਸੇ ਵੀ ਸੈਂਟਰ ਵਿੱਚ ਨਕਲ ਕੇਸ ਫੜਿਆ ਗਿਆ ਜਾਂ ਚੈਕਿੰਗ ਦੌਰਾਨ ਕੋਈ ਨਕਲ ਪਾਈ ਜਾਂਦੀ ਹੈ ਤਾਂ ਕੇਂਦਰ ਕੰਟਰੋਲਰ ਸੁਪਰਡੈਂਟਾਂ ਤੇ ਨਿਗਰਾਨ ਅਮਲੇ ਤੇ ਸਖਤ ਕਾਰਵਾਈ ਕੀਤੀ ਜਾਊਗੀ ਤੇ ਭਵਿੱਖ ਵਿੱਚ ਵੀ ਅੱਗੇ ਸਖ਼ਤ ਚੈਕਿੰਗ ਕੀਤੀ ਜਾਵੇਗੀ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਮਾਮਤਾ ਖੁਰਾਣਾ ਸੇਠੀ ਨੇ ਬਠਿੰਡੇ ਦੇ ਸੰਵੇਦਨਸ਼ੀਲ ਸੈਂਟਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ,ਭੋਜਨ ਰਾਜ ਸਕੂਲ, ਸ਼ਹਿਦ ਸਿਪਾਹੀ ਸੰਦੀਪ ਸਿੰਘ ਐਮੀਨੈਸ ਸਕੂਲ ਦੇ ਪ੍ਰੀਖਿਆ ਕੇਂਦਰਾਂ ਦੀ ਚੈਕਿੰਗ ਕੀਤੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਵਿਖੇ ਸੈਂਟਰ ਦੀ ਚੈਕਿੰਗ ਕਰਦੇ ਹੋਏ ਉਨ੍ਹਾਂ ਨਾਲ ਕੇਂਦਰ ਸੁਪਰਡੈਂਟ ਨੇਹਾ ਸਿੰਗਲਾ, ਕੇਂਦਰ ਕੰਟਰੋਲਰ ਹਰਜਿੰਦਰ ਸਿੰਘ ਘਾਈ, ਅਬਜਰਵਰ ਸ ਜਸਵਿੰਦਰ ਸਿੰਘ ਲੈਕਚਰਾਰ, ਮਹਿੰਦਰ ਪਾਲ, ਹਾਜ਼ਰ ਸਨ।

# ਦਾਮਨ ਬਾਜਵਾ ਦੀ ਅਗਵਾਈ ਹੇਠ ਪੰਡਿਤ ਦੀਨਦਿਆਲ ਉਪਾਧਿਆਏ ਸਿਖਲਾਈ ਅਭਿਆਨ ਸਬੰਧੀ ਮੀਟਿੰਗ

ਸੁਨਾਮ, 26 ਫਰਵਰੀ (ਮੋਹਣ ਸ਼ਰਮਾ/ਰਾਉਵਰਿੰਦਰ ਮਠਾੜੂ): ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸੰਗਰੂਰ-02

ਵੱਲੋਂ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਦੀ ਅਗਵਾਈ ਹੇਠ "ਪੰਡਿਤ ਦੀਨ ਦਿਆਲ ਉਪਾਧਿਆਇ ਸਿਖਲਾਈ ਮਹਾਂ ਅਭਿਆਨ 2026" ਸਬੰਧੀ ਇੱਕ ਮਹੱਤਵਪੂਰਨ ਮੀਟਿੰਗ/ਸਿਖਲਾਈ ਕਾਰਜਕ੍ਰਮ ਆਯੋਜਿਤ ਕੀਤਾ ਗਿਆ। ਇਸ ਸਿਖਲਾਈ ਮਹਾਅਭਿਆਨ ਮੀਟਿੰਗ ਪ੍ਰੋਗਰਾਮ ਵਿੱਚ ਪਾਰਟੀ ਦੇ ਸੀਨੀਅਰ ਆਗੂ, ਭਾਜਪਾ ਜ਼ਿਲ੍ਹਾ ਤੇ ਭਾਜਪਾ ਸਰਕਲਾਂ ਦੇ ਅਹੁਦੇਦਾਰਾਂ ਨੇ ਹਿੱਸਾ ਲਿਆ। ਇਸ ਸਿਖਲਾਈ ਮਹਾਅਭਿਆਨ ਮੀਟਿੰਗ ਵਿੱਚ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਦਿਆਲ ਸੋਢੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਕਾਰਜਕ੍ਰਮ ਦੇ ਉਦੇਸ਼, ਸੰਰਚਨਾ ਤੇ ਸੰਗਠਨ ਮਜ਼ਬੂਤੀ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਕਿਹਾ ਕਿ ਇਹ ਸਿਖਲਾਈ ਮਹਾਂ ਅਭਿਆਨ ਵਰਕਰਾਂ ਵਿੱਚ ਪਾਰਟੀ ਪ੍ਰਤੀ ਜੋਸ਼, ਅਨੁਸ਼ਾਸਨ ਤੇ ਸੰਗਠਨਕ ਸਮਰਥਾ ਨੂੰ ਹੋਰ ਮਜ਼ਬੂਤ ਕਰੇਗਾ ਤੇ ਪਾਰਟੀ ਦੇ ਵਿਕਾਸੀ ਲਕਸ਼ਾਂ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਸਾਬਤ ਹੋਵੇਗਾ। ਪ੍ਰੋਗਰਾਮ ਦੇ ਅੰਤ 'ਚ ਸਭ ਅਹੁਦੇਦਾਰਾਂ ਤੇ ਵਰਕਰਾਂ ਨੇ ਪਾਰਟੀ ਦੇ ਸਿਧਾਂਤਾਂ ਨੂੰ ਘਰ-ਘਰ ਤੱਕ ਪਹੁੰਚਾਉਣ ਤੇ ਸਮਾਜ ਸੇਵਾ ਲਈ ਸਮਰਪਿਤ ਰਹਿਣ ਦਾ ਸੰਕਲਪ ਲਿਆ।ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਪ੍ਰੇਮ ਗੁਗਨਾਨੀ, ਕਲਭੂਸ਼ਨ ਦਿੜ੍ਹਬਾ, ਸਾਬਕਾ ਜ਼ਿਲ੍ਹਾ ਪ੍ਰਧਾਨ ਰਿਸ਼ੀਪਾਲ ਖੇਰਾ, ਸੰਜੇ ਗੋਇਲ ਖੜਿਆਲੀਆਂ, ਸ਼ੇਰਵਿੰਦਰ ਰਵੀ ਡਸਕਾ, ਮੋਨਿਕ ਗੋਇਲ ਸਾਬਕਾ ਬੀਜੇਪੀ ਕੌਂਸਲਰ, ਸੱਤਪਾਲ ਸਿੰਗਲਾ ਲਹਿਰਾ, ਰਾਜੀਵ ਮੱਖਣ, ਅਸ਼ੋਕ ਗੋਇਲ, ਰਣਧੀਰ ਕਲੇਰ, ਰਾਂਝਾ ਬਖਸ਼ੀ ਲਹਿਰਾ, ਗਿਆਨ ਸੈਣੀ, ਰਜਿੰਦਰ ਬਿੱਟੂ, ਦਰਸਨ ਨਮੋਲ, ਨਰਿੰਦਰ ਸ਼ੇਰੋਂ, ਅਵਤਾਰ ਬਹਾਦਰਪੁਰ, ਜੱਸੀ ਧਰਮਗੜ੍ਹ, ਗੁਰਮੇਲ ਕਾਲਾ, ਮੱਘਰ ਸਿੰਘ ਦਿੜ੍ਹਬਾ, ਸੁਰੇਸ਼ ਰਾਠੀ, ਅਸ਼ੋਕ ਖਨੌਰੀ, ਰਜਿੰਦਰਪਾਲ ਰੋਗਲਾ, ਹਰਪ੍ਰੀਤ ਕੌਰ ਖੁਰਾਣਾ, ਆਦਿ ਹਾਜ਼ਰ ਸਨ।

# ਭੈਣ ਵੱਲੋਂ ਦਾਇਰ ਚੈੱਕ ਬਾਊਂਸ ਮਾਮਲਿਆਂ ਵਿੱਚੋਂ ਭਰਾ ਬਰੀ

ਬਠਿੰਡਾ, 26 ਫਰਵਰੀ (ਜਗਸੀਰ ਸਿੰਘ): ਪਰਿਵਾਰਕ ਝਗੜੇ ਤੋਂ ਪੈਦਾ ਹੋਏ ਇੱਕ ਵਿਵਾਦ ਦੇ ਮਹੱਤਵਪੂਰਨ ਫੈਸਲੇ ਵਿੱਚ, ਪ੍ਰਿਯੰਕਾ, ਜੁਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ, ਫੂਲ ਦੀ ਅਦਾਲਤ ਨੇ ਮਨਦੀਪ ਸਿੰਘ ਨੂੰ ਉਸਦੀ ਅਸਲੀ ਭੈਣ ਗੁਰਮੀਤ ਕੌਰ ਵੱਲੋਂ ਦਾਇਰ ਦੋ ਚੈੱਕ ਬਾਊਂਸ ਦੀਆਂ ਸ਼ਿਕਾਇਤਾਂ ਵਿੱਚੋਂ ਅੱਜ ਬਰੀ ਕਰ ਦਿੱਤਾ ਹੈ। ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੀ

ਧਾਰਾ 138 ਦੇ ਤਹਿਤ ਸ਼ਿਕਾਇਤਾਂ ਵਿੱਚ ਕੁੱਲ ਦੋ ਚੈੱਕਾਂ ਦੀ ਕਥਿਤ ਡਿਸਆਨਰ ਸ਼ਾਮਲ ਸੀ। ਇੱਕ ਪੂਰੀ ਤਰ੍ਹਾਂ ਵਿਵਾਦਿਤ ਮੁਕੱਦਮੇ ਤੋਂ ਬਾਅਦ, ਮਾਣਯੋਗ ਅਦਾਲਤ ਨੇ ਨਿਪਟਾਰੇ ਦੀ ਪ੍ਰਕਿਰਤੀ ਨੂੰ "ਬਰੀ" ਵਜੋਂ ਦਰਜ ਕੀਤਾ, ਇਹ ਮੰਨਦੇ ਹੋਏ ਕਿ ਸ਼ਿਕਾਇਤਕਰਤਾ ਦੋਸ਼ੀ ਦੇ ਖਿਲਾਫ ਕਿਸੇ ਵੀ ਕਾਨੂੰਨੀ ਤੌਰ 'ਤੇ ਲਾਗੂ ਕਰਨ ਯੋਗ ਦੇਣਦਾਰੀ ਦੀ ਹੋਂਦ ਨੂੰ ਸਥਾਪਿਤ ਕਰਨ ਵਿੱਚ ਅਸਫਲ ਰਿਹਾ। ਕਾਰਵਾਈ ਦੌਰਾਨ, ਬਚਾਅ ਪੱਖ ਦੇ ਵਕੀਲ ਲੁਕੇਸ਼ ਗਰਗ ਦੀਆਂ ਦਲੀਲਾਂ ਨੇ ਇਹ ਸਥਾਪਿਤ ਕੀਤਾ ਕਿ ਵਿਵਾਦ ਭਰਾ ਤੇ ਭੈਣ ਵਿਚਕਾਰ ਜਾਇਦਾਦ ਦੇ ਲੈਣ-ਦੇਣ ਤੋਂ ਪੈਦਾ ਹੋਇਆ ਸੀ ਅਤੇ ਇਹ ਕਿ ਸਵਾਲ ਵਿੱਚ ਚੈੱਕ ਸੁਰੱਖਿਆ ਚੈੱਕ ਸਨ ਜੋ ਕਥਿਤ ਤੌਰ 'ਤੇ ਪਰਿਵਾਰਕ ਲੈਣ-ਦੇਣ ਦੌਰਾਨ ਰੱਖੇ ਗਏ ਸਨ। ਬਚਾਅ ਪੱਖ ਨੇ ਸ਼ਿਕਾਇਤਕਰਤਾ ਦੇ ਬਿਆਨ ਵਿੱਚ ਗੰਭੀਰ ਵਿਰੋਧਾਭਾਸ, ਦੇਣਦਾਰੀ ਦੇ ਸਬੂਤ ਦੀ ਅਣਹੋਂਦ, ਅਤੇ ਸੁਤੰਤਰ ਗਵਾਹਾਂ ਦੁਆਰਾ ਕਥਿਤ ਦਸਤਾਵੇਜ਼ਾਂ ਨੂੰ ਲਾਗੂ ਕਰਨ ਵਿੱਚ ਅਸਫਲਤਾ ਨੂੰ ਉਜਾਗਰ ਕੀਤਾ। ਦੋਸ਼ੀ ਦੀ ਨੁਮਾਇੰਦਗੀ ਐਡਵੋਕੇਟ ਲੁਕੇਸ਼ ਗਰਗ ਦੁਆਰਾ ਕੀਤੀ ਗਈ ਸੀ, ਜਿਨ੍ਹਾਂ ਨੇ ਸਫਲਤਾਪੂਰਵਕ ਦਲੀਲ ਦਿੱਤੀ ਕਿ ਧਾਰਾ 138 ਐਨਆਈ ਐਕਟ ਦੇ ਤਹਿਤ ਅਪਰਾਧਿਕ ਕਾਰਵਾਈਆਂ ਨੂੰ ਜਾਰੀ ਨਹੀਂ ਰੱਖਿਆ ਜਾ ਸਕਦਾ ਜਿੱਥੇ ਕੋਈ ਕਾਨੂੰਨੀ ਤੌਰ 'ਤੇ ਲਾਗੂ ਕਰਨ ਯੋਗ ਕਰਜ਼ਾ ਮੌਜੂਦ ਨਹੀਂ ਹੈ ਅਤੇ ਜਿੱਥੇ ਭੁਗਤਾਨ ਪੂਰਾ ਹੋਣ ਤੋਂ ਬਾਅਦ ਸੁਰੱਖਿਆ ਚੈੱਕਾਂ ਦੀ ਕਥਿਤ ਤੌਰ 'ਤੇ ਦੁਰਵਰਤੋਂ ਕੀਤੀ ਜਾਂਦੀ ਹੈ। ਸਬੂਤਾਂ ਤੇ ਦਲੀਲਾਂ ਦੀ ਪ੍ਰਸ਼ੰਸਾ ਕਰਨ 'ਤੇ, ਮਾਣਯੋਗ ਅਦਾਲਤ ਨੇ ਦੋਵੇਂ ਸ਼ਿਕਾਇਤਾਂ ਨੂੰ ਖਾਰਜ ਕਰ ਦਿੱਤਾ ਅਤੇ ਦੋਸ਼ੀ ਨੂੰ ਬਰੀ ਕਰ ਦਿੱਤਾ। ਵਕੀਲ ਲੁਕੇਸ਼ ਗਰਗ ਨੇ ਕਿਹਾ ਕਿ ਫੈਸਲਾ ਇਸ ਗੱਲ ਨੂੰ ਹੋਰ ਮਜ਼ਬੂਤ ਕਰਦਾ ਹੈ ਕਿ ਪਰਿਵਾਰਕ ਜਾਇਦਾਦ ਦੇ ਵਿਵਾਦਾਂ ਵਿੱਚ ਅਪਰਾਧਿਕ ਕਾਨੂੰਨ ਨੂੰ ਦਬਾਅ ਵਿਧੀ ਵਜੋਂ ਨਹੀਂ ਵਰਤਿਆ ਜਾ ਸਕਦਾ ਅਤੇ ਅਦਾਲਤਾਂ ਨੂੰ ਸੁਰੱਖਿਆ ਚੈੱਕਾਂ ਨਾਲ ਜੁੜੇ ਦੋਸ਼ਾਂ ਦੀ ਧਿਆਨ ਨਾਲ ਜਾਂਚ ਕਰਨੀ ਚਾਹੀਦੀ ਹੈ।

# ਸਰਕਾਰੀ ਜਾਇਦਾਦਾਂ ਵੇਚਣ ਦਾ ਵਿਰੋਧ ਕਰਦੇ ਕਿਸਾਨ/ ਮੁਲਾਜ਼ਮ ਆਗੂਆਂ ਦੀ ਗ੍ਰਿਫ਼ਤਾਰੀ ਦੀ ਪੁਰਜ਼ੋਰ ਨਿਖੇਧੀ

ਲਹਿਰਾਗਾਗਾ, 26 ਫਰਵਰੀ (ਗੁਰਦੀਪ ਸਿੰਘ): ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਸਿਰਮੌਰ ਜਥੇਬੰਦੀਆਂ ਪੀ ਐੱਸ ਈ ਬੀ ਇੰਪਲਾਇਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ

ਇੰਪਲਾਈਜ਼ ਯੂਨੀਅਨ, ਪੈਨਸ਼ਨ ਯੂਨੀਅਨ (ਸੰਬੰਧਤ ਏਟਕ) ਪੈਨਸ਼ਨ ਵੈੱਲਫੇਅਰ ਫੈਡਰੇਸ਼ਨ ਦੇ ਆਗੂਆਂ ਵਲੋਂ ਅੱਜ ਤਰਨਤਾਰਨ ਜ਼ਿਲੇ ਦੇ ਸੇਰੋਂ ਖੰਡ ਮਿੱਲ ਦੀ ਜਮੀਨ ਦਾ ਤਬਾਦਲਾ ਪੁੱਡਾ ਨੂੰ ਕਰਨ ਖਿਲਾਫ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਗ੍ਰਿਫਤਾਰੀ ਦੀ ਪੁਰਜ਼ੋਰ ਨਿਖੇਧੀ ਕੀਤੀ। ਸਾਂਝੇ ਬੜੇ ਦੇ ਆਗੂਆਂ ਰਤਨ ਸਿੰਘ ਮਜਾਰੀ, ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ,ਦਵਿੰਦਰ ਸਿੰਘ ਪਸੌਰ, ਗੁਰਜੀਤ ਸਿੰਘ ਸ਼ੇਰਗਿੱਲ, ਬਲਦੇਵ ਸਿੰਘ ਮੰਡਾਲੀ, ਸੁਰਿੰਦਰਪਾਲ ਲਾਹੋਰੀਆ, ਕੁਲਵਿੰਦਰ ਸਿੰਘ ਢਿੱਲੋਂ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਕੌਰ ਸਿੰਘ ਸੋਹੀ,ਦਲੀਪ ਕੁਮਾਰ, ਪਵਨਪ੍ਰੀਤ ਸਿੰਘ, ਗੁਰਪਿਆਰ ਸਿੰਘ, ਰਾਧੇ ਸ਼ਿਆਮ, ਬਾਬਾ ਅਮਰਜੀਤ ਸਿੰਘ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਸਿਆਸੀ ਵਾਅਦੇ ਪੂਰੇ ਕਰਨ ਲਈ ਬਿਜਲੀ ਅਦਾਰੇ ਸਮੇਤ ਸਮੁੱਚੇ ਪੰਜਾਬ ਦੇ ਸਰਕਾਰੀ ਅਦਾਰਿਆਂ ਦੀਆਂ ਜਮੀਨਾਂ ਵੇਚ ਰਹੀ ਹੈ, ਜਿਸਦੇ ਖਿਲਾਫ ਪੂਰੇ ਪੰਜਾਬ ਅੰਦਰ ਕਿਸਾਨ ਅਤੇ ਮੁਲਾਜ਼ਮ ਜੱਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ । ਆਗੂਆਂ ਨੇ ਕਿਹਾ ਕਿ ਸਰਕਾਰੀ ਜਬਰ ਦੇ ਵਿਰੁੱਧ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਗਟਾ ਰਹੇ ਆਗੂਆਂ ਦੀ ਗ੍ਰਿਫਤਾਰੀ ਆਮ ਨਾਗਰਿਕਾਂ ਦੇ ਜਮਹੂਰੀ ਹੱਕਾਂ ਉਪਰ ਡਾਕਾ ਹੈ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਗ੍ਰਿਫਤਾਰ ਕੀਤੇ ਆਗੂਆਂ ਨੂੰ ਤੁਰੰਤ ਨਾ ਰਿਹਾਅ ਕੀਤਾ ਗਿਆ ਅਤੇ ਜਮੀਨਾਂ ਵੇਚਣ ਦਾ ਘਾਤਕ ਫੈਸਲਾ ਵਾਪਿਸ ਨਾ ਲਿਆ ਗਿਆ ਤਾਂ ਸੰਯੁਕਤ ਕਿਸਾਨ ਮੋਰਚੇ ਨਾਲ ਰਲ ਕੇ ਬਿਜਲੀ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਜੋਰਦਾਰ ਸੰਘਰਸ਼ ਕਰਨਗੀਆਂ ਜਿਸਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਅਪਣੀ ਹੋਵੇਗੀ।

# ਸ਼ਹੀਦ ਗੁਰਦੀਪ ਸਿੰਘ ਦਾ ਸਰਕਾਰੀ ਤੇ ਫ਼ੌਜੀ ਸਨਮਾਨਾਂ ਨਾਲ ਅੰਤਿਮ ਸਸਕਾਰ

ਮਹਿਲਾਂ/ਸੁਨਾਮ, 26 ਫਰਵਰੀ (ਹਰਕੰਵਲ ਸਿੰਘ ਹੈਪੀ/ਮੋਹਣ ਸ਼ਰਮਾ/ ਰਾਉਵਰਿੰਦਰ ਮਠਾੜੂ/ ਸੁਖਵਿੰਦਰ ਸਿੰਘ ਵਿਰਕ): ਮਨੀਪੁਰ ਵਿਖੇ ਹਾਲ ਹੀ ਵਿੱਚ ਹੋਈ ਗੋਲੀਬਾਰੀ ਦੌਰਾਨ ਸ਼ਹੀਦ ਹੋਏ ਭਾਰਤੀ ਫ਼ੌਜ ਦੇ ਹੌਲਦਾਰ ਗੁਰਦੀਪ ਸਿੰਘ ਦੀ ਮ੍ਰਿਤਕ ਦੇਹ ਦਾ ਉਨ੍ਹਾਂ ਦੇ ਜੱਦੀ ਪਿੰਡ ਮਹਿਲਾਂ ਵਿਖੇ ਸਰਕਾਰੀ ਤੇ ਫੌਜੀ ਸਨਮਾਨਾਂ ਨਾਲ ਅੰਤਿਮ ਸਸਕਾਰ ਕੀਤਾ ਗਿਆ। ਸ਼ਹੀਦ ਗੁਰਦੀਪ ਸਿੰਘ ਨੂੰ ਪਰਿਵਾਰਕ ਮੈਂਬਰਾਂ ਦੇ ਨਾਲ-ਨਾਲ ਹਜ਼ਾਰਾਂ ਲੋਕਾਂ ਨੇ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਸ਼ਹੀਦ ਨੂੰ ਫ਼ੌਜੀ ਜਵਾਨਾਂ ਦੀ ਇੱਕ ਟੁਕੜੀ ਵੱਲੋਂ ਹਥਿਆਰ ਝੁਕਾ ਕੇ ਸਲਾਮੀ ਦਿੱਤੀ ਗਈ ਜਿਸ ਤੋਂ ਬਾਅਦ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਰੀਥ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਪੰਜਾਬ ਸਰਕਾਰ ਦੀ ਤਰਫੋਂ ਐਸ.ਡੀ.ਐਮ. ਸੁਨਾਮ ਗਗਨਦੀਪ ਸਿੰਘ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੀ ਤਰਫੋਂ ਉਨ੍ਹਾਂ ਦੇ ਓ.ਐਸ.ਡੀ. ਤਪਿੰਦਰ ਸਿੰਘ ਸੋਹੀ ਵੱਲੋਂ ਸ਼ਹੀਦ ਦੀ ਮ੍ਰਿਤਕ ਦੇਹ 'ਤੇ ਰੀਥ ਰੱਖਣ ਦੀ ਰਸਮ ਅਦਾ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਪੰਜਾਬ ਪੁਲਿਸ ਤਰਫੋਂ ਡੀ.ਐਸ. ਪੀ. ਡਾ. ਆਰ.ਕੇ. ਬਾਜਵਾ ਵੱਲੋਂ ਸ਼ਰਧਾਂਜਲੀ ਫੁੱਲ ਭੇਟ ਕੀਤੇ ਗਏ। ਇਸ ਮੌਕੇ ਐਸ.ਡੀ. ਐਮ ਗਗਨਦੀਪ ਸਿੰਘ ਨੇ ਕਿਹਾ ਕਿ ਸ਼ਹੀਦ ਗੁਰਦੀਪ ਸਿੰਘ ਦੇ ਜਾਣ ਨਾਲ ਪਰਿਵਾਰ ਨੂੰ ਪਿਆ ਘਾਟਾ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ ਪਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਪਰਿਵਾਰ ਦੀ ਹਰ ਸੰਭਵ ਸਹਾਇਤਾ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਸ਼ਹੀਦ ਗੁਰਦੀਪ ਸਿੰਘ ਨੇ ਲਗਭਗ 22 ਸਾਲ ਦੇਸ਼ ਦੀ ਸੇਵਾ ਕੀਤੀ ਹੈ ਤੇ ਉਹ ਖੇਡਾਂ ਦੇ ਵਿੱਚ ਕਾਫੀ ਚੰਗੇ ਸਨ। ਸ਼ਹੀਦ ਆਪਣੇ ਪਿੱਛੇ ਪਤਨੀ, ਪੁੱਤਰ ਤੇ ਧੀ ਛੱਡ ਗਿਆ ਹੈ।

# ਬੈਂਕਾਕ ਦੇ ਅਖਾੜੇ 'ਚ ਟੰਡਨ ਇੰਟਰਨੈਸ਼ਨਲ ਸਕੂਲ ਦੀ ਦਹਾੜ ਅੰਤਰਰਾਸ਼ਟਰੀ ਕਰਾਟੇ ਚੈਂਪੀਅਨਸ਼ਿਪ 'ਚ ਗੱਡੇ ਝੰਡੇ

ਬਰਨਾਲਾ, 26 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਬਰਨਾਲਾ ਦੇ ਨਾਮਵਰ ਵਿੱਦਿਅਕ ਅਦਾਰਾ ਟੰਡਨ ਇੰਟਰਨੈਸ਼ਨਲ ਸਕੂਲ ਬਰਨਾਲਾ ਦੇ ਹੋਣਹਾਰ ਸਿਤਾਰਿਆਂ ਨੇ ਸਮੁੰਦਰੋਂ ਪਾਰ ਥਾਈਲੈਂਡ ਦੀ ਧਰਤੀ 'ਤੇ ਅਜਿਹੀ ਦਸਤਕ ਦਿੱਤੀ ਕਿ ਅੰਤਰਰਾਸ਼ਟਰੀ ਮੰਚ 'ਤੇ ਬਰਨਾਲਾ ਤੇ ਪੂਰੇ ਭਾਰਤ ਦਾ ਨਾਮ ਸੁਨਹਿਰੀ ਅੱਖਰਾਂ 'ਚ ਲਿਖ ਦਿੱਤਾ ਹੈ। ਬੈਂਕਾਕ (ਥਾਈਲੈਂਡ) ਵਿਖੇ ਹੋਈ ਥਾਈਲੈਂਡ ਕਰਾਟੇ ਕੱਪ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ-2026 'ਚ ਸਕੂਲ ਦੇ ਖਿਡਾਰੀਆਂ ਨੇ ਆਪਣੀ ਕਲਾ ਤੇ ਜਜ਼ਬੇ ਦਾ ਅਜਿਹਾ ਜ਼ੌਹਰ ਦਿਖਾਇਆ ਕਿ ਵਿਰੋਧੀ ਟੀਮਾਂ ਵਿਰੋਧੀ ਖਿਡਾਰੀਆਂ ਦੇ ਪਸੀਨੇ ਛੁਡਾ ਦਿੱਤੇ। ਜਿਸ ਵਿਚ ਦੀਦਾਰਜੋਤ ਸਿੰਘ ਗੋਲਡ ਅਤੇ ਸਿਲਵਰ ਮੈਡਲ, ਅਮਨਜੋਤ ਕੌਰ ਸਿਲਵਰ ਅਤੇ ਬਰੌਂਜ਼, ਜਸਕਰਨ ਸਿੰਘ ਸਿਲਵਰ ਅਤੇ ਬਰੌਂਜ਼, ਦਿਲਰਾਜ ਸਿੰਘ ਸਿਲਵਰ ਅਤੇ ਬਰੌਂਜ਼ ਮੈਡਲ ਜਿੱਤੇ। ਇਨ੍ਹਾਂ ਚੈਂਪੀਅਨਾਂ ਨੇ 1 ਸੋਨੇ, 4 ਚਾਂਦੀ ਤੇ 3 ਕਾਂਸੀ ਦੇ ਤਗ਼ਮੇ ਜਿੱਤ ਕੇ ਸਾਬਤ ਕਰ ਦਿੱਤਾ ਹੈ ਕਿ ਜੇਕਰ ਜਜ਼ਬਾ ਹੋਵੇ ਤਾਂ ਕੋਈ ਵੀ ਮੰਜ਼ਿਲ ਦੂਰ ਨਹੀਂ ਤੇ ਅਸਮਾਨ ਖੁਦ ਗੋਡੇ ਟੇਕਦਾ ਹੈ। ਇਹ ਜਾਣਕਾਰੀ ਸਕੂਲ ਕੈਂਪਸ 'ਚ ਬੁੱਧਵਾਰ ਨੂੰ ਇੱਕ ਵਿਸ਼ੇਸ਼ ਪ੍ਰੈਸ ਕਾਨਫਰੰਸ ਦੌਰਾਨ ਐੱਮ. ਡੀ. ਸ਼ਿਵ ਸਿੰਗਲਾ ਨੇ ਸਾਂਝੀ ਕਰਦਿਆਂ ਬੜੇ ਮਾਣ ਨਾਲ ਦੱਸਿਆ ਕਿ ਇਹ ਜਿੱਤ ਸਿਰਫ਼ ਸਕੂਲ ਲਈ ਹੀ ਨਹੀਂ। ਸਗੋਂ ਪੂਰੇ ਦੇਸ਼ ਲਈ ਮਾਣ ਵਾਲੀ ਗੱਲ ਹੈ। ਇਹ ਸਿਰਫ਼ ਤਗ਼ਮੇ ਨਹੀਂ। ਐੱਮਡੀ ਸਿੰਗਲਾ ਨੇ ਕਿਹਾ ਸਾਡਾ ਮਕਸਦ ਸਿਰਫ਼ ਕਿਤਾਬੀ ਗਿਆਨ ਦੇਣਾ ਨਹੀਂ। ਸਗੋਂ ਅਜਿਹੇ ਹੀਰੇ ਤਰਾਸ਼ਣਾ ਹੈ ਜੋ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾ ਸਕਣ। ਅੰਤਰਰਾਸ਼ਟਰੀ ਖੇਡ ਮੈਦਾਨ 'ਚ ਆਪਣਾ ਲੋਹਾ ਮਨਵਾਉਣ ਤੋਂ ਬਾਅਦ ਜਦੋਂ ਇਹ ਖਿਡਾਰੀ ਬਰਨਾਲਾ ਪਹੁੰਚੇ ਤਾਂ ਸਕੂਲ ਮੈਨੇਜਮੈਂਟ ਤੇ ਸ਼ਹਿਰ ਵਾਸੀਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਐੱਮਡੀ ਸ਼ਿਵ ਸਿੰਗਲਾ ਤੇ ਪ੍ਰਿੰਸੀਪਲ ਸ਼ਾਲਿਨੀ ਕੌਸ਼ਲ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਹ ਬੱਚੇ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਸਰੋਤ ਬਣਨਗੇ। ਟੰਡਨ ਸਕੂਲ ਪ੍ਰਿੰਸੀਪਲ ਸ਼ਾਲਿਨੀ ਕੌਸ਼ਲ ਨੇ ਖਿਡਾਰੀਆਂ ਦੀ ਮਿਹਨਤ ਨੂੰ ਸਲਾਹਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼ਾਲਿਨੀ ਕੌਸ਼ਲ ਨੇ ਬੱਚਿਆਂ ਦੀ ਅਣਥੱਕ ਮਿਹਨਤ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਹ ਸਫਲਤਾ ਮਹੀਨਿਆਂ ਦੀ ਸਖ਼ਤ ਟ੍ਰੇਨਿੰਗ ਤੇ ਅਨੁਸ਼ਾਸਨ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ 8 ਤਗ਼ਮੇ ਜਿੱਤਣਾ ਇਕ ਬਹੁਤ ਵੱਡੀ ਉਪਲੱਬਧੀ ਹੈ। ਪ੍ਰਿੰਸੀਪਲ ਕੌਸ਼ਲ ਨੇ ਖਿਡਾਰੀਆਂ ਦੇ ਮਾਪਿਆਂ ਤੇ ਕੋਚ ਜਗਸੀਰ ਵਰਮਾ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ। ਅੰਤ ਵਿਚ ਐੱਮਡੀ ਸ਼ਿਵ ਸਿੰਗਲਾ ਵੱਲੋਂ ਉੱਜਵਲ ਭਵਿੱਖ ਦਾ ਭਰੋਸਾ ਸਕੂਲ ਦੇ ਐੱਮਡੀ ਸ਼ਿਵ ਸਿੰਗਲਾ ਨੇ ਜੇਤੂ ਖਿਡਾਰੀਆਂ ਅਤੇ ਕੋਚ ਜਗਸੀਰ ਵਰਮਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਨ੍ਹਾਂ ਹੋਣਹਾਰਾਂ ਨੇ ਬੈਂਕਾਕ ਦੀ ਧਰਤੀ 'ਤੇ ਬਰਨਾਲਾ ਦਾ ਨਾਮ ਚਮਕਾ ਕੇ ਇਹ ਸਿੱਧ ਕਰ ਦਿੱਤਾ ਹੈ, ਕਿ ਉਡਾਣਾਂ ਲਈ ਸਿਰਫ਼ ਵੱਡੇ ਸ਼ਹਿਰਾਂ ਦੀ ਲੋੜ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਜਦੋਂ ਸਾਡੇ ਖਿਡਾਰੀਆਂ ਨੇ ਅੰਤਰਰਾਸ਼ਟਰੀ ਮੰਚ 'ਤੇ ਤਿਰੰਗੇ ਦੀ ਸ਼ਾਨ ਵਧਾਈ, ਉਹ ਪਲ ਸਿਰਫ਼ ਸਕੂਲ ਲਈ ਨਹੀਂ, ਸਗੋਂ ਪੂਰੇ ਬਰਨਾਲਾ ਅਤੇ ਦੇਸ਼ ਲਈ ਮਾਣ ਵਾਲਾ ਸੀ। ਇਹਨਾਂ ਬੱਚਿਆਂ ਸਾਬਤ ਕਰ ਰਹੇ ਹਨ, ਕਿ ਛੋਟੇ ਸ਼ਹਿਰਾਂ ਦੀ ਮਿੱਟੀ 'ਚੋਂ ਵੀ ਵਿਸ਼ਵ ਪੱਧਰ ਦੇ ਚੈਂਪੀਅਨ ਜਨਮ ਲੈਂਦੇ ਹਨ। ਸਿੰਗਲਾ ਨੇ ਕਿਹਾ ਕਿ ਸਾਡਾ ਮਕਸਦ ਸਿਰਫ਼ ਅਕਾਦਮਿਕ ਸਿੱਖਿਆ ਦੇਣਾ ਨਹੀਂ, ਸਗੋਂ ਅਜਿਹੀਆਂ ਸ਼ਖਸੀਅਤਾਂ ਤਿਆਰ ਕਰਨੀ ਹੈ ਜੋ ਖੇਡ, ਸੱਭਿਆਚਾਰ ਅਤੇ ਸਿੱਖਿਆ ਦੇ ਹਰ ਖੇਤਰ ਵਿੱਚ ਦੇਸ਼ ਦਾ ਨਾਮ ਰੌਸ਼ਨ ਕਰਨ। ਸਕੂਲ ਹਮੇਸ਼ਾਂ ਆਪਣੇ ਹਰ ਖਿਡਾਰੀ ਨੂੰ ਉੱਚ ਪੱਧਰੀ ਟ੍ਰੇਨਿੰਗ ਅਤੇ ਹਰ ਸੰਭਵ ਸਹੂਲਤ ਪ੍ਰਦਾਨ ਕਰਦਾ ਰਹੇਗਾ।

# ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਨੇ ਪਲੇਵੇਅ ਕਲਾਸ ਦੇ ਛੋਟੇ ਵਿਦਿਆਰਥੀਆਂ ਲਈ 'ਫਨ ਇਨ ਦ ਸਨ' ਗਤੀਵਿਧੀ ਕਰਵਾਈ

ਬਰਨਾਲਾ, 26 ਫ਼ਰਵਰੀ (ਹਮੀਰ ਸਿੰਘ) : ਬੀਵੀਐਮ ਇੰਟਰਨੈਸ਼ਨਲ ਸਕੂਲ ਨੇ ਪਲੇਵੇਅ ਕਲਾਸ ਦੇ ਬੱਚਿਆਂ ਲਈ ਇੱਕ ਵਿਸ਼ੇਸ਼ 'ਫਨ ਇਨ ਦ ਸਨ' ਗਤੀਵਿਧੀ ਦਾ ਆਯੋਜਨ ਕੀਤਾ, ਜਿਸਦਾ ਉਦੇਸ਼ ਛੋਟੇ ਬੱਚਿਆਂ ਦੇ ਸਰਵਪੱਖੀ ਵਿਕਾਸ ਅਤੇ ਇੱਕ ਅਨੰਦਮਈ ਸਿੱਖਣ ਦੇ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਸੀ। ਸਕੂਲ ਕੈਂਪਸ ਵਿੱਚ ਵੱਡਾ ਖੇਡ ਮੈਦਾਨ ਬੱਚਿਆਂ ਦੇ ਹਾਸੇ, ਉਤਸ਼ਾਹ ਅਤੇ ਊਰਜਾ ਨਾਲ ਜੀਵੰਤ ਹੋ ਗਿਆ। ਖੁੱਲ੍ਹੇ ਹਵਾ ਵਾਲੇ ਵਾਤਾਵਰਣ ਵਿੱਚ ਆਯੋਜਿਤ ਇਸ ਗਤੀਵਿਧੀ ਨੇ ਵਿਦਿਆਰਥੀਆਂ ਨੂੰ ਕੁਦਰਤ ਦੀ ਗੋਦ ਵਿੱਚ ਸਿੱਖਣ ਅਤੇ ਖੇਡਣ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕੀਤਾ। ਗਤੀਵਿਧੀ ਦੌਰਾਨ, ਬੱਚਿਆਂ ਨੂੰ ਖੁੱਲ੍ਹੇ ਹਵਾ ਵਿੱਚ ਕਹਾਣੀ ਸੁਣਾਉਣ ਦਾ ਸੈਸ਼ਨ ਵੀ ਦਿੱਤਾ ਗਿਆ, ਜਿੱਥੇ ਅਧਿਆਪਕਾਂ ਨੇ ਨੈਤਿਕ ਸੰਦੇਸ਼ਾਂ ਨਾਲ ਭਰੀਆਂ ਦਿਲਚਸਪ ਕਹਾਣੀਆਂ ਸੁਣਾਈਆਂ। ਕਹਾਣੀ ਸੁਣਾਉਣ ਦੌਰਾਨ ਬੱਚਿਆਂ ਦੀ ਉਤਸੁਕਤਾ, ਕਲਪਨਾ ਅਤੇ ਪ੍ਰਗਟਾਵੇ ਦੀਆਂ ਯੋਗਤਾਵਾਂ ਸਪੱਸ਼ਟ ਤੌਰ 'ਤੇ ਸਪੱਸ਼ਟ ਸਨ। ਗਤੀਵਿਧੀ ਦੌਰਾਨ, ਬੱਚਿਆਂ ਨੂੰ ਖੁੱਲ੍ਹੇ ਹਵਾ ਵਿੱਚ ਕਹਾਣੀ ਸੁਣਾਉਣ ਦਾ ਸੈਸ਼ਨ ਵੀ ਦਿੱਤਾ ਗਿਆ, ਜਿੱਥੇ ਅਧਿਆਪਕਾਂ ਨੇ ਨੈਤਿਕ ਸੰਦੇਸ਼ਾਂ ਨਾਲ ਭਰੀਆਂ ਦਿਲਚਸਪ ਕਹਾਣੀਆਂ ਸੁਣਾਈਆਂ। ਕਹਾਣੀ ਸੁਣਾਉਣ ਦੌਰਾਨ ਬੱਚਿਆਂ ਦੀ ਉਤਸੁਕਤਾ, ਕਲਪਨਾ ਅਤੇ ਪ੍ਰਗਟਾਵੇ ਦੀਆਂ ਯੋਗਤਾਵਾਂ ਸਪੱਸ਼ਟ ਤੌਰ 'ਤੇ ਸਪੱਸ਼ਟ ਸਨ। ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰੀ ਪ੍ਰਮੋਦ ਅਰੋੜਾ, ਡਾਇਰੈਕਟਰ ਸ੍ਰੀਮਤੀ ਗੀਤਾ ਅਰੋੜਾ, ਸ੍ਰੀ ਨਿਖਿਲ ਅਰੋੜਾ ਅਤੇ ਸ੍ਰੀਮਤੀ ਨੇਹੁਲ ਅਰੋੜਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਬੱਚਿਆਂ ਨੂੰ ਉਨ੍ਹਾਂ ਦੇ ਸ਼ੁਰੂਆਤੀ ਸਿੱਖਿਆ ਦੇ ਸਾਲਾਂ ਦੌਰਾਨ ਇੱਕ ਅਨੰਦਮਈ ਅਤੇ ਤਣਾਅ ਮੁਕਤ ਵਾਤਾਵਰਣ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਦੇ ਆਤਮ-ਵਿਸ਼ਵਾਸ, ਸਮਾਜਿਕ ਵਿਵਹਾਰ ਅਤੇ ਸਿਰਜਣਾਤਮਕ ਸੋਚ ਨੂੰ ਵਿਕਸਤ ਕਰਨ ਵਿੱਚ ਮੱਦਦ ਕਰਦੀਆਂ ਹਨ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮਨਿੰਦਰਜੀਤ ਕੌਰ ਧਾਲੀਵਾਲ ਨੇ ਵੀ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਪ੍ਰਾਇਮਰੀ ਪੱਧਰ 'ਤੇ ਆਯੋਜਿਤ ਅਜਿਹੀਆਂ ਗਤੀਵਿਧੀਆਂ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਇੱਕ ਮਜ਼ਬੂਤ ਨੀਂਹ ਰੱਖਦੀਆਂ ਹਨ। ਪੂਰੇ ਪ੍ਰੋਗਰਾਮ ਦੌਰਾਨ, ਅਧਿਆਪਕਾਂ ਨੇ ਬੱਚਿਆਂ ਦੀ ਸੁਰੱਖਿਆ ਅਤੇ ਭਾਗੀਦਾਰੀ ਦਾ ਵਿਸ਼ੇਸ਼ ਧਿਆਨ ਰੱਖਿਆ, ਤਾਂ ਜੋ ਹਰ ਵਿਦਿਆਰਥੀ ਪੂਰੇ ਉਤਸ਼ਾਹ ਨਾਲ ਇਸ ਗਤੀਵਿਧੀ ਦਾ ਆਨੰਦ ਮਾਣ ਸਕੇ।

# ਭਲਕੇ ਮਨਰੇਗਾ ਬਚਾਓ ਰੈਲੀ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਜੜ੍ਹਾਂ ਹਿਲਾ ਦੇਵੇਗੀ : ਧੰਨਾ ਸਿੰਘ ਗਰੇਵਾਲ

ਬਰਨਾਲਾ, 26 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਆਲ ਇੰਡੀਆ ਕਾਂਗਰਸ ਦੇ ਸੀਨੀਅਰ ਆਗੂ ਅਤੇ ਕੇਂਦਰ ਵਿੱਚ ਵਿਰੋਧੀ ਧਿਰ ਦੇ ਲੀਡਰ ਰਾਹੁਲ ਗਾਂਧੀ ਦੀ 28 ਫਰਵਰੀ ਨੂੰ ਬਰਨਾਲਾ ਦੀ ਅਨਾਜ ਮੰਡੀ ਵਿਖੇ ਹੋ ਰਹੀ ਮਨਰੇਗਾ ਬਚਾਓ ਵਿਸ਼ਾਲ ਰੈਲੀ ਨੂੰ ਲੈ ਕੇ ਕਿਸਾਨਾਂ, ਮਜ਼ਦੂਰਾਂ ਅਤੇ ਪਾਰਟੀ ਵਰਕਰਾਂ ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਰੈਲੀ ਦਾ ਵਿਸ਼ਾਲ ਇਕੱਠ ਪੰਜਾਬ 'ਚੋਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ 2027 'ਚ ਖ਼ਾਤਮਾ ਕਰਨ ਦਾ ਮੁੱਢ ਬੰਨ੍ਹੇਗਾ। ਇਹ ਰੈਲੀ ਮਨਰੇਗਾ ਬਚਾਓ ਮੁਹਿੰਮ ਤਹਿਤ ਕਰਵਾਈ ਜਾ ਰਹੀ ਹੈ, ਜਿਸ ਨੂੰ ਕਾਂਗਰਸ ਪਾਰਟੀ ਵੱਲੋਂ ਗਰੀਬਾਂ ਅਤੇ ਮਜ਼ਦੂਰ ਵਰਗ ਦੇ ਹੱਕਾਂ ਦੀ ਰੱਖਿਆ ਲਈ ਇੱਕ ਵੱਡੀ ਜੰਗ ਵਜੋਂ ਦੇਖਿਆ ਜਾ ਰਿਹਾ ਹੈ। ਹਲਕਾ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਅਤੇ ਪੰਜਾਬ ਕਾਂਗਰਸ ਦੇ ਕਿਸਾਨ ਮੋਰਚਾ ਦੇ ਸੂਬਾ ਮੀਤ ਪ੍ਰਧਾਨ ਧੰਨਾ ਸਿੰਘ ਗਰੇਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਰਨਾਲਾ ਵਿਖੇ ਹੋ ਰਹੀ ਇਹ ਮਨਰੇਗਾ ਬਚਾਓ ਰੈਲੀ ਇਤਿਹਾਸਿਕ ਸਾਬਤ ਹੋਵੇਗੀ। ਬਰਨਾਲਾ ਰੈਲੀ ਦੀ ਪੂਰਨ ਸਫ਼ਲਤਾ ਲਈ ਦਿਨ ਰਾਤ ਮਿਹਨਤ ਕਰ ਰਹੇ ਧੰਨਾ ਸਿੰਘ ਗਰੇਵਾਲ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਯੋਜਨਾ ਨੂੰ ਕਮਜ਼ੋਰ ਕਰਨ ਅਤੇ ਇਸ ਨੂੰ ਬਦਲਵੇਂ ਰੂਪ 'ਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਕਿ ਗ਼ਰੀਬ ਅਤੇ ਮਜ਼ਦੂਰ ਵਰਗ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ । ਉਹਨਾਂ ਦੋਸ਼ ਲਗਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਮਨਰੇਗਾ ਨੂੰ ਨਵੇਂ ਨਾਂਅ ਹੇਠ ਲਿਆ ਕੇ ਮਜ਼ਦੂਰਾਂ ਦੇ ਹੱਕਾਂ ਨੂੰ ਘਟਾਉਣ ਦੀ ਯੋਜਨਾ ਬਣਾ ਰਹੀ ਹੈ, ਜਿਸ ਨਾਲ ਪਿੰਡਾਂ ਦੀ ਆਰਥਿਕਤਾ ਤੇ ਨਾਕਾਰਾਤਮਕ ਅਸਰ ਪਵੇਗਾ । ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਤੋਂ ਮਜ਼ਦੂਰਾਂ ,ਕਿਸਾਨਾਂ ਅਤੇ ਪਿਛੜੇ ਵਰਗਾਂ ਦੀ ਆਵਾਜ਼ ਬਣੀ ਹੈ ਅਤੇ ਅੱਗੇ ਵੀ ਬਣੇਗੀ ਅਖੀਰ ਵਿੱਚ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ 28 ਫਰਵਰੀ ਨੂੰ ਸਵੇਰੇ 10 ਵਜੇ ਆਪਣੇ ਆਪਣੇ ਕਾਫ਼ਲਿਆਂ ਸਮੇਤ ਬਰਨਾਲਾ ਦੀ ਅਨਾਜ ਮੰਡੀ ਵਿਖੇ ਪੁੱਜ ਕੇ ਇਸ ਇਤਿਹਾਸਿਕ ਰੈਲੀ ਦਾ ਹਿੱਸਾ ਬਣਨ।

# ਲਾਜਪਤ ਰਾਏ ਚੋਪੜਾ ਸਰਬ ਸੰਮਤੀ ਨਾਲ ਭਗਤ ਮੋਹਨ ਲਾਲ ਸੇਵਾ ਸੰਮਤੀ ਅਤੇ ਰਾਮਬਾਗ਼ ਕਮੇਟੀ ਦੇ ਪ੍ਰਧਾਨ ਚੁਣੇ

ਬਰਨਾਲਾ, 26 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਭਗਤ ਮੋਹਨ ਲਾਲ ਸੇਵਾ ਸੰਮਤੀ ਬਰਨਾਲਾ ਅਤੇ ਰਾਮਬਾਗ਼ ਕਮੇਟੀ ਬਰਨਾਲਾ ਦੀ ਐਗਜੈਟਿਵ ਕਮੇਟੀ ਇੱਕ ਹੰਗਾਮੀ ਮੀਟਿੰਗ ਹੋਈ। ਰਾਮਬਾਗ਼ ਵਿਖੇ ਸੇਵਾ ਸੰਮਤੀ ਦੇ ਦਫ਼ਤਰ ਵਿੱਚ ਹੋਈ ਇਸ ਮੀਟਿੰਗ ਵਿੱਚ ਪ੍ਰਧਾਨ ਭਾਰਤ ਮੋਦੀ ਦੇ ਅਚਾਨਕ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਦੋ ਮਿੰਟ ਦਾ ਮੋਨ ਧਾਰ ਕੇ ਸਵਰਗਵਾਸੀ ਭਾਰਤ ਮੋਦੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੀਟਿੰਗ ਵਿੱਚ ਸਵ: ਪ੍ਰਧਾਨ ਭਾਰਤ ਮੋਦੀ ਵੱਲੋਂ ਸੇਵਾ ਸੰਮਤੀ ਅਤੇ ਰਾਮਬਾਗ਼ ਕਮੇਟੀ ਲਈ ਕੀਤੇ ਗਏ ਅਣਥੱਕ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਦੌਰਾਨ ਸੇਵਾ ਸੰਮਤੀ ਦੇ ਜਨਰਲ ਸਕੱਤਰ ਕਮਲ ਜਿੰਦਲ ਵੱਲੋਂ ਭਗਤ ਮੋਹਨ ਲਾਲ ਸੇਵਾ ਸੰਮਤੀ ਅਤੇ ਰਾਮਬਾਗ ਕਮੇਟੀ ਦਾ ਕੰਮ ਕਾਰ ਸੁਚਾਰੂ ਢੰਗ ਨਾਲ ਚੱਲਦਾ ਰੱਖਣ ਲਈ ਲਾਜਪਤ ਰਾਏ ਚੋਪੜਾ ਦਾ ਨਾਮ ਪ੍ਰਧਾਨਗੀ ਲਈ ਪੇਸ਼ ਕੀਤਾ, ਜਿਸ ਦੀ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੇ ਸਰਬਸੰਮਤੀ ਨਾਲ ਤਾਈਦ ਕੀਤੀ । ਇਸ ਤਰ੍ਹਾਂ ਸਰਬਸੰਮਤੀ ਨਾਲ ਲਾਜਪਤ ਰਾਏ ਨੂੰ ਭਗਤ ਮੋਹਨ ਲਾਲ ਸੇਵਾ ਸੰਮਤੀ ਤੇ ਰਾਮਬਾਗ਼ ਕਮੇਟੀ ਬਰਨਾਲਾ ਦਾ ਪ੍ਰਧਾਨ ਚੁਣ ਲਿਆ। ਇਸ ਮੀਟਿੰਗ ਵਿੱਚ ਭਗਤ ਮੋਹਨ ਲਾਲ ਸੇਵਾ ਸੰਮਤੀ ਦੇ ਜਨਰਲ ਸਕੱਤਰ ਕਮਲ ਕੁਮਾਰ, ਮੀਤ ਪ੍ਰਧਾਨ ਬੀਰਬਲ ਦਾਸ, ਮੀਤ ਪ੍ਰਧਾਨ ਵਿਨੋਦ ਕੁਮਾਰ ਕਾਂਸਲ, ਕੈਸ਼ੀਅਰ ਸੇਵਾ ਸੰਮਤੀ ਮੰਗਤ ਰਾਏ, ਕੈਸ਼ੀਅਰ ਰਾਮਬਾਗ਼ ਕਮੇਟੀ ਵੇਦ ਪ੍ਰਕਾਸ਼, ਜੁਆਇੰਟ ਸਕੱਤਰ ਨਰਿੰਦਰ ਚੋਪੜਾ, ਪ੍ਰਚਾਰ ਸਕੱਤਰ ਜਗਸੀਰ ਸਿੰਘ ਸੰਧੂ, ਕਾਰਜਕਾਰਨੀ ਮੈਂਬਰ ਦੀਪਕ ਸੋਨੀ, ਰਜਿੰਦਰ ਗਾਰਗੀ ਅਤੇ ਗੋਪਾਲ ਸ਼ਰਮਾ ਹਾਜ਼ਰ ਸਨ, ਜਦੋਂ ਕਿ ਕਾਰਜਕਾਰਨੀ ਦੇ ਮੈਂਬਰ ਵਿਪਨ ਧਰਨੀ ਨੇ ਵਿਦੇਸ਼ ਤੋਂ ਫੋਨ ਰਾਹੀਂ ਇਸ ਫ਼ੈਸਲੇ ਨਾਲ ਸਹਿਮਤੀ ਪ੍ਰਗਟਾਈ ਹੈ।

# ਐਨ.ਜੀ.ਓ. ਪੁਸ਼ 290 ਡਾਕਟਰੀ ਜਾਂਚ ਕੈਂਪ ਲਗਾਏ

ਮੂਨਕ, 26 ਫਰਵਰੀ (ਸਮਸ਼ੇਰ ਸਿੰਘ ਭੁਟਾਲ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਫਾਰਮਾਸਊਟੀਕਲ ਸਾਇੰਸ ਐਂਡ ਡਰੱਗ ਰਿਸਰਚ ਵਿਭਾਗ ਦੇ ਬਾਨੀ ਸਵ. ਮਨਜੀਤ ਸਿੰਘ ਦੀ ਯਾਦ ਨੂੰ ਸਮਰਪਿਤ ਬਣਾਈ ਗਈ ਐਨਜੀਓ ਪਬਲਿਕ ਯੂਨੀਸਨ ਫਾਰ ਸੋਸ਼ਲ ਹੈਲਪ (ਪੁਸ਼) ਦੇ ਚੈਅਰਮੈਨ ਨੈਬ ਸਿੰਘ ਸਰਾਓ ਦੀ ਅਗਵਾਈ ਵਿੱਚ ਮੁਫ਼ਤ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਪੁਸ਼ ਐਨਜੀਓ ਵੱਲੋਂ 290 ਕੈਂਪ ਲਗਾਏ ਗਏ ਹਨ। 290ਵਾਂ ਕੈਂਪ ਮਿਤੀ 25-02-2026 ਨੂੰ ਅਗਰਵਾਲ ਧਰਮਸ਼ਾਲਾ ਮੂਨਕ, ਸੰਗਰੂਰ ਵਿਖੇ ਲਗਾਇਆ ਗਿਆ। ਇਹ ਕੈਂਪ ਪਾਰਸ ਹੈਲਥ ਹਸਪਤਾਲ ਪੰਚਕੂਲਾ ਦੇ ਸਹਿਯੋਗ ਨਾਲ ਲਗਾਇਆ ਗਿਆ। ਕੈਂਪ ਵਿੱਚ 407 ਮਰੀਜ਼ ਓ.ਪੀ.ਡੀ. ਰਾਹੀਂ ਅਤੇ 40 ਮਰੀਜ਼ ਲੈਂਨਜ਼ ਲਈ ਚੁਣੇ ਗਏ । ਕੈਂਪ ਵਿੱਚ ਹਸਪਤਾਲ ਦੇ ਡਾ. ਰਵੀ ਗੁਪਤਾ, ਡਾ. ਅੰਕੁਰ ਗੁਪਤਾ, ਡਾ. ਨਵਨੀਤ ਅਰੋੜਾ ਅਤੇ ਨਰਸਿੰਗ ਸਟਾਫ਼ ਸ਼ੀਤਲ, ਮਮਤਾ, ਮਹੀਂਵਾਲ ਕੌਸ਼ਲ ਵੱਲੋਂ ਵਿਸੇਸ਼ ਸੇਵਾ ਨਿਭਾਈ ਗਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਫਾਰਮੈਸੀ ਵਿਭਾਗ ਦੇ ਵਿਦਿਆਰਥੀ ਕਸ਼ਿਸ਼ ਕੁਮਾਰ, ਜੈਸਮੀਨ ਕੌਰ, ਨਵਨੀਤ ਕੌਰ ਵੱਲੋਂ ਕੈਂਪ ਵਿੱਚ ਯੋਗਦਾਨ ਪਾਇਆ ਗਿਆ। ਐਡਵੋਕੇਟ ਰੁਪਿੰਦਰ ਸਿੰਘ ਮਾਨ ਅਤੇ ਜਗਸੀਰ ਦੂਦੀਆਂ ਵੱਲੋਂ ਵਿਸੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਐਨ.ਜੀ.ਓ ਦੇ ਚੇਅਰਮੈਨ ਸ: ਨੈਬ ਸਿੰਘ ਸਰਾਓ ਨੇ ਦੱਸਿਆ ਕਿ ਐਨਜੀਓ ਵੱਲੋਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ 290 ਕੈਂਪ ਲਗਾਏ ਗਏ ਹਨ ਅਤੇ ਹਲਕਾ ਲਹਿਰਾਗਾਗਾ ਹੜ ਪ੍ਰਭਾਵਿਤ ਹੋਣ ਕਰਕੇ ਹਲਕੇ ਦੇ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾਣਗੇ। ਹੁਣ ਤੱਕ ਐਨ. ਜੀ. ਓ. ਵੱਲੋਂ 69000 ਲੋਕਾਂ ਨੂੰ ਜਨਰਲ ਮੈਡੀਕਲ ਸੇਵਾਵਾਂ, 1800 ਲੋਕਾਂ ਦੀਆ ਅੱਖਾਂ ਵਿੱਚ ਲੇਨਜ, 900 ਮਰੀਜ਼ਾਂ ਦੀ ਈਸੀਜੀ, 1000 ਮਰੀਜ਼ਾਂ ਦਾ ਸੂਗਰ ਲੈਵਲ, 700 ਮਰੀਜ਼ਾਂ ਦੇ ਦੰਦਾਂ ਦਾ ਚੈੱਕਅਪ ਕਰਵਾਇਆ ਗਿਆ ਅਤੇ ਵਾਤਾਵਰਣ ਨੂੰ ਬਚਾਉਣ ਲਈ 16000 ਬੂਟੇ ਵੀ ਲਗਾਏ ਗਏ।

# ਵਿਧਾਇਕ ਉੱਗੋਕੇ ਨੇ ਕੱਚੇ ਘਰਾਂ ਨੂੰ ਪੱਕੇ ਕਰਨ ਲਈ ਗਰੀਬਾਂ ਨੂੰ ਦਿੱਤੇ ਮਨਜ਼ੂਰੀ ਪੱਤਰ

ਭਦੌੜ, 26 ਫਰਵਰੀ (ਸੁਖਵਿੰਦਰ ਪਲਾਹਾ) : ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉੱਗੋਕੇ ਨੇ ਹਲਕੇ ਦੇ 40 ਕੱਚੇ ਘਰਾਂ ਵਾਲਿਆਂ ਨੂੰ ਮਨਜ਼ੂਰੀ ਪੱਤਰ ਸੌਂਪੇ। ਇਸ ਮੌਕੇ ਉਨ੍ਹਾਂ ਅੱਗੇ ਵੀ ਲੋੜਵੰਦ ਪਰਿਵਾਰਾਂ ਦੀ ਮੱਦਦ ਦਾ ਭਰੋਸਾ ਦਿੱਤਾ। ਸਥਾਨਕ ਨਗਰ ਕੌਂਸਲ ਦਫ਼ਤਰ ਵਿਖੇ ਵੱਖ ਵੱਖ ਪਰਿਵਾਰਾਂ ਨੂੰ ਮਨਜ਼ੂਰੀ ਪੱਤਰ ਸੌਂਪਣ ਸਮੇਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋੜਵੰਦ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ। ਜਿਸ ਦੇ ਤਹਿਤ ਸਮੇਂ ਸਮੇਂ 'ਤੇ ਲੋੜਵੰਦ ਲੋਕਾਂ ਲਈ ਲੋਕ ਭਲਾਈ ਸਕੀਮਾਂ ਲਿਆ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ਨਿੱਜੀ ਤੌਰ 'ਤੇ ਵੀ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਉਹ ਹਰ ਲੋੜਵੰਦ ਦੀ ਮੱਦਦ ਕਰ ਸਕਣ। ਉਨ੍ਹਾਂ ਦੱਸਿਆ ਕਿ ਅੱਜ ਉਨ੍ਹਾਂ 40 ਕੱਚੇ ਘਰਾਂ ਵਾਲਿਆਂ ਨੂੰ ਪੱਕੇ ਘਰ ਬਣਾਉਣ ਲਈ ਮਨਜ਼ੂਰੀ ਪੱਤਰ ਵੰਡੇ ਗਏ ਹਨ, ਜੋ ਆਰਥਿੱਕ ਤੰਗੀ ਹੋਣ ਕਾਰਨ ਆਪਣੇ ਘਰਾਂ ਨੂੰ ਪੱਕੇ ਕਰਨ ਤੋਂ ਅਸਮਰੱਥ ਸਨ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਮੁਨੀਸ਼ ਕੁਮਾਰ ਗਰਗ, ਪ੍ਰਧਾਨ ਟਰੱਕ ਯੂਨੀਅਨ ਭਦੌੜ ਜਗਦੀਪ ਜੱਗੀ, ਕਾਰਜ ਸਾਧਕ ਅਫ਼ਸਰ ਹਰਪ੍ਰੀਤ ਸਿੰਘ, ਤਰਲੋਚਨ ਸਿੰਘ ਜੱਗਾ, ਮੋਨੂ ਸ਼ਰਮਾ, ਆਦਿ ਵੀ ਹਾਜ਼ਰ ਸਨ।

# ਹਰੀਕੇ ਰੈਲੀ ਲਈ ਆੜ੍ਹਤੀ ਐਸੋਸੀਏਸ਼ਨ ਬਰਨਾਲਾ ਵੱਲੋਂ ਤਿਆਰੀਆਂ ਤੇਜ਼

ਬਰਨਾਲਾ, 26 ਫਰਵਰੀ (ਬਘੇਲ ਸਿੰਘ ਧਾਲੀਵਾਲ) : ਆੜ੍ਹਤੀ ਐਸੋਸੀਏਸ਼ਨ ਬਰਨਾਲਾ ਦੀ ਐਗਜ਼ਿਕਿਊਟਿਵ ਮੈਂਬਰਾਂ ਅਤੇ ਔਹਦੇਦਾਰ ਦੀ ਮਹੱਤਵਪੂਰਨ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਤੇ ਮੰਡੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਸੰਘੇੜਾ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੇ ਅਜੰਡੇ ਸਬੰਧੀ ਜਾਣਕਾਰੀ ਦਿੰਦਿਆ ਪ੍ਰਧਾਨ ਦਰਸ਼ਨ ਸਿੰਘ ਸੰਘੇੜਾ ਨੇ ਦੱਸਿਆ ਕਿ 16 ਮਾਰਚ ਨੂੰ ਹਰੀਕੇ ਵਿਖੇ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਵੱਲੋਂ ਪ੍ਰਧਾਨ ਵਿਜੇ ਕਾਲੜਾ ਦੀ ਅਗਵਾਈ ਹੇਠ ਰੱਖੀ ਗਈ, ਸੂਬਾ ਪੱਧਰੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਲਈ ਤਿਆਰੀਆਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ । ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਆੜ੍ਹਤੀ ਭਾਈਚਾਰੇ ਦੇ ਹੱਕਾਂ ਅਤੇ ਮੰਗਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਠਾਉਣ ਲਈ ਬਰਨਾਲਾ ਇਕਾਈ ਵੱਲੋਂ ਵੱਧ-ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਇਸ ਮੌਕੇ 'ਤੇ ਬੋਲਦਿਆਂ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਆ ਰਹੀਆਂ ਨਵੀਆਂ ਨੀਤੀਆਂ ਅਤੇ ਮੰਡੀਆਂ ਨਾਲ ਸਬੰਧਤ ਮਸਲਿਆਂ ਬਾਰੇ ਆੜ੍ਹਤੀਆਂ ਵਿੱਚ ਚਿੰਤਾ ਪਾਈ ਜਾ ਰਹੀ ਹੈ, ਜਿਸ ਨੂੰ ਲੈ ਕੇ ਇਹ ਰੈਲੀ ਅਹਿਮ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਹਰੀਕੇ ਰੈਲੀ ਵਿੱਚ ਬਰਨਾਲਾ ਤੋਂ ਵੱਡਾ ਕਾਫ਼ਲਾ ਰਵਾਨਾ ਕੀਤਾ ਜਾਵੇਗਾ। ਮੀਟਿੰਗ ਵਿੱਚ ਗਗਨ ਚੀਮਾ, ਵਿਸ਼ਵ ਵਿਜੇ, ਵਿਵੇਕ ਕੁਮਾਰ, ਜਿੰਮੀ ਠੀਕਰੀਵਾਲੀਆ, ਸੋਨੀ ਭੋਤਨਾ, ਇਕਬਾਲ ਸਿੰਘ ਸਰਾਂ, ਪਿਆਰੇ ਲਾਲ ਰਾਇਸਰੀਆ, ਨਵੀਨ ਕੇ.ਐਸ.ਬੀ., ਭੋਜ ਰਾਜ, ਤਨੂ, ਸੁਦਰਸ਼ਨ ਕੁਮਾਰ, ਸਤਪਾਲ ਸੁਲਤਾਨਪੁਰੀਆ, ਜਤਿੰਦਰ ਜੇ.ਕੇ., ਜਗਨਨਾਥ ਰੰਗੀਆ, ਸੋਮਨਾਥ ਸਹੌਰੀਆ, ਸਤੀਸ਼ ਚੀਮਾ, ਰਘੂ, ਰਜਿੰਦਰ ਕੁਮਾਰ ਅਤੇ ਟੋਨੀ ਕੁਰੜਵਾਲਾ ਹਾਜ਼ਰ ਸਨ। ਅੰਤ ਵਿੱਚ ਆਗੂਆਂ ਨੇ ਸਮੂਹ ਆੜ੍ਹਤੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਇਕਜੁੱਟ ਹੋ ਕੇ ਰੈਲੀ ਵਿੱਚ ਸ਼ਮੂਲੀਅਤ ਯਕੀਨੀ ਬਣਾਉਣ ਅਤੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ।

# ਸਿਹਤ ਵਿਭਾਗ ਵੱਲੋਂ ਕੈਂਸਰ ਸਕਰੀਨਿੰਗ ਸਬੰਧੀ ਟ੍ਰੇਨਿੰਗ ਸੈਸ਼ਨ

ਬਰਨਾਲਾ, 26 ਫਰਵਰੀ (ਬਘੇਲ ਸਿੰਘ ਧਾਲੀਵਾਲ) : ਸਿਹਤ ਵਿਭਾਗ ਵੱਲੋਂ ਜ਼ਮੀਨੀ ਪੱਧਰ 'ਤੇ ਆਮ ਲੋਕਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਵਿੱਚ ਹੋਰ ਵਾਧਾ ਕਰਦਿਆਂ ਹੈਲਥ ਵੈਲਨੈੱਸ ਸੈਂਟਰ ਪੱਧਰ 'ਤੇ ਵੱਖ ਵੱਖ ਤਰ੍ਹਾਂ ਦੇ ਕੈਂਸਰਾਂ ਦੀ ਸਕਰੀਨਿੰਗ ਕਰਨ ਲਈ ਕਮਿਊਨਿਟੀ ਹੈਲਥ ਅਫ਼ਸਰਾਂ ਵਾਸਤੇ ਦਫ਼ਤਰ ਸਿਵਲ ਸਰਜਨ ਬਰਨਾਲਾ ਦੇ ਟ੍ਰੇਨਿੰਗ ਅਨੈਕਸੀ ਹਾਲ ਵਿਖੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ । ਡਾ. ਹਰੀਪਾਲ ਸਿੰਘ ਸਿਵਲ ਸਰਜਨ ਬਰਨਾਲਾ ਦੀ ਪ੍ਰਧਾਨਗੀ ਅਤੇ ਡਾ. ਪ੍ਰਵੇਸ਼ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਦੀ ਅਗਵਾਈ ਵਿੱਚ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਵਿੱਚ ਜ਼ਿਲ੍ਹਾ ਬਰਨਾਲਾ ਦੇ ਸਮੂਹ ਕਮਿਊਨਿਟੀ ਹੈਲਥ ਅਫ਼ਸਰਾਂ ਨੂੰ ਕੈਂਸਰ (ਮੂੰਹ ਦਾ ਕੈਂਸਰ , ਛਾਤੀ ਦਾ ਕੈਂਸਰ, ਬੱਚੇਦਾਨੀ ਦੇ ਮੂੰਹ ਦਾ ਕੈਂਸਰ ਆਦਿ) ਦੀ ਮੁੱਢਲੀ ਪਹਿਚਾਣ ਕਰਨ ਲਈ ਵਿਸਥਾਰ ਸਹਿਤ ਟ੍ਰੇਨਿੰਗ ਦਿੱਤੀ ਗਈ ।

ਇਸ ਵਰਕਸ਼ਾਪ ਵਿੱਚ ਟ੍ਰੇਨਰ ਵੱਜੋਂ ਡਾ. ਵੰਦਨਾ ਭਾਂਬਰੀ ਜ਼ਿਲ੍ਹਾ ਡੈਂਟਲ ਸਿਹਤ ਅਫ਼ਸਰ, ਡਾ ਸ਼ਿਖਾ ਪਥੋਲੋਜਿਸਟ ਐਸ.ਡੀ.ਐਚ. ਤਪਾ , ਕੁਲਵੰਤ ਸਿੰਘ ਵਿਰਕ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਅਫ਼ਸਰ, ਹਰਜੀਤ ਸਿੰਘ ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ ਵੱਲੋਂ ਬਲਾਕ ਵਿੱਚ ਕੰਮ ਕਰਦੇ ਹੈਲਥ ਅਫ਼ਸਰਾਂ ਨੂੰ ਡਾਇਗਨੋਸਟਿਕ ਕਿੱਟ , ਕੈਂਸਰ ਸਕਰੀਨਿੰਗ ਵਿਸ਼ੇ 'ਤੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਤਾਂ ਜੋ ਇਨ੍ਹਾਂ ਬਿਮਾਰੀਆਂ ਦੀ ਸਮੇਂ ਸਿਰ ਜਾਂਚ ਕਰਕੇ ਪਿੰਡ ਪੱਧਰ ਉੱਪਰ ਹੀ ਇਸਦੇ ਮੁੱਢਲੇ ਲੱਛਣਾਂ ਦੀ ਪਛਾਣ ਰਾਹੀਂ ਬਣਦਾ ਇਲਾਜ ਕੀਤਾ ਜਾ ਸਕੇ।

# ਸਿਰਜਣਾ ਮੇਲਾ-3 ਦਾ ਸ਼ਾਨਦਾਰ ਆਗਾਜ਼, ਲਿੰਗ ਸਮਾਨਤਾ ਅਤੇ ਭਾਰਤੀ ਸਮਾਜ ਵਿਸ਼ੇ 'ਤੇ ਹੋਵੇਗਾ ਸੰਵਾਦ

ਬਰਨਾਲਾ, 26 ਫ਼ਰਵਰੀ (ਇਸੇ ?ਨ ਕੰਗ) : ਸਿਰਜਣਾ ਅਤੇ ਸੰਵਾਦ ਸਾਹਿਤ ਸਭਾ (ਰਜਿ:)ਬਰਨਾਲ਼ਾ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ 25 ਵਾਂ ਸਾਹਿਤਕ ਸਮਾਗਮ ਅਤੇ ਸਿਰਜਣਾ ਮੇਲਾ 3 ਐੱਸ. ਡੀ. ਕਾਲਜ ਆਫ਼ ਐਜੂਕੇਸ਼ਨ ਬਰਨਾਲ਼ਾ ਵਿਖੇ ਬੀ. ਐਂਡ ਹਾਲ ਵਿੱਚ ਕਰਵਾਇਆ ਜਾ ਰਿਹਾ ਹੈ । ਸਭਾ ਦੇ ਪ੍ਰਧਾਨ ਅੰਜਨਾ ਮੈਨਨ ਨੇ ਦੱਸਿਆ ਇਸ ਪ੍ਰੋਗਰਾਮ ਵਿੱਚ ਪੰਜਾਬ ਭਰ ਤੋਂ 22 ਕਵਿੱਤਰੀਆਂ ਭਾਗ ਲੈਣਗੀਆਂ। ਇਸ ਸਮਾਗਮ ਦੀ ਪ੍ਰਧਾਨਗੀ ਡਾ .ਨਵਦੀਪ ਕੌਰ ਮੁਖੀ ਪੋਸਟ ਗਰੈਜੂਏਟ ਸਟੱਡੀਸ ਵਿਭਾਗ ਪੰਜਾਬੀ ਯੂਨੀਵਸਿਟੀ ਰਿਜਨਲ ਸੈਂਟਰ ਬਠਿੰਡਾ ਆਪਣੇ ਕਰ ਕਮਲਾਂ ਨਾਲ ਕਰਨਗੇ ਅਤੇ ਮੈਡਮ ਰੁਪਿੰਦਰ ਰੂਪੀ ਪੰਜਾਬੀ ਫ਼ਿਲਮ ਅਦਾਕਾਰਾ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਇਸ ਮੌਕੇ ਚਲੰਤ ਮਸਲਿਆਂ ਉੱਪਰ ਸੰਵਾਦ ਵੀ ਕਰਵਾਇਆ ਜਾਵੇਗਾ। ਸੰਵਾਦ ਲਿੰਗ ਸੰਵੇਦਨਾ ਅਤੇ ਭਾਰਤੀ ਸਮਾਜ ਵਿਸ਼ੇ ਉੱਪਰ ਡਾ. ਕੁਲਦੀਪ ਸਿੰਘ ਦੀਪ, ਇਕਬਾਲ ਕੌਰ ਉਦਾਸੀ ਅਤੇ ਪ੍ਰੋ. ਹਰਪ੍ਰੀਤ ਕੌਰ ਆਪਣੇ ਵਿਚਾਰ ਸਾਂਝੇ ਕਰਨਗੇ।ਸਭਾ ਦੇ ਮੀਤ ਪ੍ਰਧਾਨ ਮਨਦੀਪ ਕੌਰ ਭਦੌੜ ਨੇ ਦੱਸਿਆ ਕਿ ਇਸ ਮੌਕੇ ਸਿਰਜਣਹਾਰੀ ਪੁਰਸਕਾਰ ਚਾਰ ਜੁਝਾਰੂ, ਸਮਾਜ ਸੇਵੀ ਜੁਝਾਰੂ ਨਵੀਆਂ ਪਿਰਤਾਂ ਪਾਉਣ ਵਾਲੀਆਂ ਔਰਤਾਂ ਡਾ. ਸਰਬਜੀਤ ਕੌਰ ਬਰਾੜ ਪ੍ਰਧਾਨ ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਮੋਗਾ, ਉੱਘੇ ਸਮਾਜਸੇਵੀ ਅਤੇ ਕਵਿੱਤਰੀ, ਦੂਜਾ ਪੁਰਸਕਾਰ ਮੈਡਮ ਰਵੀਨਾ ਖਾਨ ਪ੍ਰੈਜ਼ੀਡੈਂਟ ਵੂਮੈਨ ਕਾਫ਼ਿਲਾ- ਏ- ਮੀਰ ਆਲ ਇੰਡੀਆ ਰਜਿ: ਪਟਿਆਲਾ , ਸਮਾਜਸੇਵੀ ਨੂੰ ਤੀਸਰਾ ਪੁਰਸਕਾਰ ਬੇਅੰਤ ਕੌਰ ਨਿਹਾਲ ਸਿੰਘ ਵਾਲਾ ਉੱਘੇ ਸਾਹਿਤਕਾਰ ਅਲੋਚਕ, ਨਾਟਕਕਾਰ ਨੂੰ ਅਤੇ ਚੌਥਾ ਪੁਰਸਕਾਰ ਲੋਕ ਸੰਘਰਸ਼ਾਂ ਦੀ ਹਾਣੀ ਜਸਵੀਰ ਕੌਰ ਜੱਸੀ ਨੂੰ ਪ੍ਰਦਾਨ ਕੀਤਾ ਜਾਵੇਗਾ। ਮੀਡੀਆ ਇੰਚਾਰਜ ਰੁਪਿੰਦਰ ਕੌਰ ਸ਼ਹਿਣਾ ਨੇ ਦੱਸਿਆ ਕਿ ਇਸ ਮੌਕੇ ਪ੍ਰਧਾਨਗੀ ਪੈਨਲ, ਬੁਲਾਰਿਆਂ ਅਤੇ ਸਾਰੀਆਂ ਕਵਿਤਰੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਾਹਿਤਕ ਪੁਸਤਕਾਂ ਭੇਟ ਕੀਤੀਆਂ ਜਾਣਗੀਆਂ। ਹਾਜ਼ਰੀਨ ਦੇ ਚਾਰ ਪਾਣੀ ਅਤੇ ਖਾਣੇ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਸਮੂਹ ਪ੍ਰਬੰਧਕੀ ਬੋਰਡ ਡਾ ਸਰਬਜੀਤ ਕੌਰ ਬਰਾੜ,ਜਸਪ੍ਰੀਤ ਕੌਰ ਬੱਬੂ, ਪ੍ਰਦੀਪ ਕੌਰ ਟੱਲੇਵਾਲ ਉਰਵਸ਼ੀ ਗੁਪਤਾ, ਜਸਵੀਰ ਕੌਰ, ਬਲਵੀਰ ਕੌਰ, ਸੁਖਪਾਲ ਕੌਰ ਬਾਠ, ਰਜਿੰਦਰ ਕੌਰ , ਨਰਿੰਦਰ ਕੌਰ, ਰੁਪਿੰਦਰ ਕੌਰ ਸ਼ਹਿਣਾ ਵੀ ਹਾਜ਼ਰ ਹੋਣਗੇ। ਲੇਖਕਾਂ ਪਾਠਕਾਂ ਅਤੇ ਸਰੋਤਿਆਂ ਨੂੰ ਸ਼ਾਮਲ ਹੋਣ ਲਈ ਸੱਦਾ ਹੈ।

# ਵਾਈ.ਐਸ. ਕਾਲਜ ਬਰਨਾਲਾ ਦਾ ਸਖੀ ਸਹੇਲੀ ਸ਼ਕਤੀ ਮੇਲੇ ਵਿੱਚ ਚਮਕਿਆ ਨਾਮ

ਬਰਨਾਲਾ, 26 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਵਾਈ.ਐਸ ਕਾਲਜ, ਬਰਨਾਲਾ, ਜਿਸਨੂੰ ਹਾਲ ਹੀ ਵਿੱਚ ਸਾਲ ਦੇ ਸਭ ਤੋਂ ਉੱਭਰਦੇ ਹੋਏ ਉੱਚਤਮ ਸੰਸਥਾ ਵਜੋਂ ਮਾਨਤਾ ਪ੍ਰਾਪਤ ਹੈ, ਨੇ ਬਰਨਾਲਾ ਵਿੱਚ ਹੋਏ ਜੀਵੰਤ ਸਖੀ ਸਹੇਲੀ ਸ਼ਕਤੀ ਮੇਲੇ ਵਿੱਚ ਇੱਕ ਸ਼ਾਨਦਾਰ ਪ੍ਰਭਾਵ ਪਾਇਆ, ਜਿੱਥੇ 60 ਉਤਸ਼ਾਹੀ ਵਿਦਿਆਰਥੀਆਂ ਦੇ ਇੱਕ ਦਲ ਨੇ ਵੱਖ-ਵੱਖ ਪਲੇਟਫਾਰਮਾਂ 'ਤੇ ਆਪਣੀਆਂ ਬਹੁਪੱਖੀ ਪ੍ਰਤਿਭਾਵਾਂ ਦਾ ਪ੍ਰਦਰਸ਼ਨ ਕੀਤਾ। 26 ਫਰਵਰੀ ਨੂੰ ਕਾਲਜ ਦੀ ਭਾਗੀਦਾਰੀ ਨੇ ਸੰਪੂਰਨ ਵਿਦਿਆਰਥੀ ਵਿਕਾਸ, ਸੱਭਿਆਚਾਰਕ ਪ੍ਰਦਰਸ਼ਨਾਂ, ਕਲਾਤਮਕ ਪ੍ਰਦਰਸ਼ਨਾਂ ਅਤੇ ਇੰਟਰਐਕਟਿਵ ਪੱਤਰਕਾਰੀ ਗਤੀਵਿਧੀਆਂ ਨੂੰ ਮਿਲਾਉਣ ਪ੍ਰਤੀ ਆਪਣੀ ਵਚਨਬੱਧਤਾ ਨੂੰ ਉਜਾਗਰ ਕੀਤਾ, ਜਿਸਨੇ ਇੱਕ ਵੱਡੇ ਦਰਸ਼ਕਾਂ ਨੂੰ ਮੋਹਿਤ ਕੀਤਾ। ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਥੀਏਟਰ, ਸੰਗੀਤ, ਲਲਿਤ ਕਲਾਵਾਂ ਅਤੇ ਜਨ ਸੰਚਾਰ ਵਿੱਚ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ, ਨਵੇਂ ਸਿੱਖਣ ਦੇ ਤਜ਼ਰਬਿਆਂ ਨੂੰ ਉਤਸ਼ਾਹਿਤ ਕਰਨ ਅਤੇ ਹਾਜ਼ਰੀਨ ਅਤੇ ਪਤਵੰਤਿਆਂ ਤੋਂ ਵਿਆਪਕ ਪ੍ਰਸ਼ੰਸਾ ਪ੍ਰਾਪਤ ਕਰਨ ਲਈ ਇੱਕ ਗਤੀਸ਼ੀਲ ਪਲੇਟਫਾਰਮ ਵਜੋਂ ਕੰਮ ਕਰਦਾ ਸੀ। ਪੱਤਰਕਾਰੀ ਦੇ ਸੁਭਾਅ ਨੂੰ ਜੋੜਦੇ ਹੋਏ, ਬੀ.ਜੇ.ਐਮ.ਸੀ ਦੇ ਵਿਦਿਆਰਥੀਆਂ ਨੇ ਇੱਕ ਜੀਵੰਤ ਵੌਕਸ ਪੌਪ ਗਤੀਵਿਧੀ ਦਾ ਆਯੋਜਨ ਕੀਤਾ, ਜਨਤਾ ਨੂੰ ਸਵੈ-ਚਾਲਿਤ ਇੰਟਰਵਿਊਆਂ ਵਿੱਚ ਸ਼ਾਮਲ ਕੀਤਾ ਜਿਸ ਨੇ ਸਮਕਾਲੀ ਵਿਸ਼ਿਆਂ 'ਤੇ ਵਿਚਾਰ-ਵਟਾਂਦਰੇ ਨੂੰ ਜਨਮ ਦਿੱਤਾ, ਹਰ ਗੱਲਬਾਤ ਵਿੱਚ ਨਵੀਂ ਸਿੱਖਿਆ, ਨਵਾਂ ਅਨੁਭਵ ਦੀ ਭਾਵਨਾ ਨੂੰ ਮੂਰਤੀਮਾਨ ਕੀਤਾ। ਦਿਨ ਦੀ ਮੁੱਖ ਗੱਲ ਉਦੋਂ ਆਈ ਜਦੋਂ ਬਰਨਾਲਾ ਪ੍ਰਸ਼ਾਸਨ ਦੇ ਏਡੀਸੀ ਨੇ ਸ਼ਾਨਦਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਿਸਾਲੀ ਯੋਗਦਾਨ ਲਈ ਸਨਮਾਨਿਤ ਕੀਤਾ, ਸਰਟੀਫਿਕੇਟ ਅਤੇ ਪ੍ਰਸ਼ੰਸਾ ਭੇਟ ਕੀਤੀ ਜੋ ਕਾਲਜ ਦੀ ਵਧਦੀ ਪ੍ਰਮੁੱਖਤਾ ਨੂੰ ਦਰਸਾਉਂਦੇ ਹਨ। ਦਰਸ਼ਕਾਂ ਦੀਆਂ ਗੜ੍ਹਾਂ ਵਾਲੀਆਂ ਤਾੜੀਆਂ ਅਤੇ ਸਕਾਰਾਤਮਕ ਫੀਡਬੈਕ ਨੇ ਇਨ੍ਹਾਂ ਪ੍ਰਦਰਸ਼ਨਾਂ ਦੇ ਡੂੰਘੇ ਪ੍ਰਭਾਵ ਨੂੰ ਦਰਸਾਇਆ, ਵਾਈ.ਐਸ ਕਾਲਜ ਦੀ ਚੰਗੀ ਪ੍ਰਤਿਭਾ ਨੂੰ ਪਾਲਣ ਲਈ ਸਾਖ ਨੂੰ ਮਜ਼ਬੂਤ ਕੀਤਾ। ਵਿਦਿਆਰਥੀਆਂ ਦੇ ਨਾਲ ਪੰਜ ਸਮਰਪਿਤ ਫੈਕਲਟੀ ਲੈਕਚਰ ਸਨ: ਜਸਦੀਪ ਕੌਰ, ਬੀ.ਜੇ.ਐਮ.ਸੀ ਵਿਭਾਗ ਦੇ ਐਚ.ਓ.ਡੀ ਅਤੇ ਸੱਭਿਆਚਾਰਕ ਕੋਆਰਡੀਨੇਟਰ; ਥੀਏਟਰ ਫੈਕਲਟੀ ਰੁਪਿੰਦਰਜੀਤ ਕੌਰ; ਸੰਗੀਤ ਫੈਕਲਟੀ ਰਵਿੰਦਰਜੀਤ ਕੌਰ; ਫਾਈਨ ਆਰਟ ਫੈਕਲਟੀ ਕੁਲਵੰਤ ਸਿੰਘ ਗਹਿਲ; ਅਤੇ ਬੀ.ਜੇ.ਐਮ.ਸੀ ਫੈਕਲਟੀ ਦੀਪਾ ਇਮੈਨੂਅਲ, ਜਿਨ੍ਹਾਂ ਦੇ ਮਾਰਗਦਰਸ਼ਨ ਨੇ ਇਸ ਸਫਲ ਸੈਰ ਨੂੰ ਆਯੋਜਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਡਾਇਰੈਕਟਰ ਵਰੁਣ ਭਾਰਤੀ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਆਪਣਾ ਅਥਾਹ ਮਾਣ ਪ੍ਰਗਟ ਕਰਦੇ ਹੋਏ ਕਿਹਾ, ਸਖੀ ਸਹੇਲੀ ਸ਼ਕਤੀ ਮੇਲੇ ਵਿੱਚ ਅੱਜ ਦਾ ਪ੍ਰਦਰਸ਼ਨ, ਵਾਈ.ਐਸ ਕਾਲਜ ਦੇ ਵਿਭਿੰਨ ਪਲੇਟਫਾਰਮਾਂ ਰਾਹੀਂ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਦੇ ਦ੍ਰਿਸ਼ਟੀਕੋਣ ਦੀ ਉਦਾਹਰਣ ਦਿੰਦਾ ਹੈ। ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਅੱਗੇ ਕਿਹਾ, ਇਹ ਸਮਾਗਮ ਸਾਡੇ ਵਿਦਿਆਰਥੀਆਂ ਦੀ ਨੁੱਕੜ ਨਾਟਕ ਅਤੇ ਲਾਈਵ ਸੰਗੀਤ ਤੋਂ ਲੈ ਕੇ ਪੇਂਟਿੰਗ ਪ੍ਰਦਰਸ਼ਨੀਆਂ ਅਤੇ ਵੌਕਸ ਪੌਪ ਗਤੀਵਿਧੀਆਂ ਤੱਕ ਦੀ ਬਹੁਪੱਖੀ ਪ੍ਰਤਿਭਾ ਦਾ ਪ੍ਰਮਾਣ ਸੀ। ਵਾਈਸ ਪ੍ਰਿੰਸੀਪਲ ਵੀ.ਪੀ. ਸਿੰਗਲਾ ਨੇ ਸਾਂਝਾ ਕੀਤਾ, ਸਾਡੀ ਫੈਕਲਟੀ ਟੀਮ ਦੀ ਅਗਵਾਈ ਹੇਠ, ਸਾਡੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਨਵੀਆਂ ਚੁਣੌਤੀਆਂ ਨੂੰ ਅਪਣਾਇਆ। ਲਾਈਵ ਪੇਂਟਿੰਗ, ਸਟੇਜ ਪ੍ਰਦਰਸ਼ਨ, ਅਤੇ ਇੰਟਰਐਕਟਿਵ ਸੈਸ਼ਨਾਂ ਨੇ ਸਥਾਈ ਯਾਦਾਂ ਅਤੇ ਸਿੱਖਣ ਦੇ ਮੌਕੇ ਪੈਦਾ ਕੀਤੇ। ਅਸੀਂ ਮਾਨਤਾ ਲਈ ਧੰਨਵਾਦੀ ਹਾਂ ਅਤੇ ਅਜਿਹੀਆਂ ਹੋਰ ਜਿੱਤਾਂ ਦੀ ਉਮੀਦ ਕਰਦੇ ਹਾਂ।

# ਸੋਮਨਾਥ ਜਯੋਤਿਰਲਿੰਗ ਅੰਸ਼ ਯਾਤਰਾ ਨੂੰ ਸਮਰਪਿਤ ਸ਼ੋਭਾ ਯਾਤਰਾ ਕੱਢੀ, ਸਮਾਗਮ ਅੱਜ

ਬਰਨਾਲਾ, 26 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਬਰਨਾਲਾ ਸ਼ਹਿਰ ਉਸ ਸਮੇਂ ਸ਼ਿਵ ਭਗਤੀ ਦੇ ਰੰਗ 'ਚ ਪੂਰੀ ਤਰ੍ਹਾਂ ਰੰਗਿਆ ਗਿਆ, ਜਦੋਂ ਇੱਥੇ ਪਹਿਲੀ ਵਾਰ ਪਹੁੰਚ ਰਹੀ ਸੋਮਨਾਥ ਜਯੋਤਿਰਲਿੰਗ ਅੰਸ਼ ਯਾਤਰਾ ਤੋਂ ਪਹਿਲਾਂ ਇੱਕ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਗਈ। ਇਸ ਸ਼ੋਭਾ ਯਾਤਰਾ 'ਚ ਝਲੂਰ ਵਾਲੀ ਕੁਟੀਆ ਦੇ ਸਵਾਮੀ ਅੰਮ੍ਰਿਤਾਨੰਦ, ਪੰਡਤ ਰਾਕੇਸ਼ ਗੌੜ, ਕੋਲੋਨਾਈਜ਼ਰ ਦੀਪਕ ਸੋਨੀ ਬਾਂਸਲ ਆਸਥਾ ਵਾਲੇ, ਕੋਲੋਨਾਈਜ਼ਰ ਸ਼ਸ਼ੀਕਾਂਤ ਚੋਪੜਾ, ਕੋਲੋਨਾਈਜ਼ਰ ਘਣਸ਼ਿਆਮ ਦਾਸ ਬਾਂਸਲ ਆਸਥਾ ਵਾਲੇ, ਮਾਸਟਰ ਕਾਂਤੀ ਸਵਰੂਪ ਸ਼ਰਮਾ ਆਦਿ ਸ਼ਾਮਿਲ ਹੋਏ। ਸਵਾਮੀ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸੋਮਨਾਥ ਜਯੋਤਿਰਲਿੰਗ ਦੀ ਮਹਿਮਾ ਬਾਰੇ ਦੱਸਦਿਆ ਕਿਹਾ ਕਿ ਅਜਿਹੀਆਂ ਪਾਵਨ ਯਾਤਰਾਵਾਂ ਨਾਲ ਸਮਾਜ 'ਚ ਸੁੱਖ-ਸ਼ਾਂਤੀ ਤੇ ਆਪਸੀ ਭਾਈਚਾਰੇ ਦਾ ਸੰਚਾਰ ਹੁੰਦਾ ਹੈ। ਉਨ੍ਹਾਂ ਬਰਨਾਲਾ ਵਾਸੀਆਂ ਦੇ ਇਸ ਉਤਸ਼ਾਹ ਦੀ ਭਰਪੂਰ ਸ਼ਲਾਘਾ ਕੀਤੀ। ਸ਼ੋਭਾ ਯਾਤਰਾ ਦਾ ਸ਼ਹਿਰ ਦੇ ਮੁੱਖ ਬਾਜ਼ਾਰਾਂ ਤੇ ਚੌਕਾਂ 'ਚ ਸ਼ਰਧਾਲੂਆਂ ਵੱਲੋਂ ਜਗ੍ਹਾ-ਜਗ੍ਹਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ। 'ਹਰ ਹਰ ਮਹਾਂਦੇਵ' ਦੇ ਜੈਕਾਰਿਆਂ ਨਾਲ ਪੂਰਾ ਸ਼ਹਿਰ ਗੂੰਜ ਉੱਠਿਆ। ਵੱਖ-ਵੱਖ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਸ਼ੋਭਾ ਯਾਤਰਾ 'ਚ ਸ਼ਾਮਿਲ ਸੰਗਤਾਂ ਲਈ ਲੰਗਰ ਤੇ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਵੀ ਲਗਾਈਆਂ ਗਈਆਂ, ਉੱਥੇ ਪੰਡਿਤ ਰਾਕੇਸ਼ ਗੌੜ ਅਤੇ ਆਸਥਾ ਇਨਕਲੇਵ ਬਰਨਾਲਾ ਦੇ ਐੱਮ ਡੀ ਦੀਪਕ ਸੋਨੀ ਵੱਲੋਂ ਸ਼ਰਧਾਲੂਆਂ ਲਈ ਭੋਜਨ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਵਿਜੇ ਗਰਗ, ਰਵਿੰਦਰ ਕੁਮਾਰ, ਸੰਜੀਵ ਮਿੱਤਲ, ਕ੍ਰਿਸ਼ਨ ਪ੍ਰਤਾਪ, ਰੇਖਾ ਗਰਗ ਤੇ ਮੋਨਿਕਾ ਗੋਇਲ ਨੇ ਦਸਿਆ ਕਿ ਪਿਛਲੇ ਕਈ ਦਿਨਾਂ ਤੋਂ ਸ਼ਹਿਰ 'ਚ 'ਡੋਰ-ਟੂ-ਡੋਰ ਜਨ ਸੰਪਰਕ ਕੀਤਾ ਗਿਆ, ਜਿਸ ਦੇ ਨਤੀਜੇ ਵਜੋਂ ਭਾਰੀ ਗਿਣਤੀ ਚ ਸ਼ਰਧਾਲੂ ਸੋਭਾ ਯਾਤਰਾ ਚ ਸ਼ਾਮਿਲ ਹੋਏ। ਉਨ੍ਹਾਂ ਦੱਸਿਆ ਕਿ ਸ਼ਹਿਰ ਵਾਸੀਆਂ ਨੇ ਜਿਸ ਤਰ੍ਹਾਂ ਆਪਣੀਆਂ ਦੁਕਾਨਾਂ ਤੇ ਘਰਾਂ ਦੇ ਬਾਹਰ ਯਾਤਰਾ ਦਾ ਸਵਾਗਤ ਕੀਤਾ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ। ਸਮਾਗਮ ਦੇ ਪ੍ਰਬੰਧਕਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਮੁੱਖ ਸਮਾਗਮ ਅੱਜ ਮਿਤੀ 27 ਫਰਵਰੀ ਨੂੰ ਅਨਾਜ ਮੰਡੀ ਬਰਨਾਲਾ ਵਿਖੇ ਹੋ ਰਿਹਾ ਹੈ, ਜਿਸ ਦੌਰਾਨ ਸ਼ਾਮ 4 ਵਜੇ ਤੋਂ ਰੁਦਰਾਭਿਸ਼ੇਕ, ਸਤਿਸੰਗ ਤੇ ਅਤੁੱਟ ਭੰਡਾਰਾ ਵਰਤਾਇਆ ਜਾਵੇਗਾ। ਉਨ੍ਹਾਂ ਸ਼ੋਭਾ ਯਾਤਰਾ ਦੀ ਸਫ਼ਲਤਾ ਲਈ ਪ੍ਰਸ਼ਾਸਨ ਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਕੇਸ਼ ਬਾਂਸਲ ਲਵਲੀ , ਜਸਪਾਲ ਸ਼ਰਮਾ, ਰਾਜੇਸ਼ ਭੂਟਾਨੀ, ਰਾਕੇਸ਼ ਗਰਗ, ਰਾਕੇਸ਼ ਜਿੰਦਲ, ਮਹਿੰਦਰ ਪਾਲ ਗਰਗ ਆਦਿ ਵੀ ਸ਼ੋਭਾ ਯਾਤਰਾ 'ਚ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

# ਸਮਾਜ ਸੇਵੀ ਪ੍ਰੇਮ ਕੁਮਾਰ ਗਰਗ ਦੇ ਦੇਹਾਂਤ 'ਤੇ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਦੁੱਖ ਦਾ ਪ੍ਰਗਟਾਵਾ

ਬਰਨਾਲਾ, 26 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਬਰਨਾਲਾ ਦੀਆਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਐਂਡ ਸਿਵਲ ਸੋਸਾਇਟੀ ਬਰਨਾਲਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਬਰਨਾਲਾ, ਸੂਰਿਆਵੰਸ਼ੀ ਖੱਤਰੀ ਸਭਾ ਬਰਨਾਲਾ, ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਬਰਨਾਲਾ, ਅਗਰਵਾਲ ਸਭਾ ਬਰਨਾਲਾ, ਬਾਬਾ ਮੋਤੀ ਰਾਮ ਮਹਿਰਾ ਸੇਵਾ ਸੋਸਾਇਟੀ, ਪ੍ਰਾਚੀਨ ਸ਼ਿਵ ਧਾਮ ਮੰਦਰ ਕਮੇਟੀ 22 ਏਕੜ ਆਦਿ ਨੇ ਸਮਾਜ ਸੇਵੀ ਅਤੇ ਅਗਰਵਾਲ ਸਭਾ ਪੰਜਾਬ ਦੇ ਸਾਬਕਾ ਜਨਰਲ ਸਕੱਤਰ ਪ੍ਰੇਮ ਕੁਮਾਰ ਗਰਗ ਦੇ ਦੇਹਾਂਤ 'ਤੇ ਸ਼ੋਕ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਜਿੱਥੇ ਪਰਿਵਾਰ ਨੂੰ ਨਾ ਪੂਰਾ ਘਾਟਾ ਪਿਆ ਹੈ, ਉੱਥੇ ਸ਼ਹਿਰ ਦੀਆਂ ਸਮਾਜਿਕ ਸੰਸਥਾਵਾਂ ਸੂਝਵਾਨ ਅਤੇ ਸਮਾਜ ਸੇਵੀ ਸਵਰਗੀ ਪ੍ਰੇਮ ਕੁਮਾਰ ਗਰਗ ਦੇ ਤਜ਼ਰਬੇ ਅਤੇ ਸੇਵਾਵਾਂ ਤੋਂ ਵਾਂਝੀਆਂ ਹੋ ਗਈਆਂ ਹਨ। ਸਵਰਗੀ ਪ੍ਰੇਮ ਕੁਮਾਰ ਗਰਗ ਦੇ ਪੁੱਤਰ ਅਤੇ ਭਾਜਪਾ ਦੇ ਸੀਨੀਅਰ ਆਗੂ ਲਲਿਤ ਮਹਾਜਨ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਪ੍ਰੇਮ ਕੁਮਾਰ ਗਰਗ ਕੁਝ ਸਮਾਂ ਬਿਮਾਰ ਰਹਿਣ ਤੋਂ ਬਾਅਦ ਐਤਵਾਰ ਸਵੇਰੇ ਸਾਢੇ ਪੰਜ ਵਜੇ ਆਪਣੀ ਸੁਆਸਾਂ ਦੀ ਪੂੰਜੀ ਸਮੇਟਦੇ ਹੋਏ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਸਵਰਗੀ ਪ੍ਰੇਮ ਕੁਮਾਰ ਗਰਗ, ਜਿੱਥੇ ਭਾਜਪਾ ਆਗੂ ਲਲਿਤ ਗਰਗ ਦੇ ਪਿਤਾ ਸਨ, ਉੱਥੇ ਉਹ ਅਮਰ ਸ਼ਹੀਦ ਰਾਜ ਮਹਾਜਨ ਦੇ ਵੱਡੇ ਸਕੇ ਭਰਾ ਸਨ। ਉਨ੍ਹਾਂ ਦੇ ਪਿਤਾ ਦੀ ਅੰਤਿਮ ਅਰਦਾਸ ਅਤੇ ਭੋਗ ਦੀ ਰਸਮ 6 ਮਾਰਚ ਦਿਨ ਸ਼ੁੱਕਰਵਾਰ ਨੂੰ ਸਥਾਨਕ ਰਾਮਬਾਗ ਦੇ ਸ਼ਾਂਤੀ ਹਾਲ ਵਿਖੇ ਬਾਅਦ ਦੁਪਹਿਰ 1ਤੋਂ 2 ਵਜੇ ਤੱਕ ਹੋਵੇਗੀ। ਸਭਨਾਂ ਨੂੰ ਭੋਗ ਸਮਾਗਮ ਚ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

# ਪਟਿਆਲਾ-ਆਸ/ਪਾਸ

## ਬੱਸ-ਕਾਰ ਟੱਕਰ 'ਚ ਕਾਰ ਚਾਲਕ ਦੀ ਮੌਤ, ਪਤਨੀ ਗੰਭੀਰ ਜ਼ਖ਼ਮੀ

ਸਮਾਣਾ, 26 ਫਰਵਰੀ (ਵਿਜੇ ਕੁਮਾਰ): ਸਮਾਣਾ-ਪਟਿਆਲਾ ਸੜਕ 'ਤੇ ਵੀਰਵਾਰ ਸਵੇਰੇ ਇੱਕ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀ ਬੱਸ ਅਤੇ ਸਾਹਮਣੇ ਤੋਂ ਆ ਰਹੀ ਕਾਰ ਵਿਚਾਲੇ ਹੋਈ ਜ਼ਬਰਦਸਤ ਟੱਕਰ 'ਚ ਕਾਰ ਚਾਲਕ ਦੀ ਮੌਤ ਹੋ ਗਈ, ਜਦੋਂਕਿ ਫਰੰਟ ਸੀਟ 'ਤੇ ਬੈਠੀ ਉਸ ਦੀ ਪਤਨੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਜ਼ਖ਼ਮੀ ਮਹਿਲਾ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਜਾਇਆ ਗਿਆ, ਜਿੱਥੇ ਉਸ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਪਟਿਆਲਾ ਰੈਫਰ ਕਰ ਦਿੱਤਾ। ਹਾਦਸੇ ਤੋਂ ਬਾਅਦ ਬੱਸ ਚਾਲਕ ਮੌਕੇ 'ਤੇ ਹੀ ਬੱਸ ਛੱਡ ਕੇ ਫਰਾਰ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ 6 ਵਜੇ ਸਵਾਰੀਆਂ ਨਾਲ ਭਰੀ ਇੱਕ ਬੱਸ ਸਮਾਣਾ ਤੋਂ ਪਟਿਆਲਾ ਵੱਲ ਜਾ ਰਹੀ ਸੀ, ਜਦੋਂ ਇਹ ਬੱਸ ਸ਼ਹਿਰ ਦੇ ਬਾਹਰ ਪਟਿਆਲਾ ਰੋਡ 'ਤੇ ਪਿੰਡ ਫਤਿਹਪੁਰ ਨੇੜੇ ਪਹੁੰਚੀ ਤਾਂ ਪਟਿਆਲਾ ਵੱਲੋਂ ਆ ਰਹੀ ਇੱਕ ਕਾਰ ਨਾਲ ਇਸ ਦੀ ਟੱਕਰ ਹੋ ਗਈ। ਇਸ ਹਾਦਸੇ 'ਚ ਬੱਸ ਦਾ

ਅਗਲਾ ਟਾਇਰ ਨਿਕਲ ਗਿਆ ਪਰ ਬੱਸ ਦੀਆਂ ਸਵਾਰੀਆਂ ਵਾਲ-ਵਾਲ ਬਚ ਗਈਆਂ, ਜਦੋਂਕਿ ਕਾਰ ਦੇ ਪਰਖੱਚੇ ਉੱਡ ਗਏ। ਹਾਦਸੇ 'ਚ ਕਾਰ ਚਾਲਕ ਵਿਕਰਮਜੀਤ ਸਿੰਘ (40), ਨਿਵਾਸੀ ਗੁਰੂ ਰਾਮਦਾਸ ਨਗਰ, ਸਮਾਣਾ, ਕਾਰ ਵਿੱਚ ਹੀ ਫਸ ਗਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਉਸ ਦੀ ਪਤਨੀ ਤੇਜਿੰਦਰ ਕੌਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਇਸ ਹਾਦਸੇ 'ਚ ਕਾਰ ਦੀ ਪਿਛਲੀ ਸੀਟ 'ਤੇ ਬੈਠਾ ਉਨ੍ਹਾਂ ਦਾ 5 ਸਾਲਾ ਪੁੱਤਰ ਵਾਲ-ਵਾਲ ਬਚ ਗਿਆ।ਮਾਮਲੇ ਦੀ ਜਾਂਚ ਕਰ ਰਹੇ ਸਿਟੀ ਪੁਲਿਸ ਦੇ ਏ.ਐੱਸ.ਆਈ. ਧਰਮਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਵਿਕਰਮਜੀਤ ਸਿੰਘ ਦੇ ਪਿਤਾ ਬਾਲ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਨੇ ਬੱਸ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਫਰਾਰ ਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਦੇਹ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਪੁਲਿਸ ਵੱਲੋਂ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬੀ ਯੂਨੀਵਰਸਿਟੀ ਵੱਲੋਂ ਸਾਈਬਰ ਸੁਰੱਖਿਆ ਸਬੰਧੀ ਸਿੱਖਿਆ ਨੂੰ ਮਜ਼ਬੂਤ ਕਰਨ ਲਈ 'ਇਸਾਕ' ਫਾਊਂਡੇਸ਼ਨ ਨਾਲ ਇਕਰਾਰਨਾਮਾ

### ➢ਅਦਾਰਿਆਂ ਨੂੰ ਆਪਸੀ ਤਾਲਮੇਲ ਕਾਇਮ ਕਰਕੇ ਕਰਨੇ ਚਾਹੀਦੇ ਨੇ ਕਾਰਜ: ਡਾ. ਜਗਦੀਪ ਸਿੰਘ

ਪਟਿਆਲਾ, 26 ਫਰਵਰੀ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਵੱਲੋਂ ਸਾਈਬਰ ਸੁਰੱਖਿਆ ਸਬੰਧੀ ਸਿੱਖਿਆ ਅਤੇ ਉਦਯੋਗਿਕ ਸਬੰਧਾਂ ਨੂੰ ਮਜ਼ਬੂਤ ਕਰਨ ਵੱਲ ਅਹਿਮ ਕਦਮ ਪੁੱਟਦਿਆਂ 'ਇਨਫਰਮੇਸ਼ਨ ਸ਼ੇਅਰਿੰਗ ਐਂਡ ਐਨਾਲਿਸਿਸ ਸੈਂਟਰ' (ਇਸਾਕ) ਫਾਊਂਡੇਸ਼ਨ ਨਾਲ਼ ਇੱਕ ਇਕਰਾਰਨਾਮਾ ਕੀਤਾ ਗਿਆ ਹੈ। ਇਹ ਇਕਰਾਰਨਾਮਾ ਯੂਨੀਵਰਸਿਟੀ ਵਿਖੇ ਹਾਲ ਹੀ ਵਿੱਚ ਸਥਾਪਿਤ 'ਸਾਈਬਰ ਵੈਲਨੈੱਸ ਐਂਡ ਸਕਿਉਰਟੀ ਸੈਂਟਰ' ਰਾਹੀਂ ਕੀਤਾ ਗਿਆ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਦੀ ਮੌਜੂਦਗੀ ਵਿੱਚ ਇਸ ਇਕਰਾਰਨਾਮੇ 'ਤੇ ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਦਵਿੰਦਰਪਾਲ ਸਿੰਘ ਸਿੱਧੂ ਅਤੇ ਇਸਾਕ ਫਾਊਂਡੇਸ਼ਨ ਦੇ ਨੁਮਾਇੰਦਿਆਂ ਵੱਲੋਂ ਹਸਤਾਖ਼ਰ ਕੀਤੇ ਗਏ। ਜ਼ਿਕਰਯੋਗ ਹੈ ਕਿ ਇਸਾਕ ਇੱਕ ਰਾਸ਼ਟਰੀ ਪੱਧਰ ਦੀ ਮਾਨਤਾ ਪ੍ਰਾਪਤ ਗੈਰ-ਲਾਭਕਾਰੀ ਸੰਸਥਾ ਹੈ ਜੋ ਪੂਰੇ ਭਾਰਤ ਵਿੱਚ ਸਾਈਬਰ ਸੁਰੱਖਿਆ

ਜਾਗਰੂਕਤਾ, ਹੁਨਰ ਵਿਕਾਸ ਅਤੇ ਸਾਈਬਰ ਹਾਈਜਨ ਦੇ ਖੇਤਰ ਵਿੱਚ ਕੰਮ ਕਰ ਰਹੀ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਇਸ ਸਹਿਯੋਗ ਨਾਲ਼ ਵਿਦਿਆਰਥੀਆਂ ਨੂੰ ਉਦਯੋਗਿਕ ਲੋੜਾਂ ਮੁਤਾਬਕ ਪ੍ਰਮਾਣ ਪੱਤਰ, ਪ੍ਰੈਕਟੀਕਲ ਐਕਸਪੋਜ਼ਰ ਅਤੇ ਰੀਅਲ-ਟਾਈਮ ਖ਼ਤਰਿਆਂ ਦੀ ਜਾਣਕਾਰੀ ਮਿਲੇਗੀ, ਜੋ ਉਨ੍ਹਾਂ ਨੂੰ ਗਲੋਬਲ ਕਰੀਅਰ ਦੇ ਮੌਕਿਆਂ ਲਈ ਤਿਆਰ ਕਰੇਗੀ। ਰਜਿਸਟਰਾਰ ਡਾ. ਦਵਿੰਦਰਪਾਲ ਸਿੰਘ ਸਿੱਧੂ ਨੇ ਕਿਹਾ ਕਿ ਇਹ ਸਹਿਯੋਗ ਪੰਜਾਬੀ ਯੂਨੀਵਰਸਿਟੀ ਨੂੰ ਸਾਈਬਰ ਸੁਰੱਖਿਆ ਸਿੱਖਿਆ ਦੇ ਖੇਤਰ ਵਿੱਚ ਇੱਕ 'ਸੈਂਟਰ ਆਫ ਐਕਸੀਲੈਂਸ' ਵਜੋਂ ਸਥਾਪਿਤ ਕਰਨ ਅਤੇ 'ਸੁਰੱਖਿਅਤ ਡਿਜੀਟਲ ਇੰਡੀਆ' ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। 'ਐਂਟਰਪ੍ਰੀਨਿਓਰਸ਼ਿਪ, ਇਨੋਵੇਸ਼ਨ ਐਂਡ ਕਰੀਅਰ ਹੱਬ' ਦੇ ਡਾਇਰੈਕਟਰ ਪ੍ਰੋ. ਹਿਮੇਂਦਰ ਭਾਰਤੀ ਨੇ ਦੱਸਿਆ ਕਿ ਇਸ ਸਮਝੌਤੇ ਤਹਿਤ ਵਿਦਿਆਰਥੀਆਂ ਨੂੰ ਸਰਟੀਫਾਈਡ ਸਾਈਬਰ ਸੁਰੱਖਿਆ ਇਨਵੈਸਟੀਗੇਟਰ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਕੋਰਸਾਂ ਅਤੇ ਰਾਸ਼ਟਰੀ ਹੈਕਾਥੋਨ ਵਿੱਚ ਭਾਗ ਲੈਣ ਦਾ ਮੌਕਾ ਮਿਲੇਗਾ। ਕੰਪਿਊਟਰ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਅਤੇ ਪਲੇਸਮੈਂਟ ਕੋਆਰਡੀਨੇਟਰ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਇਸ ਤਹਿਤ ਹੋਣ ਵਾਲ਼ੇ ਸਿਖਲਾਈ ਕੋਰਸ ਵਿਦਿਆਰਥੀਆਂ ਨੂੰ ਅਸਲ ਦੁਨੀਆ ਦੀਆਂ ਚੁਣੌਤੀਆਂ ਲਈ ਤਿਆਰ ਕਰਨਗੇ, ਜਿਸ ਨਾਲ ਸਾਈਬਰ ਸੁਰੱਖਿਆ ਫਰਮਾਂ, ਬੈਂਕਾਂ ਅਤੇ ਸਰਕਾਰੀ ਏਜੰਸੀਆਂ ਵਿੱਚ ਨੌਕਰੀ ਦੇ ਰਾਹ ਖੁੱਲ੍ਹਣਗੇ।ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਪਿਛਲੇ 10 ਸਾਲਾਂ ਤੋਂ 'ਐਥੀਕਲ ਹੈਕਿੰਗ' ਦਾ ਕੋਰਸ ਕਰਵਾ ਰਹੀ ਹੈ। ਸਾਈਬਰ ਵੈਲਨੈੱਸ ਐਂਡ ਸਕਿਉਰਟੀ ਸੈਂਟਰ ਦੇ ਨੋਡਲ ਅਫ਼ਸਰ ਡਾ. ਅਭਿਨਵ ਭੰਡਾਰੀ ਅਤੇ ਕੋਆਰਡੀਨੇਟਰ ਡਾ. ਨਵਦੀਪ ਕੰਵਲ ਨੇ ਦੱਸਿਆ ਕਿ ਇਹ ਇਕਰਾਰਨਾਮਾ ਪਹਿਲਾਂ ਤੋਂ ਚੱਲ ਰਹੀਆਂ ਵਰਕਸ਼ਾਪਾਂ ਨੂੰ ਇੱਕ ਰਸਮੀ ਅਤੇ ਸੰਗਠਿਤ ਰੂਪ ਦੇਵੇਗਾ।

## ਵਣ, ਜੰਗਲੀ ਜੀਵ, ਜੰਗਲਾਤ ਨਿਗਮ ਵਿਭਾਗ ਵਿਚਲੇ ਡੇਲੀਵੇਜਿਜ਼ ਕਰਮੀਆਂ ਦੀਆਂ ਮੰਗਾਂ ਸਬੰਧੀ ਮੀਟਿੰਗ 'ਚ ਕਈ ਅਹਿਮ ਫੈਸਲੇ ਲਏ

ਪਟਿਆਲਾ, 26 ਫਰਵਰੀ (ਚ.ਨ.ਸ.): ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ (1680) ਨਾਲ ਵਣ, ਜੰਗਲੀ ਜੀਵ ਤੇ ਜੰਗਲਾਤ ਨਿਗਮ ਦੇ ਅਧਿਕਾਰੀਆਂ ਨਾਲ ਬੀਤੇ ਦਿਨੀ ਵਣ ਭਵਨ ਵਿਖੇ ਹੋਈ ਮੀਟਿੰਗ ਵਿੱਚ ਡੇਲੀਵੇਜਿਜ਼ ਕਰਮੀਆਂ ਦੀਆਂ ਇੱਕ ਦਰਜਨ ਤੋਂ ਵੀ ਵੱਧ ਮੰਗਾਂ ਤੇ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਵਿਭਾਗ ਦੇ ਜ਼ੋ ਅਧਿਕਾਰੀ ਸ਼ਾਮਲ ਹੋਏ, ਉਹਨਾਂ ਵਿੱਚ ਪ੍ਰਧਾਨ ਮੁੱਖ ਵਣ ਪਾਲ ਸ੍ਰੀ ਧਰਮਿੰਦਰ ਸ਼ਰਮਾ, ਆਈ.ਐਫ.ਐਸ., ਮਹਾਵੀਰ ਸਿੰਘ ਆਈ.ਐਫ.ਐਸ., ਮੈਨੇਜਿੰਗ ਡਾਇਰੈਕਟਰ ਜੰਗਲਾਤ ਨਿਗਮ ਤੇ ਮੁੱਖ ਵਾਰਡਨ ਸ੍ਰੀ ਬਸੰਤ ਰਾਜ ਕੁਮਾਰ ਆਈ.ਐਫ.ਐਸ. ਅਤੇ ਦਫ਼ਤਰੀ ਅਮਲਾ, ਯੂਨੀਅਨ ਵੱਲੋਂ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸੂਰਜ ਪਾਲ

ਯਾਦਵ, ਕੁਲਵਿੰਦਰ ਸਿੰਘ, ਤਰਲੋਚਨ ਗਿਰ ਮਾੜੂ, ਦਰਸ਼ਨ ਮੁਲੇਵਾਲ, ਤਰਲੋਚਨ ਮੰਡੋਲੀ, ਸੋਮ ਦੱਤ, ਗੁਰਮੇਲ ਸਿੰਘ ਬੰਮਣਾ, ਜ਼ਸਵੀਰ ਸਿੰਘ, ਨਿਸ਼ਾਨ ਸਿੰਘ, ਲਖਵੀਰ ਸਿੰਘ, ਸਤਨਾਮ ਸਿੰਘ, ਸੁਖਜੀਤ ਸਿੰਘ, ਗੁਰਜੀਤ ਸਿੰਘ, ਬਲਬੀਰ ਸਿੰਘ, ਕਰਨਵੀਰ ਸਿੰਘ ਆਦਿ ਹਾਜਰ ਸਨ। ਮੀਟਿੰਗ ਦੇ ਫੈਸਲਿਆਂ ਸਬੰਧੀ ਇੱਥੇ ਜਾਰੀ ਇੱਕ ਪ੍ਰੈਸ ਨੋਟ ਵਿੱਚ ਦਰਸ਼ਨ ਸਿੰਘ ਲੁਬਾਣਾ ਨੇ ਦੱਸਿਆ ਕਿ ਮੁੱਖ ਤੌਰ ਤੇ ਜੰਗਲਾਤ, ਜੰਗਲੀ ਜੀਵ ਤੇ ਜੰਗਲਾਤ ਵਿੱਚ ਰਹਿ ਗਏ ਡੇਲੀਵੇਜਿਜ਼ ਕਰਮੀਆਂ ਨੂੰ ਰੈਗੂਲਰ ਕਰਨ ਲਈ 519 ਕਾਮਿਆਂ ਦੀ ਫਾਇਲ ਬਣਾ ਕੇ ਸਰਕਾਰ ਨੂੰ ਭੇਜ ਦਿੱਤੀ ਗਈ ਹੈ। ਰੈਗੂਲਰ ਹੋਏ ਕਰਮੀਆਂ ਨੂੰ ਮਲਟੀਟਾਸਕ ਦਾ ਅਹੁੱਦਾ ਬਦਲਕੇ ਬੇਲਦਾਰ ਲਿਖਿਆ ਜਾਵੇਗਾ ਤੇ ਸਭਨਾਂ ਦੇ ਪਹਿਚਾਨ ਕਾਰਡ ਬੇਲਦਾਰ ਦੇ ਆਹੁਦੇ 'ਤੇ ਬਣਾਏ ਜਾਣਗੇ। ਇਸ ਤਰ੍ਹਾਂ ਇਹਨਾਂ ਦੇ ਜੀ.ਪੀ.ਐਫ. ਦੀ ਕਟੌਤੀ ਲਈ ਸਪੱਸ਼ਟੀਕਰਨ ਸਰਕਾਰ ਪਾਸੋਂ ਮੰਗਿਆ ਜਾ ਰਿਹਾ ਹੈ। ਇਸ ਤਰ੍ਹਾਂ ਸਰਕਾਰ 2011 ਅਤੇ 2015 ਵਿੱਚ ਰੈਗੂਲਰ ਹੋਏ ਕਰਮੀਆਂ ਨੂੰ ਪਿਛਲੀ ਸੇਵਾ ਦਾ ਲਾਭ ਦੇਣ ਲਈ, ਸਰਕਾਰ ਨੂੰ ਲਿਖਿਆ ਜਾਵੇਗਾ। ਤਨਖਾਹਾਂ ਸਮੇਂ ਸਿਰ ਜਾਰੀ ਕਰਨ ਲਈ ਖੇਤਰੀ ਦਫਤਰਾਂ ਨੂੰ ਹਦਾਇਤਾਂ ਕੀਤੀਆਂ ਜਾਣਗੀਆਂ ਅਤੇ ਘੱਟੋ-ਘੱਟ ਉਜਰਤ ਅਨੁਸਾਰ ਉੱਚ ਸਿੱਖਿਆ ਕਾਮੇ ਨੂੰ ਵੱਧ ਤਨਖਾਹ ਦਿੱਤੇ ਜਾਣ ਦਾ ਫੈਸਲਾ ਕੀਤਾ ਗਿਆ, 15000/- ਪ੍ਰਤੀ ਮਹੀਨਾ ਉੱਕਾ ਪੁੱਕਾ ਤਨਖਾਹ ਵਿੱਚ ਰੈਗੂਲਰ ਕੀਤੇ ਕਾਮਿਆਂ ਨੂੰ ਉਹਨਾਂ ਤਨਖਾਹ ਸਕੇਲ ਦੇ ਘੇਰੇ ਵਿੱਚ ਲਿਆਉਣ ਲਈ ਯੂਨੀਅਨ ਤੋਂ ਵੱਖਰੇ ਤੌਰ ਤੇ ਮੈਮੋਰੰਡਮ ਦੇਣ ਲਈ ਕਿਹਾ ਗਿਆ ਤਾਂ ਜ਼ੋ ਸਰਕਾਰ ਨੂੰ ਸਿਫਾਰਸ਼ ਸਹਿਤ ਭੇਜਿਆ ਜਾ ਸਕੇ। ਸੀਨੀਆਰਤਾ ਵਿੱਚ ਸ਼ਾਮਲ ਕਮੇਟੀ ਮੌਤ ਹੋਣ 'ਤੇ ਆਸ਼ਰਿਤ ਮੈਂਬਰਜ਼ ਨੂੰ ਕੰਮ ਰੱਖਣ ਸਬੰਧੀ ਵਣ ਮੰਡਲ ਅਧਿਕਾਰੀਆਂ ਨੂੰ ਕਿਹਾ ਜਾਵੇਗਾ ਆਦਿ ਆਦਿ ਮੰਗਾਂ ਸ਼ਾਮਲ ਸਨ।

## 'ਮੇਰੀ ਰਸੋਈ' ਯੋਜਨਾ ਮਾਨ ਸਰਕਾਰ ਦੀ ਨਿਵੇਕਲੀ ਸਕੀਮ : ਢਿੱਲੋਂ

ਪਟਿਆਲਾ, 26 ਫਰਵਰੀ (ਰੁਪਾਣਾ) : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ

ਮੇਰੀ ਰਸੋਈ ਯੋਜਨਾ ਤਹਿਤ 40 ਲੱਖ ਪਰਿਵਾਰਾਂ ਨੂੰ ਮੁਫਤ ਰਾਸ਼ਨ ਦੇਣ ਦਾ ਐਲਾਨ ਕੀਤਾ, ਗਰੀਬ ਅਤੇ ਜ਼ਰੂਰਤਮੰਦ ਪਰਿਵਾਰਾਂ ਲਈ ਰਾਸ਼ਨ ਪ੍ਰਣਾਲੀ ਨੂੰ ਹੋਰ ਮਜ਼ਬੂਤ ਅਤੇ ਪਾਰਦਰਸ਼ੀ ਬਣਾਉਣ ਲਈ ਅਹਿਮ ਫੈਸਲੇ ਦਾ ਸੁਆਗਤ ਕਰਦੇ ਹੋਏ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹੈ ਕਿ ਹਰ ਜ਼ਰੂਰਤਮੰਦ ਪਰਿਵਾਰ ਤੱਕ ਸਮੇਂ-ਸਿਰ ਅਤੇ ਪੂਰਾ ਰਾਸ਼ਨ ਪਹੁੰਚਾਇਆ ਜਾਵੇ ਅਤੇ ਉਨਾ ਦਸਿਆ ਕਿ ਮੇਰੀ ਰਸੋਈ ਯੋਜਨਾ ਤਹਿਤ 40 ਲਖ ਪਰਿਵਾਰਾਂ ਨੂੰ ਫੂਡ ਕਿਟਾਂ ਪ੍ਰਦਾਨ ਕੀਤੀ ਜਾਵੇਗੀ। ਹਰੇਕ ਕਿੱਟ ਵਿੱਚ ਮਹੀਨਾਵਾਰ ਖਪਤ ਲਈ ਦੋ ਕਿੱਲੋ ਦਾਲ, ਦੋ ਕਿਲੋ ਖੰਡ, ਇੱਕ ਕਿੱਲੋ ਨਮਕ, 200 ਗ੍ਰਾਮ ਹਲਦੀ ਪਾਊਡਰ ਅਤੇ ਇੱਕ ਲੀਟਰ ਸਰ੍ਹੋਂ ਦਾ ਤੇਲ ਹੋਵੇਗਾ। ਇਹ ਫੂਡ ਕਿੱਟਾਂ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਤਹਿਤ ਯੋਗ ਲਾਭਪਾਤਰੀਆਂ ਨੂੰ ਪਹਿਲਾਂ ਵੰਡੀ ਜਾ ਰਹੀ ਕਣਕ ਤੋਂ ਵੱਖਰੇ ਤੌਰ 'ਤੇ ਪ੍ਰਦਾਨ ਕੀਤੀਆਂ ਜਾਣਗੀਆਂ।

## ਮਾਲ ਰੋਡ ਪੈਟਰੋਲ ਪੰਪ 'ਤੇ ਦੋ ਵਾਰ ਹਮਲਾ

ਪਟਿਆਲਾ, 26 ਫਰਵਰੀ (ਚ.ਨ.ਸ.): ਸਭ ਤੋਂ ਪਹਿਲੀ ਵਾਰਦਾਤ ਵੀਰਵਾਰ ਤੜਕ ਸਵੇਰੇ ਕਰੀਬ 4 ਵਜੇ ਮਾਲ ਰੋਡ 'ਤੇ ਸਥਿਤ ਪੈਟਰੋਲ ਪੰਪ 'ਤੇ ਵਾਪਰੀ। ਪੰਪ ਮਾਲਕ ਅਭਿਜੀਤ ਸਿੰਘ ਅਨੁਸਾਰ ਇਕ ਮੋਟਰਸਾਈਕਲ 'ਤੇ ਸਵਾਰ ਤਿੰਨ ਨੌਜਵਾਨ ਪੰਪ 'ਤੇ ਆਏ, ਇਨ੍ਹਾਂ 'ਚੋਂ ਦੋ ਨੇ ਆਪਣੇ ਮੂੰਹ ਢੱਕੇ ਹੋਏ ਸਨ, ਸ਼ੁਰੂ ਵਿਚ ਉਨ੍ਹਾਂ ਨੇ ਮੋਟਰਸਾਈਕਲ ਵਿਚ ਤੇਲ ਪੁਆਇਆ, ਪਰ ਜਦੋਂ ਕਰਮਚਾਰੀ ਨੇ ਪੈਸਿਆਂ ਦੀ ਮੰਗ ਕੀਤੀ ਤਾਂ ਲੁਟੇਰਿਆਂ ਨੇ ਤੇਜ਼ਧਾਰ ਚਾਕੂ ਤੇ ਛੁਰੇ ਕੱਢ ਲਏ। ਕਰਮਚਾਰੀ ਨੂੰ ਮਾਰਨ ਦੀ ਧਮਕੀ ਦੇ ਕੇ ਉਹ ਉਸ ਕੋਲ ਮੌਜੂਦ ਨਕਦੀ ਖੋਹ ਕੇ ਫਰਾਰ ਹੋ ਗਏ। ਅੱਧਾ ਘੰਟਾ ਬਾਅਦ ਮੁੜ ਆਏ ਲੁੱਟਣ: ਹੈਰਾਨੀ ਦੀ ਗੱਲ ਇਹ ਰਹੀ ਕਿ ਇਹ ਲੁਟੇਰੇ ਇੰਨੇ ਬੇਖੌਫ਼ ਸਨ ਕਿ ਕਰੀਬ ਅੱਧੇ ਘੰਟੇ ਬਾਅਦ ਉਹ ਦੁਬਾਰਾ ਉਸੇ ਪੰਪ 'ਤੇ ਆ ਧਮਕੇ। ਇਸ ਵਾਰ ਉਨ੍ਹਾਂ ਨੇ ਫਿਰ ਚਾਕੂ ਦਿਖਾ ਕੇ ਕਰਮਚਾਰੀ ਤੋਂ ਨਗਦੀ ਵਾਲਾ ਬੈਗ ਖੋਹਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਇਕ ਦੂਜੇ ਕਰਮਚਾਰੀ ਨੇ ਹਿੰਮਤ ਦਿਖਾਉਂਦੇ ਹੋਏ ਲੁਟੇਰਿਆਂ ਦੇ ਮੋਟਰਸਾਈਕਲ ਦੀ ਚਾਬੀ ਕੱਢ ਲਈ। ਘਿਰਦਾ ਦੇਖ ਕੇ ਲੁਟੇਰੇ ਨਗਦੀ ਵਾਲਾ ਬੈਗ ਉਥੇ ਹੀ ਸੁੱਟ ਕੇ ਅਤੇ ਚਾਬੀ ਵਾਪਸ ਲੈ ਕੇ ਮੌਕੇ ਤੋਂ ਫਰਾਰ ਹੋ ਗਏ।

## ਘਰ 'ਚ ਦਾਖ਼ਲ ਹੋ ਕੇ ਕੀਤੀ ਕੁੱਟਮਾਰ

ਪਟਿਆਲਾ, 26 ਫਰਵਰੀ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਗੁਰਮੀਤ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਪਿੰਡ ਰਣਬੀਰਪੁਰਾ ਨੇ ਕਥਿਤ ਦੋਸ਼ੀਆਂ ਰਘਵੀਰ ਸਿੰਘ ਪੁੱਤਰ ਮੁਕੰਦ ਸਿੰਘ, ਕੁਲਜੀਤ ਸਿੰਘ ਪੁੱਤਰ ਰਘਵੀਰ ਸਿੰਘ ਵਾਸੀ ਪਿੰਡ ਰਣਬੀਰਪੁਰਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀਆਂ ਨੇ ਉਸ ਦੇ ਘਰ ਅੰਦਰ ਦਾਖਲ ਹੋ ਕੇ ਉਸ ਦੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਨੇ ਧਾਰਾ 115(2), 118(1), 351(1),333 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਕੈਂਟਰ ਦੀ ਟੱਕਰ ਨਾਲ ਇੱਕ ਦੀ ਮੌਤ, ਇੱਕ ਜ਼ਖ਼ਮੀ

ਪਟਿਆਲਾ, 26 ਫਰਵਰੀ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਰਾਮ ਪਿਆਰੀ ਪਤਨੀ ਰਾਮ ਸਰੂਪ ਵਾਸੀ ਅਨੰਦ ਕਲੋਨੀ ਰਾਜਪੁਰਾ ਨੇ ਕਥਿਤ ਦੋਸ਼ੀ ਕੈਂਟਰ ਦਾ ਡਰਾਇਵਰ ਅਸ਼ੋਕ ਕੁਮਾਰ ਵਾਸੀ ਪਿੰਡ ਗੱਜੂ ਖੇੜਾ ਜ਼ਿਲ੍ਹਾ ਮੋਹਾਲੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਲੜਕਾ ਸ਼ਿਵ ਕੁਮਾਰ ਆਪਣੀ ਦਾਦੀ

ਨਿੱਕੋ ਬਾਈ ਸਮੇਤ ਸਕੂਟਰੀ 'ਤੇ ਸਵਾਰ ਹੋ ਕੇ ਪਿੰਡ ਚਮਾਰਹੇੜੀ ਕੱਟ ਪਾਸ ਜਾ ਰਿਹਾ ਸੀ ਤਾਂ ਅੱਗੇ ਰਸਤੇ ਵਿੱਚਕਾਰ ਉਕਤ ਕਥਿਤ ਦੋਸ਼ੀ ਦਾ ਕੈਂਟਰ ਖੜ੍ਹਾ ਸੀ, ਜਿਸ ਕਾਰਨ ਸ਼ਿਵ ਕੁਮਾਰ ਦਾ ਮੋਟਰਸਾਈਕਲ ਉਕਤ ਕੈਂਟਰ ਨਾਲ ਜਾ ਟਕਰਾਇਆ, ਜੋ ਐਕਸੀਡੈਂਟ ਵਿੱਚ ਸ਼ਿਵ ਕੁਮਾਰ ਦੀ ਮੌਤ ਹੋ ਗਈ ਅਤੇ ਉਸਦੀ ਦਾਦੀ ਦੀ ਲੱਤ ਤੇ ਬਾਂਹ ਟੁੱਟ ਗਈ ਅਤੇ ਹੋਰ ਵੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਸੇਵਾ ਮੁਕਤ ਕਰਮਚਾਰੀ ਯੂਨੀਅਨ ਨੇ ਡੀ.ਸੀ. ਨੂੰ ਮੰਗ ਪੱਤਰ ਸੌਂਪਿਆ

ਪਟਿਆਲਾ, 26 ਫਰਵਰੀ (ਰੁਪਾਣਾ) : ਪੰਜਾਬ ਸਰਕਾਰ ਮੁਲਾਜ਼ਮ ਨਾਲ ਲਗਾਤਾਰ ਧੱਕਾ ਕਰ ਰਹੀ ਹੈ। ਰਿਟਾਇਰ ਕਰਮਚਾਰੀ ਸਰਕਾਰ ਤੋਂ ਦੁਖੀ ਹਨ। ਕੇਂਦਰ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ 61 ਪ੍ਰਤੀਸ਼ਤ ਡੀ.ਏ. ਦੀਆਂ ਕਿਸ਼ਤਾਂ ਦੇ ਚੁੱਕੀ ਹੈ, ਜਦੋਂ ਕਿ ਪੰਜਾਬ ਸਰਕਾਰ 42 ਪ੍ਰਤੀਸ਼ਤ 'ਤੇ ਜਾਮ ਲਗਾ ਕੇ ਖੜ੍ਹੀ ਹੈ, ਜਦੋਂ ਕਿ ਕਰਮਚਾਰੀਆਂ ਦਾ 19 ਪ੍ਰਤੀਸ਼ਤ ਡੀ.ਏ. ਦੀਆਂ ਕਿਸ਼ਤਾਂ ਪੈਂਡਿੰਗ ਪਈਆਂ ਹਨ। ਇਸ ਤੋਂ ਇਲਾਵਾ ਮੁਲਾਜ਼ਮਾਂ ਦੇ ਹੋਰ ਬਕਾਏ ਪੈਂਡਿੰਗ ਪਏ ਹਨ ਜਿਨ੍ਹਾਂ ਦੀਆਂ ਅਦਾਇਗੀਆਂ ਨਹੀਂ ਕੀਤੀਆਂ ਜਾ ਰਹੀਆਂ ਹਨ। ਕੱਚੇ ਮੁਲਾਜ਼ਮਾਂ ਨੂੰ ਸਰਕਾਰ ਪੱਕੇ ਨਹੀਂ ਕਰ ਰਹੇ। ਮੁਲਾਜ਼ਮ ਵਰਗ ਸਰਕਾਰ ਤੋਂ ਬਹੁਤ ਪਰੇਸ਼ਾਨ ਹੈ। ਸੇਵਾ ਮੁਕਤ ਕਰਮਚਾਰੀ

ਯੂਨੀਅਨ ਵੱਲੋਂ ਭਾਰਤੀਅ ਮਜ਼ਦੂਰ ਸੰਘ ਦੇ ਝੰਡੇ ਹੇਠ ਇਕੱਠੇ ਹੋ ਕੇ ਦੇਸ਼ ਵਿਆਪੀ ਜੋ ਪ੍ਰੋਗ੍ਰਾਮ ਉਲੀਕਿਆ ਗਿਆ ਸੀ, ਜਿਸ ਵਿੱਚ ਦੇਸ਼ ਦੇ ਸਾਰੇ ਜਿਲ੍ਹਾ ਹੈੱਡਕੁਆਟਰਾਂ ਤੇ ਡੀ.ਸੀ. ਨੂੰ ਮੰਗ ਪੱਤਰ ਦਿੱਤੇ ਗਏ। ਅੱਜ ਵੱਡੇ ਪੱਧਰ ਤੇ ਸੇਵਾ ਮੁਕਤ ਕਰਮਚਾਰੀ ਯੂਨੀਅਨ ਨੇ ਵੀ ਧਰਨੇ ਵਿੱਚ ਸ਼ਮੂਲੀਅਤ ਕੀਤੀ ਅਤੇ ਬਾਕੀ ਯੂਨੀਅਨਾਂ, ਆਂਗਨਵਾੜੀ ਯੂਨੀਅਨ, ਰਿਕਸ਼ਾ ਯੂਨੀਅਨ, ਮਿਊਂਸੀਪਲਵਰਕਰ ਯੂਨੀਅਨ ਅਤੇ ਹੋਰ ਯੂਨੀਅਨਾਂ ਨਾਲ ਮਿਲਕੇ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਸੇਵਾ ਮੁਕਤ ਕਰਮਚਾਰੀਆਂ ਦੇ ਪ੍ਰਧਾਨ ਮਹਿੰਦਰ ਸਿੰਘ ਬਡੂੰਗਰ, ਜੋਗਿੰਦਰ ਸਿੰਘ ਪੰਛੀ ਜਨਰਲ ਸਕੱਤਰ, ਸੁਖਵਿੰਦਰ ਸਿੰਘ ਡਿੱਕੀ ਨੈਸ਼ਨਲ ਪ੍ਰਭਾਰੀਬੀ.ਐਮ.ਐਸ., ਅਜੈਬ ਸਿੰਘ, ਤਰਵਿੰਦਰ ਸਿੰਘ ਜੋਹਰ, ਜਸਵੀਰ ਸਿੰਘ ਚੰਡੋਕ, ਪ੍ਰੇਮ ਚੰਦ ਸ਼ਰਮਾ, ਕੇ.ਕੇ. ਸ਼ਰਮਾ, ਕਮਲਦੀਪ ਸਿੰਘ, ਏ.ਕੇ. ਸਿੰਘ, ਸੁਲਤਾਨ ਸਿੰਘ, ਸਰੋਜ ਕੁਮਾਰੀ, ਬਲਜੀਤ ਸਿੰਘ ਤੋਂ ਇਲਾਵਾ ਹੋਰ ਬਹੁਤ ਸਾਰੇ ਕਰਮਚਾਰੀ ਸ਼ਾਮਲ ਹੋਏ।

## ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 26 ਫਰਵਰੀ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਨੇ ਕਥਿਤ ਦੋਸ਼ੀ ਆਦਰਸ਼ ਕੁਮਾਰ ਵਾਸੀ ਢਿੱਲੋਂ ਮਾਰਗ ਸਾਹਮਣੇ ਦਸਮੇਸ਼ ਸਕੂਲ ਮਾਡਲ ਟਾਊਨ ਪਟਿਆਲਾ ਹਾਲ ਗਲੀ ਨੰ. 2 ਬੈਕਸਾਇਡ ਨੈਣਾ ਦੇਵੀ ਮੰਦਰ ਅਬਲੋਵਾਲ ਕਲੋਨੀ ਪਟਿਆਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ ਜਸਬੀਰ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਸਿੱਧੂਵਾਲ ਮੌਜੂਦ ਸੀ ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 10 ਗ੍ਰਾਮ ਚਿੱਟੇ ਰੰਗ ਦਾ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਭਲਕੇ ਹੋ ਰਹੀ 'ਮਨਰੇਗਾ ਬਚਾਓ' ਰੈਲੀ ਸਬੰਧੀ ਕਾਂਗਰਸ 'ਚ ਭਾਰੀ ਉਤਸ਼ਾਹ : ਗੁਰਜੰਤ ਇੰਜਮਪੁਰ

ਦੇਵੀਗੜ੍ਹ, 26 ਫਰਵਰੀ (ਗੁਰਜੀਤ ਸਿੰਘ ਢੌਟ) : ਆਲ ਇੰਡੀਆ ਕਾਂਗਰਸ ਦੇ ਸੀਨੀਅਰ ਆਗੂ ਅਤੇ ਕੇਂਦਰ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਅਗਵਾਈ ਹੇਠ 28 ਫਰਵਰੀ ਨੂੰ ਬਰਨਾਲਾ ਵਿਖੇ ਹੋ ਰਹੀ ਵਿਸ਼ਾਲ ਮਨਰੇਗਾ ਬਚਾਓ ਰੈਲੀ ਨੂੰ ਲੈ ਕੇ ਕਿਸਾਨਾਂ, ਮਜ਼ਦੂਰਾਂ ਅਤੇ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਬੰਧੀ ਗੁਰਜੰਤ ਇੰਜਮਪੁਰ ਚੇਅਰਮੈਨ ਹਲਕਾ ਸਨੌਰ ਐਸ.ਐਸ.ਆਈ. ਵਿੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਰੈਲੀ ਪੰਜਾਬ ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਲਈ ਇੱਕ ਵੱਡਾ ਮੋੜ ਸਾਬਤ ਹੋਵੇਗੀ ਅਤੇ 2027 ਵਿੱਚ ਮੌਜੂਦਾ ਸਰਕਾਰ ਨੂੰ ਸੱਤਾ ਤੋਂ ਬਾਹਰ ਕਰਨ ਦੀ ਬੁਨਿਆਦ ਰੱਖੇਗੀ। ਉਨ੍ਹਾਂ ਦੱਸਿਆ ਕਿ ਇਹ ਰੈਲੀ 'ਮਨਰੇਗਾ ਬਚਾਓ ਮੁਹਿੰਮ' ਤਹਿਤ ਕਰਵਾਈ ਜਾ ਰਹੀ ਹੈ, ਜਿਸਨੂੰ ਕਾਂਗਰਸ ਪਾਰਟੀ ਵੱਲੋਂ ਗਰੀਬਾਂ ਅਤੇ



ਮਜ਼ਦੂਰ ਵਰਗ ਦੇ ਹੱਕਾਂ ਦੀ ਰੱਖਿਆ ਲਈ ਇੱਕ ਵੱਡੀ ਲੜਾਈ ਵਜੋਂ ਦੇਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਰਨਾਲਾ ਦੀ ਇਹ ਰੈਲੀ ਇਤਿਹਾਸਕ ਸਾਬਤ ਹੋਵੇਗੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਹਮੇਸ਼ਾਂ ਤੋਂ ਮਜ਼ਦੂਰਾਂ, ਕਿਸਾਨਾਂ ਅਤੇ ਪਿੱਛੜੇ ਵਰਗਾਂ ਦੀ ਆਵਾਜ਼ ਬਣਦੀ ਆ ਰਹੀ ਹੈ ਅਤੇ ਅੱਗੇ ਵੀ ਬਣੀ ਰਹੇਗੀ।ਅੰਤ ਵਿੱਚ ਗੁਰਜੰਤ ਇੰਜਮਪੁਰ ਨੇ ਕਿਹਾ ਕਿ ਹਰਿੰਦਰਪਾਲ ਹੈਰੀਮਾਨ ਦੀ ਯੋਗ ਅਗਵਾਈ ਹੇਠ 28 ਫਰਵਰੀ ਨੂੰ ਸਵੇਰੇ 11 ਵਜੇ ਆਪਣੇ ਕਾਫ਼ਲਿਆਂ ਸਮੇਤ ਬਰਨਾਲਾ ਪਹੁੰਚ ਕੇ ਇਸ ਇਤਿਹਾਸਕ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਣਗੇ।

## ਸਿੱਖਿਆ ਸ਼ਾਸਤਰੀ ਅਨਿਲ ਭਾਰਤੀ ਨੇ ਮੁੱਖ ਮੰਤਰੀ ਨੂੰ ਭੇਜੀ 'ਬੇਸਹਾਰਾ ਗਊਵੰਸ਼ ਮੁਕਤ' ਬਣਾਉਣ ਦੀ ਕਾਰਜ-ਯੋਜਨਾ

ਪਟਿਆਲਾ, 26 ਫਰਵਰੀ (ਚ.ਨ.ਸ.): 'ਪੋਲਿਊਸ਼ਨ ਫ੍ਰੀ ਇੰਡੀਆ ਪ੍ਰੋਜੈਕਟ ਇੰਟੇਲੈਕਚੁਅਲ ਫੋਰਮ' ਦੇ ਸੰਸਥਾਪਕ ਅਨਿਲ ਕੁਮਾਰ ਭਾਰਤੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਵਿਸਤ੍ਰਿਤ ਪੱਤਰ ਭੇਜ ਕੇ ਰਾਜ ਨੂੰ 'ਬੇਸਹਾਰਾ ਗਊਵੰਸ਼ ਮੁਕਤ' ਬਣਾਉਣ ਲਈ ਇੱਕ ਵਿਗਿਆਨਕ ਅਤੇ ਵਿਵਹਾਰਕ ਕਾਰਜ-ਯੋਜਨਾ ਦਾ ਪ੍ਰਸਤਾਵ ਦਿੱਤਾ ਹੈ। ਸ੍ਰੀ ਭਾਰਤੀ ਨੇ ਆਪਣੇ ਪੱਤਰ ਵਿੱਚ ਆਪਣੇ ਪੂਜਨੀਕ ਪਿਤਾ ਓਮਪ੍ਰਕਾਸ਼ ਕੌਸ਼ਿਸ਼, ਸੰਸਥਾਪਕ ਜਨਹਿਤ ਸਮਿਤੀ ਰਜਿਸਟਰਡ ਪਟਿਆਲਾ ਦੇ ਸੇਵਾ ਕਾਰਜਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਰਾਜਿੰਦਰਾ ਹਸਪਤਾਲ ਵਿੱਚ ਲਾਵਾਰਿਸ ਮਰੀਜ਼ਾਂ ਅਤੇ ਗਊਵੰਸ਼ ਦੀ ਨਿਸ਼ਕਾਮ ਸੇਵਾ ਕਰਕੇ ਜੋ ਮਾਰਗ ਦਿਖਾਇਆ ਸੀ, ਉਸੇ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਨੇ ਇਹ ਸੁਝਾਅ ਪੰਜਾਬ ਸਰਕਾਰ ਦੇ ਸਾਹਮਣੇ ਰੱਖੇ ਹਨ। ਪ੍ਰੈਸ ਦੇ ਨਾਮ ਜਾਰੀ ਬਿਆਨ ਰਾਹੀਂ ਅਨਿਲ ਭਾਰਤੀ ਨੇ ਜੋ ਮਹੱਤਵਪੂਰਨ ਰਣਨੀਤਕ ਸੁਝਾਅ ਸਾਂਝੇ ਕੀਤੇ ਹਨ, ਉਨ੍ਹਾਂ ਅਨੁਸਾਰ ਗਊਚਰ ਜ਼ਮੀਨਾਂ ਦੀ ਬਹਾਲੀ ਸੂਬੇ ਵਿੱਚ ਗਊਚਰ ਜ਼ਮੀਨਾਂ ਦੀ ਬਹਾਲੀ ਅਤਿ ਲੋੜੀਂਦੀ ਹੈ। ਸਿੱਖਿਆ ਸ਼ਾਸਤਰੀ ਅਨਿਲ ਭਾਰਤੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਮਹੱਤਵਪੂਰਨ ਕਾਰਜ-ਯੋਜਨਾ 'ਤੇ ਤੁਰੰਤ ਅਮਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਸਾਧਨਾਂ ਦੀ ਕੋਈ ਕਮੀ ਨਹੀਂ ਹੈ, ਬੱਸ ਇੱਕ ਦ੍ਰਿੜ੍ਹ ਇੱਛਾ ਸ਼ਕਤੀ ਦੀ ਲੋੜ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਜੇਕਰ ਪੰਜਾਬ ਸਰਕਾਰ ਇਸ ਕਾਰਜ-ਯੋਜਨਾ 'ਤੇ ਅਮਲ ਕਰਦੀ ਹੈ।

### ਮਾਮਲਾ ਕੰਪਨੀ ਵੱਲੋਂ ਕਿਸਾਨਾਂ ਦਾ ਬਾਊਂਡ ਕੀਤਾ ਆਲੂ ਇਕਰਾਰ ਕੀਤੇ ਰੇਟ 'ਤੇ ਨਾ ਖਰੀਦਣ ਦਾ

## ਬੀ. ਕੇ. ਯੂ. ਡਕੌਂਦਾ ਵੱਲੋਂ ਡੀ.ਐਸ.ਪੀ. ਦਫਤਰ ਨਾਭਾ ਅੱਗੇ ਧਰਨਾ

### ➢ਤਹਿਸੀਲਦਾਰ ਰਾਹੀਂ ਐਸ.ਡੀ.ਐਮ. ਨੂੰ ਮੰਗ ਪੱਤਰ ਸੌਂਪਿਆ

ਨਾਭਾ, 26 ਫਰਵਰੀ (ਬਲਜਿੰਦਰ ਮਾਨ) : ਭਾਰਤੀ ਕਿਸਾਨ ਯੂਨੀਅਨ ਯੂਨੀਅਨ ਡਕੌਂਦਾ ਵੱਲੋਂ ਅੱਜ ਡੀ.ਐਸ.ਪੀ. ਨਾਭਾ ਦੇ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ ਉਪਰੰਤ ਇਕ ਮੰਗ ਪੱਤਰ ਤਹਿਸੀਲ ਦਾਰ ਸੁਖਵਿੰਦਰ ਸਿੰਘ ਰਾਹੀ ਐਸ ਡੀ ਐਮ ਰਾਵਿੰਦਰਪਾਲ ਸਿੰਘ ਸੋਮਲ ਨੂੰ ਸੌਂਪਦਿਆਂ ਬੇਨਤੀ ਕੀਤੀ ਕਿ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਆਪ ਜੀ ਦਾ ਧਿਆਨ ਯੂ.ਪੀ ਦੀ ਆਲੂ ਖਰੀਦ ਕਰਨ ਵਾਲੀ ਕੰਪਨੀ ਵੱਲ ਕਿਸਾਨਾਂ ਨਾਲ ਆਲੂ ਖਰੀਦਣ ਸਬੰਧੀ ਕੀਤੇ ਇਕਰਾਰ 'ਤੇ ਹੁਣ ਵੱਖ-ਵੱਖ ਬਹਾਨੇ ਲਾ ਕੇ ਆਲੂਆਂ ਦੀ ਖਰੀਦ ਕਰਨ 'ਤੇ ਭੱਜ ਗਈ ਹੈ। ਕੀਤੇ ਇਕਰਾਰ ਅਨੁਸਾਰ 10 ਰੁਪਏ ਪ੍ਰਤੀ ਕਿੱਲੋ ਕੰਪਨੀ ਕਿਸਾਨਾਂ ਤੋਂ ਆਲੂ ਖਰੀਦੇਗੀ ਪਰੰਤੂ ਹੁਣ ਵੱਖ-ਵੱਖ ਤਰ੍ਹਾਂ ਦੇ ਬਹਾਨੇ ਬਣਾ ਕੇ ਕਿਸਾਨਾਂ ਦੀ ਫਸਲ ਨੂੰ ਸਾਡੇ 450 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ



ਨਾਲ ਖਰੀਦ ਰਹੀ ਹੈ, ਜੋ ਕਿ ਕਿਸਾਨਾਂ ਨਾਲ ਸਰੇਆਮ ਧੋਖਾ ਹੋ ਰਿਹਾ ਹੈ ਪਹਿਲਾਂ ਹੀ ਆਰਥਿਕ ਤੌਰ 'ਤੇ ਟੁੱਟ ਚੁੱਕੇ ਕਿਸਾਨਾਂ ਦੀ ਇਸ ਕੰਪਨੀ ਵੱਲੋਂ ਸਰੇਆਮ ਲੁੱਟ ਕੀਤੀ ਜਾ ਰਹੀ ਹੈ ਅਤੇ ਆਲੂਆਂ ਦੀ ਫਸਲ ਖਰੀਦ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਜਥੇਬੰਦੀ ਵੱਲੋਂ ਆਪ ਨੂੰ ਬੇਨਤੀ ਹੈ ਕਿ ਸਬੰਧਤ ਕੰਪਨੀ ਵੱਲੋਂ ਕਿਸਾਨਾਂ ਨਾਲ ਕੀਤੇ ਇਕਰਾਰ ਭੱਜ ਜਾਣ ਸ਼ਰੇਆਮ ਧੋਖਾਧੜੀ ਹੈ। ਇਸ ਕੰਪਨੀ ਦੇ ਖਿਲਾਫ ਕਿਸਾਨਾਂ ਨਾਲ ਕੀਤੇ ਧੋਖੇ ਸਬੰਧੀ ਐਫ.ਆਈ.ਆਰ ਦਰਜ ਕੀਤੀ ਜਾਵੇ ਅਤੇ ਕਿਸਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੰਪਨੀ ਵੱਲੋਂ ਕਰਵਾਈ ਜਾਵੇ। ਯਾਦ ਰਹੇ ਅਸੀਂ ਕੰਪਨੀ ਦੇ ਵਿਅਕਤੀਆ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ, ਜੋ ਲਿਖਤੀ ਮੰਨ ਕੇ ਗਏ ਅਤੇ ਸਮਾਂ ਲੈ ਕੇ ਗਏ ਪਰ ਅੱਜ ਤੱਕ ਨਹੀਂ ਆਏ। ਸਵਾਲ ਤਾਂ ਇਹ ਹੈ ਉਹਨਾਂ ਵਿਰੁੱਧ ਉਸੇ ਸਮੇਂ ਕਾਨੂੰਨੀ ਕਾਰਵਾਈ ਕਿਉਂ ਨਹੀਂ ਕੀਤੀ ਅਤੇ ਹੁਣ ਕਿਉਂ ਦੇਰੀ ਕੀਤੀ ਜਾ ਰਹੀ ਹੈ।ਇਸ ਮੌਕੇ ਐਸ.ਡੀ ਐਮ ਵੱਲੋਂ ਕਿਸਾਨਾਂ ਨੂੰ ਇਹ ਮਸਲਾ ਜਲਦੀ ਹੱਲ ਕਰਵਾਉਣ ਦੇ ਭਰੋਸੇ ਉਪਰੰਤ ਧਰਨਾ ਚੁੱਕ ਲਿਆ ਗਿਆ। ਇਸ ਮੌਕੇ ਜਗਮੋਹਨ ਸਿੰਘ ਜਨਰਲ ਸਕੱਤਰ, ਜਗਮੇਲ ਸਿੰਘ ਬਲਾਕ ਸਮਾਣਾ, ਭਗਵਾਨ ਸਿੰਘ ਜਨਰਲ ਸਕੱਤਰ ਬਲਾਕ ਨਾਭਾ, ਮਹਿੰਦਰ ਸਿੰਘ ਬੀਨਾਹੇੜੀ, ਨਿਰਭੈ ਸਿੰਘ, ਹਰਭਗਵਾਨ ਸਿੰਘ ਖੇੜੀਮਾਨੀਆ, ਲਖਵਿੰਦਰ ਸਿੰਘ, ਸਵਰਨਜੀਤ ਸਿੰਘ ਛੀਂਟਾਂਵਾਲਾ, ਗੁਰਸ਼ਰਨ ਸਿੰਘ ਪ੍ਰਧਾਨ ਇਕਾਈ ਦੁਲੱਦੀ, ਗੁਰਮੀਤ ਸਿੰਘ ਭੱਠੀਵਾਲ ਸੂਬਾ ਸੀਨੀਅਰ ਮੀਤ ਪ੍ਰਧਾਨ, ਨਿਰਮਲ ਸਿੰਘ ਬਲਾਕ ਪ੍ਰਧਾਨ ਨਾਭਾ, ਗੁਰਬਚਨ ਸਿੰਘ ਪ੍ਰਧਾਨ ਜ਼ਿਲ੍ਹਾ ਪਟਿਆਲਾ, ਜਗਮੇਲ ਸਿੰਘ ਸੁੱਧੇਵਾਲ ਜ਼ਿਲ੍ਹਾ ਸਕੱਤਰ, ਸਤਵੰਤ ਸਿੰਘ ਬਲਾਕ ਪਟਿਆਲਾ (1) ਪ੍ਰਧਾਨ ਤੇ ਹਰਪ੍ਰੀਤ ਸਿੰਘ ਫਤਿਹਪੁਰ ਮੌਜੂਦ ਸਨ।


ੴ

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਹੋਲਾ ਮਹੱਲਾ ਨਗਰ ਕੀਰਤਨ

ਮਿਤੀ : 28 ਫਰਵਰੀ 2026 ਦਿਨ ਸ਼ਨੀਵਾਰ ਨੂੰ ਸਵੇਰੇ 10.00 ਵਜੇ

ਮਹਾਨ ਗੁਰਮਤਿ ਸਮਾਗਮ

ਮਿਤੀ : 1 ਤੇ 2 ਮਾਰਚ 2026 ਦਿਨ ਐਤਵਾਰ ਅਤੇ ਸੋਮਵਾਰ ਸਵੇਰੇ 10 ਤੋਂ 2 ਵਜੇ ਤੱਕ

ਆਪ ਜੀ ਨੂੰ ਇਹ ਜਾਣ ਕੇ ਹਾਰਦਿਕ ਪ੍ਰਸੰਨਤਾ ਹੋਵੇਗੀ ਕਿ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਲਖਵਿੰਦਰ ਸਿੰਘ ਜੀ ਦੇ ਉੱਦਮ ਸਦਕਾ ਪਟਿਆਲਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਵਾਰ ਵੱਲੋਂ **ਪਿਛਲੇ 8 ਸਾਲਾਂ ਤੋਂ ਗੁਰਮਤਿ ਸੰਗੀਤ ਅਕੈਡਮੀ**, ਗੁ. ਭਾਈ ਰਾਮ ਕਿਸ਼ਨ ਜੀ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਸ਼ੁਰੂ ਕੀਤੀ ਹੋਈ ਹੈ। ਜਿੱਥੇ ਹੁਣ ਤੱਕ 250 ਦੇ ਕ੍ਰੀਬ ਗ਼ਰੀਬ, ਲੋੜਵੰਦ, ਸੂਰਮੇ, ਬੱਚੇ ਕੀਰਤਨ ਦੀ ਦਾਤ ਪ੍ਰਾਪਤ ਕਰ ਚੁੱਕੇ ਹਨ। ਮੌਜੂਦਾ ਅਸਥਾਨ ਵਿਖੇ ਥਾਂ ਦੀ ਘਾਟ ਹੋਣ ਕਾਰਨ, **ਚੜ੍ਹਦੀਕਲਾ ਟਾਈਮ ਟੀ.ਵੀ., ਰੋਜ਼ਾਨਾ ਚੜ੍ਹਦੀਕਲਾ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲਾਂ ਦੇ ਸਹਿਯੋਗ ਨਾਲ ਬਹਾਦਰਗੜ੍ਹ-ਰਾਏਪੁਰ ਰੋਡ ਉੱਤੇ ਪਿੰਡ ਭੱਠਲਾਂ ਵਿਖੇ** ਬੱਚਿਆਂ ਦੀ ਰਿਹਾਇਸ਼ ਤੇ ਅਕੈਡਮੀ ਲਈ ਬਣਨ ਵਾਲੀ ਨਵੀਂ ਇਮਾਰਤ ਦੀ ਉਸਾਰੀ ਦੀ ਖੁਸ਼ੀ ਵਿੱਚ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ **1 ਤੇ 2 ਮਾਰਚ, 2026 ਦਿਨ ਐਤਵਾਰ ਤੇ ਸੋਮਵਾਰ ਨੂੰ ਸਵੇਰੇ 10 ਤੋਂ 2 ਵਜੇ** ਮਹਾਨ ਗੁਰਮਤਿ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

**ਸਿੱਖ ਪੰਥ ਦੇ ਪ੍ਰਸਿੱਧ ਰਾਗੀ ਭਾਈ ਜਸਕਰਨ ਸਿੰਘ ਜੀ, ਭਾਈ ਸੁਰਿੰਦਰ ਸਿੰਘ ਜੀ, ਭਾਈ ਨਛੱਤਰ ਸਿੰਘ ਜੀ** ਦੋਵੇਂ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸਿੰਘ ਸਾਹਿਬ ਗਿ. ਕੁਲਦੀਪ ਸਿੰਘ ਜੀ ਗੜਗੱਜ, ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ; ਸਿੰਘ ਸਾਹਿਬ ਗਿ. ਪ੍ਰਣਾਮ ਸਿੰਘ ਜੀ, ਸਿੰਘ ਸਾਹਿਬ ਗਿ. ਪ੍ਰਿਤਪਾਲ ਸਿੰਘ ਜੀ, ਹੈੱਡ ਗ੍ਰੰਥੀ, ਗੁ. ਸ੍ਰੀ ਦੂਖ ਨਿਵਾਰਨ ਸਾਹਿਬ, ਸਿੰਘ ਸਾਹਿਬ ਗਿ. ਅਵਤਾਰ ਸਿੰਘ ਜੀ, ਹੈੱਡ ਗ੍ਰੰਥੀ ਗੁ. ਬਹਾਦਰਗੜ੍ਹ ਸਾਹਿਬ, ਸਿੰਘ ਸਾਹਿਬ ਗਿ. ਹਰਵਿੰਦਰ ਸਿੰਘ ਜੀ, ਹੈੱਡ ਗ੍ਰੰਥੀ ਗੁ. ਮੋਤੀ ਬਾਗ਼ ਸਾਹਿਬ ਉਚੇਚੇ ਤੌਰ 'ਤੇ ਪਹੁੰਚਣਗੇ।

ਹੋਲਾ ਮਹੱਲਾ ਤੇ ਨਗਰ ਕੀਰਤਨ ਇਤਿਹਾਸਕ ਗੁ. ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਬਹਾਦਰਗੜ੍ਹ ਤੋਂ ਆਰੰਭ ਹੋਵੇਗਾ ਜੋ ਮੇਨ ਬਜ਼ਾਰ, ਅਹਿਮਦਪੁਰ ਅਤੇ ਭੱਠਲਾਂ ਵਿਚੋਂ ਹੁੰਦਾ ਹੋਇਆ ਗੁ. ਸਚਖੰਡ ਦਰਬਾਰ, ਸਚਖੰਡ ਐਨਕਲੇਵ, ਗਿਆਨ ਕਲੋਨੀ, ਪਿੰਡ ਭੱਠਲਾਂ ਵਿਖੇ ਸਮਾਪਤ ਹੋਵੇਗਾ। ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਨਗਰ ਕੀਰਤਨ ਅਤੇ ਗੁਰਮਤਿ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਭਾਈ ਲਖਵਿੰਦਰ ਸਿੰਘ
ਹਜ਼ੂਰੀ ਰਾਗੀ ਸ੍ਰੀ ਅੰਮ੍ਰਿਤਸਰ ਸਾਹਿਬ
(ਮੁੱਖ ਸੇਵਾਦਾਰ)

ਡਾ. ਜਗਜੀਤ ਸਿੰਘ ਦਰਦੀ
'ਪਦਮ ਸ਼੍ਰੀ' ਐਵਾਰਡੀ
ਚੇਅਰਮੈਨ, ਚੜ੍ਹਦੀਕਲਾ ਗਰੁੱਪ

ਭਾਈ ਜੋਗਿੰਦਰ ਸਿੰਘ ਜੀ
(ਅਕੈਡਮੀ ਇੰਚਾਰਜ)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਵਾਰ

ਭਾਈ ਹਰਪਾਲ ਸਿੰਘ ਜੀ
ਭਾਈ ਰਮਨਦੀਪ ਸਿੰਘ ਜੀ
ਟਰੱਸਟੀ, ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਵਾਰ

ਸਮੂਹ ਵਿਦਿਆਰਥੀ,
ਗੁਰਮਤਿ ਸੰਗੀਤ ਅਕੈਡਮੀ

# ਪਟਿਆਲਾ-ਆਸ/ਪਾਸ

## ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਜਨਰਲ ਧਰਮਸ਼ਾਲਾ ਅਤੇ ਸੀਵਰੇਜ ਪ੍ਰੋਜੈਕਟ ਦਾ ਉਦਘਾਟਨ

ਸਮਾਣਾ, 26 ਫਰਵਰੀ (ਵਿਜੇ ਕੁਮਾਰ/ਸੁਖਵਿੰਦਰ/ਜਵੰਦਾ/ਅਜੈਬ) : ਪਿੰਡ ਦੇ ਵਿਕਾਸ ਨੂੰ ਨਵੀਂ ਦਿਸ਼ਾ ਦਿੰਦਿਆਂ ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਪਿੰਡ ਖੇੜੀ ਬਰਨਾ ਵਿਖੇ ਨਵੀਂ ਬਣੀ ਜਨਰਲ ਧਰਮਸ਼ਾਲਾ ਅਤੇ ਸੀਵਰੇਜ ਪ੍ਰੋਜੈਕਟ ਦਾ ਉਦਘਾਟਨ ਕੀਤਾ ਗਿਆ। ਇਹ ਸਾਰੇ ਵਿਕਾਸ ਕਾਰਜ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਪੂਰੇ ਕੀਤੇ ਗਏ ਹਨ। ਇਸ ਮੌਕੇ ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ। ਸਰਕਾਰ ਵੱਲੋਂ ਛੱਪੜਾਂ ਦੀ ਸੁਧਾਰ ਯੋਜਨਾ, ਨਵੀਂ ਸੀਵਰੇਜ ਲਾਈਨ ਪਾਉਣ ਅਤੇ ਪਿੰਡ ਦੀਆਂ ਸੜਕਾਂ ਦੇ ਨਿਰਮਾਣ ਵਰਗੇ ਮਹੱਤਵਪੂਰਨ ਕੰਮ ਮੁਕੰਮਲ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਨਾਲ ਪਿੰਡ ਵਿੱਚ ਸਫ਼ਾਈ ਪ੍ਰਣਾਲੀ ਸੁਧਰੇਗੀ ਅਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮਿਲਣਗੀਆਂ। ਵਿਧਾਇਕ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਪਿੰਡਾਂ ਨੂੰ ਮਾਡਲ ਪਿੰਡ ਬਣਾਉਣਾ ਹੈ, ਤਾਂ ਜੋ ਸ਼ਹਿਰਾਂ ਵਾਂਗ ਬੁਨਿਆਦੀ ਸਹੂਲਤਾਂ ਪਿੰਡਾਂ ਵਿੱਚ ਵੀ ਉਪਲਬਧ ਹੋਣ। ਉਨ੍ਹਾਂ ਨੇ ਨੌਜਵਾਨਾਂ ਅਤੇ ਸਿਆਣਿਆਂ ਨੂੰ ਅਪੀਲ ਕੀਤੀ ਕਿ ਉਹ ਇਕਜੁੱਟ ਹੋ ਕੇ ਪਿੰਡ ਦੀ ਤਰੱਕੀ ਲਈ ਕੰਮ ਕਰਨ ਜਦੋਂ ਸਾਰਾ ਪਿੰਡ ਇਕੱਠੇ ਹੋ ਕੇ ਯਤਨ ਕਰਦਾ ਹੈ ,ਤਾਂ ਵਿਕਾਸ ਦੀ ਗਤੀ ਹੋਰ ਤੇਜ਼ ਹੋ ਜਾਂਦੀ ਹੈ।ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਬਲਕਾਰ ਸਿੰਘ ਗੱਜੂਮਾਜਰਾ, ਜ਼ਿਲ੍ਹਾ ਪਰਿਸ਼ਦ ਮੈਂਬਰ ਗੁਰਦੇਵ ਸਿੰਘ ਟਿਵਾਣਾ, ਸਰਪੰਚ ਲਖਵਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਪਵਿੱਤਰ ਸਿੰਘ ਡਕਾਲਾ, ਮਨਿੰਦਰ ਸਿੰਘ ਡਕਾਲਾ ਬਲਾਕ ਪ੍ਰਧਾਨ ਬਲਕਾਰ ਸਿੰਘ ਰਾਜਗੜ੍ਹ, ਦਰਬਾਰਾ ਸਿੰਘ ਤੁੱਲੇਵਾਲ, ਦਰਬਾਰ ਸਿੰਘ ਡਰੌਲੀ, ਗੁਰਸੇਵਕ ਸਿੰਘ ਚੂਹੜ ਪੁਰ ਜੱਟਾਂ , ਪੰਚਾਇਤ ਵਿਭਾਗ ਦੇ ਅਫਸਰ ਸਮੂਹ ਪਿੰਡ ਨਿਵਾਸੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

## 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਦਾਦਾ-ਦਾਦੀ ਦਿਵਸ ਮਨਾਇਆ

ਪਟਿਆਲਾ, 26 ਫਰਵਰੀ (ਚ.ਨ.ਸ.) : ਡਿਪਟੀ ਕਮਿਸ਼ਨਰ ਪਟਿਆਲਾ ਸ਼੍ਰੀ ਵਰਜੀਤ ਵਾਲੀਆ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਅਤੇ ਜ਼ਿਲ੍ਹਾ ਸਿੱਖਿਆ

ਅਫਸਰ (ਸੈ. ਸਿ.) ਸ਼੍ਰੀ ਸੰਜੀਵ ਸ਼ਰਮਾ ਦੀ ਰਹਿਨੁਮਾਈ ਹੇਠ, ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾ. ਰਵਿੰਦਰ ਪਾਲ ਸ਼ਰਮਾ ਦੀ ਅਗਵਾਈ ਵਿੱਚ ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਸਕੂਲਾਂ ਵਿੱਚ 'ਸਾਡੇ ਬਜ਼ੁਰਗ ਸਾਡਾ ਮਾਣ' ਪ੍ਰੋਗਰਾਮ ਅਧੀਨ ਦਾਦਾ / ਦਾਦੀ ਨਾਲ ਸਬੰਧਤ ਬਾਂਡਿੰਗ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਵਿਖੇ ਗ੍ਰੈਂਡਪੇਰੈਂਟਸ ਡੇ ਮਨਾਇਆ ਗਿਆ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਸਲੋਗਨ ਲਿਖਣ, ਕਵਿਤਾ ਪਾਠ ਅਤੇ ਗੀਤ ਗਾਇਨ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ। ਇਸ ਤੋਂ ਇਲਾਵਾ ਬੱਚਿਆਂ ਅਤੇ ਉਨ੍ਹਾਂ ਦੇ ਦਾਦਾ-ਦਾਦੀ/ਨਾਨਾ-ਨਾਨੀ ਨਾਲ ਅੰਤਾਕਸ਼ਰੀ, ਮਿਊਜ਼ਿਕਲ ਚੇਅਰ, ਗੱਲਬਾਤ ਅਤੇ ਕਵਿਜ਼ ਸੈਸ਼ਨ ਵਰਗੀਆਂ ਰੁਚਿਕਰ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਨਾਲ ਦੋਵਾਂ ਪੀੜ੍ਹੀਆਂ ਵਿਚਕਾਰ ਪਿਆਰ, ਸਨਮਾਨ ਅਤੇ ਸਮਝ ਦਾ ਵਾਤਾਵਰਣ ਬਣਿਆ। ਇਨ੍ਹਾਂ ਗਤੀਵਿਧੀਆਂ ਦੇ ਸਫਲ ਆਯੋਜਨ ਵਿੱਚ ਜ਼ਿਲ੍ਹਾ ਨੋਡਲ ਅਫਸਰ ਨੀਰੂ ਬਾਲਾ, ਬੀ.ਆਰ. ਸ਼੍ਰੀ ਹਿਮਾਂਸ਼ੂ ਅਗਰਵਾਲ, ਬੀ.ਐਨ.ਓਜ਼ ਰਚਨਾ ਰਾਣੀ, ਨਵਨੀਤ ਸਿੰਘ, ਪੂਜਾ ਗੁਪਤਾ, ਮੀਨਾ ਸਚਰ ਅਤੇ ਵੱਖ-ਵੱਖ ਸਕੂਲਾਂ ਦੇ ਬੀ.ਆਰ.ਸੀ. ਅਤੇ ਅਧਿਆਪਕਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਿਸ ਵਿਭਾਗ ਵੱਲੋਂ ਕਾਰਡਨ ਐਂਡ ਸਰਚ ਆਪ੍ਰੇਸ਼ਨ

### ➤ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਸਮੇਤ ਸਬ ਜੇਲ੍ਹ ਦੀ ਅਚਨਚੇਤ ਚੈਕਿੰਗ

ਮਲੇਰਕੋਟਲਾ, 26 ਫਰਵਰੀ (ਬਲਜੀਤ ਸਿੰਘ ਟਿੱਬਾ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਦੇ ਹੁਕਮਾਂ ਅਨੁਸਾਰ ਆਈ.ਜੀ. (ਜੀ.ਆਰ.ਪੀ.) ਬਲਜੋਤ ਸਿੰਘ ਰਾਠੌਰ ਦੀ ਨਿਗਰਾਨੀ ਹੇਠ ਸੀਨੀਅਰ ਕਪਤਾਨ ਪੁਲਿਸ, ਮਾਲੇਰਕੋਟਲਾ ਗਗਨ ਅਜੀਤ ਸਿੰਘ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਕਾਰਡਨ ਐਂਡ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸ ਦੌਰਾਨ ਐਸ.ਪੀ (ਇਨਵੈਸਟੀਗੇਸ਼ਨ) ਸਤਪਾਲ ਸ਼ਰਮਾ ਅਤੇ ਡੀ.ਐਸ.ਪੀ (ਐਨ.ਡੀ.ਪੀ.ਐਸ ਐਕਟ) ਯਾਦਵਿੰਦਰ ਸਿੰਘ ਵੱਲੋਂ ਭਾਰੀ ਪੁਲਿਸ ਫੋਰਸ ਸਮੇਤ ਮੁਹੱਲਾ ਭੂਮਸੀ ਵਿਖੇ ਸਰਚ ਅਭਿਆਨ ਚਲਾਇਆ ਗਿਆ। ਇਸ ਤੋਂ ਇਲਾਵਾ ਪੁਲਿਸ ਵਿਭਾਗ ਵੱਲੋਂ ਸਬ ਜੇਲ੍ਹ ਮਾਲੇਰਕੋਟਲਾ ਦੀ ਅਚਨਚੇਤ ਚੈਕਿੰਗ ਕੀਤੀ ਗਈ, ਜਿਸ ਦੌਰਾਨ ਲਗਭਗ 250 ਕੈਦੀਆਂ ਅਤੇ ਹਵਾਲਾਤੀਆਂ ਅਤੇ ਪੰਜ ਬੈਰਕਾਂ ਦੀ ਬਰੀਕੀ ਨਾਲ ਜਾਂਚ ਕੀਤੀ ਗਈ।ਆਈ.ਜੀ.(ਜੀ.ਆਰ.ਪੀ.) ਬਲਜੋਤ ਸਿੰਘ ਰਾਠੌਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਸ਼ਾ ਸਮੱਗਲਰਾਂ ਅਤੇ ਤਸਕਰਾਂ ਖਿਲਾਫ਼ ਸਖ਼ਤ ਕਾਰਵਾਈ ਜਾਰੀ ਹੈ ਅਤੇ ਭਵਿੱਖ ਵਿੱਚ ਵੀ ਨਸ਼ਾ ਤਸਕਰੀ ਵਿਰੁੱਧ ਵੱਡੇ ਪੱਧਰ 'ਤੇ ਮੁਹਿੰਮ ਜਾਰੀ ਰਹੇਗੀ। ਇਸ ਤਰਾਂ ਡੀ.ਐਸ.ਪੀ ਸੰਜੀਵ ਕਪੂਰ ਵੱਲੋਂ ਪੁਲਿਸ ਫੋਰਸ ਸਮੇਤ ਸਬ ਡਵੀਜ਼ਨ ਅਮਰਗੜ੍ਹ ਅਧੀਨ ਪਿੰਡ ਬਾਗੜੀਆਂ ਵਿੱਚ ਚੈਕਿੰਗ ਕੀਤੀ ਗਈ ਅਤੇ ਡੀ.ਐਸ.ਪੀ ਸੁਖਦੇਵ ਸਿੰਘ ਬਰਾੜ ਵੱਲੋਂ ਸਬ ਡਿਵੀਜ਼ਨ ਅਹਿਮਦਗੜ੍ਹ ਦੇ ਮੁਹੱਲਾ ਰੇਲਵੇ ਲਾਈਨ ਵਾਰਡ ਨੰਬਰ 2 ਵਿੱਚ ਵੀ ਸਰਚ ਅਭਿਆਨ ਚਲਾਇਆ ਗਿਆ।

## ਪਿੰਡ ਜੰਡਮਗੋਲੀ ਤੋਂ ਸੈਂਕੜੇ ਵਰਕਰ ਭਾਜਪਾ 'ਚ ਸ਼ਾਮਲ

### ਮੋਗਾ ਰੈਲੀ ਲਈ ਘਨੌਰ ਤੋਂ ਜਾਵੇਗਾ ਵੱਡਾ ਕਾਫ਼ਲਾ : ਵਿਕਾਸ ਸ਼ਰਮਾ

ਘਨੌਰ, 26 ਫ਼ਰਵਰੀ (ਰਾਜਿੰਦਰ ਸਿੰਘ ਕੰਬੋਜ) : ਹਲਕਾ ਘਨੌਰ ਦੇ ਪਿੰਡ ਜੰਡਮਗੋਲੀ ਵਿਖੇ ਅੱਜ ਭਾਰਤੀ ਜਨਤਾ ਪਾਰਟੀ ਦੀ ਇਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਭਾਜਪਾ ਦੇ ਹਲਕਾ ਇੰਚਾਰਜ ਘਨੌਰ ਵਿਕਾਸ ਸ਼ਰਮਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਦੌਰਾਨ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੋਗਾ ਵਿੱਚ ਹੋਣ ਵਾਲੀ ਵਿਸ਼ਾਲ ਰੈਲੀ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਵਰਕਰਾਂ ਨੇ ਵਿਸ਼ਵਾਸ ਦਵਾਇਆ ਕਿ ਹਲਕਾ ਘਨੌਰ ਤੋਂ ਵੱਡੀ ਗਿਣਤੀ ਵਿੱਚ ਕਾਫ਼ਲਾ ਮੋਗਾ ਰੈਲੀ ਲਈ ਰਵਾਨਾ ਹੋਵੇਗਾ ਅਤੇ ਰੈਲੀ ਨੂੰ ਕਾਮਯਾਬ ਬਣਾਉਣ ਲਈ ਪੂਰੀ ਤਨਦੇਹੀ ਨਾਲ ਮਿਹਨਤ ਕੀਤੀ ਜਾਵੇਗੀ। ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਨਛੱਤਰ ਸਿੰਘ, ਧਰਮਰਾਜ ਸਿੰਘ, ਸਰਬਜੋਤ ਸਿੰਘ ਸਰਵਾਰਾ, ਕਰਨਵੀਰ ਸਿੰਘ ਸਰਵਾਰਾ, ਅੰਗਰੇਜ਼ ਸਿੰਘ, ਮਲਕੀਤ ਸਿੰਘ, ਹਰਪ੍ਰੀਤ ਸਿੰਘ, ਛੱਜੂ ਰਾਮ ਅਤੇ ਗੁਰਪ੍ਰੀਤ ਸਿੰਘ ਸਮੇਤ ਹੋਰ ਕਈ ਵਰਕਰ ਸ਼ਾਮਲ ਸਨ।ਵਿਕਾਸ ਸ਼ਰਮਾ ਨੇ ਨਵੇਂ ਸਾਥੀਆਂ ਦਾ ਸਵਾਗਤ ਕੀਤਾ। ਇਸ ਮੌਕੇ ਮੰਡਲ ਪ੍ਰਧਾਨ ਘਨੌਰ ਕਮਲਜੀਤ ਸਿੰਘ, ਜ਼ਿਲਾ ਮੀਤ ਪ੍ਰਧਾਨ ਹਰਜਿੰਦਰ ਸਿੰਘ, ਮੰਡਲ ਪ੍ਰਧਾਨ ਰਾਜਿੰਦਰ ਸਿੰਘ ਸ਼ਰਮਾ, ਗੋਲਡੀ ਸ਼ਰਮਾ, ਰਜਨੀਸ਼ ਕੁਮਾਰ ਮੰਡਲ ਪ੍ਰਧਾਨ ਹਰਪਾਲਪੁਰ, ਪ੍ਰਦੀਪ ਕੁਮਾਰ, ਸਚਿਨ ਉਲਾਣਾ, ਕਿਰਨਜੀਤ ਸਿੰਘ, ਕ੍ਰਿਸ਼ਨ ਰਾਣਾ ਸਮੇਤ ਕਈ ਭਾਜਪਾ ਵਰਕਰ ਮੌਜੂਦ ਸਨ।

## ਬਿੱਟੂ ਬਦੇਸ਼ਾ ਸਰਬਸੰਮਤੀ ਨਾਲ ਕਾਰ ਡੀਲਰ ਐਸੋਸੀਏਸ਼ਨ ਪਾਤੜਾਂ ਦੇ ਪ੍ਰਧਾਨ ਬਣੇ

### ਵਿਧਾਇਕ ਕੁਲਵੰਤ ਸਿੰਘ ਬਾਜੀਗਰ ਸਮੇਤ ਸਮੁੱਚੀ 'ਆਪ' ਲੀਡਰਸ਼ਿਪ ਹਾਜ਼ਰ ਰਹੀ

ਪਾਤੜਾਂ, 26 ਫਰਵਰੀ (ਹਰਮਿੰਦਰ ਕਰਤਾਰਪੁਰ): ਪਾਤੜਾਂ ਸ਼ਹਿਰ 'ਚ ਬਣੀ ਉੱਤਰੀ ਭਾਰਤ ਦੇ ਸਭ ਵੱਡੇ ਪੁਰਾਣੀਆਂ ਕਾਰਾਂ ਦੇ ਬਜ਼ਾਰ ਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਬਣੀ ਕਾਰ ਡੀਲਰ ਐਸੋਸੀਏਸ਼ਨ ਪਾਤੜਾਂ ਦੇ ਪ੍ਰਧਾਨ ਦੀ ਚੋਣ ਬੀਤੇ ਦਿਨੀਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਦੀ ਅਗਵਾਈ ਵਿੱਚ ਸਰਬਸੰਮਤੀ ਨਾਲ ਸੰਪੰਨ ਹੋਈ। ਚੋਣ ਦੌਰਾਨ 'ਆਪ' ਦੇ ਸੀਨੀਅਰ ਆਗੂ ਅਤੇ ਕੌਂਸਲਰ ਕੁਲਦੀਪ ਸਿੰਘ ਬਿੱਟੂ ਬਦੇਸ਼ਾ ਨੂੰ ਕਾਰ ਡੀਲਰਾਂ ਵਲੋਂ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਜਦ ਕਿ ਚੇਅਰਮੈਨ ਵਜੋਂ ਸੁਖਪਾਲ ਸਿੰਘ ਵਿਰਕ ਨੂੰ ਨਿਯੁਕਤ ਕੀਤਾ ਗਿਆ।ਇਸ ਮੌਕੇ 'ਆਪ' ਦੇ ਸੀਨੀਅਰ ਆਗੂ ਅਤੇ ਬਲਾਕ ਪਾਤੜਾਂ ਦੇ ਪ੍ਰਧਾਨ ਪ੍ਰੀਤ ਗਿੱਲ,ਸਮਾਜ ਸੇਵੀ ਅਤੇ ਕਾਰੋਬਾਰੀ ਅਮ੍ਰਿੰਤਪਾਲ ਸਿੰਘ ਕਾਲੇਕਾ, ਕੰਬੋਜ ਭਲਾਈ ਬੋਰਡ ਦੇ ਮੈਂਬਰ ਕੁਲਦੀਪ ਸਿੰਘ ਥਿੰਦ, ਸਰਪੰਚ ਕਰਨੈਲ ਸਿੰਘ ਨਾਮਸੋਤ, ਕੌਂਸਲਰ ਸੋਨੀ

ਜਲੂਰ, ਕੌਂਸਲਰ ਸੋਨੀ ਠੇਕੇਦਾਰ, ਚੇਅਰਮੈਨ ਡਾਕਟਰ ਡੀਡੀ ਸਿੰਗਲਾ, ਸਿਟੀ ਪ੍ਰਧਾਨ ਮਦਨ ਲਾਲ ਗੋਇਲ, ਨੌਜਵਾਨ ਆਗੂ ਅਤੇ ਪਿੰਡ ਬੂਰੜ ਦੇ ਸਰਪੰਚ ਸਮਾਜ ਸੇਵੀ ਗੁਰਮੀਤ ਸਿੰਘ ਬੂਰੜ ਵਿਸ਼ੇਸ਼ ਤੌਰ 'ਤੇ ਹਜ਼ਾਰ ਰਹੇ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਪਾਤੜਾਂ ਸ਼ਹਿਰ ਹੁਣ ਉੱਤਰੀ ਭਾਰਤ ਦੇ ਸਭ ਤੋਂ ਵੱਧ ਮਸ਼ਹੂਰ ਸ਼ਹਿਰਾਂ ਵਿੱਚ ਗਿਣਿਆ ਜਾਂਦਾ ਹੈ ਕਿਉਂਕਿ ਇੱਥੇ ਸਥਿੱਤ ਪੁਰਾਣੀਆਂ ਕਾਰਾਂ ਦੇ ਬਾਜ਼ਾਰ ਵਿੱਚੋਂ ਜਿੱਥੇ ਲੋਕ ਦੂਰ ਦੁਰਾਡੇ ਦੇ ਖੇਤਰਾਂ ਵਿੱਚੋਂ ਆਪਣੇ ਲਈ ਕਾਰਾਂ ਖਰੀਦਣ ਆਉਂਦੇ ਹਨ ਉੱਥੇ ਹੀ ਇਸ ਬਜ਼ਾਰ ਵਿੱਚ ਹਜ਼ਾਰਾਂ ਨੌਜਵਾਨਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਬਜ਼ਾਰ ਨੂੰ ਚਲਾਉਣ ਲਈ ਬਣੀ ਕਾਰ ਡੀਲਰ ਐਸੋਸੀਏਸ਼ਨ ਬਹੁਤ ਹੀ ਇਮਾਨਦਾਰੀ ਨਾਲ ਬੀਤੇ ਕਈ ਦਹਾਕਿਆਂ ਤੋਂ ਆਪਣਾ ਕੰਮ ਕਰ ਰਹੀ ਹੈ ਜਿਸ ਦੀ ਚੋਣ ਹਰ ਸਾਲ ਕਾਰ ਡੀਲਰਾਂ ਵਲੋਂ ਸਰਬਸੰਮਤੀ ਨਾਲ ਕੀਤੀ ਜਾਂਦੀ ਹੈ। ਉਨ੍ਹਾਂ ਨਵ ਨਿਯੁਕਤ ਪ੍ਰਧਾਨ ਕੁਲਦੀਪ ਸਿੰਘ ਬਿੱਟੂ ਬਦੇਸ਼ਾ ਨੂੰ ਪ੍ਰਧਾਨ ਚੁਣੇ ਉਪਰੰਤ ਵਧਾਈ ਦਿੰਦਿਆਂ ਕਿਹਾ ਕਿ ਮੈਨੂੰ ਆਸ ਹੈ ਕਿ ਉਹ ਆਪਣਾ ਕੰਮ ਪੂਰੀ ਇਮਾਨਦਾਰੀ ਨਾਲ ਕਰਨਗੇ ਤਾਂ ਜ਼ੋ ਕਾਰਾਂ ਖਰੀਦਣ ਵਾਲੇ ਗਾਹਕਾਂ ਅਤੇ ਕਾਰਾਂ ਵੇਚਣ ਵਾਲੇ ਡੀਲਰਾਂ ਨੂੰ ਕਿਸੇ ਕਿਸਮ ਕੋਈ ਦਿੱਕਤ ਨਾ ਆਵੇ।

## 'ਕੈਮਿਸਟਰੀ ਮੇਲੇ' ਰਾਹੀਂ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ

ਪਟਿਆਲਾ, 26 ਫਰਵਰੀ (ਚ.ਨ.ਸ.) : ਜੀ.ਐਸ.ਐਸ.ਡੀ.ਜੀ.ਐਸ. ਖਾਲਸਾ ਕਾਲਜ, ਪਟਿਆਲਾ ਦੇ ਪੋਸਟ-ਗ੍ਰੈਜੂਏਟ ਕੈਮਿਸਟਰੀ ਵਿਭਾਗ ਵੱਲੋਂ ਇੰਸਟੀਚਿਊਟ ਇਨੋਵੇਸ਼ਨ ਕੌਂਸਲ (993) ਦੇ ਸਹਿਯੋਗ ਨਾਲ ਰਾਸ਼ਟਰੀ ਵਿਗਿਆਨ ਦਿਵਸ ਦੇ ਮੌਕੇ 'ਤੇ ਇੱਕ ਸ਼ਾਨਦਾਰ 'ਕੈਮਿਸਟਰੀ ਮੇਲੇ' ਦਾ ਆਯੋਜਨ ਕੀਤਾ ਗਿਆ। ਵਿਗਿਆਨਕ ਸੋਚ ਅਤੇ ਸਿਰਜਣਾਤਮਕਤਾ ਨੂੰ ਉਤਸ਼ਾਹਿਤ ਕਰਨ ਵਾਲੇ ਇਸ ਮੇਲੇ ਨੇ ਕਾਲਜ ਕੈਂਪਸ ਨੂੰ ਇੱਕ ਖੋਜ ਕੇਂਦਰ ਵਿੱਚ ਬਦਲ ਦਿੱਤਾ, ਜਿੱਥੇ ਰੋਜ਼ਾਨਾ ਜੀਵਨ ਅਤੇ ਆਧੁਨਿਕ ਉਦਯੋਗ ਵਿੱਚ ਕੈਮਿਸਟਰੀ ਦੀ ਮਹੱਤਤਾ ਨੂੰ ਬਾਖੂਬੀ ਦਰਸਾਇਆ ਗਿਆ। ਵਿਕਸਤ ਭਾਰਤ ਲਈ ਨਵੀਨਤਾ ਦੇ ਰਾਸ਼ਟਰੀ ਥੀਮ 'ਤੇ ਅਧਾਰਿਤ ਇਸ ਪ੍ਰਦਰਸ਼ਨੀ ਦਾ ਉਦਘਾਟਨ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜਿਹੇ ਪ੍ਰਯੋਗਾਤਮਕ ਸਿਖਲਾਈ ਪਲੇਟਫਾਰਮ ਵਿਦਿਆਰਥੀਆਂ ਵਿੱਚ ਉੱਦਮੀ ਸੋਚ ਪੈਦਾ ਕਰਨ ਲਈ ਬਹੁਤ ਸਹਾਈ ਹੁੰਦੇ ਹਨ।

## ਹਥਿਆਰਾਂ ਤੇ ਚੋਰੀ ਦੇ ਮੋਟਰਸਾਈਕਲਾਂ ਸਮੇਤ ਚਾਰ ਕਾਬੂ, ਦੋ ਦਿਨਾਂ ਪੁਲਿਸ ਰਿਮਾਂਡ 'ਤੇ

ਸਮਾਣਾ, 26 ਫਰਵਰੀ (ਵਿਜੇ ਕੁਮਾਰ): ਪਾਤੜਾਂ ਪੁਲਸ ਨੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਖੜ੍ਹੇ ਚਾਰ ਵਿਅਕਤੀਆਂ ਨੂੰ ਚੋਰੀ ਦੇ ਦੋ ਮੋਟਰਸਾਈਕਲਾਂ ਅਤੇ ਤੇਜ਼ਧਾਰ ਹਥਿਆਰਾਂ ਸਮੇਤ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਸਿੰਘ, ਗੁਰਦਿਆਲ ਸਿੰਘ, ਗੁਰਮੇਰ ਸਿੰਘ ਅਤੇ ਅਮਨਦੀਪ ਸਿੰਘ (ਸਾਰੇ ਵਾਸੀ ਪਾਤੜਾਂ) ਵਜੋਂ ਹੋਈ ਹੈ। ਸਿਟੀ ਪੁਲਿਸ ਪਾਤੜਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਕਾਲਾ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਭਗਤ ਸਿੰਘ ਚੌਕ ਪਾਤੜਾਂ ਵਿੱਚ ਮੌਜੂਦ ਸਨ। ਉਨ੍ਹਾਂ ਨੂੰ ਮੁਖ਼ਬਰ ਤੋਂ ਸੂਚਨਾ ਮਿਲੀ ਕਿ ਲੁੱਟ-ਖੋਹ ਕਰਨ ਦੇ ਆਦੀ ਕੁਝ ਵਿਅਕਤੀ ਚੋਰੀ ਦੇ ਮੋਟਰਸਾਈਕਲਾਂ 'ਤੇ ਜਾਅਲੀ ਨੰਬਰ ਪਲੇਟਾਂ ਲਗਾ ਕੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ 11 ਕਿੱਲੀਆਂ ਵਾਲੀ ਅਨਾਜ ਮੰਡੀ, ਪਾਤੜਾਂ ਵਿੱਚ ਖੜ੍ਹੇ ਹਨ। ਪੁਲਿਸ ਪਾਰਟੀ ਨੇ ਤੁਰੰਤ ਰੇਡ ਕਰਕੇ ਮੁਲਜ਼ਮਾਂ ਨੂੰ ਚੋਰੀ ਦੇ ਦੋ ਮੋਟਰਸਾਈਕਲਾਂ ਅਤੇ ਦੋ ਕਿਰਪਾਨਾਂ ਸਮੇਤ ਮੌਕੇ 'ਤੇ ਹੀ ਕਾਬੂ ਕਰ ਲਿਆ। ਪੁਲਿਸ ਅਧਿਕਾਰੀ ਅਨੁਸਾਰ ਮੁਲਜ਼ਮਾਂ ਨੂੰ ਸਮਾਣਾ ਦੀ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨਾਂ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ। ਪੁਲਿਸ ਵੱਲੋਂ ਪੁੱਛਗਿੱਛ ਅਤੇ ਜਾਂਚ ਜਾਰੀ ਹੈ, ਜਿਸ ਦੌਰਾਨ ਕੁਝ ਹੋਰ ਅਹਿਮ ਖੁਲਾਸੇ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ।

## ਐੱਸ.ਡੀ.ਐੱਮ. ਨਾਭਾ ਅਰਵਿੰਦਰਪਾਲ ਸਿੰਘ ਸੋਮਲ ਨੇ ਅਹੁਦਾ ਸੰਭਾਲਿਆ

ਨਾਭਾ, 26 ਫਰਵਰੀ (ਗੁਰਚਰਨ ਸਿੰਘ ਚੌਧਰੀਮਾਜਰਾ) : ਐੱਸ ਡੀ ਐੱਮ ਨਾਭਾ ਅਰਵਿੰਦਰਪਾਲ ਸਿੰਘ ਸੋਮਲ ਨੇ ਅਹੁਦਾ ਸੰਭਾਲਿਆ। ਇਸ ਸਮੇ ਚੜ੍ਹਦੀਕਲਾ ਦੇ ਪੱਤਰਕਾਰ ਗੁਰਚਰਨ ਸਿੰਘ ਚੌਧਰੀਮਾਜਰਾ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਆਪਣੀ ਡਿਊਟੀ ਨਾਭਾ ਦੀ ਜਨਤਾ ਲਈ ਪੂਰਾ ਸਹਿਯੋਗ ਕਰਾਂਗਾ ਅਤੇ ਮੈਨੂੰ ਆਸ ਹੈ ਕਿ ਨਾਭੇ ਦੀ ਜਨਤਾ ਮੈਨੂੰ ਪੂਰਾ ਸਹਿਯੋਗ ਦੇਵੇਗੀ ।ਉਹਨਾਂ ਕਿਹਾ ਮੈਂ ਆਪਣੀ ਡਿਊਟੀ ਸਮੇਂ ਉੱਚ ਅਧਿਕਾਰੀਆਂ ਦੇ ਸਹਿਯੋਗ ਨਾਲ ਅਤੇ ਮੈਨੂੰ ਮਿਲੇ ਸੰਵਿਧਾਨ ਦੇ ਅਧਿਕਾਰਾਂ ਦੀ ਪਾਲਣਾ ਕਰਦੇ ਹੋਏ ਜਨਤਾ ਨੂੰ ਪੂਰਾ ਸਹਿਯੋਗ ਦੇਵਾਂਗਾ ।

## ਅੱਜ ਹੋਵੇਗਾ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੇ ਚੁਣੇ ਮੈਂਬਰਾਂ ਦਾ ਸਹੁੰ ਚੁੱਕ ਸਮਾਗਮ

ਮਲੇਰਕੋਟਲਾ, 26 ਫਰਵਰੀ (ਬਲਜੀਤ ਸਿੰਘ ਟਿੱਬਾ) : ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾਇਰੈਕਟਰ, ਵਿਕਾਸ ਅਤੇ ਪੰਚਾਇਤ ਵਿਭਾਗ, ਮੋਹਾਲੀ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿੱਚ ਨਵ-ਚੁਣੇ ਮੈਂਬਰਾਂ ਦਾ ਸਹੁੰ ਚੁੱਕ ਸਮਾਗਮ 27 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ਼ਾਮ 4:30 ਵਜੇ ਸਥਾਨਕ ਉਰਦੂ ਅਕੈਡਮੀ, ਮਾਲੇਰਕੋਟਲਾ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਸਹੁੰ ਚੁੱਕ ਸਮਾਮਗ ਵਿੱਚ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਅਤੇ ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਵੱਲੋਂ ਵਿਸ਼ੇਸ ਤੌਰ ਤੇ ਸ਼ਿਰਕਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਜ਼ਿਲ੍ਹਾ ਪੱਧਰ 'ਤੇ ਚੁਣੇ ਗਏ ਮੈਂਬਰਾਂ ਨੂੰ ਕਾਨੂੰਨੀ ਪ੍ਰਕਿਰਿਆ ਅਨੁਸਾਰ ਸਹੁੰ ਚੁਕਾਈ ਜਾਵੇਗੀ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਲੋਕਾਂ ਦੁਆਰਾ ਚੁਣੇ ਗਏ ਜੇਤੂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਿਰਧਾਰਿਤ ਮਿਤੀ ਅਤੇ ਸਮੇਂ ਅਨੁਸਾਰ ਸਮਾਗਮ ਵਿੱਚ ਹਾਜ਼ਰੀ ਯਕੀਨੀ ਬਣਾਉਣ।

## ਜ਼ਿਲ੍ਹਾ ਅੰਡਰ-23 ਕ੍ਰਿਕਟ ਟੀਮ ਦੇ ਚੋਣ ਲਈ ਟ੍ਰਾਇਲ 2 ਮਾਰਚ ਨੂੰ

ਪਟਿਆਲਾ, 26 ਫਰਵਰੀ (ਚ.ਨ.ਸ.) : ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਪਟਿਆਲਾ ਜ਼ਿਲ੍ਹਾ ਅੰਡਰ-23 ਸਾਲਾਂ ਟੀਮ ਦੀ ਚੋਣ ਲਈ ਟ੍ਰਾਇਲ ਆਯੋਜਿਤ ਕੀਤੇ ਜਾ ਰਹੇ ਹਨ, ਜੋ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕਰਵਾਏ ਜਾਣ ਵਾਲੇ 2026-2027 ਸੀਜ਼ਨ ਪੰਜਾਬ ਸਟੇਟ ਇੰਟਰ ਡਿਸਟ੍ਰਿਕਟ ਅੰਡਰ-23 ਸਾਲਾਂ (ਮਲਟੀ-ਡੇਅਜ਼ ਅਤੇ ਵਨ ਡੇਅ) ਟੂਰਨਾਮੈਂਟਾਂ ਵਿੱਚ ਹਿੱਸਾ ਲਵੇਗੀ। ਅਮਰਿੰਦਰ ਵੀਰ ਸਿੰਘ ਬਰਸਟ ਇੰਚਾਰਜ ਪਟਿਆਲਾ ਸਬ-ਕਮੇਟੀ, ਪੰਜਾਬ ਕ੍ਰਿਕਟ ਐਸੋਸੀਏਸ਼ਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਟ੍ਰਾਇਲ ਮਿਤੀ 2.3.2026, ਦਿਨ ਸੋਮਵਾਰ ਨੂੰ ਸਵੇਰੇ 8 ਵਜੇ ਤੋਂ ਧਰੁਵ ਪਾਂਡਵ ਸਟੇਡੀਅਮ (ਕ੍ਰਿਕਟ), ਪਟਿਆਲਾ (ਪੰਜਾਬ) ਵਿਖੇ ਹੋਣਗੇ। ਸਾਰੇ ਖਿਡਾਰੀ, ਜਿਨ੍ਹਾਂ ਦਾ ਜਨਮ 1.09.2003 ਨੂੰ ਜਾਂ ਇਸ ਤੋਂ ਬਾਅਦ ਹੋਇਆ ਹੈ ਜਾਂ ਪਟਿਆਲਾ ਜ਼ਿਲ੍ਹੇ ਦੇ ਅਧਿਕਾਰ ਖੇਤਰ ਵਿੱਚ ਰਹਿ ਰਹੇ ਹਨ (30 ਜੂਨ, 2025 ਨੂੰ ਜਾਂ ਇਸ ਤੋਂ ਪਹਿਲਾਂ) ਅਤੇ 2026-27 ਟੂਰਨਾਮੈਂਟ ਤੋਂ ਪਹਿਲਾਂ ਪਿਛਲੇ ਇੱਕ ਸਾਲ (ਪਿਛਲੇ ਸਾਲ ਦੇ ਨਤੀਜੇ/ਮਾਰਕਸ਼ੀਟ ਅਤੇ ਮੌਜੂਦਾ ਸੈਸ਼ਨ ਬੋਨਾਫਾਈਡ ਸਰਟੀਫਿਕੇਟ ਦੇ ਨਾਲ) ਪੜ੍ਹ ਰਹੇ ਹਨ, ਟ੍ਰਾਇਲਾਂ ਲਈ ਯੋਗ ਹਨ। ਖਿਡਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਯੋਗਤਾ ਸਬੰਧੀ ਅਸਲ ਦਸਤਾਵੇਜ਼ ਜਿਵੇਂ ਕਿ ਪਾਸਪੋਰਟ, ਡਿਜੀਟਲ ਜਨਮ ਸਰਟੀਫਿਕੇਟ, ਆਧਾਰ ਕਾਰਡ, ਸਕੂਲ ਦਾਖਲਾ ਨੰਬਰ ਅਤੇ ਸਾਲ 2025-26 ਦੇ ਦਾਖਲੇ ਦੀ ਮਿਤੀ/ਡੇਟ ਸ਼ੀਟ/ ਮਾਰਕਸ਼ੀਟ (ਓਪਨ ਸਕੂਲ ਯੋਗ ਨਹੀਂ ਹੈ) ਦੇ ਨਾਲ-ਨਾਲ ਮੌਜੂਦਾ ਸੀਜ਼ਨ 2026-2027 ਲਈ ਸਕੂਲ ਬੋਨਾਫਾਈਡ ਸਰਟੀਫਿਕੇਟ, ਇੱਕ ਤਾਜ਼ਾ ਫੋਟੋ ਅਤੇ ਉਪਰੋਕਤ ਦਸਤਾਵੇਜ਼ਾਂ ਦੀਆਂ ਦੋ ਸੈੱਟ ਫੋਟੋਕਾਪੀਆਂ ਦੇ ਨਾਲ ਆਉਣ।

## ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਪਿੰਡਾਂ 'ਚ ਕੂੜਾ ਪ੍ਰਬੰਧਨ ਸਬੰਧੀ ਮੀਟਿੰਗ

ਮਲੇਰਕੋਟਲਾ, 26 ਫਰਵਰੀ (ਬਲਜੀਤ ਸਿੰਘ ਟਿੱਬਾ) : ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਪਿੰਡਾਂ ਵਿੱਚ ਕਰਵਾਏ ਜਾਣ ਵਾਲੇ ਕੰਮਾਂ ਦੀ ਕਾਰਗੁਜ਼ਾਰੀ ਸਬੰਧੀ ਪ੍ਰਗਤੀ ਦੀ ਸਮੀਖਿਆ ਲਈ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਪਿੰਡਾਂ ਵਿੱਚ ਘਰ-ਘਰ ਕੂੜਾ ਇਕੱਠਾ ਕਰਨ ਦੀ ਪ੍ਰਣਾਲੀ, ਕੂੜੇ ਦੀ ਛਾਂਟ, ਠੋਸ ਕਚਰੇ ਦੇ ਯੋਗ ਪ੍ਰਬੰਧਨ ਅਤੇ ਗੰਦੇ ਪਾਣੀ ਦੀ ਨਿਕਾਸੀ ਲਈ ਲਿਕਵਿਡ ਵੇਸਟ ਮੈਨੇਜਮੈਂਟ ਢਾਂਚੇ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਹਰ ਗ੍ਰਾਮ ਪੰਚਾਇਤ ਵਿੱਚ ਸੋਲਿਡ ਅਤੇ ਲਿਕਵਿਡ ਵੇਸਟ ਮੈਨੇਜਮੈਂਟ ਯੂਨਿਟਾਂ ਦੀ ਸਮਾਂਬੱਧ ਤੌਰ 'ਤੇ ਸਥਾਪਨਾ ਅਤੇ ਚਾਲੂ ਹਾਲਤ ਯਕੀਨੀ ਬਣਾਈ ਜਾਵੇ। ਉਨ੍ਹਾਂ ਨੇ ਕਿਹਾ ਕਿ ਗੰਦੇ ਪਾਣੀ ਦੇ ਖੁੱਲ੍ਹੇ ਇਕੱਠ ਨੂੰ ਰੋਕਣ, ਸੋਕ ਪਿੱਟ ਅਤੇ ਡਰੇਨੇਜ ਪ੍ਰਣਾਲੀ ਦੇ ਵਿਕਾਸ ਅਤੇ ਠੋਸ ਕਚਰੇ ਦੇ ਵਿਗਿਆਨਕ ਨਿਪਟਾਰੇ ਲਈ ਠੋਸ ਕਾਰਵਾਈ ਕੀਤੀ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਬੀ.ਡੀ.ਪੀ.ਓ ਬਬਲਜੀਤ ਕੌਰ, ਬੀ.ਡੀ.ਪੀ.ਓ ਜਸਮਿੰਦਰ ਸਿੰਘ, ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ, ਜਿਲਾ ਪਰਿਵਾਰ ਭਲਾਈ ਅਫਸਰ ਡਾ.ਸੀਮਾ ਜੱਸਲ, ਐਕਸ਼ੀਅਨ ਜਲ ਸਪਲਾਈ ਅਤੇ ਸੈਨਿਟੇਸ਼ਨ ਵਿਭਾਗ ਇੰਜੀ ਹਿਰਦੇਵ ਪਾਲ ਸਿੰਘ, ਐਕਸ਼ੀਅਨ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਇੰਜੀ. ਆਦਰਸ਼ ਨਿਰਮਲ ਤੋਂ ਇਲਾਵਾ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।

## ਕਾਂਗਰਸ ਨਾ ਸਿਰਫ਼ ਪੰਜਾਬ ਵਿਧਾਨ ਸਭਾ ਚੋਣਾਂ ਲੜੇਗੀ, ਸਗੋਂ ਸਰਕਾਰ ਵੀ ਬਣਾਏਗੀ : ਲਾਲੀ ਸ਼ਰਮਾ

ਸਮਾਣਾ, 26 ਫਰਵਰੀ (ਵਿਜੇ ਕੁਮਾਰ) : ਰਾਹੁਲ ਗਾਂਧੀ ਯੂਥ ਆਰਗੇਨਾਈਜ਼ੇਸ਼ਨ ਹਰਿਆਣਾ ਦੇ ਪ੍ਰਧਾਨ ਲਾਲੀ ਸ਼ਰਮਾ ਨੇ ਦਾਅਵਾ ਕੀਤਾ ਕਿ ਕਾਂਗਰਸ ਨਾ ਸਿਰਫ਼ ਪੰਜਾਬ ਵਿਧਾਨ ਸਭਾ ਚੋਣਾਂ ਲੜੇਗੀ, ਸਗੋਂ ਸਰਕਾਰ ਵੀ ਬਣਾਏਗੀ। ਸ਼ਰਮਾ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ 28 ਫਰਵਰੀ ਨੂੰ ਰਾਹੁਲ ਗਾਂਧੀ ਪੰਜਾਬ ਦੇ ਬਰਨਾਲਾ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਕੇ ਚੋਣ ਬਿਗੁਲ ਵਜਾਉਣਗੇ ਅਤੇ ਪੰਜਾਬ ਦੇ ਕਿਸਾਨਾਂ ਨਾਲ ਗੱਲਬਾਤ ਵੀ ਕਰਨਗੇ। ਭਾਰਤ-ਅਮਰੀਕਾ ਵਪਾਰ ਸਮਝੌਤੇ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਜੀਵਿਕਾ ਕਿਸੇ ਵਪਾਰਕ ਸੌਦੇ ਦੀ ਕੀਮਤ ਨਹੀਂ ਹੋ ਸਕਦੀ। ਖੁਰਾਕ ਸੁਰੱਖਿਆ ਕੋਈ ਸਮਝੌਤੇ ਦੀ ਧਾਰਾ ਨਹੀਂ ਹੈ ਅਤੇ ਨਾ ਹੀ ਕਿਸਾਨ ਵਿਰੋਧੀ ਰਾਜਨੀਤੀ ਅੱਗੇ ਝੁਕਣਾ ਕੋਈ ਵਿਕਲਪ ਹੈ। ਦੇਸ਼ ਦੇ ਅੰਨਦਾਤਾ ਸਿਰਫ਼ ਵੋਟ ਬੈਂਕ ਨਹੀਂ, ਸਗੋਂ ਸਾਡੀ ਆਰਥਿਕਤਾ ਦੀ ਨੀਂਹ ਹਨ।ਉਨ੍ਹਾਂ ਕਿਹਾ ਕਿ ਜੋ ਵੀ ਸਰਕਾਰ ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਨਾਲ ਖਿਲਵਾੜ ਕਰੇਗੀ, ਉਸ ਦਾ ਵਿਰੋਧ ਕਰਨਾ ਹਰ ਨਾਗਰਿਕ ਦਾ ਫਰਜ਼ ਹੈ।ਮਨਰੇਗਾ ਨੂੰ ਕਮਜ਼ੋਰ ਕਰਨ ਨਾਲ ਪਿੰਡਾਂ ਵਿੱਚ ਰੁਜ਼ਗਾਰ ਦਾ ਆਖਰੀ ਸਹਾਰਾ ਵੀ ਖੁੱਸ ਸਕਦਾ ਹੈ।ਲਾਲੀ ਸ਼ਰਮਾ ਨੇ ਅੰਤ ਵਿੱਚ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਨ ਅਤੇ ਸਾਰੇ ਕਾਂਗਰਸੀ ਇਸ ਲੜਾਈ ਵਿੱਚ ਉਨ੍ਹਾਂ ਦੇ ਨਾਲ ਹਨ। ਸੜਕ ਤੋਂ ਸੰਸਦ ਤੱਕ ਇਹ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਹੱਕ ਨਹੀਂ ਮਿਲ ਜਾਂਦਾ। ਇਸ ਮੌਕੇ ਕਈ ਸਥਾਨਕ ਕਾਂਗਰਸੀ ਆਗੂ ਵੀ ਮੌਜੂਦ ਸਨ।

## ਮਾਤਾ ਗੁਜਰੀ ਸਕੂਲ 'ਚ ਕਲਾ ਗਤੀਵਿਧੀ ਕਰਵਾਈ

ਦੇਵੀਗੜ੍ਹ, 26 ਫਰਵਰੀ (ਗੁਰਜੀਤ ਸਿੰਘ ਢੋਟ) : ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਵਿੱਚ

ਵਿਦਿਆਰਥੀਆਂ ਦੀ ਰਚਨਾਤਮਕਤਾ ਨੂੰ ਨਿਖਾਰਨ ਲਈ ਇੱਕ ਵਿਸ਼ੇਸ਼ ਕਲਾ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਇਸ ਗਤੀਵਿਧੀ ਵਿੱਚ ਕਲਾਸ ਛੇਵੀਂ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਬੇਕਾਰ ਅਤੇ ਨਾ ਵਰਤਣ ਯੋਗ ਸਮੱਗਰੀ ਦੀ ਵਰਤੋਂ ਕਰਕੇ ਸੁੰਦਰ ਅਤੇ ਨਵੀਂ ਸੋਚ ਨਾਲ ਭਰਪੂਰ ਕਲਾਕ੍ਰਿਤੀਆਂ ਤਿਆਰ ਕੀਤੀਆਂ। ਇਸ ਦੌਰਾਨ ਵੱਖ-ਵੱਖ ਕਲਾਵਾਂ ਜਿਵੇਂ ਕਿ ਵੇਸਟ ਮਟੀਰੀਅਲ ਨਾਲ ਬਣੀਆਂ ਵਸਤੂਆਂ, ਗਲਾਸ ਪੇਂਟਿੰਗ, ਜਵਾਲਾਮੁਖੀ ਮਾਡਲ, ਵਾਰਲੀ ਕਲਾ, ਮੰਡਲਾ ਆਰਟ, ਪੇਪਰ ਪਲੇਟ ਮਾਸਕ, ਬੋਤਲ ਸਜਾਵਟ ਅਤੇ ਕੈਨਵਸ ਪੇਂਟਿੰਗ ਆਦਿ ਤਿਆਰ ਕੀਤੀਆਂ ਗਈਆਂ। ਅਧਿਆਪਕਾਂ ਅਤੇ ਸਕੂਲ ਪ੍ਰਬੰਧਕਾਂ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ, ਪ੍ਰੈਜੀਡੈਂਟ ਰਵਿੰਦਰ ਕੌਰ, ਪ੍ਰਿੰਸੀਪਲ ਮਮਤਾ ਮੱਕੜ ਅਤੇ ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਵਾਲੀਆ ਨੇ ਨੇ ਵਿਦਿਆਰਥੀਆਂ ਦੀ ਮਿਹਨਤ ਅਤੇ ਕਲਾ ਪ੍ਰਤੀ ਰੁਚੀ ਦੀ ਸਰਾਹਨਾ ਕੀਤੀ।

## ਛੁਰਾ ਦਿਖਾ ਕੇ ਮੋਬਾਇਲ ਫੋਨ ਤੇ 1200 ਰੁਪਏ ਖੋਹੇ

ਪਟਿਆਲਾ, 26 ਫਰਵਰੀ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਕੋਲ ਦੀਵੇਸ਼ ਕੁਮਾਰ ਪੁੱਤਰ ਚਰਨਜੀਤ ਸਿੰਘ ਵਾਸੀ ਬਿਸ਼ਨ ਨਗਰ ਪਟਿਆਲਾ ਨੇ ਤਿੰਨ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਪੁਰਾਣਾ ਬੱਸ ਸਟੈਂਡ ਦੇ ਸਾਹਮਣੇ ਅਰਬਿੰਦੋ ਸਕੂਲ ਪਾਸ ਖੜ੍ਹਾ ਟੈਕਸੀ ਦਾ ਇੰਤਜਾਰ ਕਰ ਰਿਹਾ ਸੀ ਤਾਂ ਤਿੰਨ ਅਣਪਛਾਤੇ ਵਿਅਕਤੀ ਮੋਟਰਸਾਈਕਲ ਪਰ ਸਵਾਰ ਹੋ ਕੇ ਆਏ ਅਤੇ ਉਸ ਨੂੰ ਛੁਰਾ ਦਿਖਾ ਕੇ ਉਸ ਪਾਸੋ ਮੋਬਾਇਲ ਫੋਨ ਅਤੇ 1200 ਰੁਪਏ ਕੈਸ਼ ਖੋਹ ਕੇ ਫਰਾਰ ਹੋ ਗਏ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਪਬਲਿਕ ਕਾਲਜ ਦੇ ਵਿਦਿਆਰਥੀਆਂ ਨੇ ਜ਼ੋਨਲ ਲੈਵਲ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ

ਸਮਾਣਾ, 26 ਫਰਵਰੀ (ਵਿਜੇ ਕੁਮਾਰ) : ਐਸੋਸੀਏਸ਼ਨ ਆਫ਼ ਪੰਜਾਬ ਜੌਗਰਾਫਰਜ ਅਤੇ ਖਾਲਸਾ ਕਾਲਜ ਜੌਗਰਫੀਕਲ ਸੋਸਾਇਟੀ ਅਤੇ ਪੋਸਟ ਗ੍ਰੈਜੂਏਟ ਵਿਭਾਗ ਵੱਲੋ ਖਾਲਸਾ ਕਾਲਜ ਪਟਿਆਲਾ ਵਿਖੇ ਜੋਨਲ ਲੈਵਲ ਜੌਗਰਾਫੀਕਲ ਕੁਇੱਜ (ਪਟਿਆਲਾ ਸੰਗਰੂਰ ਜੋਨ) ਮੁਕਾਬਲੇ ਦਾ ਆਯੋਜਨ ਕਰਵਾਇਆ ਗਿਆ, ਜਿਸ ਵਿਚ ਪਬਲਿਕ ਕਾਲਜ ਸਮਾਣਾ ਦੀਆਂ ਵਿਦਿਆਰਥਣਾਂ ਹੁਸਨਪ੍ਰੀਤ ਕੌਰ ਬੀ.ਏ.ਭਾਗ ਤੀਜਾ, ਲਕਸ਼ਮੀ ਬੀ.ਏ.ਭਾਗ ਤੀਜਾ, ਹਰਕੀਰਤ ਕੌਰ ਬੀ.ਏ.ਭਾਗ ਦੂਜਾ ਦੀ ਟੀਮ ਨੇ ਪ੍ਰੋਫੈਸਰ ਦਵਿੰਦਰ ਸਿੰਘ, ਜੌਗਰਾਫੀ ਵਿਭਾਗ ਦੀ ਅਗਵਾਈ ਹੇਠ ਭਾਗ ਲੈ ਕੇ ਪਹਿਲਾ ਸਥਾਨ ਪ੍ਰਾਪਤ ਕਰਕੇ ਬਹੁਤ ਸ਼ਾਨਦਾਰ

ਪ੍ਰਦਰਸ਼ਨ ਕੀਤਾ।ਡਿਪਟੀ ਕਮਿਸ਼ਨਰ ਪਟਿਆਲਾ ਕਮ ਚੇਅਰਮੈਨ ਕਾਲਜ ਮੈਨੇਜਿੰਗ ਕਮੇਟੀ ਵਰਜੀਤ ਵਾਲੀਆ ਆਈ.ਏ.ਐਸ. ਅਤੇ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਵਲੋ ਕਾਲਜ ਵਿਖੇ ਉਪਰੋਕਤ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਗਿਆ।

## ਭਾਰਤ ਵਿਕਾਸ ਪ੍ਰੀਸ਼ਦ ਇਕਾਈ ਵੱਲੋਂ 120 ਸਕੂਲੀ ਵਿਦਿਆਰਥੀਆਂ ਦੀ ਹੀਮੋਗਲੋਬਿਨ ਜਾਂਚ

ਨਾਭਾ, 26 ਫ਼ਰਵਰੀ (ਬਲਜਿੰਦਰ ਮਾਨ/ਗੁਰਚਰਨ ਸਿੰਘ ਚੌਧਰੀਮਾਜਰਾ) : ਭਾਰਤ ਵਿਕਾਸ ਪਰਿਸ਼ਦ ਇਕਾਈ ਵੱਲੋ ਅਨੀਮੀਆ ਮੁਕਤ ਭਾਰਤ ਦੇ ਤਹਿਤ ਸਰਕਾਰੀ ਕੰਨਿਆ ਮਿਡਲ ਸਕੂਲ ਪੁਰਾਣਾ ਹਾਈ ਕੋਰਟ ਨਾਭਾ ਵਿਖੇ 120 ਸਕੂਲ ਦੇ ਵਿਦਿਆਰਥੀਆਂ ਦੀ ਹੀਮੋਗਲੋਬਿਨ ਜਾਂਚ ਕੀਤੀ ਗਈ। ਇਸ ਮੌਕੇ ਨਰਿੰਦਰ ਵਰਮਾ, ਵਿਕਾਸ ਮਿੱਤਲ ਅਤੇ ਅਸ਼ਵਨੀ ਮਦਾਨ ਨੇ ਕਿਹਾ ਕਿ ਸਕੂਲ ਸੁਰੱਖਿਆ ਨੂੰ ਪਹਿਲ ਨਹੀਂ ਦਿੰਦੇ ਤਾਂ ਅਸੀਂ ਉਹਨਾਂ ਦੇ ਉਜਵਲ ਭਵਿੱਖ ਨਾਲ ਇਨਸਾਫ ਨਹੀਂ ਕਰ ਸਕਦੇ। ਚਾਹੇ ਉਹ ਅਨੀਮੀਆ ਮੁਕਤ ਭਾਰਤ ਮੁਹਿਮ ਹੋਵੇ ਜਾਂ ਸੁਰੱਖਿਅਤ ਸਕੂਲ ਨੀਤੀ।ਉਹਨਾਂ ਕਿਹਾ ਕਿ ਅੱਜ ਸਕੂਲ ਵਿੱਚ ਅਨੀਮੀਆ ਮੁਕਤ ਭਾਰਤ ਮੁਹਿਮ

ਦੇ ਤਹਿਤ ਸਕੂਲ ਨੀਤੀ ਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ ਹੈ ਅਤੇ ਉਹਨਾਂ ਦਾ ਹੀਮੋਗਲੋਬਿਨ ਦੀ ਜਾਂਚ ਕੀਤੀ ਗਈ ਹੈ। ਉਨ੍ਹਾਂ ਸਟਾਫ ਨੂੰ ਅਪੀਲ ਕਰਦਿਆਂ ਕਿਹਾ ਕਿ ਮਾਪਦੰਡਾਂ ਨੂੰ ਪੂਰੀ ਇਮਾਨਦਾਰੀ ਤੇ ਸੰਵੇਦਨਸ਼ੀਲਤਾ ਨਾਲ ਲਾਗੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਹੁਤ ਜਲਦੀ ਹੀ ਹੋਰ ਸਕੂਲਾਂ ਵਿੱਚ ਵੀ ਵਿਦਿਆਰਥੀਆਂ ਦੀ ਹੀਮੋਗਲੋਬਿਨ ਦੀ ਜਾਂਚ ਕੀਤੀ ਜਾਵੇਗੀ। ਇਸ ਮੌਕੇ ਸਰਕਾਰੀ ਕੰਨਿਆ ਮਿਡਲ ਸਕੂਲ ਦੇ ਸਟਾਫ਼ ਅਮਨਦੀਪ ਕੌਰ, ਪ੍ਰੀਤ ਕਿਰਨ, ਗੀਤੂ ਮੱਕਣ, ਪਰਮਿੰਦਰ ਕੌਰ, ਵੰਦਨਾ, ਸ਼ਸ਼ੀ ਬਾਲਾ ਅਤੇ ਜਸਵੀਰ ਸਿੰਘ ਨੇ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ । ਇਸ ਮੌਕੇ ਮਹਿਲਾ ਪ੍ਰਮੁੱਖ ਹੀਨਾ ਸਿੰਗਲਾ, ਰਾਜੇਸ਼ ਸਿੰਗਲਾ, ਦਿਵਿਆ ਜੈਨ ਆਦਿ ਹਾਜ਼ਰ ਸਨ।

## 'ਆਪ' ਦੀ ਮਜ਼ਬੂਤੀ ਲਈ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਵੱਲੋਂ ਵੱਖ-ਵੱਖ ਪਿੰਡਾਂ 'ਚ ਮੀਟਿੰਗਾਂ

ਘਨੌਰ, 26 ਫਰਵਰੀ (ਰਾਜਿੰਦਰ ਸਿੰਘ ਕੰਬੋਜ) : ਆਮ ਆਦਮੀ ਪਾਰਟੀ ਪੰਜਾਬ ਸਪੋਰਟਸ ਵਿੰਗ ਦੇ ਪ੍ਰਧਾਨ ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਪਾਰਟੀ ਵੱਲੋਂ ਲਗਾਈ ਗਈ ਜਿੰਮੇਵਾਰੀ ਤਹਿਤ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਪਿੰਡ ਰੰਗੀਆਂ, ਅਕਬਰਪੁਰ, ਅਤੇ ਨਲਾਸ ਖੁਰਦ ਵਿੱਚ ਪਾਰਟੀ ਵਰਕਰਾਂ ਅਤੇ ਪਿੰਡ ਵਾਸੀਆਂ ਨਾਲ ਵਿਸ਼ੇਸ਼ ਮੀਟਿੰਗਾਂ ਕੀਤੀਆਂ। ਵਿੱਕੀ ਘਨੌਰ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਤਹਿਤ ਉਹ ਲਗਾਤਾਰ ਪਿੰਡਾਂ ਦੇ ਦੌਰੇ ਕਰ ਰਹੇ ਹਨ ਤਾਂ ਜੋ ਪੁਰਾਣੇ ਵਰਕਰਾਂ ਨਾਲ ਤਾਲਮੇਲ ਹੋਰ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੁਰਾਣੇ ਵਰਕਰ ਪਾਰਟੀ ਦਾ ਸਰਮਾਇਆ ਹਨ। ਮੀਟਿੰਗਾਂ ਦੌਰਾਨ ਵਿੱਕੀ ਘਨੌਰ ਨੇ ਪਿੰਡ ਵਾਸੀਆਂ ਦੀਆਂ ਸਥਾਨਕ ਸਮੱਸਿਆਵਾਂ ਨੂੰ ਬਹੁਤ ਗੰਭੀਰਤਾ ਨਾਲ ਸੁਣਿਆ। ਇਸ ਮੌਕੇ ਪਿੰਡਾਂ ਦੇ ਮੋਹਤਬਰ ਸੱਜਣਾਂ ਨੇ ਪਾਰਟੀ ਪ੍ਰਤੀ ਆਪਣੀ ਵਫਾਦਾਰੀ ਦੁਹਰਾਈ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਉਹਨਾਂ ਨਾਲ ਪੰਜਾਬ ਮਨਿਓਰਟੀ ਕਮਿਸ਼ਨ ਦੇ ਮੈਂਬਰ ਇਸਲਾਮ ਅਲੀ, ਦਵਿੰਦਰ ਸਿੰਘ ਰੰਗੀਆ, ਜਗਦੀਪ ਸਿੰਘ, ਜਗਤਾਰ ਸਿੰਘ, ਮੱਖਣ ਸਿੰਘ, ਮਾਸਟਰ ਮਨਜੀਤ ਸਿੰਘ ਸਪੋਟਰ, ਰਣਜੀਤ ਸਿੰਘ, ਜਾਗੀਰ ਸਿੰਘ, ਗੁਰਪ੍ਰੀਤ ਸਿੰਘ, ਨਿਰਮਲ ਸਿੰਘ, ਜਸਪਾਲ ਸਿੰਘ ਅਤੇ ਰਣਬੀਰ ਸਿੰਘ, ਦਵਿੰਦਰ ਸਿੰਘ ਬੈਦਵਾਨ, ਸਰਪੰਚ ਮਨਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।

## ਡੈਡੀਕੇਟਿਡ ਬ੍ਰਦਰਜ਼ ਗਰੁੱਪ ਵੱਲੋਂ ਖ਼ੂਨਦਾਨੀਆਂ ਦਾ ਸਨਮਾਨ

ਪਟਿਆਲਾ, 26 ਫਰਵਰੀ (ਚ.ਨ.ਸ.): ਡੈਡੀਕੇਟਿਡ ਬ੍ਰਦਰਜ਼ ਗਰੁੱਪ ਪੰਜਾਬ ਪਟਿਆਲਾ ਦੇ ਸੰਸਥਾਪਕ ਅਤੇ ਪ੍ਰਧਾਨ ਡਾ.ਰਾਕੇਸ਼ ਵਰਮੀ ਦੀ ਸਰਪ੍ਰਸਤੀ ਹੇਠ ਦਿਲਪ੍ਰੀਤ ਸਿੰਘ ਬੈਨੀਪਾਲ ਪ੍ਰਾਜੈਕਟ ਇੰਚਾਰਜ ਦੀ ਅਗਵਾਈ ਵਿੱਚ ਖੂਨਦਾਨੀਆਂ ਨੂੰ ਸਨਮਾਨਿਤ ਕੀਤਾ ਇਸ ਸਨਮਾਨ ਸਮਾਰੋਹ ਦੇ ਮੁੱਖ ਮਹਿਮਾਨ ਇੰਜ. ਪ੍ਰੀਕਸ਼ਤ ਭਨੋਟ ਐਸ.ਈ.ਐਸ. ਡੀ ਡਿਵੀਜਨ ਪੈ.ਐਸ.ਪੀ.ਸੀ.ਐਲ ਨਾਭਾ ਨੇ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਖੁੱਦ ਵੀ 18 ਵਾਰ ਖੂਨਦਾਨ ਕਰਕੇ ਮਨੁੱਖੀ ਕੀਮਤੀ ਜਾਨਾਂ ਬਚਾਈਆਂ ਹਨ। ਵੀ.ਕੇ ਸਿਆਲ ਹੈਲਥ ਕੋਚ ਨੇ ਆਏ ਹੋਏ ਮਹਿਮਾਨਾਂ ਅਤੇ ਖੂਨਦਾਨੀਆਂ ਨੂੰ ਜੀ ਆਇਆਂ ਆਖਦੇ ਹੋਏ। ਉਨਾਂ ਦੀ ਧਰਮ

ਪਤਨੀ ਡਾਕਟਰ ਸਿਆਲ ਨੇ ਵੀ 9 ਵਾਰ ਖੂਨ ਦਾਨ ਕੀਤਾ ਦਿਲਪ੍ਰੀਤ ਸਿੰਘ ਬੈਨੀਪਾਲ ਪ੍ਰਾਜੈਕਟ ਇੰਚਾਰਜ ਖੂਨਦਾਨ ਨੇ ਖੂਨਦਾਨੀਆਂ ਵੱਲੋਂ ਦਿੱਤੇ ਗਏ । ਕੈਪਟਨ ਹਰਜਿੰਦਰ ਸਿੰਘ ਸਾਬਕਾ ਪ੍ਰਾਜੈਕਟ ਇੰਚਾਰਜ ਡੀ.ਬੀ.ਜੀ ਨੂੰ ਆਪਣਾ ਆਦਰਸ਼ ਅਤੇ ਪ੍ਰੇਰਕ ਮੰਨਿਆ ਸੁਨੀਲ ਗਰਗ ਮਸ਼ਹੂਰ ਗਾਇਕ ਨੇ 78 ਵਾਰ ਖੂਨ ਦਾਨ ਦੀ ਦਾਸਤਾਂ ਸੁਣਾਈ। ਜਸਵਿੰਦਰ ਸਿੰਘ ਸ਼ਾਇਰ ਨੇ ਦੱਸਿਆ ਜਦੋਂ ਉਨਾਂ ਦੇ ਭਰਾ ਲਈ ਖੂਨ ਦੀ ਜਰੂਰਤ ਪਈ ਤਾਂ ਉਸ ਸਮੇਂ ਉਨਾਂ ਨੂੰ ਖੂਨ ਦੀ ਮਹਤੱਤਾ ਬਾਰੇ ਜਾਣਕਾਰੀ ਪ੍ਰਾਪਤ ਹੋਈ ਉਨਾਂ ਨੇ ਪ੍ਰਭਾਵਿਤ ਹੋ ਕੇ 239 ਨੌਜਵਾਨ ਸਾਥੀਆਂ ਦਾ ਖੂਨ ਦਾਨ ਕਰਵਾਇਆ। ਰਤਨ ਲਾਲ ਖੂਨਦਾਨੀ ਨੇ ਦੇਸ਼ ਭਗਤੀ ਦਾ ਗੀਤ ਪੇਸ਼ ਕੀਤਾ। ਡਾ.ਰਾਕੇਸ ਵਰਮੀ ਪ੍ਰਧਾਨ ਡੈਡੀਕੇਟਿਡ ਬ੍ਰਦਰਜ਼ ਗਰੁੱਪ ਨੇ ਸਮੂਚੇ ਖ਼ੂਨਦਾਨੀਆਂ ਦੀ ਪ੍ਰਸੰਸ਼ਾ ਕੀਤੀ। ਖ਼ੂਨਦਾਨੀ ਦੇ ਮਨ ਵਿੱਚ ਹਮੇਸ਼ਾ ਸਾਕਾਰਤਮਕ ਸੋਚ ਹੁੰਦੀ ਹੈ ਜਿਸ ਵੀ ਮਰੀਜ਼ ਨੂੰ ਉਸ ਦਾ ਖੂਨ ਲੱਗੇ, ਉਸ ਦੀ ਜਾਨ ਬਚ ਜਾਵੇ ਇਹ ਹੀ ਸੱਚੀ ਅਰਦਾਸ ਹੁੰਦੀ ਹੈ ਅਸ਼ੋਕ ਸ਼ਰਮਾਂ ਸੀਨੀਅਰ ਮੈਂਬਰ ਡੀ.ਬੀ.ਜੀ ਨੇ ਆਏ ਸਾਰੇ ਮਹਿਮਾਨਾਂ ਅਤੇ ਖ਼ੂਨਦਾਨੀਆਂ ਦਾ ਧੰਨਵਾਦ ਕਰਦੇ ਹੋਏ ਡੀ.ਬੀ.ਜੀ ਵੱਲੋਂ ਲਗਾਤਾਰ ਵਿਸ਼ੇਸ ਖ਼ੂਨਦਾਨੀਆਂ ਦਾ ਸਨਮਾਨ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਮੁੱਖ ਮਹਿਮਾਨ ਇੰਜ ਪ੍ਰੀਕਸਤ ਭਨੋਟ ਨੂੰ ਮੋਮੈਂਟੋ ਸ਼ਾਲ ਅਤੇ ਫੁੱਲਾਂ ਨਾਲ ਸਨਮਾਨਿਤ ਕੀਤਾ। ਮੁਕੇਸ਼ ਸਿੰਗਲਾ ਵਿਸ਼ੇਸ ਖ਼ੂਨਦਾਨੀ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਓਮ ਪ੍ਰਕਾਸ਼ ਸਿੰਗਲਾ ਅਤੇ ਪ੍ਰੀਕਸ਼ਤ ਭਨੋਟ ਨੇ ਡਾ.ਭੁਪਿੰਦਰ ਕੌਰ, ਰਤਨ ਡਾਲਿਆਂ, ਸ਼ਗਨ, ਹੈਪੀ, ਕਰਮਜੀਤ ਸਿੰਘ, ਭੁਪਿੰਦਰ ਸਿੰਘ, ਜਸਬੀਰ ਗਿੱਲ, ਅਮਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਉਮਾਂ ਸੰਕਰ, ਰਵੇਲ ਸਿੰਘ, ਕਰਨ ਧਮੀਜਾ, ਵਿਨੈ ਧਮੀਜਾ, ਸੁਰਿੰਦਰ ਕੁਮਾਰ ਬੰਟੂ, ਸੁਦਿਲ ਗਰਗ, ਨਮਨ ਜਿੰਦਲ, ਨਵੀ ਮਿੱਤਲ, ਹਰਸ਼ਵੀਰ ਸਿੰਘ ਅਤੇ ਆਦਿ ਖ਼ੂਨਦਾਨੀਆਂ ਨੂੰ ਵਿਸ਼ੇਸ ਤੋਹਫੇ ਦੇ ਕੇ ਸਨਮਾਨਿਤ ਕੀਤਾ ਅਤੇ ਦੁਪਹਿਰ ਦਾ ਭੋਜਨ ਕਰਵਾਇਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ, ਅਜੈ ਕੁਮਾਰ, ਸੁਨੀਤਾ ਕੁਮਾਰੀ, ਮਨਜੀਤ ਸਿੰਘ, ਚਮਨ ਲਾਲ ਦੱਤ ਵੀ ਹਾਜਿਰ ਰਹੇ। ਇਹ ਜਾਣਕਾਰੀ ਦਿਲਪ੍ਰੀਤ ਸਿੰਘ ਬੈਨੀਪਾਲ ਨੇ ਦਿੱਤੀ।